10-JULY-PAGE-1.qxd 7/9/2025 10:38 PM Page 1

ਵੀਰਵਾਰ, 10 ਜੁਲਾਈ, 2025
26 ਹਾੜ੍ਹ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 39

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • THURSDAY, 10 JULY, 2025 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

nawan zamana TV

# ਭਾਰਤ ਬੰਦ ਨੂੰ ਪੰਜਾਬ 'ਚ ਜ਼ਬਰਦਸਤ ਹੁੰਗਾਰਾ


ਅੰਮ੍ਰਿਤਸਰ




ਪਟਿਆਲਾ



ਜਲੰਧਰ

**ਅੰਮ੍ਰਿਤਸਰ**—ਕੇਂਦਰੀ ਟਰੇਡ ਯੂਨੀਅਨਾਂ ਦੇ ਸਾਂਝੇ ਮੰਚ ਅਤੇ ਸੰਯੁਕਤ ਕਿਸਾਨ ਮੋਰਚਾ ਦੇ ਸੱਦੇ ਉੱਪਰ ਬੁੱਧਵਾਰ ਅੰਮ੍ਰਿਤਸਰ ਬੱਸ ਸਟੈਂਡ ਵਿਖੇ ਵਿਸ਼ਾਲ ਰੋਸ ਰੈਲੀ ਕੀਤੀ ਗਈ, ਜਿਸ ਨੂੰ ਏਟਕ, ਐੱਚ ਐੱਮ ਐੱਸ, ਸੀਟੂ, ਸੀ ਟੀ ਯੂ, ਇੰਟਕ ਅਤੇ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਸੰਬੋਧਨ ਕੀਤਾ। ਬੰਤ ਸਿੰਘ ਬਰਾੜ, ਅਮਰਜੀਤ ਸਿੰਘ ਆਸਲ, ਸੁੱਚਾ ਸਿੰਘ ਅਜਨਾਲਾ, ਕੁਲਵੰਤ ਸਿੰਘ ਬਾਵਾ, ਸੁਰਿੰਦਰ ਸ਼ਰਮਾ, ਜਗਤਾਰ ਸਿੰਘ ਕਰਮਪੁਰਾ, ਬਲਦੇਵ ਸਿੰਘ ਬੱਬੂ, ਬੈਂਕਾਂ ਦੇ ਆਗੂ ਰਵੀ ਰਾਜਧਾਨ, ਹਰਪ੍ਰੀਤ ਸਿੰਘ, ਸੁਰੇਸ਼ ਭਾਟੀਆ, ਨਰਿੰਦਰ ਬੱਲ, ਸਰੋਜ ਬਾਲਾ, ਗੁਰਮਿੰਦਰ ਕੌਰ, ਰਘਬੀਰ ਕੌਰ, ਦਸਵਿੰਦਰ ਕੌਰ, ਬ੍ਰਹਮਦੇਵ ਸ਼ਰਮਾ, ਤੀਰਥ ਸਿੰਘ ਕੋਹਾਲੀ, ਡਾ. ਭੁਪਿੰਦਰ ਸਿੰਘ, ਜਸਪਾਲ ਕੌਰ, ਰਾਕੇਸ਼ ਧਵਨ, ਰਵਿੰਦਰ ਕੌਰ, ਕੁਲਵੰਤ ਕੌਰ, ਕੰਵਲਜੀਤ ਕੌਰ, ਲਖਬੀਰ ਸਿੰਘ ਨਿਜ਼ਾਮਪੁਰਾ, ਕੰਵਲਜੀਤ ਕੌਰ, ਰਣਜੋਧ ਸਿੰਘ, ਡਾ. ਧਰਮਿੰਦਰ ਸਿੰਘ, ਪਰਮਿੰਦਰ ਸਿੰਘ ਵੜੈਚ, ਪ੍ਰਭਜੋਤ ਸਿੰਘ ਤਿੰਮੋਵਾਲ, ਡਾ. ਸਤਨਾਮ ਸਿੰਘ ਅਜਨਾਲਾ, ਰਤਨ ਸਿੰਘ ਰੰਧਾਵਾ, ਗੁਰਦੇਵ ਸਿੰਘ ਵਰਪਾਲ, ਹਰਜੀਤ ਸਿੰਘ ਝੀਤੇ, ਸੁਖਰਾਮ ਸਿੰਘ ਲੋਹਾਰਕਾ, ਜਤਿੰਦਰ ਸਿੰਘ ਛੀਨਾ, ਬਲਬੀਰ ਸਿੰਘ ਮੂਧਲ ਨੇ ਹੜਤਾਲ ਦੇ ਮੁੱਦਿਆਂ/ਮੰਗਾਂ ਦੀ ਵਿਸਥਾਰਪੂਰਵਕ ਵਿਆਖਿਆ ਕੀਤੀ। ਬੁਲਾਰਿਆਂ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਨੀਤੀਆਂ ਮਜ਼ਦੂਰਾਂ ਅਤੇ ਕਿਸਾਨਾਂ ਦੇ ਵਿਰੁੱਧ ਹਨ। ਇਹ ਨੀਤੀਆਂ ਕਾਰਪੋਰੇਟ ਘਰਾਣਿਆਂ ਦੇ ਮੁਨਾਫਿਆਂ ਵਿੱਚ ਵਾਧਾ ਕਰਨ ਵਾਲੀਆਂ ਹਨ ਅਤੇ ਕਿਰਤੀ ਵਰਗ ਲਈ ਬੇਹੱਦ ਨੁਕਸਾਨਦਾਇਕ ਹਨ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਮਜ਼ਦੂਰਾਂ ਦੇ ਸੰਘਰਸ਼ਾਂ ਨਾਲ ਪ੍ਰਾਪਤ ਕੀਤੇ 29 ਲੇਬਰ ਕਾਨੂੰਨਾਂ ਨੂੰ ਇੱਕੋ ਝਟਕੇ ਨਾਲ ਖਤਮ ਕਰਕੇ 4 ਲੇਬਰ ਕੋਡ ਜ਼ਬਰਦਸਤੀ ਲਾਗੂ ਕਰਨਾ ਚਾਹੁੰਦੀ ਹੈ। ਇਹ ਲੇਬਰ ਕੋਡ ਲਾਗੂ ਹੋਣ ਨਾਲ ਮਜ਼ਦੂਰਾਂ ਦੇ ਹੱਕ ਬਿਲਕੁਲ ਖਤਮ ਹੋ ਜਾਣਗੇ ਅਤੇ ਉਹ ਗੁਲਾਮੀ ਵਾਲਾ ਜੀਵਨ ਬਸਰ ਕਰਨ ਲਈ ਮਜਬੂਰ ਹੋਣਗੇ। ਵੈਸੇ ਵੀ ਕੇਂਦਰ ਦੀ ਭਾਜਪਾ ਸਰਕਾਰ ਦੀ ਹੱਲਾਸ਼ੇਰੀ ਨਾਲ ਮਜ਼ਦੂਰਾਂ ਦੇ ਕੰਮ ਦੇ ਘੰਟੇ ਗੈਰ-ਕਾਨੂੰਨੀ ਢੰਗ ਨਾਲ ਵਧਾਏ ਜਾ ਰਹੇ ਹਨ, ਘੱਟੋ-ਘੱਟ ਮਜ਼ਦੂਰੀ ਅਤੇ ਸਮਾਜਿਕ ਸੁਰੱਖਿਆ ਦੇ ਕਾਨੂੰਨ ਲਾਗੂ ਨਹੀਂ ਹੋ ਰਹੇ। ਇਸੇ ਤਰੀਕੇ ਨਾਲ ਕਿਸਾਨ ਅੰਦੋਲਨ ਦੇ ਦਬਾਅ ਹੇਠ ਭਾਵੇਂ ਕਿਸਾਨ ਵਿਰੋਧੀ ਕਾਨੂੰਨ ਵਾਪਿਸ ਲੈ ਲਏ ਗਏ ਹਨ, ਪਰ ਫਿਰ ਵੀ ਕਿਸਾਨਾਂ ਦੀਆਂ ਮੰਗਾਂ ਉਸੇ ਤਰ੍ਹਾਂ ਹੀ ਲਟਕੀਆਂ ਪਈਆਂ ਹਨ। ਬੁਲਾਰਿਆਂ ਮੰਗ ਕੀਤੀ ਕਿ ਲੇਬਰ ਕੋਡ ਜ਼ਬਰਦਸਤੀ ਲਾਗੂ ਕਰਨ ਦਾ ਫੈਸਲਾ ਰੱਦ ਕੀਤਾ ਜਾਵੇ। ਪੰਜਾਬ ਸਰਕਾਰ ਵੱਲੋਂ ਸ਼ਾਪਸ ਐਂਡ ਕਮਰਸ਼ੀਅਲ ਐਸਟੈਬਲਿਸ਼ਮੈਂਟ ਐਕਟ ਵਿੱਚ ਕੀਤੀਆਂ ਮਜ਼ਦੂਰ ਵਿਰੋਧੀ ਸੋਧਾਂ ਰੱਦ ਕੀਤੀਆਂ ਜਾਣ। ਕਿਸਾਨਾਂ ਨੂੰ ਸਾਰੀਆਂ ਫਸਲਾਂ ਉਪਰ ਲਾਗਤ ਤੋਂ ਡੇਢ ਗੁਣਾ ਐੱਮ ਐੱਸ ਪੀ ਦਿੱਤੀ ਜਾਵੇ, ਕਿਸਾਨਾਂ ਅਤੇ ਮਜ਼ਦੂਰਾਂ ਦੇ ਕਰਜੇ ਮਾਫ ਕੀਤੇ ਜਾਣ, ਮਨਰੇਗਾ ਮਜ਼ਦੂਰਾਂ ਦੀ ਦਿਹਾੜੀ 600 ਰੁਪਏ ਕੀਤੀ ਜਾਵੇ ਅਤੇ ਕੰਮ 200 ਦਿਨ ਸਲਾਨਾ ਦਿੱਤਾ ਜਾਵੇ। ਮਜ਼ਦੂਰਾਂ ਦੀ ਘੱਟੋ-ਘੱਟ ਤਨਖਾਹ 26000 ਰੁਪਏ ਮਹੀਨਾ ਨਿਸਚਿਤ ਕੀਤੀ ਜਾਵੇ। ਪੀ ਐੱਫ ਦੇ ਮੈਂਬਰ ਮਜ਼ਦੂਰਾਂ ਦੀ ਪੈਨਸ਼ਨ ਘੱਟੋ-ਘੱਟ 9000 ਰੁਪਏ ਨਿਸਚਿਤ ਕੀਤੀ ਜਾਵੇ। ਜਿਹੜੇ ਮਜ਼ਦੂਰ ਕਿਸੇ ਵੀ ਸਕੀਮ ਵਿੱਚ ਨਹੀਂ ਆਉਂਦੇ, ਉਹਨਾਂ ਦੀ ਪੈਨਸ਼ਨ ਘੱਟੋ-ਘੱਟ 6000 ਰੁਪਏ ਮਹੀਨਾ ਕੀਤੀ ਜਾਵੇ। ਠੇਕਾ ਭਰਤੀ ਬੰਦ ਕੀਤੀ ਜਾਵੇ ਅਤੇ ਪੱਕੇ ਕੰਮ ਲਈ ਪੱਕੀ ਨੌਕਰੀ ਦਿੱਤੀ ਜਾਵੇ। ਅਗਨੀਵੀਰ ਸਕੀਮ ਅਧੀਨ ਫੌਜ ਦੀ ਭਰਤੀ ਬੰਦ ਕਰਕੇ ਪਹਿਲਾਂ ਦੀ ਤਰ੍ਹਾਂ ਹੀ ਭਰਤੀ ਕੀਤੀ ਜਾਵੇ। ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਕਰਨਾ ਬੰਦ ਕੀਤਾ ਜਾਵੇ। ਸਭ ਲਈ ਸਿਹਤ ਅਤੇ ਸਿੱਖਿਆ ਦਾ ਪ੍ਰਬੰਧ ਕੀਤਾ ਜਾਵੇ।

ਇਸ ਮੌਕੇ ਵਿਜੇ ਕੁਮਾਰ, ਸ਼ੌਕਤ ਮਸੀਹ, ਗੁਰਜਿੰਦਰ ਸਿੰਘ, ਰਜਿੰਦਰ ਸਭਰਵਾਲ, ਸੁਮਨ ਰਾਣੀ, ਨਰਿੰਦਰ ਪਾਲ ਚਮਿਆਰੀ, ਭਗਵੰਤ ਸਿੰਘ ਝਬਾਲ, ਤਰਸੇਮ ਸਿੰਘ, ਕ੍ਰਿਪਾ ਰਾਮ, ਗੁਰਦੀਪ ਸਿੰਘ, ਛਿੰਦਾ ਪ੍ਰਧਾਨ, ਬਲਦੇਵ ਸਿੰਘ ਵੇਰਕਾ, ਮੋਹਨ ਲਾਲ, ਸ਼ਮਸ਼ੇਰ ਨਾਥ, ਨਿਰਮਲ ਸਿੰਘ, ਮੰਗਲ ਸਿੰਘ ਟਾਂਡਾ, ਅਮਰੀਕ ਸਿੰਘ ਦਾਊਦ, ਬਿੱਟੂ ਵੇਰਕਾ, ਕੁਲਵੰਤ ਸਿੰਘ ਘੁੱਕੇਵਾਲੀ, ਨਰਿੰਦਰ, ਨਿਰਮਲ ਛੱਜਲਵੱਡੀ, ਬਲਬੀਰ ਸਿੰਘ ਝਾਮਕਾ ਤੇ ਬਲਰਾਜ ਸਿੰਘ ਭੰਗੂ ਆਦਿ ਹਾਜ਼ਰ ਸਨ।

**ਪਟਿਆਲਾ** : ਇੱਥੇ ਦੇਸ਼ ਵਿਆਪੀ ਹੜਤਾਲ ਦਾ ਜ਼ਬਰਦਸਤ ਅਸਰ ਦੇਖਣ ਨੂੰ ਮਿਲਿਆ। ਪੀ ਆਰ ਟੀ ਸੀ ਦੀਆਂ ਬੱਸਾਂ ਮੁਕੰਮਲ ਤੌਰ 'ਤੇ ਬੰਦ ਕਰਕੇ ਕਰਮਚਾਰੀਆਂ ਨੇ ਹੜਤਾਲ ਕੀਤੀ। ਸਮੁੱਚੀਆਂ ਬੈਂਕਾਂ ਵਿੱਚ ਮੁਕੰਮਲ ਹੜਤਾਲ ਹੋਈ, ਪੋਸਟਲ ਇੰਪਲਾਈਜ਼, ਬਿਜਲੀ ਕਰਮਚਾਰੀ, ਇੰਸ਼ੋਰੈਂਸ, ਐੱਲ ਆਈ ਸੀ, ਆਂਗਣਵਾੜੀ ਅਤੇ ਆਸ਼ਾ ਵਰਕਰ ਆਦਿ ਅਦਾਰਿਆਂ ਦੇ ਕਰਮਚਾਰੀਆਂ ਨੇ ਪੂਰੇ ਦਿਨ ਦੀ ਹੜਤਾਲ ਕਰਕੇ ਰੇਲਵੇ ਸਟੇਸ਼ਨ ਦੇ ਸਾਹਮਣੇ ਕੀਤੀ ਗਈ ਵਿਸ਼ਾਲ ਰੈਲੀ ਵਿੱਚ ਸ਼ਮੂਲੀਅਤ ਕੀਤੀ। ਹੜਤਾਲੀ ਕਰਮਚਾਰੀ ਏਟਕ, ਇੰਟਕ, ਸੀਟੂ, ਸੀ ਟੀ ਯੂ ਪੰਜਾਬ, ਇਫਟੂ ਅਤੇ ਫੈਡਰੇਸ਼ਨਾਂ ਨਾਲ ਸੰਬੰਧਤ ਸਨ।ਇਸ ਤੋਂ ਇਲਾਵਾ ਬੈਂਕ, ਬੀਮਾ, ਐੱਲ ਆਈ ਸੀ ਅਤੇ ਕਈ ਸੇਵਾ-ਮੁਕਤ ਕਰਮਚਾਰੀ ਜਥੇਬੰਦੀਆਂ ਦੇ ਵਰਕਰ ਵੀ ਰੈਲੀ ਵਿੱਚ ਸ਼ਾਮਲ ਹੋਏ। ਰੈਲੀ ਦੀ ਅਗਵਾਈ ਨਿਰਮਲ ਸਿੰਘ ਧਾਲੀਵਾਲ ਜਨਰਲ ਸਕੱਤਰ ਪੰਜਾਬ ਏਟਕ, ਬਲਦੇਵ ਰਾਜ ਬੱਤਾ, ਉਤਮ ਸਿੰਘ ਬਾਗੜੀ, ਹਰੀ ਸਿੰਘ ਦੌਣ ਕਲਾਂ, ਤਰਸੇਮ ਸਿੰਘ, ਦਰਸ਼ਨ ਸਿੰਘ ਲੁਬਾਣਾ, ਐੱਸ ਕੇ ਗੌਤਮ, ਦਰਸ਼ਨ ਸਿੰਘ ਬੇਲੂਮਾਜਰਾ ਆਦਿ ਆਗੂ ਕਰ ਰਹੇ ਸਨ। ਰੈਲੀ ਵਿੱਚ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਕਿਸਾਨ ਜਥੇਬੰਦੀਆਂ ਦੇ ਆਗੂ ਅਤੇ ਆਮ ਕਿਸਾਨ ਵੀ ਸ਼ਾਮਲ ਹੋਏ।

ਵਿਸ਼ਾਲ ਰੈਲੀ ਨੂੰ ਸੰਬੋਧਨ ਕਰਦਿਆਂ ਧਾਲੀਵਾਲ ਨੇ ਮੋਦੀ ਸਰਕਾਰ ਦੀਆਂ ਸਨਅਤੀ ਅਤੇ ਗਰੀਬ ਮਜ਼ਦੂਰ ਵਿਰੋਧੀ ਆਰਥਕ ਨੀਤੀਆਂ ਦੀ ਅਲੋਚਨਾ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਵੱਲੋਂ ਪਬਲਿਕ ਸੈਕਟਰ ਨੂੰ ਜਾਣ ਬੁੱਝ ਕੇ ਨਿਸ਼ਾਨਾ ਬਣਾ ਕੇ ਖਤਮ ਕੀਤਾ ਜਾ ਰਿਹਾ ਹੈ ਅਤੇ ਇਨ੍ਹਾਂ ਅਦਾਰਿਆਂ ਦੇ ਕੀਮਤੀ ਅਸਾਸੇ ਕੌਡੀਆਂ ਦੇ ਭਾਅ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕੀਤੇ ਜਾ ਰਹੇ ਹਨ।ਰੈਲੀ ਨੂੰ ਜਿਹਨਾਂ ਵੱਖੋ-ਵੱਖ ਜਥੇਬੰਦੀਆਂ ਦੇ ਹੋਰ ਆਗੂਆਂ ਨੇ ਸੰਬੋਧਨ ਕੀਤਾ, ਉਹਨਾਂ ਵਿੱਚ ਐੱਸ ਕੇ ਗੌਤਮ, ਬੈਂਕ ਯੂਨੀਅਨ ਆਗੂ ਦਰਸ਼ਨ ਸਿੰਘ ਲੁਬਾਣਾ, ਜੈ ਰਾਮ, ਰਾਮ ਸਿੰਘ, ਬਹਾਦਰ ਸਿੰਘ, ਰਮਿੰਦਰ ਸਿੰਘ ਪਟਿਆਲਾ, ਬੂਟਾ ਸਿੰਘ ਸ਼ਾਦੀਪੁਰ, ਹਰੀ ਸਿੰਘ ਦੌਣ ਕਲਾਂ, ਦਰਸ਼ਨ ਸਿੰਘ ਬੇਲੂਮਾਜਰਾ, ਸੁਨੀਤਾ ਜ਼ੋਸ਼ੀ, ਹਰਸ਼ਰਨਜੀਤ ਕੌਰ, ਨਾਹਰ ਸਿੰਘ ਸੇਵਾਮੁਕਤ ਐੱਸ ਪੀ, ਮੋਹਨ ਸਿੰਘ ਤੇ ਉਤਮ ਸਿੰਘ ਬਾਗੜੀ ਆਦਿ ਸ਼ਾਮਲ ਸਨ।

**ਮਾਨਸਾ (ਆਤਮਾ ਸਿੰਘ ਪਮਾਰ)**-ਦੇਸ਼ ਵਿਆਪੀ ਹੜਤਾਲ ਦੌਰਾਨ ਸਥਾਨਕ ਰੇਲਵੇ ਗੁਦਾਮ 'ਤੇ ਕੇਂਦਰ ਦੀ ਮੋਦੀ ਅਤੇ ਸੂਬੇ ਦੀ ਭਗਵੰਤ ਮਾਨ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਉਪਰੰਤ ਮਾਨਸਾ ਸ਼ਹਿਰ ਦੇ ਬਜ਼ਾਰਾਂ 'ਚ ਜ਼ਬਰਦਸਤ ਮਾਰਚ ਵੀ ਕੀਤਾ ਗਿਆ। ਰੋਸ ਪ੍ਰਦਰਸ਼ਨ ਦੌਰਾਨ ਵੱਡੀ ਤਦਾਦ 'ਚ ਮਜ਼ਦੂਰਾਂ, ਮੁਲਾਜ਼ਮਾਂ ਤੇ ਕਿਸਾਨਾਂ ਨੇ ਸ਼ਮੂਲੀਅਤ ਕੀਤੀ। ਪ੍ਰਦਰਸ਼ਨ ਸਮੇਂ ਇਕੱਠ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਹਰਦੇਵ ਸਿੰਘ • ਬਾਕੀ ਸਫਾ 2 'ਤੇ



ਲੁਧਿਆਣਾ




ਮਾਨਸਾ

## ਸਫਲ ਬੰਦ ਲੰਮੀ ਲੜਾਈ ਦੀ ਸ਼ੁਰੂਆਤ : ਅਮਰਜੀਤ ਕੌਰ

**ਨਵੀਂ ਦਿੱਲੀ**—ਕੇਂਦਰੀ ਟਰੇਡ ਯੂਨੀਅਨਾਂ ਦੇ ਸੱਦੇ 'ਤੇ ਬੁੱਧਵਾਰ ਹੋਈ ਰਾਸ਼ਟਰ ਵਿਆਪੀ ਆਮ ਹੜਤਾਲ ਦੀ ਸ਼ਾਨਦਾਰ ਸਫਲਤਾ ਲਈ ਮਜ਼ਦੂਰਾਂ, ਕਿਸਾਨਾਂ ਅਤੇ ਆਮ ਲੋਕਾਂ ਨੂੰ ਏਟਕ ਦੀ ਜਨਰਲ ਸਕੱਤਰ ਅਮਰਜੀਤ ਕੌਰ ਨੇ ਵਧਾਈ ਦਿੱਤੀ ਹੈ। ਉਨ੍ਹਾ ਕਿਹਾ ਕਿ ਦੇਸ਼ ਭਰ ਵਿੱਚ ਸਰਕਾਰੀ, ਪਬਲਿਕ ਸੈਕਟਰ, ਉਦਯੋਗਿਕ ਖੇਤਰਾਂ ਅਤੇ ਗੈਰ-ਸੰਗਠਿਤ ਖੇਤਰਾਂ ਵਿਚ 25 ਕਰੋੜ ਤੋਂ ਵੱਧ ਕਾਮਿਆਂ ਨੇ ਹੜਤਾਲ/ ਰਸਤਾ ਰੋਕੋ/ਰੇਲ ਰੋਕੋ ਕਾਰਵਾਈ ਵਿੱਚ ਹਿੱਸਾ ਲਿਆ। ਗ੍ਰਾਮੀਣ ਭਾਰਤ ਵਿੱਚ ਗੈਰ-ਸੰਗਠਿਤ ਖੇਤਰ ਦੇ ਮਜ਼ਦੂਰਾਂ, ਖੇਤੀ ਮਜ਼ਦੂਰਾਂ ਅਤੇ ਕਿਸਾਨਾਂ ਨੇ ਵੱਡੀ ਤਾਦਾਦ ਵਿੱਚ ਭਾਗ ਲਿਆ। ਸੰਯੁਕਤ ਕਿਸਾਨ ਮੋਰਚਾ ਅਤੇ ਖੇਤੀ ਮਜ਼ਦੂਰ ਯੂਨੀਅਨਾਂ ਦੇ ਸੰਯੁਕਤ ਮੋਰਚੇ ਨੇ ਗ੍ਰਾਮੀਣ ਭਾਰਤ ਵਿੱਚ ਵੱਡੀ ਭੂਮਿਕਾ ਨਿਭਾਈ।ਕੋਇਲਾ, ਐੱਨ ਐੱਮ ਡੀ ਸੀ ਲਿਮਟਿਡ, ਹੋਰ ਗੈਰ-ਕੋਇਲਾ ਖਣਿਜਾਂ (ਤਾਂਬਾ, ਬਾਕਸਾਈਟ, ਐਲੂਮੀਨੀਅਮ, ਸੋਨੇ ਆਦਿ), ਸਟੀਲ, ਬੈਂਕ, ਐੱਲ ਆਈ ਸੀ, ਜੀ ਆਈ ਸੀ ਪੈਟਰੋਲੀਅਮ, ਬਿਜਲੀ, ਡਾਕ, ਗ੍ਰਾਮੀਣ ਡਾਕ ਸੇਵਕ, ਟੈਲੀਕਾਮ, ਚਾਹ ਬਾਗਾਨਾਂ, ਜੂਟ ਮਿੱਲਾਂ, ਪਬਲਿਕ ਟ੍ਰਾਂਸਪੋਰਟ, ਨਿੱਜੀ ਖੇਤਰ ਦੇ ਵੱਖ-ਵੱਖ ਆਵਾਜਾਈ ਸਾਧਨਾਂ ਦੇ ਕਰਮਚਾਰੀਆਂ ਨੇ ਹੜਤਾਲ ਵਿੱਚ ਭਾਗ ਲਿਆ। ਬਹੁਤ ਸਾਰੇ ਰਾਜਾਂ ਦੇ ਉਦਯੋਗਿਕ ਖੇਤਰਾਂ ਵਿੱਚ ਕਰਮਚਾਰੀਆਂ ਨੇ ਰੋਸ ਮਾਰਚ ਕੀਤੇ ਅਤੇ ਹੜਤਾਲ 'ਤੇ ਗਏ। ਰੱਖਿਆ ਖੇਤਰ ਦੇ ਕਰਮਚਾਰੀਆਂ ਨੇ ਇੱਕ ਘੰਟੇ ਲਈ ਗੇਟ ਮੀਟਿੰਗ ਕਰਕੇ ਹੜਤਾਲ ਦਾ ਸਮਰਥਨ ਕੀਤਾ ਅਤੇ ਫਿਰ ਆਪਣੀ ਡਿਊਟੀ 'ਚ ਸ਼ਾਮਲ ਹੋਏ। ਰੇਲਵੇ ਯੂਨੀਅਨਾਂ ਨੇ ਇੱਕਜੁਟਤਾ ਕਾਰਵਾਈਆਂ ਵਿੱਚ ਭਾਗ ਲਿਆ।ਨਿਰਮਾਣ, ਬੀੜੀ, ਆਂਗਣਵਾੜੀ, ਆਸ਼ਾ, ਮਿਡ ਡੇ ਮੀਲ, ਘਰੇਲੂ ਮਜ਼ਦੂਰ, ਰੇੜ੍ਹੀ-ਫੜ੍ਹੀ ਵਾਲੇ, ਘਰ ਵਿਚ ਕੰਮ ਕਰਦੇ ਪੀਸ ਰੇਟ ਮਜ਼ਦੂਰ, ਰਿਕਸ਼ਾ, ਆਟੋ, ਟੈਕਸੀ ਵਰਗੀਆਂ ਸੇਵਾਵਾਂ ਨਾਲ ਜੁੜੇ ਮਜ਼ਦੂਰਾਂ ਨੇ ਕਈ ਥਾਵਾਂ 'ਤੇ ਰਸਤਾ ਰੋਕੋ/ ਰੇਲ ਰੋਕੋ ਐਕਸ਼ਨ 'ਚ ਭਾਗ ਲਿਆ।ਵਿਦਿਆਰਥੀਆਂ, ਨੌਜਵਾਨਾਂ, ਮਹਿਲਾਵਾਂ ਅਤੇ ਸਮਾਜਿਕ ਕਾਰਕੁਨਾਂ ਨੇ ਵੀ ਕਈ ਥਾਵਾਂ ਉੱਤੇ ਰੋਸ ਜਲੂਸ ਅਤੇ ਧਰਨਿਆਂ ਵਿੱਚ ਭਾਗ ਲਿਆ। ਆਮ ਲੋਕਾਂ ਨੇ ਵੀ ਇਹਨਾਂ ਕਾਰਵਾਈਆਂ ਦਾ ਸਮਰਥਨ ਕੀਤਾ। ਕਈ ਥਾਵਾਂ 'ਤੇ ਹੜਤਾਲ/ ਬੰਦ ਦੇ ਸੱਦੇ 'ਤੇ ਬਾਜ਼ਾਰ ਬੰਦ ਰਹੇ। ਪੁਡੂਚੇਰੀ, ਅਸਾਮ, ਬਿਹਾਰ, ਝਾਰਖੰਡ, • ਬਾਕੀ ਸਫਾ 2 'ਤੇ

## ਜੈਗੂਆਰ ਡਿੱਗ ਕੇ ਤਬਾਹ

ਜੈਪੁਰ : ਰਾਜਸਥਾਨ ਦੇ ਚੁਰੂ ਜ਼ਿਲ੍ਹੇ ਦੇ ਰਤਨਗੜ੍ਹ ਖੇਤਰ ਦੇ ਭਾਨੂਦਾ ਪਿੰਡ ਵਿੱਚ ਬੁੱਧਵਾਰ ਦੁਪਹਿਰੇ 12.40 ਵਜੇ ਜੈਗੁਆਰ ਟ੍ਰੇਨਰ ਜਹਾਜ਼ ਖੇਤ 'ਚ ਡਿੱਗ ਕੇ ਤਬਾਹ ਹੋ ਗਿਆ। ਮੁਢਲੀਆਂ ਰਿਪੋਰਟਾਂ ਅਨੁਸਾਰ ਜਹਾਜ਼ ਬਹੁਤ ਤੇਜ਼ੀ ਨਾਲ ਹੇਠਾਂ ਆਇਆ ਅਤੇ ਧਰਤੀ ਨਾਲ ਟਕਰਾਉਂਦਿਆਂ ਹੀ ਉਸ ਵਿੱਚ ਧਮਾਕਾ ਹੋ ਗਿਆ। ਦੋਵੇਂ ਪਾਇਲਟਾਂ ਦੀ ਮੌਤ ਹੋ ਗਈ।

## ਭੋਗਪੁਰ ਵਿਸ਼ੇਸ਼ ਸਪਲੀਮੈਂਟ



ਭੈਣ-ਭਰਾ ਦੇ ਪਿਆਰ ਦੇ ਪ੍ਰਤੀਕ ਤਿਉਹਾਰ ਰੱਖੜੀ ਮੌਕੇ **ਭੋਗਪੁਰ** ਵਿਸ਼ੇਸ਼ ਸਪਲੀਮੈਂਟ ਕੱਢਿਆ ਜਾ ਰਿਹਾ ਹੈ, ਇਸ ਸਬੰਧੀ ਵਿਸ਼ੇਸ਼ ਛਪਣਯੋਗ ਸਮਗਰੀ ਦੇਣ ਲਈ ਸਾਡੇ ਪੱਤਰਕਾਰ **ਗੁਰਪ੍ਰੀਤ ਸਿੰਘ ਭੋਗਲ** ਨਾਲ ਮੋਬਾਇਲ ਨੰ. 94636-82748 'ਤੇ ਸੰਪਰਕ ਕਰੋ।

*-ਜਨਰਲ ਮੈਨੇਜਰ*

## 2 ਏ ਕੇ-47 ਰਾਈਫਲਾਂ ਤੇ 2 ਹੈਂਡ ਗ੍ਰਨੇਡ ਬਰਾਮਦ

**ਗੁਰਦਾਸਪੁਰ** : ਪੰਜਾਬ ਪੁਲਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ ਨੇ ਜੰਗਲਾਤ ਇਲਾਕੇ ਵਿੱਚ ਦੋ ਏ ਕੇ 47 ਰਾਈਫਲਾਂ, 16 ਕਾਰਤੂਸ, ਦੋ ਮੈਗਜ਼ੀਨ ਅਤੇ ਪੀ 86 ਕਿਸਮ ਦੇ 2 ਹੈਂਡ ਗ੍ਰਨੇਡ ਬਰਾਮਦ ਕੀਤੇ ਹਨ। ਡੀ ਜੀ ਪੀ ਗੌਰਵ ਯਾਦਵ ਨੇ ਦੱਸਿਆ ਕਿ ਇਸ ਕਾਰਵਾਈ ਨਾਲ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਕਾਰਕੁੰਨ ਹਰਵਿੰਦਰ ਰਿੰਦਾ ਦੀ ਦਹਿਸ਼ਤੀ ਕਾਰਵਾਈ ਦਾ ਪਰਦਾਫਾਸ਼ ਕੀਤਾ ਗਿਆ ਹੈ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਹਥਿਆਰਾਂ ਦੀ ਇਹ ਖੇਪ ਪਾਕਿਸਤਾਨ ਤੋਂ ਆਈ, ਜਿਸ ਨੂੰ ਪਾਕਿਸਤਾਨੀ ਏਜੰਸੀਆਂ ਅਤੇ ਰਿੰਦਾ ਵੱਲੋਂ ਪੰਜਾਬ ਵਿੱਚ ਵੱਖ-ਵੱਖ ਥਾਵਾਂ 'ਤੇ ਦਹਿਸ਼ਤੀ ਕਾਰਵਾਈਆਂ ਲਈ ਭੇਜਿਆ ਗਿਆ ਸੀ।

## ਮੋਦੀ ਦਾ ਗੁਜਰਾਤ ਮਾਡਲ



**ਵਡੋਦਰਾ** : ਗੁਜਰਾਤ ਦੇ ਵਡੋਦਰਾ ਜ਼ਿਲ੍ਹੇ ਵਿੱਚ ਬੁੱਧਵਾਰ ਸਵੇਰੇ ਚਾਰ ਦਹਾਕੇ ਪੁਰਾਣੇ ਪੁਲ ਦਾ ਇੱਕ ਹਿੱਸਾ ਡਿੱਗਣ ਕਾਰਨ ਇੱਕ ਬੱਚੇ ਸਮੇਤ 10 ਲੋਕਾਂ ਦੀ ਮੌਤ ਹੋ ਗਈ। ਮੌਤਾਂ ਦੀ ਗਿਣਤੀ ਵਧਣ ਦਾ ਖਦਸ਼ਾ ਹੈ। ਮੱਧ ਗੁਜਰਾਤ ਨੂੰ ਰਾਜ ਦੇ ਸੌਰਾਸ਼ਟਰ ਖੇਤਰ ਨਾਲ ਜੋੜਦੇ ਮਾਹੀਸਾਗਰ ਨਦੀ 'ਤੇ ਸਥਿਤ ਗੰਭੀਰਾ ਪੁਲ ਪਦਰਾ ਕਸਬੇ ਨੇੜੇ ਸਥਿਤ ਹੈ। ਸਵੇਰੇ ਕਰੀਬ 7.30 ਵਜੇ ਪੁਲ ਦਾ 10 ਤੋਂ 15 ਮੀਟਰ ਲੰਮਾ ਸਲੈਬ ਡਿੱਗ ਗਿਆ। ਪੁਲ ਡਿੱਗਣ ਕਾਰਨ ਦੋ ਟਰੱਕ, ਦੋ ਵੈਨਾਂ ਅਤੇ ਇੱਕ ਆਟੋ ਰਿਕਸ਼ਾ ਨਦੀ ਵਿੱਚ ਡਿੱਗ ਗਏ। ਦੋ ਹੋਰ ਵਾਹਨ ਡਿਗਦੇ ਬਚੇ। ਇੱਕ ਦੋਪਹੀਆ ਵਾਹਨ 'ਤੇ ਸਵਾਰ ਤਿੰਨ ਵਿਅਕਤੀ ਤੈਰ ਕੇ ਸੁਰੱਖਿਅਤ ਬਾਹਰ ਨਿਕਲਣ ਵਿੱਚ ਕਾਮਯਾਬ ਰਹੇ। ਪ੍ਰਧਾਨ ਮੰਤਰੀ ਦਫਤਰ ਨੇ ਹਰੇਕ ਮ੍ਰਿਤਕ ਦੇ ਵਾਰਸਾਂ ਨੂੰ 2-2 ਲੱਖ ਰੁਪਏ ਅਤੇ ਜ਼ਖਮੀਆਂ ਨੂੰ 50-50 ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ ਹੈ। 31 ਮਾਰਚ 2016 ਨੂੰ ਕੋਲਕਾਤਾ ਫਲਾਈਓਵਰ ਡਿੱਗਣ 'ਤੇ ਮੋਦੀ ਨੇ ਕਿਹਾ ਸੀ, 'ਇਹ ਐਕਟ ਆਫ ਗੌਡ ਨਹੀਂ, ਐਕਟ ਆਫ ਫਰਾਡ' ਹੈ। ਹੁਣ ਪੁਲ ਡਿੱਗਣ ਤੋਂ ਬਾਅਦ ਤ੍ਰਿਣਮੂਲ ਕਾਂਗਰਸ ਨੇ ਪੁੱਛਿਆ ਹੈ ਕਿ ਕੀ ਇਹ ਐਕਟ ਆਫ ਫਰਾਡ ਨਹੀਂ?

## ਲਾਸ਼ ਵਾਲੀ ਬੋਰੀ ਸਰੇ-ਬਾਜ਼ਾਰ ਸੁੱਟ ਕੇ ਫਰਾਰ

**ਲੁਧਿਆਣਾ** : ਬੁੱਧਵਾਰ ਫਿਰੋਜ਼ਪੁਰ ਰੋਡ 'ਤੇ ਡਿਵਾਈਡਰ 'ਤੇ ਦੋ ਮੋਟਰਸਾਈਕਲ ਸਵਾਰ ਵਿਅਕਤੀਆਂ ਨੂੰ ਇੱਕ ਬੋਰੀ, ਜਿਸ ਵਿੱਚ ਬਾਅਦ ਵਿੱਚ ਇੱਕ ਔਰਤ ਦੀ ਲਾਸ਼ ਮਿਲੀ, ਸੁੱਟਦੇ ਹੋਏ ਦੇਖਿਆ ਗਿਆ। ਜਦੋਂ ਦੋਨੋਂ ਬੋਰੀ ਸੁੱਟਣ ਲਈ ਆਏ ਤਾਂ ਸੜਕ ਕਿਨਾਰੇ ਖੜ੍ਹੇ ਵਿਕਰੇਤਾ ਨੇ ਉਨ੍ਹਾਂ ਨੂੰ ਬੋਰੀ ਵਿੱਚੋਂ ਆ ਰਹੀ ਬਦਬੂ ਬਾਰੇ ਸਵਾਲ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਸੜੇ ਹੋਏ ਅੰਬ ਸੁੱਟੇ ਹਨ। ਹਾਲਾਂਕਿ ਉੱਥੇ ਮੌਜੂਦ ਵਿਅਕਤੀਆਂ ਨੇ ਬੋਰੀ ਦੀ ਜਾਂਚ ਕੀਤੀ ਤਾਂ ਉਸ ਵਿੱਚ ਇੱਕ ਨੌਜਵਾਨ ਔਰਤ ਦੀ ਲਾਸ਼ ਮਿਲੀ। ਉਨ੍ਹਾਂ ਨੇ ਤੁਰੰਤ ਪੁਲਸ ਨੂੰ ਸੂਚਨਾ ਦਿੱਤੀ। ਇੱਕ ਸ਼ੱਕੀ ਨੇ ਨਿੱਜੀ ਸੁਰੱਖਿਆ ਏਜੰਸੀ ਦੀ ਵਰਦੀ ਪਾਈ ਹੋਈ ਸੀ। ਕਈ ਚਸ਼ਮਦੀਦਾਂ ਨੇ ਦੋਵਾਂ ਵਿਅਕਤੀਆਂ ਦੀਆਂ ਵੀਡੀਓਜ਼ ਵੀ ਰਿਕਾਰਡ ਕੀਤੀਆਂ, ਜਦੋਂ ਉਹ ਬੋਰੀ ਸੁੱਟ ਰਹੇ ਸਨ।

ਜਦੋਂ ਤੱਕ ਪੁਲਸ ਕਰਮਚਾਰੀ ਮੌਕੇ 'ਤੇ ਪਹੁੰਚੇ, ਦੋਵੇਂ ਫਰਾਰ ਹੋ ਚੁੱਕੇ ਸਨ, ਪਰ ਫਰਾਰ ਹੋਣ ਮੌਕੇ ਉਹ ਨੀਲੇ ਰੰਗ ਦਾ ਮੋਟਰਸਾਈਕਲ • ਬਾਕੀ ਸਫਾ 2 'ਤੇ



## ਅੱਜ-ਨਾਮਾ

ਚੋਣਾਂ ਪਹਿਲੋਂ ਬਿਹਾਰ ਵਿੱਚ ਪਿਆ ਰੌਲਾ,
ਲੱਗੀ ਆ ਵੋਟਾਂ ਦੀ ਹੋਣ ਪੜਤਾਲ ਬੇਲੀ।
ਵਕਤ ਆ ਗਿਆ ਚੋਣਾਂ ਦਾ ਸਿਰ ਉੱਪਰ,
ਜਾਂਚ ਵੱਲ ਗਿਆ ਹੈ ਫੇਰ ਖਿਆਲ ਬੇਲੀ।
ਚੋਣ ਕਮਿਸ਼ਨ ਆ ਦਿੱਲੀ ਦੇ ਵਿੱਚ ਬੈਠਾ,
ਉਹ ਨਹੀਂ ਜਾਣਦਾ ਲੋਕਾਂ ਦੇ ਹਾਲ ਬੇਲੀ।
ਜਿਸ ਦਿਨ ਸ਼ੁਰੂ ਹੈ ਹੋਈ ਪੜਤਾਲ ਹੋਣੀ,
ਹੋਏ ਪਏ ਵੋਟਰ ਨੇ ਹਾਲੋਂ-ਬੇਹਾਲ ਬੇਲੀ।
ਡਿਊਟੀ ਜਾਣ ਜਾਂ ਵੋਟਾਂ ਦੇ ਜਾਣ ਦਫਤਰ,
ਕਾਰਗਰ ਦਿੱਸੇ ਨਾ ਕੋਈ ਤਰਕੀਬ ਬੇਲੀ।
ਜੇ ਨਹੀਂ ਜਾਂਦੇ ਤਾਂ ਖੌਰੇ ਕੀ ਲਿਖਣਗੇ ਈ,
ਉਲਝਿਆ ਚੱਕਰ ਦੇ ਵਿੱਚ ਗਰੀਬ ਬੇਲੀ।

-ਤੀਸ ਮਾਰ ਖਾਂ

## ਬਿਹਾਰ ਚੋਣਾਂ ਤੋਂ ਐਨ ਪਹਿਲਾਂ ਵੋਟਰ ਸੂਚੀਆਂ ਦੀ ਸੁਧਾਈ ਖਿਲਾਫ ਜ਼ਬਰਦਸਤ ਬੰਦ



**ਪਟਨਾ** : ਬਿਹਾਰ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਖਿਲਾਫ ਮਹਾਂਗੱਠਬੰਧਨ ਨੇ ਬੁੱਧਵਾਰ ਪੂਰੇ ਰਾਜ ਵਿੱਚ ਚੱਕਾ ਜਾਮ ਕੀਤਾ। ਇਸ ਵਿਰੋਧ ਪ੍ਰਦਰਸ਼ਨ ਦੀ ਅਗਵਾਈ ਕਾਂਗਰਸ ਆਗੂ ਰਾਹੁਲ ਗਾਂਧੀ, ਸੀ ਪੀ ਆਈ ਦੇ ਜਨਰਲ ਸਕੱਤਰ ਡੀ ਰਾਜਾ, ਸੀ ਪੀ ਆਈ (ਐੱਮ) ਦੇ ਜਨਰਲ ਸਕੱਤਰ ਐੱਮ ਏ ਬੇਬੀ, ਰਾਜਦ ਆਗੂ ਤੇਜਸਵੀ ਯਾਦਵ ਤੇ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਲਿਬਰੇਸ਼ਨ ਦੇ ਦੀਪਾਂਕਰ ਭੱਟਾਚਾਰੀਆ ਆਦਿ ਨੇ ਕੀਤੀ। ਪਟਨਾ ਦੀਆਂ ਸਾਰੀਆਂ ਪ੍ਰਮੁੱਖ ਸੜਕਾਂ 'ਤੇ ਸਾਰੇ ਪ੍ਰਮੁੱਖ ਆਗੂ ਮਾਰਚ ਕੱਢਦੇ ਨਜ਼ਰ ਆਏ। ਆਮਦਨ ਕਰ ਚੌਕ ਤੋਂ ਵੀਰਚੰਦ ਪਟੇਲ ਮਾਰਗ ਅਤੇ ਸ਼ਹੀਦ ਸਮਾਰਕ ਰਾਹੀਂ ਚੋਣ ਕਮਿਸ਼ਨ ਦਫਤਰ ਤੱਕ ਮਾਰਚ ਕੀਤਾ ਗਿਆ। ਮਹਾਂਗੱਠਬੰਧਨ ਦਾ ਦੋਸ਼ ਹੈ ਕਿ ਵੋਟਰ ਸੂਚੀਆਂ ਸੋਧਣ ਰਾਹੀਂ ਹੇਰਾਫੇਰੀ ਕੀਤੀ ਜਾ ਰਹੀ ਹੈ ਅਤੇ ਵਿਰੋਧੀ ਵੋਟਰਾਂ ਨੂੰ ਜਾਣਬੁੱਝ ਕੇ ਸੂਚੀ ਵਿੱਚੋਂ ਹਟਾਇਆ ਜਾ ਰਿਹਾ ਹੈ।

ਰਾਜਵਿਆਪੀ ਬੰਦ ਦੇ ਮੱਦੇਨਜ਼ਰ ਰਾਜ ਦੇ ਕਈ ਹਿੱਸਿਆਂ ਵਿੱਚ ਰੇਲ ਅਤੇ ਸੜਕੀ ਆਵਾਜਾਈ ਪ੍ਰਭਾਵਤ ਹੋਈ। ਪੂਰਨੀਆ ਤੋਂ ਆਜ਼ਾਦ ਲੋਕ ਸਭਾ ਮੈਂਬਰ ਰਾਜੇਸ਼ ਰੰਜਨ ਉਰਫ ਪੱਪੂ ਯਾਦਵ ਆਪਣੇ ਸਮਰਥਕਾਂ ਸਮੇਤ 'ਸਕੱਤਰੇਤ ਹਾਲਟ' ਰੇਲਵੇ ਸਟੇਸ਼ਨ ਪਹੁੰਚੇ ਅਤੇ ਰੇਲ ਆਵਾਜਾਈ ਰੋਕੀ। ਯਾਦਵ ਦੇ ਸਮਰਥਕਾਂ ਨੇ ਪਟਨਾ ਦੇ ਕਈ ਇਲਾਕਿਆਂ ਦੇ ਨਾਲ-ਨਾਲ ਰਾਜ ਦੇ ਹੋਰ ਹਿੱਸਿਆਂ ਸਮੇਤ ਅਰਰੀਆ, ਕਟਿਹਾਰ ਅਤੇ ਮੁਜ਼ੱਫਰਪੁਰ ਵਿੱਚ ਰੇਲ ਅਤੇ ਸੜਕ ਆਵਾਜਾਈ ਰੋਕੀ। ਵਰਕਰਾਂ ਨੇ ਅਰਵਲ, ਜਹਾਨਾਬਾਦ ਅਤੇ ਦਰਭੰਗਾ ਵਿੱਚ ਟਾਇਰ ਸਾੜੇ ਅਤੇ ਸੜਕਾਂ ਜਾਮ ਕੀਤੀਆਂ।

## ਸੱਤਾਧਾਰੀ ਵਿਧਾਇਕ ਨੇ ਕੰਟੀਨ ਵਰਕਰ ਦੇ ਥੱਪੜ ਜੜਿਆ



**ਮੁੰਬਈ** : ਸੱਤਾਧਾਰੀ ਸ਼ਿਵ ਸੈਨਾ ਦੇ ਵਿਧਾਇਕ ਸੰਜੇ ਗਾਇਕਵਾੜ ਨੇ ਮੁੰਬਈ ਵਿੱਚ ਵਿਧਾਇਕ ਹੋਸਟਲ ਦੀ ਕੰਟੀਨ ਦੇ ਇੱਕ ਕਰਮਚਾਰੀ ਨੂੰ ਬੇਹਾ ਭੋਜਨ ਪਰੋਸਣ ਦੀ ਸ਼ਿਕਾਇਤ ਕਰਨ ਤੋਂ ਬਾਅਦ ਥੱਪੜ ਜੜ ਦਿੱਤਾ। ਮੰਗਲਵਾਰ ਰਾਤ ਦੀ ਇਸ ਘਟਨਾ ਤੋਂ ਬਾਅਦ ਬੁਲਢਾਣਾ ਦੇ ਵਿਧਾਇਕ ਨੇ ਕਿਹਾ ਕਿ ਉਸ ਨੂੰ ਪਰੋਸਿਆ ਗਿਆ ਭੋਜਨ ਘੱਟ ਗੁਣਵੱਤਾ ਵਾਲਾ ਸੀ ਅਤੇ ਉਹ ਮਹਾਰਾਸ਼ਟਰ ਵਿਧਾਨ ਮੰਡਲ ਦੇ ਚੱਲ ਰਹੇ ਮਾਨਸੂਨ ਸੈਸ਼ਨ ਦੌਰਾਨ ਇਸ ਮੁੱਦੇ ਨੂੰ ਚੁੱਕਣਗੇ।

'ਆਕਾਸ਼ਵਾਣੀ ਵਿਧਾਇਕ ਹੋਸਟਲ' ਵਿੱਚ ਵਾਪਰੀ ਇਸ ਘਟਨਾ ਦਾ ਇੱਕ ਵੀਡੀਓ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਵਾਇਰਲ ਹੋ ਗਿਆ ਹੈ। ਵੀਡੀਓ ਵਿੱਚ ਗਾਇਕਵਾੜ ਨੂੰ ਕੰਟੀਨ ਅਪਰੇਟਰ ਨੂੰ ਝਿੜਕਦੇ ਹੋਏ, ਬਿੱਲ ਦਾ ਭੁਗਤਾਨ ਕਰਨ ਤੋਂ ਇਨਕਾਰ ਕਰਦੇ ਅਤੇ ਬਿਲਿੰਗ ਕਾਊਂਟਰ 'ਤੇ ਬੈਠੇ ਸਟਾਫ ਮੈਂਬਰ ਨੂੰ ਥੱਪੜ ਮਾਰਦੇ ਹੋਏ ਦੇਖਿਆ ਜਾ ਸਕਦਾ ਹੈ। ਗਾਇਕਵਾੜ ਨੇ ਕਿਹਾ, 'ਮੈਂ ਪਹਿਲਾਂ ਵੀ ਦੋ-ਤਿੰਨ ਵਾਰ ਭੋਜਨ ਦੀ ਮਾੜੀ ਗੁਣਵੱਤਾ ਬਾਰੇ ਸ਼ਿਕਾਇਤ ਕੀਤੀ ਸੀ।' ਸੂਤਰਾਂ ਅਨੁਸਾਰ ਗਾਇਕਵਾੜ ਨੇ ਕੰਟੀਨ ਤੋਂ ਰਾਤ ਦਾ ਖਾਣਾ ਆਰਡਰ ਕੀਤਾ ਸੀ। ਉਨ੍ਹਾ ਭੇਜੀ ਗਈ ਦਾਲ ਅਤੇ ਚੌਲਾਂ ਨੂੰ ਬੇਹਾ ਅਤੇ ਬਦਬੂਦਾਰ ਮਹਿਸੂਸ ਕੀਤਾ। ਇਸ 'ਤੇ ਖਫ਼ਾ ਹੋ ਕੇ ਉਹ ਕੰਟੀਨ ਵਿੱਚ ਪਹੁੰਚ ਗਏ ਅਤੇ ਮੈਨੇਜਰ ਨਾਲ ਭਿੜ ਗਏ।

CMYK

## ਥਾਣਾ ਟੱਲੇਵਾਲ ਪੁਲਸ ਵੱਲੋਂ 5 ਕਿਲੋ ਭੁੱਕੀ ਸਮੇਤ ਇੱਕ ਗ੍ਰਿਫ਼ਤਾਰ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)** ਥਾਣਾ ਟੱਲੇਵਾਲ ਪੁਲਸ ਨੇ 5 ਕਿਲੋ ਭੁੱਕੀ (ਚੂਰਾ ਪੋਸਤ) ਸਮੇਤ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਹੈ। ਐਸ.ਐਚ.ਓ. ਨਿਰਮਲਜੀਤ ਸਿੰਘ ਨੇ ਦੱਸਿਆ ਕਿ ਇਹ ਕਾਰਵਾਈ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਨਸ਼ਾ ਵਿਰੋਧੀ ਮੁਹਿੰਮ ਤਹਿਤ ਕੀਤੀ ਗਈ। ਐਸ.ਐਸ.ਪੀ. ਬਰਨਾਲਾ ਮੁਹੰਮਦ ਸਰਫਰਾਜ ਆਲਮ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਡੀ.ਐਸ.ਪੀ. ਮਹਿਲ ਕਲਾਂ ਜਤਿੰਦਰਪਾਲ ਸਿੰਘ ਦੀ ਰਹਿਨੁਮਾਈ ਹੇਠ ਇਹ ਅਭਿਆਨ ਚਲਾਇਆ ਗਿਆ।ਉਨ੍ਹਾਂ ਦੱਸਿਆ ਕਿ ਏਐਸ.ਆਈ. ਮਲਕੀਤ ਸਿੰਘ ਦੀ ਅਗਵਾਈ ਹੇਠ ਪੁਲਸ ਪਾਰਟੀ ਨੇ ਵਿਧਾਤਾ-ਚੂੰਘਾਂ ਨਹਿਰ ਦੇ ਪੁਲ 'ਤੇ ਨਾਕਾਬੰਦੀ ਕੀਤੀ। ਨਾਕੇਬੰਦੀ ਦੌਰਾਨ ਤਰਸੇਮ ਸਿੰਘ ਪੁੱਤਰ ਜਗਰਾਜ ਸਿੰਘ ਵਾਸੀ ਪੱਤੀ ਦੀਪ ਸਿੰਘ (ਵਧਾਤਾ ਰੋਡ ਭਦੌੜ) ਨੂੰ 5 ਕਿਲੋ ਭੁੱਕੀ ਸਮੇਤ ਕਾਬੂ ਕੀਤਾ ਗਿਆ। ਪੁਲਸ ਅਧਿਕਾਰੀਆਂ ਮੁਤਾਬਕ ਤਰਸੇਮ ਸਿੰਘ ਬਾਹਰੀ ਰਾਜਾਂ ਤੋਂ ਸਸਤੇ ਭਾਅ ਭੁੱਕੀ ਲਿਆ ਕੇ ਮਹਿੰਗੇ ਭਾਅ 'ਤੇ ਵੇਚਣ ਦਾ ਧੰਦਾ ਕਰਦਾ ਸੀ।ਉਸ ਵਿਰੁੱਧ ਐਨ.ਡੀ.ਪੀ.ਐਸ. ਐਕਟ ਦੀਆਂ ਧਾਰਾਵਾਂ ਹੇਠ ਮਾਮਲਾ ਦਰਜ ਕਰਕੇ ਗ੍ਰਿਫਤਾਰ ਕਰ ਲਿਆ ਗਿਆ ਹੈ।ਪੁਲਸ ਵੱਲੋਂ ਮਾਮਲੇ ਦੀ ਜਾਂਚ ਜਾਰੀ ਹੈ।





## ਟੀ ਐਸ ਯੂ ਦੀ ਅਗਵਾਈ 'ਚ ਬਿਜਲੀ ਮੁਲਾਜ਼ਮ ਦੇਸ਼ ਵਿਆਪੀ ਹੜਤਾਲ 'ਚ ਸ਼ਾਮਲ ਹੋਏ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**- ਸਾਂਝਾ ਫੋਰਮ ਪੰਜਾਬ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਤੇ ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰ ਪੰਜਾਬ ਦੇ ਸੱਦੇ 'ਤੇ ਟੈਕਨੀਕਲ ਸਰਵਿਸ ਯੂਨੀਅਨ (ਰਜਿ. 49) ਗੁਰੂ ਹਰਗੋਬਿੰਦ ਥਰਮਲ ਪਲਾਂਟ ਲਹਿਰਾ ਮੁਹੱਬਤ ਵੱਲੋਂ ਉੱਤਰ ਪ੍ਰਦੇਸ਼ ਦੇ ਬਿਜਲੀ ਬੋਰਡ ਨੂੰ ਤੋੜਨ ਦੀ ਤਿਆਰੀ ਅਤੇ ਮਹਿਕਮੇ ਦੇ ਨਿੱਜੀਕਰਨ ਖਿਲਾਫ ਦੇਸ਼ ਵਿਆਪੀ ਹੜਤਾਲ ਵਿਚ ਬਹੁਤ ਵਧ ਚੜ੍ਹ ਕੇ ਸ਼ਾਮਲ ਹੁੰਦਿਆਂ ਹੜਤਾਲ ਕਰਕੇ ਥਰਮਲ ਦੇ ਗੇਟ 'ਤੇ ਰੈਲੀ ਦੌਰਾਨ ਕੇਂਦਰ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ। ਹੜਤਾਲੀ ਕਰਮਚਾਰੀਆਂ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਪ੍ਰਧਾਨ ਅਮਰਜੀਤ ਸਿੰਘ ਮੰਗਲੀ, ਜਨਰਲ ਸਕੱਤਰ ਅੰਤਰ ਸਿੰਘ ਜੇ ਈ, ਮੀਤ ਪ੍ਰਧਾਨ ਜਗਦੀਪ ਸਿੰਘ, ਪ੍ਰਚਾਰ ਸਕੱਤਰ ਪਿਆਰਾ ਸਿੰਘ, ਕੈਸ਼ੀਅਰ ਵਰਿੰਦਰ ਸਿੰਘ ਪਰਮਾਰ ਤੇ ਸਲਾਹਕਾਰ ਰਵਿੰਦਰ ਕੁਮਾਰ ਰਾਮਪੁਰਾ ਨੇ ਕਿਹਾ ਕਿ ਸਰਕਾਰ ਦੀਆਂ ਮੁਲਾਜ਼ਮ ਮਾਰੂ ਨੀਤੀਆਂ ਨੂੰ ਬੰਦ ਕਰਵਾਉਣ ਤੇ ਕੇਂਦਰ ਸਰਕਾਰ ਵੱਲੋਂ ਪਿਛਲੇ ਸਮੇਂ ਵਿੱਚ ਚੰਡੀਗੜ੍ਹ ਦਾ ਬਿਜਲੀ ਬੋਰਡ ਤੋੜ ਕੇ ਨਿੱਜੀ ਕੰਪਨੀ ਨੂੰ ਸੌਂਪ ਦਿੱਤਾ ਹੈ ਜੋ ਕਿ ਮੁਨਾਫੇ ਵਿੱਚ ਸੀ । ਹੁਣ ਉੱਤਰ ਪ੍ਰਦੇਸ਼ ਦਾ ਬਿਜਲੀ ਬੋਰਡ ਜੋ ਕਿ ਮੁਨਾਫੇ ਵਿੱਚ ਚਲ ਰਿਹਾ ਹੈ, ਨੂੰ ਘਾਟੇ ਵਿੱਚ ਦਿਖਾ ਕੇ ਨਿੱਜੀ ਹੱਥਾਂ ਵਿੱਚ ਦੇਣ ਦੀ ਤਿਆਰੀ ਕੀਤੀ ਜਾ ਰਹੀ ਹੈ। ਕੇਂਦਰ ਸਰਕਾਰ ਵੱਲੋਂ 44 ਕਿਰਤ ਕਨੂੰਨਾ ਨੂੰ ਰੱਦ ਕਰਕੇ ਨਵੇਂ ਚਾਰ ਲੇਵਰ ਕੋਡ ਲਿਆਂਦੇ ਗਏ ਹਨ ਜੋ ਕਿ ਮੁਲਾਜ਼ਮ ਮਾਰੂ ਹਨ । ਟੈਕਨੀਕਲ ਸਰਵਿਸ ਯੂਨੀਅਨ ਪੰਜਾਬ ਦੇ ਫੈਸਲੇ ਅਨੁਸਾਰ ਆਉਣ ਵਾਲੇ ਦਿਨਾਂ ਵਿਚ 11 ਜੁਲਾਈ ਤੋਂ 22 ਜੁਲਾਈ ਪਾਵਰਕਾਮ ਮੈਨੇਜਮੈਂਟ ਦੇ ਵਿਰੁੱਧ ਸਰਕਲ ਪੱਧਰ 'ਤੇ ਧਰਨੇ ਦਿੱਤੇ ਜਾਣਗੇ। 27 ਜੁਲਾਈ ਨੂੰ ਬਿਜਲੀ ਮੰਤਰੀ ਹਰਭਜਨ ਸਿੰਘ ਈ ਟੀ ਓ ਦੀ ਰਿਹਾਇਸ਼ ਦੇ ਨੇੜੇ ਬਿਜਲੀ ਮੁਲਾਜ਼ਮਾਂ ਵੱਲੋਂ ਵਿਸ਼ਾਲ ਸੂਬਾ ਪੱਧਰੀ ਧਰਨਾ ਦਿੱਤਾ ਜਾਵੇਗਾ।

## ਕਾਂਗਰਸ ਦੀ ਮੀਟਿੰਗ 'ਚ ਹੋਈਆਂ ਅਹਿਮ ਵਿਚਾਰਾਂ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਸ਼ਹਿਰੀ ਵੱਲੋਂ ਜੁਲਾਈ ਮਹੀਨੇ ਦੀ ਮਹੀਨਾਵਾਰ ਮੀਟਿੰਗ ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਸ਼ਹਿਰੀ ਦੇ ਦਫਤਰ ਆਰੀਆ ਸਮਾਜ ਵਿਖੇ ਜ਼ਿਲ੍ਹਾ ਪ੍ਰਧਾਨ ਨਰੇਸ਼ ਕੁਮਾਰ ਦੁੱਗਲ ਦੀ ਪ੍ਰਧਾਨਗੀ ਹੇਠ ਕੀਤੀ ਗਈ, ਜਿਸ ਵਿੱਚ ਅਸੈਂਬਲੀ ਹਲਕਾ ਪਟਿਆਲਾ ਸ਼ਹਿਰੀ ਦੇ ਅਬਜ਼ਰਵਰ ਰਿਪਲ ਮਿੱਡਾ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਸ਼ਹਿਰੀ ਵੱਲੋਂ ਰਿਪਲ ਮਿੱਡਾ ਨੂੰ ਕਾਂਗਰਸ ਦੇ ਦਫਤਰ ਕਾਂਗਰਸ ਪਾਰਟੀ ਦੇ ਦਫਤਰ ਪਹੁੰਚਣ 'ਤੇ ਸਿਰੋਪਾ ਪਾ ਕੇ ਸਨਮਾਨਤ ਕੀਤਾ ਗਿਆ। ਮੀਟਿੰਗ 'ਚ ਸੰਗਠਨ ਨੂੰ ਮਜ਼ਬੂਤ ਕਰਨ ਲਈ ਬਣਾਈਆਂ ਜਾਣ ਵਾਲੀਆਂ ਮੰਡਲ ਕਮੇਟੀਆਂ ਬੂਥ ਕਮੇਟੀਆਂ ਪਿੰਡ ਅਤੇ ਵਾਰਡ ਕਮੇਟੀਆਂ ਬਾਰੇ ਵਿਚਾਰ-ਵਟਾਂਦਰਾ ਤੇ ਹੁਣ ਤੱਕ ਕਮੇਟੀਆਂ ਦੇ ਗਠਨ ਬਾਰੇ ਜਾਣਕਾਰੀ ਦਿੱਤੀ ਗਈ। ਮੀਟਿੰਗ ਨੂੰ ਰਾਜੇਸ਼ ਮੰਡੋਰਾ ਬਲਾਕ ਪ੍ਰਧਾਨ ਕਿਲਾ ਮੁਬਾਰਕ, ਕਮਲਜੀਤ ਸਿੰਘ ਸਹਿਗਲ ਸਾਬਕਾ ਮੈਂਬਰ ਐਸ ਐਸ ਬੋਰਡ, ਹਰਵਿੰਦਰ ਸਿੰਘ ਨਿੱਪੀ ਮੈਂਬਰ ਪੀ ਪੀ ਸੀ ਸੀ, ਰਿੰਪਲ ਮਿੱਡਾ ਅਬਜ਼ਰਵਰ ਹਲਕਾ ਪਟਿਆਲਾ ਸ਼ਹਿਰੀ ਤੇ ਨਰੇਸ਼ ਕੁਮਾਰ ਦੁੱਗਲ ਪ੍ਰਧਾਨ ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਨੇ ਕਿਹਾ ਕਿ ਆਲ ਇੰਡੀਆ ਕਾਂਗਰਸ ਕਮੇਟੀ ਵੱਲੋਂ ਸਾਲ 2025 ਨੂੰ ਕਾਂਗਰਸ ਪਾਰਟੀ ਦੇ ਸੰਗਠਨ ਨੂੰ ਮਜ਼ਬੂਤ ਕਰਨ ਵਾਲਾ ਸਾਲ ਐਲਾਨਿਆ ਹੈ, ਜਿਸ ਤਹਿਤ ਬਲਾਕ ਕਾਂਗਰਸ ਕਮੇਟੀ, ਮੰਡਲ ਕਮੇਟੀਆਂ ਤੋਂ ਇਲਾਵਾ ਪਿੰਡ/ਵਾਰਡ ਕਮੇਟੀਆਂ ਤੇ ਬੂਥ ਕਮੇਟੀਆਂ ਦਾ ਗਠਨ ਕਰਕੇ ਸੰਗਠਨ ਨੂੰ ਮਜ਼ਬੂਤ ਅਤੇ ਸਰਵਉਚ ਬਣਾਇਆ ਜਾਣਾ ਹੈ।



## ਅਲਾਇੰਸ ਇੰਟਰਨੈਸ਼ਨਲ ਸਕੂਲ ਬਨੂੜ ਦੇ ਪ੍ਰਿੰਸੀਪਲ ਬ੍ਰਿਜੇਸ਼ ਸਕਸੈਨਾ ਸਨਮਾਨਤ

**ਰਾਜਪੁਰਾ (ਰਮੇਸ਼ ਕਟਾਰੀਆ)**- ਅਲਾਇੰਸ ਇੰਟਰਨੈਸ਼ਨਲ ਸਕੂਲ ਬਨੂੜ ਲਈ ਇੱਕ ਮਾਣ ਵਾਲੀ ਗੱਲ ਹੈ। ਸਕੂਲ ਦੇ ਪ੍ਰਿੰਸੀਪਲ ਬ੍ਰਿਜੇਸ਼ ਸਕਸੈਨਾ ਨੂੰ ਜ਼ੀਰਕਪੁਰ ਪੰਜਾਬ ਵਿਖੇ ਆਯੋਜਿਤ ਇੱਕ ਵੱਕਾਰੀ ਪੁਰਸਕਾਰ ਸਮਾਰੋਹ ਵਿੱਚ 21ਵੀਂ ਸਦੀ ਦੇ ਸ਼ੋਅਕੇਸ ਸਕੂਲ ਸ਼੍ਰੇਣੀ ਲਈ ਸਨਮਾਨਤ ਕੀਤਾ ਗਿਆ, ਕਿਉਂਕਿ ਉਨ੍ਹਾਂ ਕੋਲ ਕੇ-12 ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਵਿੱਚ ਨਵੀਨਤਾ ਅਤੇ 21ਵੀਂ ਸਦੀ ਦੇ ਹੁਨਰਾਂ ਨੂੰ ਪੋਸ਼ਣ ਦੇਣ ਲਈ ਸਕੂਲ ਦੇ ਅੰਦਰ ਇੱਕ ਸੰਪੂਰਨ ਈਕੋਸਿਸਟਮ ਹੈ।ਇਹ ਪੁਰਸਕਾਰ ਸਟੈਮਰੋਬੋ ਦੁਆਰਾ ਸਿਰਜਣਾਤਮਕਤਾ, ਆਲੋਚਨਾਤਮਕ ਸੋਚ, ਸਹਿਯੋਗ, ਡਿਜੀਟਲ ਸਾਖਰਤਾ ਅਤੇ ਸਮੱਸਿਆ-ਹੱਲ ਕਰਨ ਦੇ ਹੁਨਰਾਂ ਨੂੰ ਉਤਸ਼ਾਹਿਤ ਕਰਨ ਵਿੱਚ ਸਕੂਲ ਦੀਆਂ ਸ਼ਾਨਦਾਰ ਪਹਿਲਕਦਮੀਆਂ ਦੇ ਸਨਮਾਨ ਵਿੱਚ ਦਿੱਤਾ ਗਿਆ। ਸਕੂਲ ਪ੍ਰਿੰਸੀਪਲ ਦੀ ਗਤੀਸ਼ੀਲ ਅਗਵਾਈ ਹੇਠ ਸਕੂਲ ਨੇ ਨਵੀਨਤਾ ਪ੍ਰਯੋਗਸ਼ਾਲਾਵਾਂ ਅਤੇ ਪ੍ਰੋਜੈਕਟ-ਅਧਾਰਤ ਸਿਖਲਾਈ ਨੂੰ ਸਫਲਤਾਪੂਰਵਕ ਏਕੀਕ੍ਰਿਤ ਕੀਤਾ ਹੈ।



## 'ਪੰਜਾਬ 'ਚ ਕਮਿਊਨਿਸਟ ਲਹਿਰ ਦੀ ਉਤਪਤੀ, ਵਿਕਾਸ ਤੇ ਉਤਰਾਵਾਂ-ਚੜ੍ਹਾਵਾਂ ਦਾ ਸੰਖੇਪ ਇਤਿਹਾਸ' 'ਤੇ ਗੋਸ਼ਟੀ

**ਪਟਿਆਲਾ (ਭੁਪਿੰਦਰਜੀਤ ਮੌਲਵੀਵਾਲਾ)** ਉੱਘੇ ਚਿੰਤਕ, ਬੁੱਧੀਜੀਵੀ ਤੇ ਰਾਜਸੀ ਆਗੂ ਕਾਮਰੇਡ ਲਹਿੰਬਰ ਸਿੰਘ ਤੱਗੜ ਦੁਆਰਾ ਲਿਖੀ ਪੁਸਤਕ 'ਪੰਜਾਬ ਵਿੱਚ ਕਮਿਊਨਿਸਟ ਲਹਿਰ ਦੀ ਉਤਪਤੀ, ਵਿਕਾਸ ਤੇ ਉਤਰਾਵਾਂ ਚੜ੍ਹਾਵਾਂ ਦਾ ਸੰਖੇਪ ਇਤਿਹਾਸ' ਉਪਰ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ: ਵੱਲੋਂ ਕਾਮਰੇਡ ਮੇਘ ਨਾਥ (ਬਠਿੰਡਾ), ਡਾ. ਦਰਸ਼ਨ ਸਿੰਘ ਆਸ਼ਟ ਪ੍ਰਧਾਨ ਅਤੇ ਜਨਰਲ ਸਕੱਤਰ, ਦਵਿੰਦਰ ਪਟਿਆਲਵੀ, ਪੰਜਾਬੀ ਸਾਹਿਤ ਸਭਾ ਪਟਿਆਲਾ ਅਤੇ ਡਾ ਜੀ.ਐਸ. ਆਨੰਦ ਪ੍ਰਧਾਨ ਤੇ ਜਨਰਲ ਸਕੱਤਰ ਬਲਬੀਰ ਜਲਾਲਾਬਾਦੀ, ਗਿਆਨਦੀਪ ਸਾਹਿਤ ਸਾਧਨਾ ਮੰਚ ਪਟਿਆਲਾ ਅਤੇ ਪਟਿਆਲਾ ਜ਼ਿਲ੍ਹੇ ਦੀਆਂ ਬਾਕੀ ਲੇਖਕ ਸਭਾਵਾਂ ਦੇ ਉਤਸ਼ਾਹਜਨਕ ਸਹਿਯੋਗ ਨਾਲ ਵਿਸਥਾਰਿਤ ਗੋਸ਼ਟੀ ਤੇ ਸੈਮੀਨਾਰ ਭਾਸ਼ਾ ਵਿਭਾਗ ਪਟਿਆਲਾ ਦੇ ਆਡੀਟੋਰੀਅਮ ਵਿੱਚ ਕਰਾਇਆ ਗਿਆ। ਪੁਸਤਕ ਉਪਰ ਡਾ. ਭੀਮਇੰਦਰ ਸਿੰਘ, ਡਾ ਜੋਗਾ ਸਿੰਘ ਤੇ ਡਾ. ਗੁਰਨਾਇਬ ਸਿੰਘ ਨੇ ਪੇਪਰ ਪੜ੍ਹੇ।ਸਮਾਗਮ ਦੇ ਮੁੱਖ ਮਹਿਮਾਨ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਤੇ ਵਿਸ਼ੇਸ਼ ਚਿੰਤਕ ਡਾ. ਸਵਰਾਜ ਸਿੰਘ ਸਨ।ਸਮਾਗਮ ਦੀ ਪ੍ਰਧਾਨਗੀ ਪ੍ਰਧਾਨ ਪਵਨ ਹਰਚੰਦਪੁਰੀ ਤੋਂ ਇਲਾਵਾ ਉੱਘੇ ਚਿੰਤਕ ਡਾ. ਸੁਰਜੀਤ ਸਿੰਘ ਭੱਟੀ, ਚਿੰਤਨਸ਼ੀਲ ਲੇਖਕ ਸ੍ਰੀ ਬੀ.ਐਸ.ਰਤਨ, ਡਾ. ਜੋਗਿੰਦਰ ਸਿੰਘ ਨਿਰਾਲਾ ਤੇ ਡਾ ਗੁਰਚਰਨ ਕੌਰ ਕੋਚਰ ਸੀਨੀਅਰ ਮੀਤ ਪ੍ਰਧਾਨ ਕੇਂਦਰੀ ਸਭਾ ਨੇ ਕੀਤੀ। ਸਮਾਗਮ ਦੀ ਸ਼ੁਰੂਆਤ ਗੁਰਪ੍ਰੀਤ ਢਿੱਲੋਂ ਦੁਆਰਾ ਗਾਏ ਗੀਤ 'ਪਗੜੀ ਸੰਭਾਲ ਜੱਟਾ' ਨਾਲ ਹੋਈ।ਇਸ ਦੌਰਾਨ ਸੁਰਿੰਦਰ ਸਾਗਰ ਤਰਨ ਤਾਰਨ, ਅਵਤਾਰ ਜੀਤ ਅਟਵਾਲ, ਬਚਨ ਸਿੰਘ ਗੁਰਮ, ਅਮਰਜੀਤ ਸਿੰਘ ਅਮਨ ਅਤੇ ਜੁਗਰਾਜ ਧੌਲਾ, ਗੁਰਚਰਨ ਸਿੰਘ ਚੰਨ ਪਟਿਆਲਵੀ ਤੇ ਦਰਸ਼ ਪਸਿਆਣਾ ਨੇ ਇਨਕਲਾਬੀ ਰਚਨਾਵਾਂ ਪੇਸ਼ ਕੀਤੀਆਂ। ਡਾ. ਭੀਮਇੰਦਰ ਸਿੰਘ, ਡਾ. ਜੋਗਾ ਸਿੰਘ ਤੇ ਡਾ. ਗੁਰਨਾਇਬ ਸਿੰਘ ਨੇ ਪੇਪਰ ਪੜ੍ਹਦਿਆਂ ਕਿਹਾ ਕਿ ਇਹ ਪੁਸਤਕ ਕਮਿਊਨਿਸਟ ਲਹਿਰ ਦਾ ਸਾਰਥਿਕ ਇਤਿਹਾਸਿਕ ਤੇ ਵਿਗਿਆਨਕ ਦਸਤਾਵੇਜ਼ ਹੈ।ਡਾ. ਜੋਗਾ ਸਿੰਘ ਨੇ ਪੁਸਤਕ ਨੂੰ ਕਾਮਰੇਡ ਤੱਗੜ ਹੋਰਾਂ ਦੁਆਰਾ 58 ਸਾਲਾਂ ਦਾ ਹੱਡੀ ਹੰਢਾਇਆ ਤੇ ਸੀਪੀਆਈ (ਐਮ) ਵੱਲੋਂ ਪ੍ਰਵਾਨਤ ਭਰੋਸੇਯੋਗ ਇਤਿਹਾਸ ਕਿਹਾ। ਉਨ੍ਹਾਂ ਕਿਹਾ ਕਿ ਦੁਨੀਆਂ ਪੱਧਰ ਦੀਆਂ ਇਨਕਲਾਬੀ ਲਹਿਰਾ, ਭਾਰਤ ਅੰਦਰਲੀ ਕਮਿਊਨਿਸਟ ਲਹਿਰ ਤੇ ਹੋਰ ਅਨੇਕਾਂ ਲਹਿਰਾਂ ਦਾ ਬਰੀਕ-ਬੀਨੀ ਨਾਲ ਵਰਣਨ ਪੁਸਤਕ ਦੀ ਸਾਰਥਿਕਤਾ ਨੂੰ ਹੋਰ ਵਧਾਉਂਦਾ ਹੈ।ਇਤਿਹਾਸ ਲਿਖਦਿਆਂ ਨਿਰਪੱਖ ਰਹਿਣਾ ਲੇਖਕ ਦੀ ਭਰੋਸੇਯੋਗ ਯੋਗਤਾ ਦਾ ਅਲੰਬਰਦਾਰ ਹੁੰਦਾ ਹੈ ਜੋ ਲੇਖਕ ਨੇ ਕੀਤਾ ਹੈ।ਡਾ. ਗੁਰਨੈਬ ਸਿੰਘ ਨੇ ਕਾਮਰੇਡ ਤੱਗੜ ਦੇ ਜੀਵਨ ਕਮਿਊਨਿਸਟ ਸ਼ਬਦ ਦੀ ਉਤਪਤੀ, ਪੰਜਾਬੀ ਵਿੱਚ ਕਮਿਊਨਿਸਟ ਮੈਨੀਫੈਸਟੋ ਦੀ ਛਪਾਈ ਦੀ ਚਰਚਾ ਕਰਦਿਆਂ ਭਾਰਤ ਅਤੇ ਦੁਨੀਆ ਅੰਦਰ ਲੋਕ ਕੇਂਦਰਿਤ ਸਥਾਪਤ ਹੋਈ ਰਾਜਨੀਤੀ ਨੂੰ ਕਮਿਊਨਿਸਟ ਲਹਿਰ ਦੀ ਜਿੱਤ ਕਿਹਾ। ਦੂਜੇ ਦੌਰ 'ਚ ਲਗਾਤਾਰ ਤਿੰਨ ਘੰਟੇ ਲੰਮੀ ਚੱਲੀ ਗੰਭੀਰ ਤੇ ਚਿੰਤਨਮਈ ਬਹਿਸ ਅਤੇ ਸੰਵਾਦ ਵਿੱਚ ਡਾ. ਸੁਰਜੀਤ ਸਿੰਘ ਭੱਟੀ, ਬੀ ਐਸ ਰਤਨ, ਡਾ. ਸਵਰਾਜ ਸਿੰਘ, ਪਵਨ ਹਰਚੰਦਪੁਰੀ, ਡਾ.ਗੁਰਚਰਨ ਕੌਰ ਕੋਚਰ, ਡਾ. ਭਗਵੰਤ ਸਿੰਘ, ਡਾ. ਅਰਵਿੰਦਰ ਕੌਰ ਕਾਕੜਾ, ਗੁਲਜ਼ਾਰ ਸਿੰਘ ਸ਼ੌਕੀ, ਦਰਸ਼ਨ ਸਿੰਘ ਪ੍ਰੀਤੀਮਾਨ, ਬਲਵਿੰਦਰ ਸਿੰਘ ਭੱਟੀ, ਡਾ. ਸੁਖਵਿੰਦਰ ਸੇਖੋਂ, ਡਾ.ਸੰਤੋਖ ਸਿੰਘ ਸੁੱਖੀ, ਜੋਗਾ ਸਿੰਘ ਧਨੌਲਾ, ਤਰਲੋਚਨ ਮੀਰ, ਗੁਰਵਿੰਦਰ ਅਮਨ, ਵਿਸ਼ੇਸ਼ਰ ਰਾਮ ਸੰਗਰੂਰ, ਜਸਵੰਤ ਪੂਨੀਆਂ, ਹਰਭਜਨ ਸਿੰਘ ਰਾਏਕੋਟ ਤੇ ਸੁਖਦੇਵ ਔਲਖ ਆਦਿ ਨੇ ਆਪੋ-ਆਪਣੇ ਵਿਚਾਰ ਪੇਸ਼ ਕਰਦਿਆਂ ਬਹੁਤ ਭਾਵਪੂਰਨ ਨੁਕਤੇ ਉਠਾਏ।ਨਵੀਂਆਂ ਹਾਲਾਤ 'ਚ ਨਵੀਂਆਂ ਜਥੇਬੰਦੀਆਂ ਅਤੇ ਨਵੀਂ ਯੁੱਧ ਨੀਤੀ ਦੀ ਗੱਲ ਕੀਤੀ ਇਸ ਇਕੱਠ ਵਿੱਚ ਸਾਰੀਆਂ ਰਾਜਨੀਤਕ ਪਾਰਟੀਆਂ ਨੂੰ ਬੁਲਾਉਣ ਦੀ ਗੱਲ ਵੀ ਕੀਤੀ ਗਈ। ਕਾਮਰੇਡ ਹਰਕਿਸ਼ਨ ਸੁਰਜੀਤ ਦੀ ਸਰਾਹਨਾ ਕਰਦਿਆਂ ਸੰਘਰਸ਼ਾਂ ਨੂੰ ਲਗਾਤਾਰ ਜਾਰੀ ਰੱਖਣ 'ਤੇ ਜ਼ੋਰ ਦਿੱਤਾ ਗਿਆ।ਇਸ ਉਪਰੰਤ ਮਿੰਨੀ ਕਹਾਣੀਆਂ ਦਾ ਪੇਪਰ ਛਿਣ ਜੋ ਡਾ. ਹਰਪ੍ਰੀਤ ਰਾਣਾ ਤੇ ਦਵਿੰਦਰ ਪਟਿਆਲਵੀ ਵੱਲੋਂ ਕੱਢਿਆ ਜਾਂਦਾ ਹੈ, ਲੋਕ ਅਰਪਣ ਕੀਤਾ ਗਿਆ। ਪਵਨ ਹਰਚੰਦਪੁਰੀ ਨੇ ਸੰਵਿਧਾਨ ਵਿੱਚੋਂ ਧਰਮ ਨਿਰਪੱਖ ਅਤੇ ਸਮਾਜਵਾਦੀ ਸ਼ਬਦ ਕੱਢਣ ਦੀ ਮੁਹਿੰਮ ਖਿਲਾਫ਼ ਤੇ ਦਲਜੀਤ ਦੋਸਾਂਝ ਦੀ ਫਿਲਮ ਭਾਰਤ ਅੰਦਰ ਜਾਰੀ ਕਰਨ 'ਤੇ ਪਾਬੰਦੀ ਲਾਉਣ ਖਿਲਾਫ ਅਤੇ ਫ਼ਲਸਤੀਨੀਆਂ ਦੇ ਨਸਲਘਾਤ ਖਿਲਾਫ਼ ਪੇਸ਼ ਕੀਤੇ ਮਤੇ ਪਾਸ ਕੀਤੇ।ਅਖੀਰ ਵਿੱਚ ਮੁੱਖ ਮਹਿਮਾਨ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਨੇ ਉਠਾਏ ਨੁਕਤਿਆਂ ਦੇ ਵਿਧੀਵਤ ਜਵਾਬ ਦਿੱਤੇ ਤੇ ਦੱਸਿਆ ਕਿ ਇਸ ਕਿਤਾਬ ਨੂੰ ਹਿੰਦੀ ਤੇ ਅੰਗਰੇਜ਼ੀ ਵਿੱਚ ਵੀ ਛਾਪਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਾਮਰੇਡ ਤੱਗੜ ਵੱਲੋਂ ਬਤੌਰ ਸੂਬਾ ਸਕੱਤਰ ਮੇਰੇ ਨਾਲ ਸਮੇਂ-ਸਮੇਂ ਤੇ ਇਸ ਕਿਤਾਬ ਦੀਆਂ ਲਿਖਤਾਂ ਬਾਬਤ ਸਲਾਹ ਮਸ਼ਵਰਾ ਕੀਤਾ ਜਾਂਦਾ ਰਿਹਾ ਹੈ।ਕਾਮਰੇਡ ਸੇਖੋਂ ਨੇ ਕਿਹਾ ਕਿ ਇਹ ਕਿਤਾਬ ਇੱਕ ਦਸਤਾਵੇਜ਼ ਹੈ।ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਵੀਸੀ ਪ੍ਰੋ. ਅਰਵਿੰਦ ਨੇ ਕਾਮਰੇਡ ਤੱਗੜ ਤੇ ਉਨ੍ਹਾਂ ਨੂੰ ਇਸ ਕਿਤਾਬ ਦੀ ਰਜਿਸਟਰ ਕਰਾਉਣ ਲਈ ਕਿਹਾ ਸੀ ਤਾਂ ਜੁ ਕਾਮਰੇਡ ਤੱਗੜ ਨੂੰ ਪੀਐਚਡੀ ਦੀ ਡਿਗਰੀ ਦਿੱਤੀ ਜਾ ਸਕੇ, ਪਰ ਕਾਮਰੇਡ ਤੱਗੜ ਘਰੇਲੂ ਰੁਝੇਵਿਆਂ ਕਾਰਨ ਅਜਿਹਾ ਨਹੀਂ ਕਰ ਸਕੇ।



## ਜ਼ਿਲ੍ਹੇ 'ਚ ਇੱਟਾਂ ਦੇ ਭਾਅ ਮੁੜ ਨਿਰਧਾਰਤ

**ਸੰਗਰੂਰ (ਪ੍ਰਵੀਨ ਸਿੰਘ)**- ਜ਼ਿਲ੍ਹਾ ਸੰਗਰੂਰ ਵਿੱਚ ਸਰਕਾਰੀ ਅਤੇ ਅਰਧ ਸਰਕਾਰੀ ਵਿਕਾਸ ਦੇ ਕੰਮਾਂ ਲਈ ਇੱਟਾਂ ਦੇ ਭਾਅ (ਰੇਟ) ਨਿਰਧਾਰਤ ਕਰ ਦਿੱਤੇ ਗਏ ਹਨ। ਡਿਪਟੀ ਕਮਿਸ਼ਨਰ ਸੰਦੀਪ ਰਿਸ਼ੀ ਵੱਲੋਂ ਵੱਖ ਵੱਖ ਅਧਿਕਾਰੀਆਂ, ਜ਼ਿਲ੍ਹਾ ਸੰਗਰੂਰ ਭੱਠਾ ਐਸੋਸ਼ੀਏਸ਼ਨ ਦੇ ਮੈਂਬਰਾਂ, ਸਰਪੰਚਾਂ ਅਤੇ ਹੋਰ ਮੈਂਬਰਾਂ ਨਾਲ ਮੀਟਿੰਗ ਅਤੇ ਵਿਚਾਰ ਵਟਾਂਦਰਾ ਕਰਨ ਉਪਰੰਤ ਇੱਟਾਂ ਦਾ ਰੇਟ 6300 ਰੁਪਏ ਤੋਂ ਵਧਾ ਕੇ 7000 ਰੁਪਏ ਸਮੇਤ ਟੈਕਸ ਅਤੇ ਸਮੇਤ ਢੋਆ ਢੁਆਈ ਦਾ ਖਰਚਾ ਪ੍ਰਤੀ ਹਜ਼ਾਰ ਇੱਟ ਕਰਨ ਦਾ ਫੈਸਲਾ ਕੀਤਾ ਗਿਆ ਹੈ।ਮੀਟਿੰਗ ਵਿੱਚ ਹਾਜ਼ਰ ਸਮੂਹ ਮੈਂਬਰਾਂ ਨੇ ਇਸ ਰੇਟ ਉੱਤੇ ਆਪਣੀ ਸਹਿਮਤੀ ਦਿੱਤੀ। ਡਿਪਟੀ ਕਮਿਸ਼ਨਰ ਨੇ ਭੱਠਾ ਐਸੋਸ਼ੀਏਸ਼ਨ ਨੂੰ ਹਦਾਇਤ ਕੀਤੀ ਕਿ ਸਰਕਾਰੀ/ਅਰਧ ਸਰਕਾਰੀ ਵਿਭਾਗਾਂ ਦੇ ਵਿਕਾਸ ਕੰਮਾਂ ਲਈ ਪਹਿਲੇ ਦਰਜੇ ਦੀਆਂ ਵਧੀਆ ਇੱਟਾਂ ਦੇਣਾ ਯਕੀਨੀ ਬਣਾਇਆ ਜਾਵੇ।

## ਭਗਤ ਪੂਰਨ ਸਿੰਘ ਸੰਸਥਾ ਵੱਲੋਂ ਨਵੀਂ ਐਂਬੂਲੈਂਸ ਲਈ ਸਮੂਹ ਸੰਗਤਾਂ ਦਾ ਧੰਨਵਾਦ



**ਕੋਟ ਈਸੇ ਖਾਂ (ਅਰੋੜਾ)**- ਭਗਤ ਪੂਰਨ ਸਿੰਘ ਸੇਵਾ ਸੰਸਥਾ ਜੋ ਪਿਛਲੇ ਕੁਝ ਸਾਲਾਂ ਤੋਂ ਲੋੜਵੰਦ ਅਤੇ ਬੇਸਹਾਰਿਆਂ ਲਈ ਮਸੀਹਾ ਬਣ ਕੇ ਸੇਵਾ ਕਰ ਰਹੀ ਹੈ, ਜਿਨ੍ਹਾਂ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਨਵੀਂ ਐਂਬੂਲੈਂਸ ਤਿਆਰ ਕੀਤੀ ਗਈ, ਜਿਸ ਨਾਲ ਮਰੀਜ਼ਾਂ ਨੂੰ ਲਿਆਉਣ ਤੇ ਲਿਜਾਣ ਵਿੱਚ ਕੋਈ ਮੁਸ਼ਕਲ ਪੇਸ਼ ਨਾ ਆ ਸਕੇ। ਸੰਸਥਾ ਦੇ ਸੇਵਾਦਾਰਾਂ ਵੱਲੋਂ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਸੰਸਥਾ ਕੋਲ ਆਪਣੀ ਕੋਈ ਐਂਬੂਲੈਂਸ ਨਾ ਹੋਣ ਕਰਕੇ ਮਰੀਜ਼ਾਂ ਨੂੰ ਲਿਆਉਣ -ਲਿਜਾਣ ਵਿੱਚ ਬਹੁਤ ਦਿੱਕਤ ਪੇਸ਼ ਆਉਂਦੀ ਸੀ ਅਤੇ ਪ੍ਰਾਈਵੇਟ ਐਂਬੂਲੈਂਸ ਕਰਨ 'ਤੇ ਖਰਚਾ ਕਰਨਾ ਪੈਂਦਾ ਸੀ ਜਿਸ ਤੋਂ ਬਾਅਦ ਐਂਬੂਲੈਂਸ ਦੀ ਜ਼ਰੂਰਤ ਨੂੰ ਮੁੱਖ ਸਮਝਦਿਆਂ ਵਿਚਾਰ ਕਰਨ ਮਗਰੋਂ ਸੰਸਥਾ ਦੇ ਸੇਵਾਦਾਰਾਂ, ਇਲਾਕਾ ਨਿਵਾਸੀਆਂ ਅਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਇਸ ਕਾਰਜ ਨੂੰ ਨੇਪਰੇ ਚਾੜ੍ਹਿਆ ਗਿਆ।

## ਵਿਧਾਨ ਸਭਾ ਹਲਕਾ 087 ਫਰੀਦਕੋਟ ਅਧੀਨ 185 ਬੀ ਐੱਲ ਓਜ਼ ਨੂੰ ਦਿੱਤੀ ਟ੍ਰੇਨਿੰਗ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)** ਭਾਰਤ ਚੋਣ ਕਮਿਸ਼ਨ, ਨਵੀਂ ਦਿੱਲੀ ਤੇ ਮੁੱਖ ਚੋਣ ਅਫਸਰ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਚੋਣ ਅਫਸਰ ਕਮ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਦੀ ਰਹਿਨੁਮਾਈ ਹੇਠ ਸ੍ਰੀ ਵਰੁਣ ਕੁਮਾਰ, ਐੱਸ.ਡੀ.ਐੱਮ.-ਕਮ-ਚੋਣਕਾਰ ਰਜਿਸਟ੍ਰੇਸ਼ਨ ਅਫਸਰ ਵਿਧਾਨ ਸਭਾ ਹਲਕਾ 087 ਫਰੀਦਕੋਟ ਦੀ ਨਿਗਰਾਨੀ ਹੇਠ ਹਲਕੇ ਵਿੱਚ ਕੰਮ ਕਰ ਰਹੇ 185 ਬੀ.ਐੱਲ.ਓਜ਼ ਨੂੰ ਟ੍ਰੇਨਿੰਗ ਦਿੱਤੀ ਗਈ। ਇਸ ਵਿੱਚ ਵਿਧਾਨ ਸਭਾ ਹਲਕਾ ਫਰੀਦਕੋਟ ਅਧੀਨ ਕੰਮ ਕਰ ਰਹੇ 185 ਬੀ.ਐੱਲ.ਓਜ਼ ਨਿਰਧਾਰਤ ਕੀਤੇ ਗਏ ਸ਼ਡਿਊਲ ਅਨੁਸਾਰ ਬੈਚਵਾਇਜ਼ ਟ੍ਰੇਨਿੰਗ 'ਚ ਸ਼ਾਮਲ ਹੋਏ। ਐੱਸ.ਡੀ.ਐੱਮ ਸ੍ਰੀ ਵਰੁਣ ਨੇ ਦੱਸਿਆ ਕਿ ਇਸ ਟ੍ਰੇਨਿੰਗ 'ਚ ਬੀ.ਐੱਲ.ਓਜ਼ ਨੂੰ ਵੋਟਰ ਸੂਚੀਆਂ, ਚੋਣਾਂ ਦੌਰਾਨ ਹੋਣ ਵਾਲੇ ਕੰਮਾਂ, ਵੋਟਰਾਂ ਲਈ ਭਰੇ ਜਾਣ ਵਾਲੇ ਫਾਰਮ ਨੰ: 6, 6ਏ, 7 ਤੇ 8 ਆਦਿ ਕੰਮਾਂ ਸਬੰਧੀ ਟ੍ਰੇਨਿੰਗ ਦਿੱਤੀ ਗਈ।ਇਸ ਤੋਂ ਇਲਾਵਾ ਭਾਰਤ ਚੋਣ ਕਮਿਸ਼ਨ ਵੱਲੋਂ ਵੋਟਰ ਰਜਿਸਟ੍ਰੇਸ਼ਨ ਲਈ ਸ਼ੁਰੂ ਕੀਤੇ ਗਏ ਮੋਬਾਇਲ ਐਪਲੀਕੇਸ਼ਨ ਜਿਵੇਂ ਬੀ.ਐੱਲ.ਓ. ਐਪ, ਵੋਟਰ ਹੈਲਪਲਾਇਨ ਐਪ ਬਾਰੇ ਟ੍ਰੇਨਿੰਗ ਦਿੱਤੀ ਗਈ।ਟ੍ਰੇਨਿੰਗ ਤੋਂ ਬਾਅਦ ਬੀ.ਐੱਲ.ਓਜ਼ ਦਾ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਮੁਤਾਬਕ ਟੈਸਟ ਲਿਆ ਗਿਆ ਅਤੇ ਅਸੈਸਮੈਂਟ ਕੀਤੀ ਗਈ।ਟ੍ਰੇਨਿੰਗ ਤੋਂ ਬਾਅਦ ਬੀ.ਐੱਲ.ਓਜ਼ ਨੂੰ ਸਰਟੀਫਿਕੇਟ ਵੰਡੇ ਗਏ। ਉਨ੍ਹਾਂ ਕਿਹਾ ਕਿ ਇਸ ਟੈੱਸਟ ਵਿੱਚ ਬੀ.ਐੱਲ.ਓਜ਼ ਦੁਆਰਾ ਪ੍ਰਾਪਤ ਕੀਤੇ ਗਏ ਅੰਕਾਂ ਦੀ ਰਿਪੋਰਟ ਜ਼ਿਲ੍ਹਾ ਚੋਣ ਅਫ਼ਸਰ ਫ਼ਰੀਦਕੋਟ ਨੂੰ ਭੇਜੀ ਜਾਵੇਗੀ।



## ਰੋਟਰੀ ਕਲੱਬ ਦਾ ਤਾਜਪੋਸ਼ੀ ਸਮਾਗਮ

**ਨਾਭਾ (ਵਰਿੰਦਰ ਵਰਮਾ)**- ਰੋਟਰੀ ਕਲੱਬ 3090 ਨਾਭਾ ਵੱਲੋਂ ਤਾਜਪੋਸ਼ੀ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਕਲੱਬ ਦੇ ਨਵ ਨਿਯੁਕਤ ਪ੍ਰਧਾਨ ਰਵਨੀਸ਼ ਗੋਇਲ, ਜਨਰਲ ਸਕੱਤਰ ਰੋਹਿਤ ਜਿੰਦਲ ਅਤੇ ਕੈਸ਼ੀਅਰ ਨਿਤਿਨ ਗੁਪਤਾ ਨੇ ਅਹੁਦਾ ਸੰਭਾਲਿਆ। ਕਲੱਬ ਦੇ ਬਣੇ ਰਵਨੀਸ਼ ਗੋਇਲ ਨੇ ਕਿਹਾ ਕਿ ਰੋਟਰੀ ਕਲੱਬ ਸਮਾਜ ਭਲਾਈ ਦੇ ਕੰਮਾਂ ਵਿਚ ਹਮੇਸ਼ਾ ਅੱਗੇ ਰਿਹਾ ਹੈ ਅਤੇ ਭਵਿੱਖ ਵਿਚ ਵੀ ਅੱਗੇ ਰਹੇਗਾ।ਇਸ ਮੌਕੇ ਕਲੱਬ ਦੇ ਜਨਰਲ ਸਕੱਤਰ ਐਡਵੋਕੇਟ ਰੋਹਿਤ ਜਿੰਦਲ ਅਤੇ ਕੈਸ਼ੀਅਰ ਨਿਤਿਨ ਗੁਪਤਾ ਨੇ ਕਿਹਾ ਕਿ ਕਲੱਬ ਵੱਲੋਂ ਲੋੜਵੰਦਾਂ ਲਈ ਮੈਡੀਕਲ ਕੈਂਪ ਲਗਾਏ ਜਾਣਗੇ ਅਤੇ ਲੋੜਵੰਦ ਪਰਵਾਰਾਂ ਨੂੰ ਰਾਸ਼ਨ ਅਤੇ ਦਵਾਈਆਂ ਦਿੱਤੀਆਂ ਜਾਣਗੀਆਂ। ਰੋਟਰੀ ਕਲੱਬ ਦੇ ਰੋਟੇਰੀਅਨ ਸਾਬਕਾ ਸਿਵਲ ਸਰਜਨ ਡਾਕਟਰ ਆਈਡੀ ਗੋਇਲ ਵੱਲੋਂ ਨਵ ਨਿਯੁਕਤ ਅਹੁਦੇਦਾਰਾਂ ਨੂੰ ਸਹੁੰ ਚੁਕਾਉਣ ਦੀ ਰਸਮ ਅਦਾ ਕੀਤੀ ਗਈ। ਇਸ ਮੌਕੇ ਰੋਟਰੀ ਕਲੱਬ ਦੇ ਨਵ ਨਿਯੁਕਤ ਜਨਰਲ ਸਕੱਤਰ ਐਡਵੋਕੇਟ ਰੋਹਿਤ ਜਿੰਦਲ ਨੇ ਸਮੂਹ ਮੈਂਬਰਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਸਮਾਗਮ ਵਿੱਚ ਸਟੇਜ ਦੀ ਸੇਵਾ ਸਾਬਕਾ ਪ੍ਰਧਾਨ ਐਡਵੋਕੇਟ ਭਾਰਤ ਭੂਸ਼ਨ ਜੈਨ ਨਿਤਿਨ ਵੱਲੋਂ ਨਿਭਾਈ ਗਈ। ਇਸ ਮੌਕੇ ਜੀਵਨ ਪ੍ਰਕਾਸ਼ ਬਾਂਸਲ, ਸਾਬਕਾ ਪ੍ਰਧਾਨ ਚਰਨ ਸਿੰਘ, ਜੇ ਪੀ ਗੁਪਤਾ, ਅਸ਼ੋਕ ਕਿੰਗਰ, ਵੇਦ ਪ੍ਰਕਾਸ਼ ਡੱਲਾ, ਦਰਸ਼ਨ ਸਿੰਘ ਬੁੱਟਰ, ਵਿਨਾਇਕ ਮਲਹੋਤਰਾ, ਡਾਕਟਰ ਜੇ ਪੀ ਨਰੂਲਾ, ਰਾਜੇਸ਼ ਅੱਗਰਵਾਲ, ਬਾਰ ਐਸੋਸੀਏਸ਼ਨ ਪ੍ਰਧਾਨ ਐਡਵੋਕੇਟ ਗਿਆਨ ਸਿੰਘ ਮੂੰਗੋ, ਰਮੇਸ਼ ਜੀਂਦੀਆ, ਦਰਸ਼ਨ ਅਰੋੜਾ, ਨਰਿੰਦਰ ਮੋਹਨ ਸ਼ਰਮਾ, ਸਿਕੰਦਰ ਪ੍ਰਤਾਪ ਸਿੰਘ, ਰਾਜ ਕੁਮਾਰ ਜੇਤਵਾਨੀ, ਓਮ ਪ੍ਰਕਾਸ਼ ਬਾਗਾ, ਮਨਦੀਪ ਸਿੰਘ ਭਾਟੀਆ, ਪ੍ਰੀਤਮ ਬੱਤਰਾ, ਵਿਵੇਕ ਸਿੰਗਲਾ, ਧਨੰਜੇ ਵਾਲੀਆ, ਅਜੇ ਮੱਗੋ, ਨਵੀਨ ਗੁਪਤਾ, ਮਨੋਹਰ ਲਾਲ, ਮੁਨੀਸ਼ ਚਾਵਲਾ, ਰਾਹੁਲ ਸਿੰਗਲਾ, ਵਿਜੇ ਬਿੰਦਰਾ, ਵਿਕਾਸ ਚੋਪੜਾ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਮੈਂਬਰਾਂ ਵੱਲੋਂ ਨਵੇਂ ਅਹੁਦੇਦਾਰਾਂ ਨੂੰ ਵਧਾਈਆਂ ਦਿੱਤੀਆਂ ਗਈਆਂ।



## ਲੱਖਾਂ ਰੁਪਏ ਦੀ ਠੱਗੀ ਦੇ ਮਾਮਲੇ 'ਚ ਤਿੰਨ ਵਿਅਕਤੀਆਂ ਵਿਰੁੱਧ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਇਨਵੈਸਟਮੈਂਟ ਦੇ ਨਾਂਅ 'ਤੇ ਇੱਕ ਵਿਅਕਤੀ ਨਾਲ ਕਰੀਬ 95 ਲੱਖ ਰੁਪਏ ਦੀ ਠੱਗੀ ਮਾਰੇ ਜਾਣ ਦੇ ਮਾਮਲੇ ਵਿੱਚ ਥਾਣਾ ਸਾਈਬਰ ਕ੍ਰਾਈਮ ਫਤਿਹਗੜ੍ਹ ਸਾਹਿਬ ਦੀ ਪੁਲਸ ਵੱਲੋਂ ਤਿੰਨ ਨਾਮਲੂਮ ਵਿਅਕਤੀਆਂ ਵਿਰੁੱਧ ਵੱਖ ਵੱਖ ਧਾਰਾਵਾਂ ਤਹਿਤ ਮੁਕੱਦਮਾ ਦਰਜ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਪਰਮਜੀਤ ਸਿੰਘ ਨਾਮਕ ਵਿਅਕਤੀ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਸੀ ਕਿ ਤਿੰਨ ਨਾਮਾਲੂਮ ਵਿਅਕਤੀਆਂ ਨੇ ਮੋਬਾਈਲ ਫੋਨ ਤੇ ਉਸ ਨੂੰ ਭਰੋਸੇ ਵਿੱਚ ਲੈ ਕੇ ਇਨਵੈਸਟਮੈਂਟ ਦੇ ਨਾਂਅ 'ਤੇ ਉਸ ਤੋਂ 94,96,543 ਰੁਪਏ ਵੱਖ ਵੱਖ ਖਾਤਿਆਂ ਵਿੱਚ ਪਵਾ ਕੇ ਉਸ ਨਾਲ ਧੋਖਾਧੜੀ ਕੀਤੀ ਹੈ। ਪਰਮਜੀਤ ਸਿੰਘ ਦੇ ਬਿਆਨਾਂ 'ਤੇ ਤਿੰਨ ਨਾਮਾਲੂਮ ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਸਾਈਬਰ ਕ੍ਰਾਈਮ ਫਤਿਹਗੜ੍ਹ ਸਾਹਿਬ ਦੀ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

## ਫ਼ਲਦਾਰ ਤੇ ਫੁੱਲਦਾਰ ਬੂਟੇ ਲਾਏ ਜਾਣਗੇ

**ਭੀਖੀ (ਗੁਰਿੰਦਰ ਸਿੰਘ ਔਲਖ)** ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਵਿਖੇ ਜੰਗਲਾਤ ਮਹਿਕਮੇ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਦੇ ਗਰਾਊਂਡ 'ਚ ਪਈ ਜ਼ਮੀਨ ਦੀ ਸਾਫ਼-ਸਫ਼ਾਈ ਕਰਕੇ ਇੱਕ ਹਜ਼ਾਰ ਫ਼ਲਦਾਰ ਅਤੇ ਫੁੱਲਦਾਰ ਬੂਟਿਆਂ ਦਾ ਜੰਗਲ ਲਾਇਆ ਜਾਵੇਗਾ, ਜਿਸ ਦੀ ਤ੍ਰਿਵੈਣੀ ਲਾ ਕੇ ਸ਼ੁਰੂਆਤ ਕੀਤੀ ਗਈ। ਪੁੱਜੀ ਸੰਗਤ ਤੇ ਮੈਨੇਜਰ ਗੁਰਦੁਆਰਾ ਸਾਹਿਬ ਵੱਲੋਂ ਵਾਤਾਵਰਨ ਨੂੰ ਮੁੱਖ ਰੱਖਦੇ ਹੋਏ ਸੰਗਤ ਨੂੰ ਗੁਰੂ ਸਾਹਿਬਾਨ ਵੱਲੋਂ ਦਿੱਤੇ ਆਦੇਸ਼ ਦਾ ਹਵਾਲਾ ਦਿੰਦੇ ਹੋਏ ਕੁਦਰਤ ਨਾਲ ਪਿਆਰ ਹਵਾ ਤੇ ਪਾਣੀ ਦੀ ਸਾਫ ਸੰਭਾਲ ਉਚੇਚੇ ਤੌਰ 'ਤੇ ਕਰਨ ਦੀ ਅਪੀਲ ਕੀਤੀ।ਉਨ੍ਹਾਂ ਵੱਲੋਂ ਆਸ-ਪਾਸ ਦੇ ਪਿੰਡਾਂ ਦੀ ਗੁਰਦੁਆਰਾ ਕਮੇਟੀਆਂ ਨੂੰ ਗੁਰਦੁਆਰਾ ਸਾਹਿਬ ਦੀਆਂ ਖਾਲੀ ਪਈਆਂ ਜ਼ਮੀਨਾਂ ਪਲਾਟਾਂ ਅੰਦਰ ਫੁੱਲਦਾਰ ਤੇ ਫਲਦਾਰ ਬੂਟੇ ਲਾਉਣ ਦੀ ਅਪੀਲ ਕੀਤੀ।ਫੋਰੈਸਟ ਅਫ਼ਸਰ ਮਨਦੀਪ ਕੌਰ ਨੇ ਕਿਹਾ ਕਿ ਵਾਤਾਵਰਣ ਦੇ ਗੰਧਲੇਪਣ ਨੂੰ ਦੇਖਦੇ ਰੁੱਖਾਂ ਦਾ ਲਾਉਣਾ ਬਹੁਤ ਜ਼ਰੂਰੀ ਹੈ।





## ਬਲਵਿੰਦਰ ਕੌਰ ਦੂਜੀ ਵਾਰ ਡਾਇਰੈਕਟਰ ਬਣੇ

**ਦੋਰਾਹਾ (ਹਰਮਿੰਦਰ ਸੇਠ)** ਪ੍ਰੈੱਸ ਕਲੱਬ ਹਲਕਾ ਪਾਇਲ ਦੇ ਪ੍ਰਧਾਨ ਰਣਧੀਰ ਸਿੰਘ ਧੀਰਾ ਦੀ ਪਤਨੀ ਬਲਵਿੰਦਰ ਕੌਰ ਦੀ ਬਰਮਾਲੀਪੁਰ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸਭਾ ਬਰਮਾਲੀਪੁਰ ਦੇ ਸਰਬਸੰਮਤੀ ਨਾਲ ਦੂਜੀ ਵਾਰ ਡਾਇਰੈਕਟਰ ਚੁਣੇ ਗਏ।

## ...ਸਫ਼ਾ 1 ਦੇ ਬਾਕੀ

### ਭਾਰਤ ਬੰਦ ਨੂੰ ਪੰਜਾਬ 'ਚ ਜ਼ਬਰਦਸਤ ਹੁੰਗਾਰਾ ...

ਅਰਸ਼ੀ, ਪੰਜਾਬ ਕਿਸਾਨ ਯੂਨੀਅਨ ਦੇ ਸੂਬਾਈ ਪ੍ਰਧਾਨ ਰੁਲਦੂ ਸਿੰਘ ਮਾਨਸਾ, ਸੀ ਪੀ ਆਈ ਐੱਲ ਐੱਲ ਲਿਬਰੇਸ਼ਨ ਦੇ ਸੂਬਾਈ ਆਗੂ ਸੁਖਦਰਸ਼ਨ ਨੱਤ, ਰਾਜਵਿੰਦਰ ਸਿੰਘ ਰਾਣਾ , ਬੀ ਕੇ ਯੂ ਡਕੌਂਦਾ ਦੇ ਮਹਿੰਦਰ ਸਿੰਘ ਭੈਣੀ ਬਾਘਾ , ਬੀ ਕੇ ਯੂ ਡਕੌਂਦਾ ਧਨੇਰ ਦੇ ਮੱਖਣ ਸਿੰਘ ਭੈਣੀ ਬਾਘਾ , ਸੀ ਪੀ ਆਈ ਦੇ ਕ੍ਰਿਸ਼ਨ ਚੌਹਾਨ, ਏਟਕ ਦੇ ਕੁਲਵਿੰਦਰ ਸਿੰਘ ਉਡਤ, ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੇ ਧੰਨਾ ਮੱਲ ਗੋਇਲ, ਬੀ ਕੇ ਯੂ ਮਾਨਸਾ ਦੇ ਬੋਘ ਸਿੰਘ ਮਾਨਸਾ, ਬੀ ਕੇ ਯੂ ਲੱਖੋਵਾਲ ਦੇ ਨਿਰਮਲ ਸਿੰਘ ਝੰਡੂਕੇ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਭਜਨ ਸਿੰਘ ਘੁੰਮਣ, ਬੀ ਕੇ ਯੂ ਕ੍ਰਾਂਤੀਕਾਰੀ ਦੇ ਹਰਚਰਨ ਸਿੰਘ ਤਾਮਕੋਟ, ਬੀ ਕੇ ਯੂ ਉਗਰਾਹਾਂ ਦੇ ਜਗਸੀਰ ਸਿੰਘ ਜਵਾਹਰਕੇ, ਬੀ ਕੇ ਯੂ ਕਾਦੀਆਂ ਦੇ ਪਰਮਜੀਤ ਗਾਗੋਵਾਲ, ਜਮਹੂਰੀ ਕਿਸਾਨ ਸਭਾ ਦੇ ਮੇਜਰ ਸਿੰਘ ਦੂਲੋਵਾਲ, ਕੁੱਲ ਹਿੰਦ ਕਿਸਾਨ ਸਭਾ ਦੇ ਰੂਪ ਸਿੰਘ ਢਿੱਲੋਂ, ਕਰਨੈਲ ਸਿੰਘ ਭੀਖੀ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਕੇਵਲ ਸਿੰਘ ਸਮਾਓ, ਮਜ਼ਦੂਰ ਮੁਕਤੀ ਮੋਰਚਾ ਦੇ ਗੁਰਸੇਵਕ ਸਿੰਘ ਮਾਨ, ਦੀ ਮਾਨਸਾ ਰਿਟਾਇਰ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਸਿਕੰਦਰ ਸਿੰਘ ਘਰਾਗਣਾਂ, ਪੇਂਟਰ ਯੂਨੀਅਨ ਦੇ ਜੀਤ ਰਾਮ, ਦੋਧੀ ਯੂਨੀਅਨ ਦੇ ਲਾਭ ਸਿੰਘ ਭੈਣੀ ਬਾਘਾ, ਪੰਜਾਬ ਪ੍ਰਦੇਸ਼ ਪੱਲੇਦਾਰ ਯੂਨੀਅਨ ਦੇ ਗੁਰਦੇਵ ਸਿੰਘ ਦਲੇਲ ਸਿੰਘ ਵਾਲਾ, ਪ੍ਰਗਤੀਸ਼ੀਲ ਇਸਤਰੀ ਸਭਾ ਦੇ ਜਸਵੀਰ ਕੌਰ ਨੱਤ, ਹੈਂਡੀਕੈਪਡ ਐਸੋਸੀਏਸ਼ਨ ਦੇ ਭੀਮ ਭੁਪਾਲ, ਮੁਲਾਜ਼ਮ ਆਗੂ ਬਿੱਕਰ ਸਿੰਘ ਮਾਖਾ, ਹਿੰਮਤ ਸਿੰਘ ਦੂਲੋਵਾਲ, ਰਾਜ ਕੁਮਾਰ ਰੰਗਾ, ਕੁਲਦੀਪ ਸਿੰਘ, ਸੱਤਪਾਲ ਭੈਣੀ ਬਾਘਾ, ਸੱਤਪਾਲ ਰਿਸ਼ੀ, ਅਮਰੀਕ ਮਾਖਾ, ਪੰਜਾਬ ਸਟੂਡੈਂਟਸ ਯੂਨੀਅਨ ਦੇ ਅਰਵਿੰਦਰ ਕੌਰ ਨੇ ਕਿਹਾ ਕਿ ਮੋਦੀ ਸਰਕਾਰ ਦੇ 11 ਸਾਲਾ ਕਾਰਜਕਾਲ ਦੌਰਾਨ ਆਮ ਜਨਤਾ ਦਾ ਜੀਵਨ ਜਿਊਣਾ ਦੁੱਭਰ ਹੋ ਗਿਆ ਹੈ ਅਤੇ ਲੋਕ ਹੇਠਲੇ ਪੱਧਰ ਦਾ ਜੀਵਨ ਬਸਰ ਕਰਨ ਲਈ ਮਜਬੂਰ ਹਨ। ਸਰਕਾਰਾਂ ਵੱਲੋਂ ਕਾਰਪੋਰੇਟ ਘਰਾਣਿਆਂ ਨੂੰ ਮਾਲੋਮਾਲ ਕੀਤਾ ਜਾ ਰਿਹਾ ਹੈ।

ਆਗੂਆਂ ਨੇ ਲੋਕਾਂ ਨੂੰ ਭਵਿੱਖੀ ਚੁਣੌਤੀਆਂ ਤੋ ਅਗਾਊਂ ਸੁਚੇਤ /ਖ਼ਬਰਦਾਰ ਕਰਦਿਆਂ ਕਿਹਾ ਕਿ ਸਾਂਝੇ ਤੇ ਵਿਸ਼ਾਲ ਸੰਘਰਸ਼ਾਂ ਦੇ ਬਲਬੂਤੇ ਹੀ ਸਮੇਂ ਦੇ ਹਾਕਮਾਂ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਮੁਕਾਬਲਾ ਕੀਤਾ ਜਾ ਸਕਦਾ ਹੈ, ਇਹੋ ਇੱਕੋ-ਇੱਕ ਰਸਤਾ ਹੈ, ਜਿਸ 'ਤੇ ਚਲਦਿਆਂ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ, ਦੁਕਾਨਦਾਰਾਂ, ਛੋਟੇ ਵਪਾਰੀਆ ਅਤੇ ਵਿਦਿਆਰਥੀਆਂ ਦੇ ਸੰਵਿਧਾਨਕ ਅਤੇ ਜਮਹੂਰੀ ਹੱਕਾਂ/ ਹਿੱਤਾਂ ਦੀ ਰਖਵਾਲੀ ਕੀਤੀ ਜਾ ਸਕਦੀ ਹੈ।



ਲੁਧਿਆਣਾ

**ਜਲੰਧਰ (ਰਾਜੇਸ਼ ਥਾਪਾ)** -ਪੰਜਾਬ ਬੈਂਕ ਕਰਮਚਾਰੀ ਫੈਡਰੇਸਨ ਐੱਲ ਆਈ ਸੀ ਅਤੇ ਜੀ ਆਈ ਸੀ ਕਰਮਚਾਰੀ ਯੂਨੀਅਨਾਂ ਦੇ ਝੰਡੇ ਹੇਠ ਪੰਜਾਬ ਐਂਡ ਸਿੰਧ ਬੈਂਕ ਮੋਤਾ ਸਿੰਘ ਨਗਰ ਜਲੰਧਰ ਦੇ ਸਾਹਮਣੇ ਇੱਕ ਵੱਡਾ ਪ੍ਰਦਰਸ਼ਨ ਕੀਤਾ ਗਿਆ। ਬੁਲਾਰਿਆਂ ਨੇ ਠੇਕੇਦਾਰੀ ਪ੍ਰਥਾ, ਨਿੱਜੀਕਰਨ ਅਤੇ ਮਜ਼ਦੂਰ ਕਾਨੂੰਨਾਂ ਨੂੰ ਬਦਲਣ 'ਤੇ ਗੰਭੀਰ ਚਿੰਤਾ ਜ਼ਾਹਰ ਕੀਤੀ ਅਤੇ ਕਿਹਾ ਕਿ ਇਹ ਕਰਮਚਾਰੀਆਂ ਦੇ ਭਵਿੱਖ ਲਈ ਖਤਰਨਾਕ ਹੈ। ਉਨ੍ਹਾਂ ਸਰਕਾਰ ਤੋਂ ਸੰਵਿਧਾਨਕ ਅਧਿਕਾਰਾਂ ਦਾ ਆਦਰ ਕਰਨ ਅਤੇ ਯੂਨੀਅਨਾਂ ਨਾਲ ਲੰਬਿਤ ਮਸਲਿਆਂ 'ਤੇ ਤੁਰੰਤ ਗੰਭੀਰ ਚਰਚਾ ਕਰਨ ਦੀ ਮੰਗ ਕੀਤੀ। ਨਾਲ ਹੀ ਖਾਲੀ ਅਸਾਮੀਆਂ ਨੂੰ ਭਰ ਕੇ ਮੌਜੂਦਾ ਕਰਮਚਾਰੀਆਂ 'ਤੇ ਪੈ ਰਹੇ ਵਧੇਰੇ ਕੰਮ ਦੇ ਬੋਝ ਨੂੰ ਘਟਾਉਣ ਦੀ ਮੰਗ ਕੀਤੀ। ਸੀ ਪੀ ਆਈ ਦੇ ਸਾਬਕਾ ਜ਼ਿਲ੍ਹਾ ਸਕੱਤਰ ਐਡਵੋਕੇਟ ਰਜਿੰਦਰ ਸਿੰਘ ਮੰਡ ਨੇ ਕਿਹਾ ਕਿ ਕੇਂਦਰ ਸਰਕਾਰ ਕਾਰਪੋਰੇਟ ਦੇ ਹੱਥਾਂ ਦੀ ਕਠਪੁਤਲੀ ਬਣੀ ਹੋਈ ਹੈ, ਜਿਸ ਕਾਰਨ ਸਾਰੇ ਕਾਨੂੰਨ ਕਾਰਪੋਰੇਟ ਘਰਾਣਿਆਂ ਦੀ ਮਨਜ਼ੂਰੀ ਨਾਲ ਬਦਲੇ ਜਾ ਰਹੇ ਹਨ। ਮਜ਼ਦੂਰਾਂ ਤੋਂ ਮਜ਼ਦੂਰੀ, ਕਿਸਾਨਾਂ ਤੋਂ ਜ਼ਮੀਨਾਂ ਅਤੇ ਆਦਿਵਾਸੀਆਂ ਤੋਂ ਉਹਨਾਂ ਦੇ ਜੰਗਲ ਕਾਰਪੋਰੇਟ ਘਰਾਣਿਆਂ ਲਈ ਖੋਹੇ ਜਾ ਰਹੇ ਹਨ। ਇਸ ਮੌਕੇ ਐੱਸ ਪੀ ਐੱਸ ਵਿਰਕ, ਵਿਨੋਦ ਸ਼ਰਮਾ, ਰਾਜ ਕੁਮਾਰ ਭਗਤ, ਵੇਦ ਕੁਮਾਰ, ਪੰਕਜ ਭਾਰਦਵਾਜ, ਸੰਦੀਪ ਸਿੰਘ, ਅਨਿਲ ਚੋਪੜਾ, ਨਰੇਸ਼ ਕੁਮਾਰ, ਜਗਪ੍ਰੀਤ ਸਿੰਘ, ਕੁਲਦੀਪ ਸਿੰਘ, ਸੰਦੀਪ ਸਿੰਘ ਘੁੰਮਣ ਅਤੇ ਬਲਜੀਤ ਕੌਰ ਦੇ ਨਾਲ-ਨਾਲ ਕਈ ਸੀਨੀਅਰ ਨੇਤਾ ਅਤੇ ਕਾਰਕੁਨ ਮੌਜੂਦ ਰਹੇ।

ਪੰਜਾਬ ਬੈਂਕ ਕਰਮਚਾਰੀ ਫੈਡਰੇਸ਼ਨ, ਐੱਲ ਆਈ ਸੀ ਅਤੇ ਜੀ ਆਈ ਸੀ ਯੂਨੀਅਨਾਂ ਨੇ ਸਾਫ ਕੀਤਾ ਕਿ ਜਦੋਂ ਤੱਕ ਕਰਮਚਾਰੀਆਂ ਦੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ, ਤਦ ਤੱਕ ਇਹ ਸੰਘਰਸ਼ ਹੋਰ ਵੀ ਤੇਜ਼ ਕੀਤਾ ਜਾਵੇਗਾ।

**ਲੁਧਿਆਣਾ (ਐੱਮ ਐੱਸ ਭਾਟੀਆ, ਰੈਕਟਰ ਕਥੂਰੀਆ)**-ਕੇਂਦਰੀ ਟਰੇਡ ਯੂਨੀਅਨਾਂ ਦੇ ਸਾਂਝੇ ਪਲੇਟਫਾਰਮ ਤੇ ਸੁਤੰਤਰ ਖੇਤਰੀ ਫੈਡਰੇਸ਼ਨਾਂ/ ਐਸੋਸੀਏਸ਼ਨਾਂ ਦੇ ਸੱਦੇ 'ਤੇ ਦੇਸ਼ ਵਿਆਪੀ ਆਮ ਹੜਤਾਲ ਵਿੱਚ ਲੁਧਿਆਣਾ ਦੇ ਕਾਮਿਆਂ ਨੇ ਵਧ-ਚੜ੍ਹ ਕੇ ਹਿੱਸਾ ਲਿਆ। ਏਟਕ, ਇੰਟਕ, ਸੀਟੂ ਅਤੇ ਸੀ ਟੀ ਯੂ ਪੰਜਾਬ ਦੇ ਨਾਲ ਸੰਬੰਧਤ ਯੂਨੀਅਨਾਂ ਦੇ ਕਾਮਿਆਂ ਨੇ ਆਪਣੇ-ਆਪਣੇ ਅਦਾਰਿਆਂ 'ਤੇ ਰੈਲੀਆਂ ਕਰਨ ਉਪਰੰਤ ਬੱਸ ਸਟੈਂਡ ਵਿਖੇ ਸਾਂਝੀ ਰੈਲੀ ਵਿੱਚ ਸ਼ਮੂਲੀਅਤ ਕੀਤੀ। ਵੱਖ-ਵੱਖ ਬੁਲਾਰਿਆਂ ਨੇ ਇਸ ਮੌਕੇ ਬੋਲਦੇ ਹੋਏ ਕਿਹਾ ਕਿ ਆਰਥਿਕ ਅਸਮਾਨਤਾ ਏਨੀ ਜ਼ਿਆਦਾ ਵਧ ਗਈ ਹੈ ਕਿ ਇੱਕ ਪਾਸੇ ਤਾਂ ਇੱਕ ਪ੍ਰਤੀਸ਼ਤ ਲੋਕਾਂ ਕੋਲ ਦੇਸ਼ ਦੀ 40% ਸੰਪਤੀ ਹੈ, ਦੂਜੇ ਪਾਸੇ 7 ਕਰੋੜ ਲੋਕ ਦੇਸ਼ ਵਿੱਚ ਐਸੇ ਹਨ, ਜੋ ਕਿ 62 ਰੁਪਏ ਤੋਂ ਵੀ ਘੱਟ ਰੋਜ਼ ਦੀ ਕਮਾਈ ਕਰਦੇ ਹਨ। 116 ਕਰੋੜ ਹਨ, ਜੋ ਕਿ ਕੇਵਲ 171 ਰੁਪਏ ਹਰ ਰੋਜ਼ ਕਮਾਉਂਦੇ ਹਨ। ਮੌਜੂਦਾ ਸਰਕਾਰ ਵੱਲੋਂ ਅਪਣਾਈਆਂ ਗਈਆਂ ਨੀਤੀਆਂ ਕਾਰਪੋਰੇਟ ਪੱਖੀ ਹਨ।ਕਾਮਿਆਂ, ਮੁਲਾਜ਼ਮਾਂ ਅਤੇ ਕਿਸਾਨਾਂ ਤੋਂ ਇਲਾਵਾ ਹੋਰ ਮਿਹਨਤਕਸ਼ ਲੋਕਾਂ ਨੂੰ ਪੂਰੀ ਤਰ੍ਹਾਂ ਅਣਦੇਖਿਆ ਕੀਤਾ ਜਾ ਰਿਹਾ ਹੈ।

ਇਸ ਸਥਿਤੀ ਵਿੱਚ ਕਾਮਿਆਂ ਦਾ ਇਹ ਸੰਘਰਸ਼ ਆਉਣ ਵਾਲੇ ਸਮਿਆਂ ਵਿੱਚ ਇਕ ਵਿਸ਼ਾਲ ਅੰਦੋਲਨ ਦੀ ਤਿਆਰੀ ਵਜੋਂ ਹੋ ਰਿਹਾ ਹੈ। ਇਹ ਖੁਸ਼ੀ ਦੀ ਗੱਲ ਹੈ ਕਿ ਕਿਸਾਨ ਜਥੇਬੰਦੀਆਂ ਨੇ ਵੀ ਐਕਸ਼ਨ ਨੂੰ ਪੂਰਾ ਸਮਰਥਨ ਦਿੱਤਾ ਹੈ ਤੇ ਅਨੇਕਾਂ ਥਾਵਾਂ 'ਤੇ ਪੇਂਡੂ ਬੰਦ ਕੀਤਾ ਹੈ। ਇਸ ਐਕਸ਼ਨ ਵਿੱਚ ਉਦਯੋਗਿਕ ਕਾਮਿਆਂ ਤੋਂ ਇਲਾਵਾ ਪੀ ਏ ਯੂ, ਰੋਡਵੇਜ਼, ਅਧਿਆਪਕ, ਆਂਗਣਵਾੜੀ, ਆਸ਼ਾ ਵਰਕਰ ਅਤੇ ਹੋਰ ਸਕੀਮ ਵਰਕਰ, ਬੀ ਐੱਸ ਐੱਨ ਐੱਲ, ਬੈਂਕ ਆਦਿ ਦੇ ਕਾਮਿਆਂ ਨੇ ਵਧ-ਚੜ੍ਹ ਕੇ ਹਿੱਸਾ ਲਿਆ ਤੇ ਸੰਘਰਸ਼ ਨੂੰ ਜਾਰੀ ਰੱਖਣ ਦਾ ਪ੍ਰਣ ਕੀਤਾ।

ਬੁਲਾਰਿਆਂ ਨੇ ਸਾਵਧਾਨ ਕੀਤਾ ਕਿ ਹਰ ਪੱਖੋਂ ਅਸਫਲ ਰਹਿਣ ਤੋਂ ਬਾਅਦ ਮੋਦੀ ਸਰਕਾਰ ਹੁਣ ਬੜੀ ਤੇਜ਼ੀ ਨਾਲ ਸਮਾਜ ਵਿੱਚ ਫਿਰਕੂ ਲੀਹਾਂ 'ਤੇ ਵੰਡੀਆਂ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਦਾ ਦੇਸ਼ ਤੇ ਸਮਾਜ ਤੇ ਖਾਸ ਤੌਰ 'ਤੇ ਕਾਮਿਆਂ 'ਤੇ ਸਭ ਤੋਂ ਮਾੜਾ ਪ੍ਰਭਾਵ ਪੈਂਦਾ ਹੈ। ਸਾਡੀ ਵਿਦੇਸ਼ ਨੀਤੀ ਪੂਰੀ ਤਰ੍ਹਾਂ ਖੋਖਲੀ ਸਾਬਤ ਹੋਈ ਹੈ। ਇਹਨਾਂ ਹਾਲਤਾਂ ਵਿੱਚ ਕਾਮਿਆਂ ਸਾਹਮਣੇ ਦੋਹਰੀ ਲੜਾਈ ਹੈ, ਜਿਸ ਨੂੰ ਅਸੀਂ ਰਲਮਿਲ ਕੇ ਸਫਲਤਾਪੂਰਵਕ ਅੰਜਾਮ ਦਿਆਂਗੇ।

ਮੁੱਖ ਬੁਲਾਰੇ ਮੰਗਤ ਰਾਮ ਪਾਸਲਾ, ਗੁਲਜ਼ਾਰ ਗੋਰੀਆ, ਜਤਿੰਦਰ, ਡੀ ਪੀ ਮੌੜ, ਸੁਭਾਸ਼ ਰਾਣੀ, ਬਲਬੀਰ ਕੌਰ, ਚਮਕੌਰ ਸਿੰਘ, ਮਾਸਟਰ ਫਿਰੋਜ, ਹਰਨੇਕ ਸਿੰਘ ਗੁੱਜਰਵਾਲ, ਸਮਰ ਬਹਾਦਰ, ਬਲਰਾਮ ਸਿੰਘ, ਚਿਤਰੰਜਨ, ਬਲਬੀਰ ਸਿੰਘ ਅਤੇ ਸਰਬਜੀਤ ਕੌਰ ਸਨ। ਪ੍ਰਧਾਨਗੀ ਮੰਡਲ ਵਿੱਚ ਵਿਜੇ ਕੁਮਾਰ, ਕੇਵਲ ਸਿੰਘ ਬਨਵੈਤ, ਗੁਰਜੀਤ ਸਿੰਘ ਜਗਪਾਲ, ਸਰਬਜੀਤ ਸਿੰਘ ਸਰਹਾਲੀ, ਪਰਮਜੀਤ ਸਿੰਘ ਅਤੇ ਜਗਦੀਸ਼ ਚੰਦ ਸਨ। ਸਟੇਜ ਸਕੱਤਰ ਦੀ ਭੂਮਿਕਾ ਐੱਮ ਐੱਸ ਭਾਟੀਆ ਅਤੇ ਸੁਖਵਿੰਦਰ ਸਿੰਘ ਲੋਟੇ ਨੇ ਨਿਭਾਈ। ਪ ਸ ਸ ਫ ਦਾ ਇੱਕ ਵੱਡਾ ਜੱਥਾ ਪਰਵੀਨ ਕੁਮਾਰ ਦੀ ਅਗਵਾਈ ਵਿੱਚ ਸ਼ਾਮਲ ਹੋਇਆ।ਇਸ ਰੈਲੀ ਵਿੱਚ ਆਂਗਨਵਾੜੀ ਵਰਕਰ ਅਤੇ ਆਸ਼ਾ ਵਰਕਰ ਬਹੁਤ ਵੱਡੀ ਗਿਣਤੀ ਦੇ ਵਿੱਚ ਸ਼ਾਮਿਲ ਹੋਏ। ਵੱਡੀ ਗਿਣਤੀ ਵਿੱਚ ਬੈਂਕ ਮੁਲਾਜ਼ਮ, ਪੀ ਏ ਯੂ, ਉਸਾਰੀ ਮਜ਼ਦੂਰ, ਹੌਜ਼ਰੀ ਮਜ਼ਦੂਰ ਅਤੇ ਇੰਡਸਟਰੀ ਮਜਦੂਰ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ। ਰੈਲੀ ਦਾ ਸਾਰਾ ਪ੍ਰਬੰਧ ਪੰਜਾਬ ਰੋਡਵੇਜ਼ ਵਰਕਰਜ਼ ਯੂਨੀਅਨ ਦੇ ਆਗੂ ਰਣਧੀਰ ਸਿੰਘ ਧੀਰਾ, ਹਰਬੰਸ ਸਿੰਘ, ਰਵਿੰਦਰ ਕੁਮਾਰ ਅਤੇ ਉਹਨਾਂ ਦੇ ਸਾਥੀਆਂ ਨੇ ਕੀਤਾ।

ਆਲ ਇੰਡੀਆ ਬੈਂਕ ਕਰਮਚਾਰੀ ਐਸੋਸੀਏਸ਼ਨ, ਆਲ ਇੰਡੀਆ ਬੈਂਕ ਦੇ ਅਧਿਕਾਰੀ ਐਸੋਸੀਏਸ਼ਨ ਅਤੇ ਬੈਂਕ ਕਰਮਚਾਰੀ ਫੈਡਰੇਸ਼ਨ ਆਫ ਇੰਡੀਆ ਦੀ ਸਾਂਝੀ ਕਾਲ ਦਾ ਹੁੰਗਾਰਾ ਭਰਦਿਆਂ ਪੰਜਾਬ ਬੈਂਕ ਕਰਮਚਾਰੀਆਂ ਦੀ ਫੈਡਰੇਸ਼ਨ (ਪੀ ਬੀ ਬੀ) ਲੁਧਿਆਣਾ ਦੁਆਰਾ ਕੈਨਾਰਾ ਬੈਂਕ ਭਾਰਤ ਨਗਰ ਚੌਕ ਲੁਧਿਆਣਾ ਦੇ ਸਾਹਮਣੇ ਰੈਲੀ ਕੀਤੀ ਗਈ।

ਇਸ ਰੈਲੀ ਵਿੱਚ ਪੀ ਆਰ ਮਹਿਤਾ ਜਨਰਲ ਸਕੱਤਰ ਪੰਜਾਬ ਬੈਂਕ ਕਰਮਚਾਰੀਆਂ ਦੀ ਫੈਡਰੇਸ਼ਨ, ਡੀ. ਪੀ ਮੌੜ ਜਨਰਲ ਸੱਕਤਰ ਸੰਯੁਕਤ ਵਪਾਰ ਯੂਨੀਅਨ ਕੌਂਸਲ ਲੁਧਿਆਣਾ, ਡਾ ਰਾਜਿੰਦਰ ਪਾਲ ਸਿੰਘ ਔਲਖ ਸੀਨੀਅਰ ਟਰੇਡ ਯੂਨੀਅਨ ਨੇਤਾ, ਨਰੇਸ਼ ਗੌੜ ਸੈਕਟਰੀ ਪੀ ਬੀ ਐੱਫ, ਪਵਨ ਠਾਕੁਰ ਪ੍ਰਧਾਨ ਪੰਜਾਬ ਬੈਂਕ ਦੇ ਕਰਮਚਾਰੀਆਂ ਦੀ ਫੈਡਰੇਸ਼ਨ ਪੀ ਬੀ ਬੀ, ਲੁਧਿਆਣਾ, ਰਾਜੇਸ਼ ਵਰਮਾ, ਜਰਨੈਲ ਸਿੰਘ, ਨਾਸਕੇਰ ਰਾਏ, ਪਰਵੀਨ ਅਗਰਵਾਲ, ਯੁਵਰਾਜ ਮਾਰੀਆ, ਗੁਰਮੀਤ ਸਿੰਘ ਆਲ ਇੰਡੀਆ ਬੈਂਕ ਦੇ ਅਧਿਕਾਰੀ ਐਸੋਸੀਏਸ਼ਨ ਅਤੇ ਪੰਜਾਬ ਬੈਂਕ ਕਰਮਚਾਰੀਆਂ ਦੇ ਹੋਰ ਚੋਟੀ ਦੇ ਨੇਤਾ ਸ਼ਾਮਲ ਹੋਏ ਅਤੇ ਮੀਟਿੰਗ ਨੂੰ ਸੰਬੋਧਨ ਕੀਤਾ।

ਪੀ ਆਰ ਮਹਿਤਾ ਨੇ ਕਿਹਾ, 'ਅਸੀਂ ਚਿੰਤਤ ਹਾਂ ਕਿ ਸਰਕਾਰ ਦੀਆਂ ਆਰਥਿਕ ਨੀਤੀਆਂ ਨਾਲ ਅਮੀਰ ਵਿਅਕਤੀ ਵਧ ਰਹੇ ਹਨ ਅਤੇ ਗਰੀਬ ਦੁਖੀ ਹਨ। ਕਾਰਪੋਰੇਟ ਨੂੰ ਵੱਧ ਤੋਂ ਵੱਧ ਰਿਆਇਤਾਂ ਮਿਲਦੀਆਂ ਹਨ ਅਤੇ ਵਧੇਰੇ ਟੈਕਸ ਦੇ ਬੋਝ ਨੂੰ ਆਮ ਲੋਕਾਂ 'ਤੇ ਮੜ੍ਹਿਆ ਹੈ। ਇਹ ਦੇਸ਼ ਦੀ ਇਕ ਵੱਡੀ ਚਿੰਤਾ ਦਾ ਵਿਸ਼ਾ ਹੈ। ਭਾਰਤ ਜਿੱਥੇ ਵੱਡੀ ਗਿਣਤੀ ਵਿਚ ਆਬਾਦੀ ਜਵਾਨ ਹੈ, ਵਿਚ ਬੇਰੁਜ਼ਗਾਰੀ ਅਤੇ ਸਿੱਖਿਅਤ ਨੌਜਵਾਨਾਂ ਨੂੰ ਨੌਕਰੀ ਨਹੀਂ ਮਿਲਦੀ।

ਡੀ ਪੀ ਮੌੜ ਨੇ ਕਿਹਾ ਕਿ ਮਹਿੰਗਾਈ ਬੇਕਾਬੂ ਹੈ। ਰੋਜ਼ਾਨਾ ਜ਼ਿੰਦਗੀ ਦੀਆਂ ਸਾਰੀਆਂ ਚੀਜ਼ਾਂ ਦੀਆਂ ਕੀਮਤਾਂ ਵਧ ਰਹੀਆਂ ਹਨ, ਪਰ ਘੱਟੋ-ਘੱਟ ਉਜਰਤ ਦੀ ਗਰੰਟੀ ਵੀ ਨਹੀਂ। ਮੌਜੂਦਾ ਨੌਕਰੀਆਂ ਘੱਟ ਕੀਤੀਆਂ ਜਾ ਰਹੀਆਂ ਹਨ? ਡਾਕਟਰ ਔਲਖ ਨੇ ਜ਼ਿਕਰ ਕੀਤਾ ਕਿ ਕਿਸਾਨ ਪ੍ਰੇਸ਼ਾਨੀ ਵਿੱਚ ਹਨ, ਉਹ ਉਨ੍ਹਾਂ ਦੇ ਉਤਪਾਦਾਂ ਲਈ ਘੱਟੋ-ਘੱਟ ਸਹਾਇਤਾ ਮੁੱਲ ਚਾਹੁੰਦੇ ਹਨ। ਨਰੇਸ਼ ਗੌੜ ਨੇ ਕਿਹਾ ਕਿ ਜਨਤਕ ਖੇਤਰ ਦੇ ਨਿੱਜੀਕਰਨ ਕਰਨ ਲਈ ਸਰਕਾਰਾਂ ਉਤਾਵਲੀਆਂ ਹਨ।

### ਸਫਲ ਬੰਦ ਲੰਮੀ ਲੜਾਈ...

ਤਾਮਿਲਨਾਡੂ, ਪੰਜਾਬ, ਕੇਰਲ, ਪੱਛਮੀ ਬੰਗਾਲ, ਓਡੀਸ਼ਾ, ਕਰਨਾਟਕ ਅਤੇ ਗੋਆ ਵਿੱਚ ਪੂਰਨ ਬੰਦ ਰਿਹਾ। ਰਾਜਸਥਾਨ, ਛੱਤੀਸਗੜ੍ਹ, ਤੇਲੰਗਾਨਾ, ਹਰਿਆਣਾ, ਹਿਮਾਚਲ ਪ੍ਰਦੇਸ਼, ਆਂਧਰਾ ਪ੍ਰਦੇਸ਼ ਆਦਿ ਰਾਜਾਂ ਵਿੱਚ ਬੰਦ ਵਰਗਾ ਮਾਹੌਲ ਰਿਹਾ। ਉਤਰ ਪ੍ਰਦੇਸ਼, ਮੱਧ ਪ੍ਰਦੇਸ਼, ਮਹਾਰਾਸ਼ਟਰ, ਮੇਘਾਲਿਆ, ਮਨੀਪੁਰ, ਗੁਜਰਾਤ ਆਦਿ ਵਿੱਚ ਅੰਸ਼ਕ ਬੰਦ ਦੀਆਂ ਖ਼ਬਰਾਂ ਮਿਲੀਆਂ ਹਨ।

ਹੜਤਾਲੀਆਂ ਨੇ ਸਰਕਾਰ ਦੀਆਂ ਕੌਮ ਵਿਰੋਧੀ ਨੀਤੀਆਂ, ਜਿਹੜੀਆਂ ਭਾਰਤੀ ਤੇ ਵਿਦੇਸ਼ੀ ਕਾਰਪੋਰੇਟਾਂ ਅਤੇ ਅੰਤਰਰਾਸ਼ਟਰੀ ਵਿੱਤ ਪੂੰਜੀ ਨੂੰ ਫ਼ਾਇਦਾ ਪਹੁੰਚਾਉਣ ਲਈ ਜਨਤਕ ਖੇਤਰ ਅਤੇ ਛੋਟੇ ਕਾਰੋਬਾਰਾਂ ਨੂੰ ਨੁਕਸਾਨ ਪਹੁੰਚਾ ਰਹੀਆਂ ਹਨ, ਦੇ ਖਿਲਾਫ ਆਪਣਾ ਰੋਸ ਜਤਾਇਆ।ਬੰਦ ਦਾ ਸੱਦਾ ਦੇਣ ਵਾਲੀਆਂ ਕੇਂਦਰੀ ਟਰੇਡ ਯੂਨੀਅਨਾਂ ਅਤੇ ਖੁਦਮੁਖਤਿਆਰ ਖੇਤਰੀ ਮਹਾਂਸੰਘਾਂ ਏਟਕ, ਇੰਟਕ, ਐੱਚ ਐੱਮ ਐੱਸ ਸੀਟੂ, ਏ ਆਈ ਯੂ ਟੀ ਯੂ ਸੀ, ਟੀ ਯੂ ਸੀ ਸੀ, ਸੇਵਾ, ਏ ਆਈ ਸੀ ਸੀ ਟੀ ਯੂ, ਐੱਲ ਪੀ ਐੱਫ਼ ਤੇ ਯੂ ਟੀ ਯੂ ਸੀ ਦੇ ਸਾਂਝੇ ਮੰਚ ਨੇ ਕਿਹਾ ਕਿ ਅੱਜ ਦਾ ਸਫ਼ਲ ਬੰਦ ਆਉਣ ਵਾਲੇ ਦਿਨਾਂ ਦੀ ਲੰਮੀ ਲੜਾਈ ਦੀ ਸ਼ੁਰੂਆਤ ਹੈ।

### ਲਾਸ਼ ਵਾਲੀ ਬੋਰੀ ਸਰੇ ਬਾਜ਼ਾਰ...

(ਰਜਿਸਟਰੇਸ਼ਨ ਨੰਬਰ ਪੀ ਬੀ 10 ਸੀ ਈ 7668) ਪਿੱਛੇ ਛੱਡ ਗਏ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਲਾਸ਼ ਦੇ ਨੱਕ ਵਿੱਚੋਂ ਖੂਨ ਵਹਿ ਰਿਹਾ ਸੀ ਅਤੇ ਉਸ ਦੀ ਪਛਾਣ ਕਰਨ ਦੇ ਯਤਨ ਜਾਰੀ ਹਨ। ਆਰਤੀ ਚੌਕ ਨੇੜੇ ਸੜਕ ਕਿਨਾਰੇ ਖੜ੍ਹਦੇ ਵਿਕਰੇਤਾ ਜੀਵਨ ਨੇ ਦੱਸਿਆ ਕਿ, "ਮੈਂ ਦੋ ਵਿਅਕਤੀਆਂ ਨੂੰ ਮੋਟਰਸਾਈਕਲ ਰੋਕ ਕੇ ਬੋਰੀ ਨੂੰ ਡਿਵਾਈਡਰ 'ਤੇ ਸੁੱਟਦੇ ਦੇਖਿਆ। ਤੇਜ਼ ਬਦਬੂ ਆਉਣ ਕਾਰਨ ਮੈਂ ਉਨ੍ਹਾਂ ਨੂੰ ਪੁੱਛਿਆ ਕਿ ਇਹ ਕੀ ਹੈ। ਉਨ੍ਹਾਂ ਕਿਹਾ ਕਿ ਉਹ ਸੜੇ ਹੋਏ ਅੰਬ ਸੁੱਟਣ ਆਏ ਸਨ।

ਉਨ੍ਹਾਂ ਦਾ ਵਿਵਹਾਰ ਸ਼ੱਕੀ ਲੱਗਿਆ, ਇਸ ਲਈ ਅਸੀਂ ਉਨ੍ਹਾਂ ਨੂੰ ਰੋਕਿਆ ਅਤੇ ਇੱਕ ਵੀਡੀਓ ਰਿਕਾਰਡ ਕਰਨੀ ਸ਼ੁਰੂ ਕਰ ਦਿੱਤੀ। ਬੋਰੀ ਚੁੱਕਣ ਵਾਲਾ ਸੁਰੱਖਿਆ ਗਾਰਡ ਨੀਲੀ ਵਰਦੀ ਵਿੱਚ ਸੀ। ਜਦੋਂ ਅਸੀਂ ਵੀਡੀਓ ਬਣਾਉਣੀ ਸ਼ੁਰੂ ਕੀਤੀ, ਤਾਂ ਉਨ੍ਹਾਂ ਨੇ ਬਹਿਸ ਕਰਨੀ ਸ਼ੁਰੂ ਕਰ ਦਿੱਤੀ ਅਤੇ ਫਿਰ ਅਚਾਨਕ ਮੋਟਰਸਾਈਕਲ ਛੱਡ ਕੇ ਫਰਾਰ ਹੋ ਗਏ। ਜਦੋਂ ਅਸੀਂ ਬੋਰੀ ਖੋਲ੍ਹੀ, ਤਾਂ ਅੰਦਰ ਇੱਕ ਔਰਤ ਦੀ ਲਾਸ਼ ਮਿਲੀ।" ਸਬ-ਇੰਸਪੈਕਟਰ ਅਮਰਜੀਤ ਸਿੰਘ ਨੇ ਕਿਹਾ ਕਿ ਉਨ੍ਹਾ ਨੇ ਸ਼ੱਕੀਆਂ ਦੀਆਂ ਤਸਵੀਰਾਂ ਪ੍ਰਾਪਤ ਕਰ ਲਈਆਂ ਹਨ ਅਤੇ ਔਰਤ ਦੀ ਪਛਾਣ ਕੀਤੀ ਜਾ ਰਹੀ ਹੈ। ਉਨ੍ਹਾ ਕਿਹਾ ਕਿ ਸ਼ੱਕੀ ਅਤੇ ਪੀੜਤਾ ਪਰਵਾਸੀ ਜਾਪਦੇ ਹਨ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : **nawanzamana@gmail.com * Web : www.nawanzamana.in**

# ਟਰੇਡ ਯੂਨੀਅਨਾਂ, ਨੌਜਵਾਨਾਂ ਤੇ ਕਿਸਾਨ ਜਥੇਬੰਦੀਆਂ ਵੱਲੋਂ ਵਿਸ਼ਾਲ ਰੋਸ ਮੁਜ਼ਾਹਰਾ

**ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲ੍ਹੀ)**

ਕੇਂਦਰੀ ਟਰੇਡ ਯੂਨੀਅਨਾਂ ਦੇ ਸੱਦੇ 'ਤੇ ਕੀਤੀ ਜਾ ਰਹੀ ਦੇਸ਼ ਵਿਆਪੀ ਹੜਤਾਲ ਨੂੰ ਭਰਪੂਰ ਹੁੰਗਾਰਾ ਮਿਲਿਆ। ਵੱਖ-ਵੱਖ ਵਿਭਾਗਾਂ ਦੇ ਕਰਮਚਾਰੀਆਂ ਅਤੇ ਨੌਜਵਾਨਾਂ, ਕਿਸਾਨਾਂ ਅਤੇ ਖੇਤ ਮਜ਼ਦੂਰ ਜਥੇਬੰਦੀਆਂ ਨੇ ਭਰਵੀਂ ਸ਼ਮੂਲੀਅਤ ਕੀਤੀ। ਐੱਸਡੀਐੱਮ ਦਫਤਰ ਦੇ ਬਾਹਰ ਹੋਏ ਇਕੱਠ ਨੂੰ ਸੰਬੋਧਨ ਕਰਦਿਆਂ ਟੀਐੱਸਯੂ ਦੇ ਸੂਬਾਈ ਪ੍ਰਧਾਨ ਜਗਤਾਰ ਸਿੰਘ ਉੱਪਲ, ਆਰਐੱਮਪੀ ਦੇ ਮੁਖਤਾਰ ਸਿੰਘ ਮੱਲਾ, ਆਸ਼ਾ ਵਰਕਰ ਯੂਨੀਅਨ ਦੀ ਕੁਲਵੰਤ ਕੌਰ, ਇੰਪਲਾਈਜ਼ ਫੈਡਰੇਸ਼ਨ ਦੇ ਆਗੂ ਜਸਪਾਲ ਸਿੰਘ ਨਾਗੋਕੇ, ਕਿਰਤੀ ਕਿਸਾਨ ਯੂਨੀਅਨ ਦੇ ਆਗੂ ਸਤਪਾਲ ਸਿੰਘ ਨੱਥੋਕੇ, ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਗੁਰਦਿਆਲ ਸਿੰਘ ਖਡੂਰ ਸਾਹਿਬ ਨੇ ਕਿਹਾ ਕੇ ਕੇਂਦਰ ਅਤੇ ਸੂਬਾ ਸਰਕਾਰਾਂ ਸਾਮਰਾਜੀ ਸੰਸਥਾਵਾਂ ਤੋਂ ਨਿਰਦੇਸ਼ਤ ਕਾਰਪੋਰੇਟ ਪੱਖੀ ਨੀਤੀਆਂ ਨੂੰ ਲਾਗੂ ਕਰ ਰਹੀਆਂ ਹਨ। ਮਜ਼ਦੂਰ ਪੱਖੀ ਕਾਨੂੰਨਾਂ ਨੂੰ ਸੋਧ ਕੇ ਕਾਰਪੋਰੇਟ ਪੱਖੀ ਬਣਾਇਆ ਗਿਆ ਹੈ। ਮਜ਼ਦੂਰਾਂ ਤੇ ਕਿਸਾਨਾਂ ਦੇ ਹਿੱਤਾਂ ਦੀ ਕੁਰਬਾਨੀ ਦੇ ਕੇ ਕਾਰਪੋਰੇਟਾਂ ਦੇ ਮੁਨਾਫਿਆਂ ਲਈ ਕੰਮ ਕੀਤਾ ਜਾ ਰਿਹਾ ਹੈ। ਕਾਰਪੋਰੇਟਾਂ ਦੀ ਇਜਾਰੇਦਾਰੀ ਕਾਰਨ ਛੋਟੇ ਕਾਰੋਬਾਰ ਅਤੇ ਦੁਕਾਨਾਂ ਬੰਦ ਹੋ ਰਹੀਆਂ ਹਨ। ਕਿਸਾਨਾਂ ਦੀਆਂ ਜ਼ਮੀਨਾਂ ਧੱਕੇ ਨਾਲ ਖੋਹੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕੇਂਦਰ ਅਤੇ ਪੰਜਾਬ ਸਰਕਾਰ ਦੀ ਜ਼ਮੀਨਾਂ ਖੋਹਣ ਦੀ ਸਾਂਝੀ ਨੀਤੀ ਦੇਸ਼ ਦੀ ਅੰਨ ਸੁਰੱਖਿਆ ਲਈ ਗੰਭੀਰ ਖਤਰੇ ਪੈਦਾ ਕਰੇਗੀ। ਬੁਲਾਰਿਆਂ ਨੇ ਮੰਗ ਕੀਤੀ ਕਿ ਮੋਦੀ ਸਰਕਾਰ ਲੋਕਾਂ ਨੂੰ ਵੰਡਣ ਵਾਲੀ ਫਿਰਕੂ ਪਹੁੰਚ ਤਿਆਗੇ ਅਤੇ ਕਾਰਪੋਰੇਟ ਘਰਾਣਿਆਂ ਅਤੇ ਬਹੁਕੌਮੀ ਕੰਪਨੀਆਂ ਦੇ ਹਿੱਤ ਪਾਲਣਾ ਬੰਦ ਕਰੇ। ਮਜ਼ਦੂਰ ਵਿਰੋਧੀ ਚਾਰੇ ਕੋਡ ਰੱਦ ਕਰਕੇ ਮਜ਼ਦੂਰ ਪੱਖੀ ਕਾਨੂੰਨ ਬਹਾਲ ਕੀਤੇ ਜਾਣ। ਇਸ ਮੌਕੇ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਸੂਬਾਈ ਮੀਤ ਪ੍ਰਧਾਨ ਸੁਲੱਖਣ ਸਿੰਘ ਤੁੜ, ਮੁਲਾਜ਼ਮ ਆਗੂ ਅਵਤਾਰ ਕ੍ਰਿਸ਼ਨ ਫਤਿਆਬਾਦ, ਮੁਲਾਜ਼ਮ ਆਗੂ ਮੇਜਰ ਸਿੰਘ ਨਾਗੋਕੇ, ਹਿੰਦ ਕਿਸਾਨ ਸਭਾ ਦੇ ਆਗੂ ਬਲਦੇਵ ਸਿੰਘ ਧੂੰਦਾ, ਖੇਤ ਮਜ਼ਦੂਰ ਸਭਾ ਦੇ ਆਗੂ ਮੇਜਰ ਸਿੰਘ ਦਾਰਾਪੁਰ, ਆਸ਼ਾ ਵਰਕਰ ਯੂਨੀਅਨ ਦੇ ਆਗੂ ਬਲਜੀਤ ਕੌਰ, ਦਿਹਾਤੀ ਮਜ਼ਦੂਰ ਯੂਨੀਅਨ ਦੇ ਆਗੂ ਜਸਬੀਰ ਸਿੰਘ ਵੈਰੋਵਾਲ, ਬਲਜੀਤ ਸਿੰਘ ਫਤਿਆਬਾਦ ਰੋਹ ਭਰਭੂਰ ਮਾਰਚ 'ਚ ਸ਼ਾਮਲ ਸਨ।



# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ



**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਤਰਨ ਤਾਰਨ ਦੇ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ ਦੀ ਅਗਵਾਈ ਹੇਠ ਗੁਰਦਾਸਪੁਰ ਵਿਖੇ ਕਿਸਾਨਾਂ ਤੇ ਹੋਏ ਤਸ਼ੱਦਦ ਦੇ ਵਿਰੋਧ ਵਿੱਚ ਜ਼ਿਲ੍ਹਾ ਤਰਨ ਤਾਰਨ ਵਿੱਚ ਅਨੇਕਾਂ ਥਾਵਾਂ ਤੇ ਆਪ ਸਰਕਾਰ ਦੇ ਪੁਤਲੇ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ।ਸੂਬਾ ਆਗੂ ਤੇ ਜ਼ਿਲ੍ਹਾ ਸਕੱਤਰ ਹਰਜਿੰਦਰ ਸਿੰਘ ਸ਼ਕਰੀ, ਦਿਆਲ ਸਿੰਘ ਮੀਆਵਿੰਡ, ਹਰਬਿੰਦਰਜੀਤ ਸਿੰਘ ਕੰਗ, ਬਲਵਿੰਦਰ ਸਿੰਘ ਚੋਹਲਾ ਸਾਹਿਬ ਨੇ ਕਿਹਾ ਕਿ ਭਗਵੰਤ ਮਾਨ ਦੀ ਆਪ ਸਰਕਾਰ ਕੇਂਦਰ ਦੇ ਇਸ਼ਾਰਿਆਂ 'ਤੇ ਸੱਤਾ ਦੇ ਨਸ਼ੇ ਵਿੱਚ ਚੂਰ ਹੋ ਕੇ ਲੋਕਾਂ 'ਤੇ ਅੰਨ੍ਹਾ ਤਸ਼ੱਦਦ ਕਰ ਰਹੀ ਹੈ।ਉਨ੍ਹਾਂ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਭਾਰਤ ਮਾਲਾ ਪ੍ਰੋਜੈਕਟ ਅਧੀਨ ਆ ਰਹੀਆਂ ਜ਼ਮੀਨਾਂ ਤੇ ਸਰਕਾਰ ਬਿਨਾਂ ਪੈਸੇ ਦਿੱਤਿਆਂ ਗੁਰਦਾਸਪੁਰ ਵਿੱਚ ਲੋਕਾਂ ਦੀਆਂ ਜ਼ਮੀਨਾਂ 'ਤੇ ਪ੍ਰਸ਼ਾਸਨ ਦੇ ਜ਼ੋਰ ਨਾਲ ਕਬਜ਼ੇ ਕਰਵਾ ਰਹੀ ਹੈ।ਇਸੇ ਤਰ੍ਹਾਂ ਹੀ ਪਿੰਡ ਨੰਗਲ ਝੌਰ ਵਿਖੇ ਕਿਸਾਨਾਂ ਦੀਆਂ ਜ਼ਮੀਨਾਂ 'ਤੇ ਕਬਜ਼ਾ ਕਰਨ ਆਏ ਪ੍ਰਸ਼ਾਸਨ ਨੂੰ ਰੋਕਣ ਲਈ ਕਿਸਾਨਾਂ ਵਿੱਚ ਝੜਪ ਹੋਈ ਜਿਸ ਵਿੱਚ ਬਜ਼ੁਰਗ ਆਗੂ ਲਖਵਿੰਦਰ ਸਿੰਘ ਪਿੰਡ ਰੰਗੜ ਨੰਗਲ ਪ੍ਰਸ਼ਾਸਨ ਦੀ ਕਰੂਰਤਾ ਦਾ ਸ਼ਿਕਾਰ ਹੋ ਗਿਆ ਜਿਸ ਦੀ ਸਿਹਤ ਨਾਜ਼ੁਕ ਦੱਸੀ ਜਾ ਰਹੀ ਹੈ।ਪਹਿਲਾਂ ਉਨ੍ਹਾਂ ਨੂੰ ਬਟਾਲਾ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਪਰ ਬਾਅਦ ਵਿੱਚ ਅੰਮ੍ਰਿਤਸਰ ਦੇ ਗੁਰੂ ਨਾਨਕ ਹਸਪਤਾਲ ਵਿੱਚ ਰੈਫਰ ਕਰ ਦਿੱਤਾ ਗਿਆ।ਕਿਸਾਨ ਆਗੂਆਂ ਨੇ ਕਿਹਾ ਕਿ ਇਹ ਪੰਜਾਬ ਦੇ ਕਿਸਾਨਾਂ ਦੀ ਬਦਕਿਸਮਤੀ ਹੈ ਕਿ ਉਨ੍ਹਾਂ ਨੂੰ ਆਪਣੇ ਹੀ ਖੇਤਾਂ ਵਿੱਚ ਪ੍ਰਸ਼ਾਸਨ ਵੱਲੋਂ ਕੁੱਟਿਆ ਮਾਰਿਆ ਜਾ ਰਿਹਾ ਹੈ ਅਤੇ ਭੂਮੀ ਐਕਟ 2013 ਨੂੰ ਛਿੱਕੇ ਤੇ ਟੰਗ ਕੇ ਲੋਕਾਂ ਦੀਆਂ ਜ਼ਮੀਨਾਂ 'ਤੇ ਧੱਕੇ ਨਾਲ ਭਗਵੰਤ ਮਾਨ ਸਰਕਾਰ ਵੱਲੋਂ ਕਬਜ਼ਾ ਕਰਵਾਇਆ ਜਾ ਰਿਹਾ ਹੈ।ਕਿਸਾਨ ਆਗੂਆਂ ਨੇ ਕਿਹਾ ਕਿ ਪ੍ਰਸ਼ਾਸਨ ਨੇ ਮੀਟਿੰਗਾਂ ਵਿੱਚ ਮੰਨਿਆ ਸੀ ਕਿ ਪਹਿਲਾਂ ਕਿਸਾਨਾਂ ਦੇ ਪੈਸੇ ਪਾਏ ਜਾਣਗੇ ਫਿਰ ਕਬਜ਼ ਲਏ ਜਾਣਗੇ ਪਰ ਪ੍ਰਸ਼ਾਸਨ ਆਪਣੇ ਇਨ੍ਹਾਂ ਵਾਅਦਿਆਂ ਤੋਂ ਮੁੱਕਰਦਾ ਹੋਇਆ ਧੱਕੇ ਨਾਲ ਕਬਜ਼ੇ ਕਰ ਰਿਹਾ ਹੈ।ਉਨ੍ਹਾਂ ਕਿਹਾ ਕਿ ਕਿਸੇ ਵੀ ਕੀਮਤ 'ਤੇ ਕਿਸਾਨਾਂ ਦੀਆਂ ਜ਼ਮੀਨਾਂ 'ਤੇ ਧੱਕੇ ਨਾਲ ਕਬਜ਼ੇ ਨਹੀਂ ਹੋਣ ਦੇਵਾਂਗੇ।ਇਸ ਮੌਕੇ ਪਰਮਜੀਤ ਸਿੰਘ ਛੀਨਾ, ਬਲਜੀਤ ਸਿੰਘ ਝਬਾਲ, ਹਰਪਾਲ ਸਿੰਘ ਪੰਡੋਰੀ ਸਿੱਧਵਾਂ, ਸੁਖਚੈਨ ਸਿੰਘ ਅੱਲੋਵਾਲ, ਸਤਨਾਮ ਸਿੰਘ ਖੋਜਕੀਪੁਰ, ਕੁਲਵੰਤ ਸਿੰਘ ਭੈਲ, ਕੁਲਵੰਤ ਸਿੰਘ ਢੋਟੀਆਂ, ਲਖਵਿੰਦਰ ਸਿੰਘ ਪਲਾਸੌਰ ਆਦਿ ਆਗੂ ਹਾਜ਼ਰ ਸਨ।

# ਬਿਜਲੀ ਕਾਮਿਆਂ ਵੱਲੋਂ ਇੱਕ ਰੋਜ਼ਾ ਦੇਸ਼ ਵਿਆਪੀ ਹੜਤਾਲ ਮੌਕੇ ਰੋਸ ਪ੍ਰਦਰਸ਼ਨ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**

ਕੇਂਦਰੀ ਟਰੇਡ ਯੂਨੀਅਨਾਂ ਵੱਲੋਂ ਨਿਜੀਕਰਨ ਵਿਰੁੱਧ ਦੇਸ਼ ਵਿਆਪੀ ਹੜਤਾਲ ਦੇ ਸੱਦੇ ਤੇ ਬਿਜਲੀ ਕਾਮਿਆਂ ਵੱਲੋਂ ਇੱਕ ਰੋਜ਼ਾ ਦੇਸ਼ ਵਿਆਪੀ ਹੜਤਾਲ ਦੀ ਹਮਾਇਤ ਵਿੱਚ ਬਿਜਲੀ ਸਬ ਡਵੀਜ਼ਨ ਕਾਦੀਆਂ ਵਿੱਚ ਹੜਤਾਲ ਕਰਕੇ ਰੋਸ ਪ੍ਰਦਰਸ਼ਨ ਕੀਤਾ ਗਿਆ ਜਿਸ ਦੀ ਪ੍ਰਧਾਨਗੀ ਟੈਕਨੀਕਲ ਸਰਵਿਸਜ਼ ਯੂਨੀਅਨ ਦੇ ਆਗੂ ਸੁਰਜੀਤ ਸਿੰਘ ਗੁਰਾਇਆ, ਫੈਡਰੇਸ਼ਨ ਚਾਹਲ ਦੇ ਆਗੂ ਬਲਜਿੰਦਰ ਸਿੰਘ ਬਾਜਵਾ, ਫੈਡਰੇਸ਼ਨ ਏਟਕ ਦੇ ਆਗੂ ਯਾਦਵਿੰਦਰ ਸਿੰਘ ਵੱਲੋਂ ਸਾਂਝੇ ਤੌਰ ਤੇ ਕੀਤੀ ਗਈ।ਇਸ ਮੌਕੇ ਮੰਗ ਕੀਤੀ ਕਿ ਨਿੱਜੀਕਰਨ ਦੀ ਨੀਤੀ ਰੱਦ ਕੀਤੀ ਜਾਵੇ, ਬਿਜਲੀ ਐਕਟ 2003, 2022 ਰੱਦ ਕੀਤੇ ਜਾਣ, 8 ਘੰਟੇ ਕੰਮ ਦਿਹਾੜੀ 12 ਘੰਟੇ ਕਰਨ ਦਾ ਫੈਸਲਾ ਰੱਦ ਕੀਤਾ ਜਾਵੇ, ਪੁਰਾਣੀ ਪੈਨਸ਼ਨ ਪ੍ਰਣਾਲੀ ਬਹਾਲ ਕੀਤੀ ਜਾਵੇ, ਖਰੜ ਤੇ ਲਾਲੜੂ ਸਮੇਤ 10 ਡਵੀਜ਼ਨਾਂ ਦੇ ਨਿੱਜੀਕਰਨ ਦੀ ਨੀਤੀ ਰੱਦ ਕੀਤੀ ਜਾਵੇ, ਹਰ ਤਰ੍ਹਾਂ ਦੇ ਆਊਟਸੋਰਸ ਠੇਕਾ ਕਾਮੇ ਮਹਿਕਮੇ ਵਿੱਚ ਮਰਜ ਕਰਕੇ ਪੱਕੇ ਕੀਤੇ ਜਾਣ, ਪੁਨਰਗਠਨ ਯੋਜਨਾ ਦੇ ਤਹਿਤ ਖਤਮ ਕੀਤੀਆਂ ਹਜ਼ਾਰਾਂ ਅਸਾਮੀਆਂ ਬਹਾਲ ਕਰਕੇ ਭਰੀਆਂ ਜਾਣ, ਡਿਸਮਿਸ ਕੀਤੇ ਆਗੂ ਬਹਾਲ ਕੀਤੇ ਜਾਣ, 15ਵੀਂ ਲੇਬਰ ਕਾਨਫਰੰਸ 1957 ਦੀਆਂ ਸੇਧਾਂ ਅਨੁਸਾਰ ਘੱਟੋ-ਘੱਟ ਉਜਰਤਾਂ ਤੈਅ ਕੀਤੀਆਂ ਜਾਣ।ਇਸ ਮੌਕੇ ਸੰਬੋਧਨ ਕਰਦੇ ਜਗਤਾਰ ਸਿੰਘ ਖੁੰਡਾ, ਹਰਦੀਪ ਸਿੰਘ ਸੇਖੋਂ, ਪਿਆਰਾ ਸਿੰਘ ਭਾਮੜੀ, ਦਲਜੀਤ ਸਿੰਘ, ਕੰਵਲਜੀਤ ਸਿੰਘ ਭਾਮੜੀ, ਸੁਖਵਿੰਦਰ ਸਿੰਘ ਕੋਟ, ਪੈਨਸ਼ਨਰ ਯੂਨੀਅਨ ਦੇ ਆਗੂ ਬਾਵਾ ਸਿੰਘ ਠੀਕਰੀਵਾਲ, ਸੁਰਜੀਤ ਸਿੰਘ ਨੰਗਲ ਝੌਰ ਹਾਜ਼ਰ ਹੋਏ।



# ਪ੍ਰਿੰ. ਅਮਰਪ੍ਰੀਤ ਕੌਰ ਬੈਸਟ ਪ੍ਰਿੰਸੀਪਲ ਐਵਾਰਡ ਨਾਲ ਸਨਮਾਨਿਤ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**

ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਦੀ ਪ੍ਰਿੰ. ਅਮਰਪ੍ਰੀਤ ਕੌਰ ਨੂੰ ਵੱਕਾਰੀ ਸਿਲਵਰ ਜ਼ੋਨ ਓਲੰਪੀਆਡ ਦੁਆਰਾ ਪ੍ਰਦਰਸ਼ਨ ਉਤਮਤਾ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਹ ਐਵਾਰਡ ਉਨ੍ਹਾਂ ਦੀ ਦੂਰਦਰਸ਼ੀ ਅਗਵਾਈ, ਅਣਥੱਕ ਸਮਰਪਣ ਅਤੇ ਅਕਾਦਮਿਕ ਉਤਮਤਾ ਪ੍ਰਤੀ ਅਟੁੱਟ ਮਿਹਨਤ ਦਾ ਪ੍ਰਮਾਣ ਹੈ। ਸਿਲਵਰ ਜ਼ੋਨ ਓਲੰਪੀਆਡ ਵਿੱਚ ਸਾਡੇ ਸਕੂਲ ਦੇ ਲਗਭਗ 300 ਤੋਂ ਵੱਧ ਵਿਦਿਆਰਥੀਆਂ ਨੇ ਵੀ ਵੱਖ-ਵੱਖ ਵਿਸ਼ਿਆਂ ਵਿੱਚ ਹਿੱਸਾ ਲਿਆ ਜਿਨ੍ਹਾਂ ਵਿੱਚੋਂ 10 ਵਿਦਿਆਰਥੀਆਂ ਨੂੰ ਗੋਲਡਨ ਐਕਸੀਲੈਂਸ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਅਤੇ 30 ਵਿਦਿਆਰਥੀਆਂ ਨੇ ਅੰਗਰੇਜ਼ੀ, ਵਿਗਿਆਨ ਅਤੇ ਪੰਜਾਬੀ ਵਰਗੇ ਅਹਿਮ ਵਿਸ਼ਿਆਂ ਵਿੱਚ ਆਪਣੀ ਮਜ਼ਬੂਤ ਪਕੜ ਦਾ ਪ੍ਰਦਰਸ਼ਨ ਕਰਦੇ ਹੋਏ ਡਿਸਟਿੰਗਸ਼ਨ ਪ੍ਰਾਪਤ ਕੀਤਾ।ਸਕੂਲ ਦੇ ਸ਼ਾਨਦਾਰ ਨਤੀਜੇ ਸਿਰਫ ਗਿਣਤੀ ਹੀ ਨਹੀਂ ਬਲਕਿ ਸਾਡੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਅਧਿਆਪਕਾਂ ਅਤੇ ਸਭ ਤੋਂ ਵੱਧ ਸਕੂਲ ਦੇ ਪ੍ਰਿੰਸੀਪਲ ਅਮਰਪ੍ਰੀਤ ਕੌਰ ਦੀ ਯੋਗ ਅਗਵਾਈ ਦੇ ਸਹਿਯੋਗੀ ਯਤਨਾਂ ਨੂੰ ਦਰਸਾਉਂਦੇ ਹਨ।ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾ: ਮੰਗਲ ਸਿੰਘ ਕਿਸ਼ਨਪੁਰੀ ਨੇ ਇਸ ਐਵਾਰਡ ਦੇ ਲਈ ਸਕੂਲ ਦੇ ਪ੍ਰਿੰਸੀਪਲ ਅਮਰਪ੍ਰੀਤ ਕੌਰ ਨੂੰ ਅਤੇ ਜੇਤੂ ਬੱਚਿਆਂ ਨੂੰ ਵਧਾਈ ਦਿੱਤੀ ਅਤੇ ਇਸੇ ਤਰ੍ਹਾਂ ਕਾਮਯਾਬੀ ਦੀਆਂ ਮੰਜ਼ਿਲਾਂ ਨੂੰ ਸਰ ਕਰਨ ਲਈ ਸ਼ੁਭਕਾਮਨਾਵਾਂ ਦਿੱਤੀਆਂ।ਇਸ ਮੌਕੇ ਸਕੂਲ ਦੇ ਵਾਈਸ ਪ੍ਰਿੰ. ਗੁਰਪ੍ਰੀਤ ਕੌਰ ਸ਼ਿਲਪਾ ਸ਼ਰਮਾ, ਕੋਆਰਡੀਨੇਟਰ ਨੀਲਾਕਸ਼ੀ ਗੁਪਤਾ ਅਤੇ ਸਮੂਹ ਸਟਾਫ ਅਤੇ ਬੱਚੇ ਹਾਜ਼ਰ ਸਨ।



# ਥਰੈਸ਼ਰ ਹਾਦਸੇ ਦੇ ਪੀੜਤ ਕਿਸਾਨ ਨੂੰ 60,000 ਰੁਪਏ ਦੀ ਵਿੱਤੀ ਸਹਾਇਤਾ

**ਬਟਾਲਾ, (ਡਾ. ਮਲਵਿੰਦਰ ਸਿੰਘ)**

ਪਿੰਡ ਬੱਲਪੁਰੀਆਂ ਦੇ ਕਿਸਾਨ ਲਖਵਿੰਦਰ ਸਿੰਘ ਪੁੱਤਰ ਗੁਰਮੇਜ ਸਿੰਘ ਜਿਸਦਾ ਥਰੈਸ਼ਰ ਹਾਦਸੇ ਦੌਰਾਨ ਖੇਤੀਬਾੜੀ ਦਾ ਕੰਮ ਕਰਦੇ ਸਮੇਂ ਹੱਥ ਕੱਟਿਆ ਗਿਆ ਸੀ। ਉਸ ਕਿਸਾਨ ਨੂੰ ਮਾਰਕੀਟ ਕਮੇਟੀ ਬਟਾਲਾ ਦੇ ਚੇਅਰਮੈਨ ਮਾਨਿਕ ਮਹਿਤਾ ਵੱਲੋਂ 60,000 ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਗਈ। ਇਸ ਮੌਕੇ ਪਰਮਜੀਤ ਸਿੰਘ ਪੰਮਾ, ਮਨਬੀਰ ਸਿੰਘ ਰੰਧਾਵਾ, ਅਮਿਤ ਸੋਢੀ, ਸੰਧੂ ਭੱਟੀ, ਹੈਪੀ ਖੋਸਲਾ ਅਤੇ ਹਰਮਨ ਆਦਿ ਹਾਜ਼ਰ ਸਨ।ਇਸ ਮੌਕੇ ਗੱਲ ਕਰਦਿਆਂ ਚੇਅਰਮੈਨ ਮਾਨਿਕ ਮਹਿਤਾ ਨੇ ਦੱਸਿਆ ਕਿ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਵਿਧਾਇਕ ਸ਼ੈਰੀ ਕਲਸੀ ਦੇ ਯਤਨਾਂ ਸਦਕਾ ਕਿਸਾਨ ਲਖਵਿੰਦਰ ਸਿੰਘ ਨੂੰ ਵਿੱਤੀ ਸਹਾਇਤਾ ਮੁਹੱਈਆ ਕਰਵਾਈ ਗਈ ਹੈ ਅਤੇ ਉਨ੍ਹਾਂ ਕਿਸਾਨ ਨੂੰ ਭਰੋਸਾ ਦਿੱਤਾ ਕਿ ਉਹ ਉਨਾਂ ਦੇ ਦੁੱਖ ਨੂੰ ਮਹਿਸੂਸ ਕਰਦੇ ਹਨ ਅਤੇ ਉਨ੍ਹਾਂ ਦੀ ਹਰ ਸੰਭਵ ਸਹਾਇਤਾ ਲਈ ਉਨਾਂ ਦੇ ਨਾਲ ਖੜ੍ਹੇ ਹਨ।ਚੇਅਰਮੈਨ ਮਾਨਿਕ ਮਹਿਤਾ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਸੁਰੱਖਿਆ ਕਰਨ ਲਈ ਵਚਨਬੱਧ ਹੈ ਅਤੇ ਸਰਕਾਰ ਵੱਲੋਂ ਕਿਸਾਨਾਂ ਦੇ ਭਲਾਈ ਲਈ ਵੱਖ-ਵੱਖ ਨੀਤੀਆਂ ਲਾਗੂ ਕਰਨ ਤੋਂ ਇਲਾਵਾ ਉਨਾਂ ਦੀ ਔਖੇ ਸਮੇਂ ਵਿੱਚ ਆਰਥਿਕ ਮਦਦ ਕਰਨ ਲਈ ਵੀ ਯਤਨਸ਼ੀਲ ਰਹਿੰਦੀ ਹੈ।ਇਸ ਮੌਕੇ ਕਿਸਾਨ ਲਖਵਿੰਦਰ ਸਿੰਘ ਨੇ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕਰਦਿਆਂ ਕਿ ਇਸ ਔਖੀ ਘੜੀ ਵਿੱਚ ਉਨ੍ਹਾਂ ਵੱਲੋਂ ਵਿੱਤੀ ਸਹਾਇਤਾ ਮੁਹੱਈਆ ਕਰਵਾਈ ਗਈ ਹੈ , ਜਿਸ ਲਈ ਉਨ੍ਹਾਂ ਦੇ ਰਿਣੀ ਹਨ।



# ਟਰੈਫਿਕ ਪੁਲਸ ਨੇ ਸ਼ਹਿਰ 'ਚ ਗਲਤ ਪਾਰਕ ਕੀਤੇ ਵਾਹਨਾਂ ਦੇ ਚਲਾਨ ਕੱਟੇ

**ਗੁਰਦਾਸਪੁਰ, (ਜਨਕ ਮਹਾਜਨ)**

ਗੁਰਦਾਸਪੁਰ ਸ਼ਹਿਰ ਦੇ ਬਜ਼ਾਰਾਂ ਵਿਚ ਆਵਾਜਾਈ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ ਵੱਲੋਂ ਟਰੈਫਿਕ ਪੁਲਸ ਅਤੇ ਟਰਾਂਸਪੋਰਟ ਦਫ਼ਤਰ ਦੇ ਅਧਿਕਾਰੀਆਂ ਨਾਲ ਗੁਰਦਾਸਪੁਰ ਸ਼ਹਿਰ ਦੇ ਬਾਜ਼ਾਰਾਂ ਅਤੇ ਹਨੂਮਾਨ ਚੌਕ ਵਿੱਚ ਸੜਕ ਕਿਨਾਰੇ ਲੱਗੇ ਬੇਤਰਤੀਬੇ ਵਾਹਨਾਂ ਦੇ ਚਲਾਨ ਕੱਟੇ ਗਏ। ਵਧੀਕ ਡਿਪਟੀ ਕਮਿਸ਼ਨਰ ਡਾ. ਹਰਜਿੰਦਰ ਸਿੰਘ ਬੇਦੀ ਨੇ ਕਿਹਾ ਕਿ ਆਮ ਲੋਕਾਂ ਤੇ ਰਾਹਗੀਰਾਂ ਨੂੰ ਸ਼ਹਿਰ ਦੇ ਬਾਜ਼ਾਰਾਂ ਵਿਚ ਲੱਗਦੇ ਟਰੈਫਿਕ ਜਾਮ ਦੀ ਸਮੱਸਿਆ ਤੋਂ ਬਚਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਿੱਥੇ ਸੜਕਾਂ ਕਿਨਾਰੇ ਕੀਤੇ ਨਜਾਇਜ਼ ਕਬਜ਼ਿਆਂ ਨੂੰ ਹਟਾਇਆ ਜਾ ਰਿਹਾ ਹੈ, ਉਥੇ ਬਾਜ਼ਾਰਾਂ ਵਿੱਚ ਗਲਤ ਢੰਗ ਨਾਲ ਪਾਰਕ ਹੋਈਆਂ ਗੱਡੀਆਂ ਅਤੇ ਮੋਟਰਸਾਈਕਲਾਂ ਦੇ ਚਲਾਨ ਵੀ ਕੱਟੇ ਜਾ ਰਹੇ ਹਨ। ਵਧੀਕ ਡਿਪਟੀ ਕਮਿਸ਼ਨਰ ਡਾ. ਹਰਜਿੰਦਰ ਸਿੰਘ ਬੇਦੀ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਵਾਹਨਾਂ ਨੂੰ ਢੁੱਕਵੀ ਥਾਂ ਉਪਰ ਹੀ ਪਾਰਕ ਕਰਨ ਤਾਂ ਜੋ ਆਵਜਾਈ ਵਿੱਚ ਕੋਈ ਅੜਚਨ ਨਾ ਆਵੇ। ਉਨ੍ਹਾਂ ਦੁਕਾਨਦਾਰਾਂ ਨੂੰ ਵੀ ਕਿਹਾ ਕਿ ਆਪਣਾ ਸਾਮਾਨ ਦੁਕਾਨਾਂ ਦੇ ਅੰਦਰ ਹੀ ਰੱਖਣ ਤਾਂ ਜੋ ਬਾਜ਼ਾਰ ਵਿੱਚ ਲੋਕਾਂ ਨੂੰ ਕੋਈ ਮੁਸ਼ਕਲ ਨਾ ਆਵੇ। ਉਨ੍ਹਾਂ ਕਿਹਾ ਕਿ ਜੇਕਰ ਬਾਜ਼ਾਰ ਖੁੱਲ੍ਹੇ ਹੋਣਗੇ ਤਾਂ ਦੁਕਾਨਾਂ ਉਪਰ ਗਾਹਕ ਵੀ ਵੱਧ ਆਉਣਗੇ ਜਿਸ ਦਾ ਸਿੱਧਾ ਫਾਇਦਾ ਦੁਕਾਨਦਾਰਾਂ ਨੂੰ ਹੋਵੇਗਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਨਜਾਇਜ਼ ਕਬਜ਼ੇ ਹਟਾਉਣ ਅਤੇ ਗਲਤ ਪਾਰਕਿੰਗ ਕੀਤੇ ਵਾਹਨਾਂ ਖਿਲਾਫ਼ ਕਾਰਵਾਈ ਜਾਰੀ ਰਹੇਗੀ।



# ਡਾ. ਸੰਦੀਪ ਕੌਰ ਯੂਐੱਸਏ ਨੇ ਵਿਦਿਆਰਥਣਾਂ ਨੂੰ 50 ਹਜ਼ਾਰ ਰੁਪਏ ਇਨਾਮ ਰਾਸ਼ੀ ਦੇ ਚੈੱਕ ਸੌਂਪੇ

**ਝਬਾਲ (ਹਰਜਿੰਦਰ ਸਿੰਘ ਸੋਨੀ)**

ਬਾਬਾ ਬੁੱਢਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬੀੜ ਸਾਹਿਬ ਤੋਂ ਵਿੱਦਿਆ ਪ੍ਰਾਪਤ ਕਰਕੇ ਯੂਐੱਸਏ ਵਿੱਚ ਡਾਕਟਰ ਦੀਆਂ ਸੇਵਾਵਾਂ ਨਿਭਾ ਰਹੇ ਡਾ: ਸੰਦੀਪ ਕੌਰ ਨਿਊਯਾਰਕ ਵੱਲੋਂ ਆਪਣੀ ਨੇਕ ਕਮਾਈ ਵਿੱਚੋਂ ਹਰ ਸਾਲ ਬਾਬਾ ਬੁੱਢਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੂੰ ਦਿੱਤੀ ਜਾਂਦੀ 50 ਹਜ਼ਾਰ ਰੁਪਏ ਦੀ ਇਨਾਮ ਰਾਸ਼ੀ ਤਹਿਤ ਪਰਿਵਾਰ ਸਮੇਤ ਸਕੂਲ ਪਹੁੰਚ ਕੇ ਪ੍ਰਿੰਸੀਪਲ ਡਾ. ਤਰਨਜੀਤ ਸਿੰਘ ਦੀ ਹਾਜ਼ਰੀ ਵਿੱਚ ਦਸਵੀਂ ਕਲਾਸ ਦੀ ਪ੍ਰੀਖਿਆ ਵਿੱਚ ਪਹਿਲੇ ਤਿੰਨ ਸਥਾਨ ਹਾਸਲ ਕਰਨ ਵਾਲੀਆਂ ਵਿਦਿਆਰਥਣਾਂ ਗੁਰਲੀਨ ਕੌਰ, ਸੁਖਮਨਪ੍ਰੀਤ ਕੌਰ, ਰੌਬਿਨਪ੍ਰੀਤ ਕੌਰ ਨੂੰ ਕ੍ਰਮਵਾਰ 25000, 15000, 10000 ਰੁਪਏ ਦੇ ਚੈੱਕ ਦਿੱਤੇ। ਡਾ. ਸੰਦੀਪ ਕੌਰ ਨੇ ਅਵੱਲ ਰਹੀਆਂ ਵਿਦਿਆਰਥਣਾਂ ਨੂੰ ਵਧਾਈ ਦਿੰਦਿਆਂ ਆਖਿਆ ਕਿ ਅੱਜ ਦੇ ਜ਼ਮਾਨੇ ਵਿੱਚ ਸਾਡੀਆਂ ਧੀਆਂ ਸਖਤ ਮਿਹਨਤ ਕਰਕੇ ਬੁਲੰਦੀਆਂ ਨੂੰ ਛੂਹ ਰਹੀਆਂ ਹਨ ਅਤੇ ਉੱਚ ਅਹੁਦਿਆਂ ਤੇ ਬਿਰਾਜਮਾਨ ਹੋ ਕੇ ਆਪਣੇ ਸਕੂਲ ਤੇ ਮਾਪਿਆਂ ਦਾ ਨਾਮ ਰੌਸ਼ਨ ਕਰ ਰਹੀਆਂ ਹਨ। ਪ੍ਰਿੰ, ਡਾ. ਤਰਨਜੀਤ ਸਿੰਘ ਨੇ ਆਖਿਆ ਕਿ ਸਾਡੇ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਸਿੱਖ ਕੌਮ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸਕੂਲਾਂ ਦੇ ਵਿਦਿਆਰਥੀ ਪੜ੍ਹਾਈ ਦੇ ਨਾਲ-ਨਾਲ ਖੇਡਾਂ ਤੇ ਧਾਰਮਿਕ ਮੁਕਾਬਲਿਆਂ ਵਿੱਚ ਮੱਲਾਂ ਮਾਰ ਕੇ ਸੰਸਥਾ ਦਾ ਨਾਮ ਧਰੂ ਤਾਰੇ ਵਾਂਗ ਚਮਕਾ ਰਹੇ ਹਨ। ਇਸ ਮੌਕੇ ਪ੍ਰਿੰ. ਡਾ.ਤਰਨਜੀਤ ਸਿੰਘ, ਮੈਡਮ ਦਵਿੰਦਰਪਾਲ ਕੌਰ, ਕੁਲਜਿੰਦਰ ਕੌਰ, ਅਕਵਿੰਦਰ ਕੌਰ, ਸੁਖਰਾਜ ਕੌਰ, ਡੀਪੀਈ ਗੁਰਮੀਤ ਸਿੰਘ ਆਦਿ ਸਟਾਫ ਵੱਲੋਂ ਡਾ. ਸੰਦੀਪ ਕੌਰ ਨੂੰ ਸਿਰੋਪਾਓ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕਰਦਿਆਂ ਨੇਕ ਉਪਰਾਲੇ ਲਈ ਧੰਨਵਾਦ ਕੀਤਾ।



# 'ਆਪ' ਹਾਈਕਮਾਂਡ ਵੱਲੋਂ ਸੌਂਪੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਵਾਂਗਾ : ਤਲਬੀਰ ਗਿੱਲ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**

ਆਮ ਆਦਮੀ ਪਾਰਟੀ ਵੱਲੋਂ ਸੀਨੀਅਰ ਪਾਰਟੀ ਆਗੂ ਤਲਬੀਰ ਸਿੰਘ ਗਿੱਲ ਨੂੰ ਹਲਕਾ ਮਜੀਠਾ ਦਾ ਇੰਚਾਰਜ ਨਿਯੁਕਤ ਕਰਨ ਨਾਲ ਹਲਕਾ ਮਜੀਠਾ ਵਿੱਚ ਹੁਣ ਸਿਆਸੀ ਜੰਗ ਹੋਰ ਤੇਜ਼ ਹੋਣ ਦੀ ਸੰਭਾਵਨਾ ਹੈ ਕਿਉਂਕਿ ਹਲਕਾ ਮਜੀਠਾ ਵਿੱਚ ਪਹਿਲਾਂ ਵੀ ਕਾਫੀ ਚਿਰ ਤਲਬੀਰ ਸਿੰਘ ਗਿੱਲ ਵਿਚਰਦੇ ਰਹੇ ਹਨ। ਹਲਕਾ ਮਜੀਠਾ ਦਾ ਇੰਚਾਰਜ ਲੱਗਣ ਉਪਰੰਤ ਤਲਬੀਰ ਸਿੰਘ ਗਿੱਲ ਨੇ ਆਪ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਮੇਤ ਸਮੁੱਚੀ ਆਪ ਹਾਈਕਮਾਡ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਆਮ ਆਦਮੀ ਪਾਰਟੀ ਦੀ ਸਰਕਾਰ ਜਿਸ ਤਰ੍ਹਾਂ ਸੂਬੇ ਵਿਚ ਸਰਬਪੱਖੀ ਵਿਕਾਸ ਕਰਵਾ ਰਹੀ ਹੈ ਉਸ ਨਾਲ ਜ਼ਮੀਨੀ ਪੱਧਰ 'ਤੇ ਆਪ ਦੀ ਸਰਕਾਰ ਮਜ਼ਬੂਤ ਹੋਈ ਹੈ ਜਿਸ ਤੋਂ ਵਿਰੋਧੀ ਪਾਰਟੀਆਂ ਦੇ ਆਗੂ ਘਬਰਾਏ ਫਿਰ ਰਹੇ ਹਨ।ਉਨ੍ਹਾਂ ਕਿਹਾ ਕਿ 'ਆਪ' ਹਾਈਕਮਾਂਡ ਨੇ ਜਿਸ ਤਰ੍ਹਾਂ ਮੇਰੇ ਉਪਰ ਹਲਕਾ ਮਜੀਠਾ ਦਾ ਇੰਚਾਰਜ ਲਗਾ ਕੇ ਭਰੋਸਾ ਜਿਤਾਇਆ ਹੈ, ਮੈਂ ਪਾਰਟੀ ਦੀਆਂ ਲੋਕ ਪੱਖੀ ਨੀਤੀਆਂ ਨੂੰ ਹੇਠਲੇ ਪੱਧਰ ਤੱਕ ਲਾਗੂ ਕਰਵਾ ਕੇ ਪਾਰਟੀ ਨੂੰ ਮਜ਼ਬੂਤ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਾਂਗਾ।ਉਨ੍ਹਾਂ ਸਮੁੱਚੇ ਹਲਕਾ ਮਜੀਠਾ ਦੇ ਆਮ ਲੋਕਾਂ ਨੂੰ ਕਿਹਾ ਕਿ ਉਹ ਆਪਣੇ ਕੰਮਾਂ ਅਤੇ ਮੁਸ਼ਕਲਾਂ ਤੋਂ ਮੈਨੂੰ ਜਾਣੂ ਕਰਵਾਉਣ ਅਤੇ ਉਨ੍ਹਾਂ ਦੇ ਬਣਦੇ ਕੰਮ ਪਹਿਲ ਦੇ ਆਧਾਰ 'ਤੇ ਹੋਣਗੇ, ਜਿਸ ਲਈ ਮੈਂ ਹਮੇਸ਼ਾ ਪਹਿਲਾਂ ਦੀ ਤਰ੍ਹਾਂ ਹਾਜ਼ਰ ਹਾਂ।ਵੱਖ-ਵੱਖ ਆਗੂਆਂ ਵੱਲੋਂ ਤਲਬੀਰ ਸਿੰਘ ਗਿੱਲ ਨੂੰ ਇੰਚਾਰਜ ਲੱਗਣ 'ਤੇ ਮੂੰਹ ਮਿੱਠਾ ਕਰਾਉਂਦੇ ਵਧਾਈਆਂ ਵੀ ਦਿੱਤੀਆਂ। ਇਸ ਮੌਕੇ ਵਧਾਈ ਦੇਣ ਵਾਲਿਆਂ ਵਿਚ ਸਾਬਕਾ ਵਿਧਾਇਕ ਡਾ. ਦਲਬੀਰ ਸਿੰਘ ਵੇਰਕਾ, ਬਿਕਰਮਜੀਤ ਸਿੰਘ ਕੋਟਲਾ, ਸਰਪੰਚ ਸਿਕੰਦਰ ਸਿੰਘ ਖਿਦੋਵਾਲੀ, ਜੁਗਰਾਜ ਸਿੰਘ ਬਾਠ ਵੀ ਹਾਜ਼ਰ ਸਨ ।

# ਨਸ਼ੀਲੇ ਪਦਾਰਥਾਂ ਸਮੇਤ ਨਸ਼ਾ ਤਸਕਰ ਗ੍ਰਿਫਤਾਰ

**ਗੁਰਦਾਸਪੁਰ, (ਜਨਕ ਮਹਾਜਨ)**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਐਲਾਨੇ ਯੁੱਧ ਨਸ਼ੇ ਦੇ ਵਿਰੁੱਧ ਮੁਹਿੰਮ ਤਹਿਤ ਡਾਇਰੈਕਟਰ ਜਨਰਲ ਪੁਲਸ ਪੰਜਾਬ ਅਤੇ ਮਾਨਯੋਗ ਡਿਪਟੀ ਇੰਸਪੈਕਟਰ ਜਨਰਲ ਪੁਲਸ ਬਾਰਡਰ ਰੇਂਜ ਅੰਮ੍ਰਿਤਸਰ ਵੱਲੋਂ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਅਨੁਸਾਰ ਗੁਰਦਾਸਪੁਰ ਵੱਲੋਂ ਨਸ਼ਾ ਤਸਕਰਾਂ ਖਿਲਾਫ਼ ਕਾਰਵਾਈ ਲਗਾਤਾਰ ਜਾਰੀ ਹੈ ਅਤੇ ਗੁਰਦਾਸਪੁਰ ਪੁਲਸ ਨੇ 12 ਦੋਸ਼ੀਆਂ ਨੂੰ ਨਸ਼ੀਲੇ ਪਦਾਰਥਾਂ ਸਮੇਤ ਕਾਬੂ ਕੀਤਾ ਹੈ। ਐੱਸ. ਐੱਸ. ਪੀ. ਗੁਰਦਾਸਪੁਰ ਆਦਿੱਤਯ ਨੇ ਕਿਹਾ ਕਿ ਪੰਜਾਬ ਸਰਕਾਰ ਚਲਾਏ ਜਾ ਯੁੱਧ ਨਸ਼ਿਆਂ ਵਿਰੁੱਧ ਤਹਿਤ ਕਿਸੇ ਵੀ ਨਸ਼ਾ ਤਸਕਰ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਦੱਸਿਆ ਕਿ ਥਾਣਾ ਕਾਹਨੂੰਵਾਨ ਵਿਖੇ ਵਿਜੇ ਮਸੀਹ ਅਤੇ ਅਕਾਸ਼ਦੀਪ ਸਿੰਘ ਨੂੰ ਮੋਟਰਸਾਈਕਲ ਸਮੇਤ ਕਾਬੂ ਕਰਕੇ ਉਸ ਪਾਸੋਂ 10 ਗ੍ਰਾਮ ਹੈਰੋਇਨ ਅਤੇ ਇਲੈਕਟਰੋਨਿਕ ਕੰਡਾ ਬ੍ਰਾਮਦ ਕੀਤਾ ਗਿਆ ਹੈ। ਥਾਣਾ ਭੈਣੀ ਮੀਆਂ ਖਾਂ ਦੀ ਪੁਲਸ ਵੱਲੋਂ ਆਕਾਸ਼ ਕੁਮਾਰ ਨੂੰ ਕਾਬੂ ਕਰਕੇ ਉਸ ਪਾਸੋਂ 8 ਗਰਾਮ 47 ਮਿਲੀਗ੍ਰਾਮ ਹੈਰੋਇਨ ਬ੍ਰਾਮਦ ਕੀਤੀ ਹੈ। ਥਾਣਾ ਸਿਟੀ ਗੁਰਦਾਸਪੁਰ ਵਿਖੇ ਸੁਰਿੰਦਰ ਪਾਲ ਨੂੰ ਕਾਬੂ ਕਰਕੇ ਉਸ ਪਾਸੋਂ 7 ਗਰਾਮ 450 ਮਿਲੀਗ੍ਰਾਮ ਹੈਰੋਇਨ ਅਤੇ 1400 ਰੁਪਏ ਡਰੱਗ ਮਨੀ ਬਰਾਮਦ ਕੀਤੀ ਗਈ। ਐੱਸ. ਐੱਸ. ਪੀ. ਨੇ ਦੱਸਿਆ ਕਿ ਥਾਣਾ ਦੀਨਾਨਗਰ ਵਿਖੇ ਅਜੇ ਅਤੇ ਸੂਰਜ ਕੁਮਾਰ ਨੂੰ ਕਾਬੂ ਕਰਕੇ ਉਸ ਪਾਸੋਂ 31 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ। ਉਨ੍ਹਾਂ ਦੱਸਿਆ ਕਿ ਥਾਣਾ ਧਾਰੀਵਾਲ ਵਿਖੇ 2 ਵੱਖ-ਵੱਖ ਮੁਕੱਦਮਿਆਂ ਵਿੱਚ ਸੋਬਨਜੀਤ ਸਿੰਘ ਨੂੰ ਮੋਟਰਸਾਈਕਲ ਸਮੇਤ ਕਾਬੂ ਕਰਕੇ ਉਸ ਪਾਸੋਂ 10 ਗਰਾਮ ਹੈਰੋਇਨ ਅਤੇ ਕੰਪਿਊਟਰ ਕੰਡਾ ਬ੍ਰਾਮਦ ਕੀਤਾ ਗਿਆ ਅਤੇ ਸੁਖਵਿੰਦਰ ਸਿੰਘ ਤੇ 1 ਔਰਤ ਨੂੰ ਕਾਬੂ ਕਰਕੇ ਉਸ ਪਾਸੋਂ 20 ਗਰਾਮ ਹੈਰੋਇਨ, 3500 ਰੁਪਏ ਡਰੱਗ ਮਨੀ ਅਤੇ ਕੰਪਿਊਟਰ ਕੰਡਾ ਬਰਾਮਦ ਕੀਤਾ ਗਿਆ। ਏਸੇ ਤਰ੍ਹਾਂ ਥਾਣਾ ਸਦਰ ਗੁਰਦਾਸਪੁਰ ਵਿਖੇ ਸੁਰਜੀਤ ਸਿੰਘ ਅਤੇ ਸੁਖਦੇਵ ਸਿੰਘ ਨੂੰ ਕਾਬੂ ਕਰਕੇ ਉਸ ਪਾਸੋਂ 7 ਗਰਾਮ 17 ਮਿਲੀਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਪੁਲਸ ਨੇ ਇਨ੍ਹਾਂ ਸਾਰੇ ਨਸ਼ਾ ਤਸਕਰਾਂ ਖ਼ਿਲਾਫ਼ ਐੱਨ. ਡੀ. ਪੀ. ਐੱਸ. ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।



# 'ਸਮਾਜਿਕ ਸੁਰੱਖਿਆ ਦਾ ਸਮਾਂਵੇਸ਼' ਮੁਹਿੰਮ ਤਹਿਤ ਭੁੱਚਰ ਕਲਾਂ 'ਚ ਜਾਗਰੂਕਤਾ ਕੈਂਪ ਲੱਗਾ

**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਜ਼ਿਲ੍ਹਾ ਲੀਡ ਬੈਂਕ ਮੈਨੇਜਰ ਕੇ ਕੇ ਸਹਿਗਲ ਵੱਲੋਂ ਦੇਸ਼ ਭਰ 'ਚ ਪਿੰਡ ਪੱਧਰ 'ਤੇ ਚੱਲ ਰਹੇ ਸਮਾਜਿਕ ਸੁਰੱਖਿਆ ਸਮਾਂਵੇਸ਼ ਅਭਿਆਨ ਦੀ ਲੜੀ ਮੁਤਾਬਕ ਪੰਜਾਬ ਨੈਸ਼ਨਲ ਬੈਂਕ ਝਬਾਲ ਦੇ ਸਹਿਯੋਗ ਨਾਲ ਆਰ ਬੀ ਆਈ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਵਿੱਤੀ ਸਾਖਰਤਾ ਕੇਂਦਰ ਚੋਹਲਾ ਸਾਹਿਬ ਵੱਲੋਂ ਬਲਾਕ ਗੰਡੀਵਿੰਡ ਦੇ ਸਹਾਇਕ ਫ਼ਾਇਨਾਂਸ ਕੌਂਸਲਰ ਗੁਰਪ੍ਰੀਤ ਸਿੰਘ ਕੱਦਗਿੱਲ ਵੱਲੋਂ ਪਿੰਡ ਭੁੱਚਰ ਕਲਾਂ ਵਿਖੇ ਕੈਂਪ ਲਗਾਇਆ ਗਿਆ। ਕੈਂਪ ਵਿੱਚ ਐੱਫ ਐੱਲ ਸੀ ਹਰਜਿੰਦਰ ਕੌਰ ਨੇ ਪਹੁੰਚ ਕੇ ਹਾਜ਼ਰ ਪਿੰਡ ਵਾਸੀਆਂ ਨੂੰ ਪ੍ਰਧਾਨ ਮੰਤਰੀ ਜੀਵਨ ਜੋਤੀ ਬੀਮਾ ਯੋਜਨਾ, ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ, ਅਟੱਲ ਪੈਨਸ਼ਨ ਯੋਜਨਾ ਆਦਿ ਬਾਰੇ ਜਾਗਰੂਕ ਕਰਕੇ ਫਾਰਮ ਭਰੇ।ਬੈਂਕਾਂ ਵੱਲੋਂ ਦਿੱਤੀਆਂ ਜਾ ਰਹੀਆਂ ਵੱਖ -ਵੱਖ ਸਕੀਮਾਂ ਬਾਰੇ ਜਾਣਕਾਰੀ ਦਿੱਤੀ।ਇਸ ਮੌਕੇ ਏ ਐੱਫ ਸੀ ਗੁਰਪ੍ਰੀਤ ਸਿੰਘ ਕੱਦ ਗਿੱਲ ਨੇ ਸਾਈਬਰ ਧੋਖਾਦੇਹੀ ਬਾਰੇ ਜਾਗਰੂਕ ਕਰਦਿਆਂ ਦੱਸਿਆ ਕਿ ਮੋਬਾਇਲ 'ਤੇ ਆਇਆ ਓਟੀਪੀ ਕਿਸੇ ਵੀ ਅਣਜਾਣ ਵਿਅਕਤੀ ਨਾਲ ਸਾਂਝਾ ਨਾ ਕੀਤਾ ਜਾਵੇ ਤੇ ਸੋਸ਼ਲ ਮੀਡੀਆ 'ਤੇ ਭਰਮਾਉਣ ਵਾਲੇ ਆਉਂਦੇ ਸੁਨੇਹਿਆਂ ਤੋਂ ਜ਼ਰੂਰ ਬਚਿਆ ਜਾਵੇ ਕਿਉਂਕਿ ਸੋਸ਼ਲ ਮੀਡੀਆ ਦੇ ਅਜੋਕੇ ਸਮੇਂ ਵਿੱਚ ਇਹ ਸਾਈਬਰ ਧੋਖਾਦੇਹੀ ਵੱਧਣ ਦਾ ਸਭ ਤੋਂ ਵੱਡਾ ਕਾਰਨ ਹਨ।ਦੱਸਿਆ ਕਿ ਕਿਸੇ ਵੀ ਤਰ੍ਹਾਂ ਦੀ ਠੱਗੀ ਦੇ ਸ਼ਿਕਾਰ ਹੋਣ ਤੋਂ ਬਚਣ ਲਈ ਫੋਨ ਤੇ ਆਏ ਕਿਸੇ ਅਣਜਾਣ ਲਿੰਕ ਨੂੰ ਨਾ ਛੇੜੋ ਅਤੇ ਨਾ ਹੀ ਕਿਸੇ ਤੋਹਫ਼ੇ ਜਾਂ ਰਿਆਇਤ ਤੇ ਦਿੱਤੀਆਂ ਜਾਂਦੀਆਂ ਵਸਤੂਆਂ ਦੇ ਲਾਲਚ ਵਿੱਚ ਆ ਕੇ ਕਿਸੇ ਅਣਜਾਣ ਵਿਅਕਤੀ ਨੂੰ ਆਪਣੇ ਨਿੱਜੀ ਕਾਗਜ਼ਾਤ ਭੇਜੋ। ਕਿਸੇ ਨੂੰ ਆਨਲਾਈਨ ਪੈਸੇ ਭੇਜਣ ਤੋਂ ਪਹਿਲਾ ਉਸ ਦੀ ਚੰਗੀ ਤਰਾਂ ਜਾਂਚ ਜ਼ਰੂਰ ਕਰ ਲਈ ਜਾਵੇ।ਇਸ ਮੌਕੇ ਬੀ. ਸੀ. ਏ. ਦਿਲਬਾਗ ਸਿੰਘ ਨੇ ਹਾਜ਼ਰੀਨ ਦੇ ਨਵੇਂ ਖਾਤੇ ਖੁਲ੍ਹਵਾਉਣ ਦੀ ਪ੍ਰਕਿਰਿਆ ਸਾਂਝੀ ਕਰਦਿਆਂ ਕਿਹਾ ਕਿ ਬੈਂਕਾਂ ਵੱਲੋਂ ਦਿੱਤੀਆਂ ਜਾ ਰਹੀਆਂ ਸਕੀਮਾਂ ਦਾ ਲਾਭ ਲੈਣ ਲਈ ਹਰੇਕ ਨਾਗਰਿਕ ਦਾ ਖਾਤਾ ਹੋਣਾ ਬਹੁਤ ਜ਼ਰੂਰੀ ਹੈ।ਕੈਂਪ ਦਾ ਵੱਡੀ ਤਾਦਾਦ 'ਚ ਪੁੱਜੇ ਪਿੰਡ ਵਾਸੀਆਂ ਨੇ ਲਾਭ ਪ੍ਰਾਪਤ ਕੀਤਾ ।



# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ (ਪੰਜਾਬ) ਨੇ ਫੂਕਿਆ ਸਰਕਾਰ ਦਾ ਪੁਤਲਾ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ (ਪੰਜਾਬ) ਵੱਲੋਂ ਅੱਜ ਨਗਰ ਖਡੂਰ ਸਾਹਿਬ ਦੇ ਚੌਂਕ ਵਿੱਚ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ ਅਤੇ ਪੰਜਾਬ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ ਜਿਸ ਵਿੱਚ ਜ਼ੋਨ ਖਡੂਰ ਸਾਹਿਬ, ਜ਼ੋਨ ਸ਼੍ਰੀ ਗੁਰੂ ਅੰਗਦ ਦੇਵ ਜੀ, ਜ਼ੋਨ ਬਾਬਾ ਬਕਾਲਾ ਦੇ ਅਧੀਨ ਆਉਂਦੇ ਪਿੰਡਾਂ ਤੋਂ ਵੱਡੀ ਗਿਣਤੀ ਵਿੱਚ ਕਿਸਾਨਾਂ ਤੇ ਮਜ਼ਦੂਰਾਂ ਨੇ ਹਾਜ਼ਰੀ ਭਰੀ। ਇਸ ਮੌਕੇ ਜ਼ਿਲ੍ਹਾ ਮੀਤ ਪ੍ਰਧਾਨ ਦਿਆਲ ਸਿੰਘ ਮੀਆਂ ਵਿੰਡ ਨੇ ਕਿਹਾ ਕਿ ਕੱਲ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਚੀਮਾ ਗੁੱਡੀ, ਨੰਗਲ ਝੌਰ ਅਤੇ ਭਰਥ ਵਿਖੇ ਸੈਂਟਰ ਸਰਕਾਰ ਦੇ ਇਸ਼ਾਰੇ ਉਤੇ ਪੰਜਾਬ ਸਰਕਾਰ ਵੱਲੋਂ ਭਾਰੀ ਪੁਲਸ ਪ੍ਰਸ਼ਾਸਨ ਨਾਲ ਖ਼ੇਤੀਯੋਗ ਜ਼ਮੀਨਾਂ ਦੇ ਬਿਨਾਂ ਪੈਸੇ ਦਿੱਤਿਆਂ ਉਨ੍ਹਾਂ ਉਪਰ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਗਈ।ਕਿਸਾਨਾਂ, ਮਜਦੂਰਾਂ, ਬੀਬੀਆਂ ਭੈਣਾਂ, ਮਾਤਾਵਾਂ, ਬਜ਼ੁਰਗਾਂ ਉਪਰ ਲਾਠੀਚਾਰਜ ਕੀਤਾ ਗਿਆ। ਗੱਲਬਾਤ ਦੇ ਦੌਰਾਨ ਜ਼ਿਲ੍ਹਾ ਆਗੂ ਹਰਬਿੰਦਰਜੀਤ ਸਿੰਘ ਕੰਗ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਵੱਲੋਂ ਚੁਣੀ ਹੋਈ ਪੰਜਾਬ ਦੀ ਭਗਵੰਤ ਮਾਨ ਸਰਕਾਰ ਲੋਕਾਂ ਉੱਪਰ ਅੰਨ੍ਹਾ ਤਸ਼ੱਦਦ ਅਤੇ ਜ਼ੁਲਮ ਕਰਨ 'ਤੇ ਉਤਰ ਆਈ ਹੈ।ਪਹਿਲਾਂ ਇਨ੍ਹਾਂ ਨੇ ਰਾਤ ਦੇ ਸਮੇਂ ਸ਼ੰਭੂ ਅਤੇ ਖਨੌਰੀ ਮੋਰਚੇ ਨੂੰ ਚੁਕਵਾ ਕੇ ਸਾਡੇ ਰਹਿਣ ਬਸੇਰੇ ਢਹਿ ਢੇਰੀ ਕਰ ਦਿੱਤੇ।ਸਟੇਜ ਦੀ ਭੰਨ-ਤੋੜ ਕੀਤੀ ਗਈ।ਕੱਲ ਗੁਰਦਾਸਪੁਰ ਵਿਖੇ ਪੁਲਸ ਪ੍ਰਸ਼ਾਸਨ ਵੱਲੋਂ ਜਬਰਨ ਮਾਈ ਭਾਗੋ ਅਤੇ ਮਾਤਾ ਸਾਹਿਬ ਕੌਰ ਦੀਆਂ ਵਾਰਸਾਂ ਸਾਡੀਆਂ ਬੀਬੀਆਂ, ਮਾਤਾਵਾਂ ਨੂੰ ਵਾਲਾਂ ਤੋਂ ਫੜ ਕੇ ਝੋਨੇ ਵਿਚ ਘੜੀਸਿਆ ਗਿਆ ਜਿਸ ਦੀ ਕਰੜੇ ਸ਼ਬਦਾਂ ਵਿਚ ਨਿੰਦਾ ਕਰਦੇ ਹਾਂ। ਭਗਵੰਤ ਮਾਨ ਸਰਕਾਰ ਨੂੰ ਦੱਸ ਦੇਣਾ ਚਾਹੁੰਦੇ ਹਾਂ ਕਿ ਜੇਕਰ ਪੰਜਾਬ ਸਰਕਾਰ ਪੰਜਾਬ ਦੇ ਲੋਕਾਂ ਉੱਪਰ ਜਬਰ ਜ਼ੁਲਮ ਕਰਨ ਤੋਂ ਬਾਜ਼ ਨਾ ਆਈ ਤਾਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਡੀਆਂ ਮੀਟਿੰਗਾਂ ਲਗਾ ਕੇ ਵੱਡੇ ਐਕਸ਼ਨ ਕਰੇਗੀ।ਇਸ ਦੌਰਾਨ ਇਕਬਾਲ ਸਿੰਘ ਵੜਿੰਗ, ਸੁਖਚੈਨ ਸਿੰਘ ਅੱਲੋਵਾਲ, ਸਤਨਾਮ ਸਿੰਘ ਖੋਜਕੀਪੁਰ, ਹਰਜਿੰਦਰ ਸਿੰਘ ਘੱਗੇ, ਬਿਕਰਮਜੀਤ ਸਿੰਘ ਮੀਆਂਵਿੰਡ, ਮਨਜੀਤ ਸਿੰਘ ਵੈਰੋਵਾਲ ਬਾਵਿਆਂ, ਤਰਸੇਮ ਸਿੰਘ ਏਕਲਗੱਡਾ, ਰਣਜੀਤ ਸਿੰਘ ਵੜਿੰਗ, ਪਾਖਰ ਸਿੰਘ ਲਾਲਪੁਰਾ, ਭੁਪਿੰਦਰ ਸਿੰਘ ਖਡੂਰ ਸਾਹਿਬ, ਸੁਖਦੇਵ ਸਿੰਘ ਘੱਗੇ, ਮੋਹਨ ਸਿੰਘ ਖੋਜਕੀਪੁਰ, ਪ੍ਰਭਜੋਤ ਸਿੰਘ ਜਲਾਲਾਬਾਦ, ਦਲਬੀਰ ਸਿੰਘ ਭਲੋਜਲਾ, ਤਰਲੋਚਨ ਸਿੰਘ ਨਰੋਤਮਪੁਰ, ਗੁਰਵਿੰਦਰ ਸਿੰਘ ਗੋਰਾ ਮੀਆਂਵਿੰਡ ਤੋਂ ਇਲਾਵਾ ਵੱਖ-ਵੱਖ ਪਿੰਡਾਂ ਤੋਂ ਕਿਸਾਨ ਮਜ਼ਦੂਰ ਹਾਜ਼ਰ ਸਨ।



# ਪੰਜ ਸਾਲਾਂ ਤੋਂ ਸੰਪਰਕ ਸੜਕ ਦੀ ਮੁਰੰਮਤ ਨਾ ਹੋਣ ਕਰਕੇ ਪੰਚਾਇਤ ਨੇ ਡੀ ਸੀ ਨੂੰ ਦਿੱਤਾ ਮੰਗ ਪੱਤਰ



**ਗੁਰਦਾਸਪੁਰ, (ਜਨਕ ਮਹਾਜਨ)**

ਪਿੰਡ ਨੁਸ਼ਹਿਰਾ ਬਹਾਦਰ ਪਿੰਡ ਨੂੰ ਜਾਣ ਵਾਲੀ ਸੰਪਰਕ ਸੜਕ ਦੀ ਹਾਲਤ ਪਿਛਲੇ ਪੰਜ ਸਾਲਾਂ ਤੋਂ ਖਰਾਬ ਹੋਣ ਕਰਕੇ ਇਸ ਵਿਚ ਡੂੰਘੇ-ਡੂੰਘੇ ਟੋਏ ਪੈਣ ਨਾਲ ਲੋਕਾਂ ਦਾ ਜਨ ਜੀਵਨ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਹੋ ਰਿਹਾ ਹੈ। ਇਸ ਪਾਸੇ ਲੋਕ ਨਿਰਮਾਣ ਵਿਭਾਗ ਗੁਰਦਾਸਪੁਰ ਦਾ ਧਿਆਨ ਨਾ ਹੋਣ ਕਰਕੇ ਲੋਕਾਂ ਦਾ ਮਹਿਕਮੇ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਸੰਬੰਧ ਵਿਚ ਪਿੰਡ ਦੇ ਸਰਪੰਚ ਹਰਜਿੰਦਰ ਸਿੰਘ ਨੁਸ਼ਹਿਰਾ, ਕਾਂਗਰਸੀ ਆਗੂ ਜਸਵਿੰਦਰ ਸਿੰਘ ਲਾਡੀ, ਮਨਪ੍ਰੀਤ ਸਿੰਘ ਮੰਨਾ, ਮੈਂਬਰ ਵਰਿੰਦਰ ਸਿੰਘ, ਬਲਜਿੰਦਰ ਸਿੰਘ, ਤਰਸੇਮ ਲਾਲ, ਤਰਸੇਮ ਸਿੰਘ, ਵਜ਼ੀਰ ਸਿੰਘ, ਕਰਨੈਲ ਸਿੰਘ, ਸਰਬਜੀਤ ਸਿੰਘ, ਰਵੇਲ ਸਿੰਘ ਅਤੇ ਪ੍ਰਤਾਪ ਸਿੰਘ ਸੈਣੀ ਨੇ ਦੱਸਿਆ ਕਿ ਇਹ ਸੜਕ ਨੁਸ਼ਹਿਰਾ ਬਹਾਦਰ ਤੋਂ ਇਲਾਵਾ ਗਾਜ਼ੀਕੋਟ ਦੇ ਅਨੇਕਾਂ ਪਿੰਡਾਂ ਤੇ ਪ੍ਰਸਿੱਧ ਇਤਿਹਾਸਕ ਸਥਾਨ ਪੰਡੋਰੀ ਤੇ ਸ਼ਹੀਦ ਬੀਬੀ ਸੁੰਦਰੀ ਗੁਰਦੁਆਰਾ ਸਾਹਿਬ ਨੂੰ ਮਿਲਦੀ ਹੈ। ਉਨ੍ਹਾਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਨੂੰ ਮੰਗ ਪੱਤਰ ਦੇ ਕੇ ਮੰਗ ਕੀਤੀ ਕਿ ਸੜਕ ਦੀ ਮਰੰਮਤ ਪਹਿਲ ਦੇ ਆਧਾਰ 'ਤੇ ਕਰਵਾਉਣ ਲਈ ਲੋਕ ਨਿਰਮਾਣ ਵਿਭਾਗ ਗੁਰਦਾਸਪੁਰ ਨੂੰ ਆਦੇਸ਼ ਜਾਰੀ ਕੀਤੇ ਜਾਣ ਜਿਸ ਨਾਲ ਲੋਕਾਂ ਦੀ ਲੰਬੇ ਸਮੇਂ ਤੋਂ ਲਟਕਦੀ ਮੰਗ ਪ੍ਰਵਾਨ ਹੋ ਸਕੇ।

# ਨਾਇਬ ਸੂਬੇਦਾਰ ਸ਼ਹੀਦ ਕੁਲਦੀਪ ਸਿੰਘ ਸਵਰਗਾਪੁਰੀ ਦੀ ਦੂਜੀ ਬਰਸੀ ਮਨਾਈ

**ਝਬਾਲ (ਹਰਜਿੰਦਰ ਸਿੰਘ ਸੋਨੀ)**

ਪਿੰਡ ਸਵਰਗਾਪੁਰੀ ਦੇ ਸ਼ਹੀਦ ਨਾਇਬ ਸੂਬੇਦਾਰ ਕੁਲਦੀਪ ਸਿੰਘ ਜੋ ਕਿ ਦੋ ਸਾਲ ਪਹਿਲਾਂ ਜੰਮੂ ਦੇ ਪੁੰਛ ਜ਼ਿਲ੍ਹੇ ਵਿੱਚ 16 ਆਰ ਆਰ ਸਰਚ ਆਪਰੇਸ਼ਨ ਦੌਰਾਨ ਨਾਅਲਾ ਕਰਾਸਿੰਗ ਕਰਦੇ ਹੋਏ ਆਪਣੇ ਦੂਸਰੇ ਸਾਥੀ ਨਾਲ ਗਸ਼ਤ 'ਤੇ ਜਾ ਰਹੇ ਸਨ ਕਿ ਪਾਣੀ ਦਾ ਤੇਜ਼ ਵਹਾਅ ਆਉਣ ਨਾਲ ਸ਼ਹੀਦ ਕੁਲਦੀਪ ਸਿੰਘ ਦੇ ਸਾਥੀ ਦਾ ਪੈਰ ਤਿਲਕ ਗਿਆ ।ਉਸ ਦੀ ਜਾਨ ਬਚਾਉਣ ਗਏ ਉਹ ਆਪ ਪਾਣੀ ਵਿੱਚ ਰੁੜ੍ਹ ਗਏ। 8 ਜੁਲਾਈ 2023 ਨੂੰ ਉਹ ਸਾਥੀ ਦੀ ਜਾਨ ਬਚਾਉਂਦੇ ਖੁਦ ਸ਼ਹੀਦੀ ਪ੍ਰਾਪਤ ਕਰ ਗਏ ਸਨ। ਉਨ੍ਹਾਂ ਦੀ ਯਾਦ ਵਿੱਚ ਉਨ੍ਹਾਂ ਦੇ ਪਰਿਵਾਰ ਵੱਲੋਂ 8 ਜੁਲਾਈ ਨੂੰ ਦੂਜੀ ਬਰਸੀ ਮਨਾਈ ਗਈ ਅਤੇ ਉਨ੍ਹਾਂ ਦੇ ਗ੍ਰਹਿ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਪਾਇਆ ਗਿਆ। ਉਪਰੰਤ ਗੁਰਦੁਆਰਾ ਮਾਤਾ ਭਾਗ ਕੌਰ ਜੀ ਝਬਾਲ ਵਿਖੇ ਕੀਰਤਨ ਦਰਬਾਰ ਸਜਾਇਆ ਗਿਆ ਜਿਸ ਵਿਚ ਸਰਦਾਰ ਕੁਲਦੀਪ ਸਿੰਘ ਦੇ ਮਾਤਾ-ਪਿਤਾ ਅਤੇ ਉਨ੍ਹਾਂ ਦੇ ਪੁੱਤਰ ਹਰਦੀਪ ਸਿੰਘ ਨੂੰ ਗੁਰਦੁਆਰੇ ਦੇ ਮੁੱਖ ਸੇਵਾਦਾਰ ਗੁਰਸੇਵਕ ਸਿੰਘ ਵੱਲੋਂ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਉਸ ਸਮੇਂ ਮੌਜੂਦ ਉਨ੍ਹਾਂ ਦੀ ਯੂਨਿਟ ਦੇ ਫੋਰ ਮੈਕਾਨਾਈਜ਼ ਇਨਫੈਂਟਰੀ (1 ਸਿੱਖ) ਨਾਇਬ ਸੂਬੇਦਾਰ ਮਾਨ ਸਿੰਘ, ਹਵਲਦਾਰ ਰਵਿੰਦਰ ਸਿੰਘ, ਨਾਇਕ ਸੁਖਦੀਪ ਸਿੰਘ, ਹਵਲਦਾਰ ਤਲਵਿੰਦਰ ਸਿੰਘ, ਸਿਪਾਹੀ ਜੋਬਨਜੀਤ ਸਿੰਘ 23 ਬਟਾਲੀਅਨ ਖਾਸਾ ਕੈਂਟ ਦੇ ਸੀਓ ਦੀ ਪਤਨੀ ਸ਼੍ਰੀਮਤੀ ਸੋਮੀ ਚਟਰਜੀ ਹਾਜ਼ਰ ਸਨ। ਉਨ੍ਹਾਂ ਦੇ ਹੋਰ ਸਾਥੀ ਸੂਬੇਦਾਰ ਨਗਰ ਮੱਲ ਯਾਦਵ ਅਤੇ ਨਾਇਕ ਰਤਨ ਵੀ ਸ਼ਾਮਲ ਸਨ ।



# ਹਾਕੀ ਦੀ ਖਿਡਾਰਨ ਕਰਮਨਪ੍ਰੀਤ ਕੌਰ ਦਾ ਸਨਮਾਨ



**ਪੱਟੀ (ਬਲਦੇਵ ਸਿੰਘ ਸੰਧੂ)**

ਅਜੋਕੇ ਸਮਾਜ ਵਿੱਚ ਜਿੱਥੇ ਧੀਆਂ ਦਾ ਜੰਮਣਾ ਸਰਾਪ ਸਮਝਿਆ ਜਾਂਦਾ ਉਥੇ ਧੀਆਂ ਪੁੱਤਰਾਂ ਨਾਲੋਂ ਤਰੱਕੀ ਵਿੱਚ ਕਿਤੇ ਵੀ ਘੱਟ ਨਹੀਂ ਜਿਸਦੀ ਤਾਜ਼ਾ ਮਿਸਾਲ ਦਿਲਬਾਗ ਸਿੰਘ ਡੈਪੋ ਦੇ ਘਰ ਜਨਮੀ ਕਰਮਨਪ੍ਰੀਤ ਕੌਰ ਤੋਂ ਮਿਲਦੀ ਹੈ।ਸਬ ਡਵੀਜ਼ਨ ਪੱਟੀ ਅਧੀਨ ਸੰਘਣੀ ਆਬਾਦੀ ਵਾਲੇ ਪਿੰਡ ਸਭਰਾ ਦੀ ਜੰਮਪਲ ਕਰਮਨਪ੍ਰੀਤ ਕੌਰ ਨੂੰ ਇੰਡੀਆ ਹਾਕੀ ਟੀਮ 'ਚ ਸ਼ਾਮਲ ਕਰਨ 'ਤੇ ਮਾਂ ਬਾਪ ਨੂੰ ਮਾਣ ਹੈ ਤੇ ਉਨ੍ਹਾਂ ਧੀ ਨੂੰ ਸਨਮਾਨ ਦੇਣ ਵਾਲਿਆਂ ਦਾ ਤਾਂਤਾ ਲੱਗਾ ਹੋਇਆ।ਬੀਤੇ ਦਿਨੀਂ ਵਿਦੇਸ਼ ਵਿੱਚ ਖੇਡ ਕੇ ਵਾਪਸ ਪਰਤੀ ਧੀ ਕਰਮਨਪ੍ਰੀਤ ਕੌਰ ਸਭਰਾ ਪੁੱਤਰੀ ਦਿਲਬਾਗ ਸਿੰਘ ਡੈਪੋ ਨੇ ਹਾਕੀ ਵਿੱਚ ਨਾ ਸਿਰਫ ਆਪਣਾ ਬਲਕਿ ਇਲਾਕੇ ਦਾ ਨਾਮ ਰੌਸ਼ਨ ਕੀਤਾ। ਜੂਨੀਅਰ ਨੈਸ਼ਨਲ ਹਾਕੀ ਟੀਮ ਵਿੱਚ ਜਗ੍ਹਾ ਬਣਾ ਕੇ ਇੰਡੀਆ ਕੈਂਪ ਲਈ ਚੁਣਿਆ ਗਿਆ। ਘਰ ਪਰਤਣ 'ਤੇ ਇਲਾਕੇ ਦੀਆਂ ਸਮਾਜਿਕ, ਧਾਰਮਿਕ ਤੇ ਰਾਜਨੀਤਕ ਜਥੇਬੰਦੀਆਂ ਨੇ ਕਰਮਨਪ੍ਰੀਤ ਕੌਰ ਦਾ ਸਨਮਾਨ ਕੀਤਾ। ਬਾਬਾ ਬਲਜਿੰਦਰ ਸਿੰਘ ਚੂਸਲੇਵੜ ਡਾਇਰੈਕਟਰ ਪੀਏਡੀ ਬੈਂਕ ਪੱਟੀ ਤੇ ਚੇਅਰਮੈਨ ਬਲਵਿੰਦਰ ਸਿੰਘ ਚੂਸਲੇਵੜ ਨੇ ਬੇਟੀ ਨੂੰ ਸਨਮਾਨਿਤ ਕੀਤਾ। ਇਸ ਮੌਕੇ ਉਨ੍ਹਾਂ ਦਿਲਬਾਗ ਸਿੰਘ ਡੈਪੋ ਨੂੰ ਵਧਾਈਆਂ ਦਿੱਤੀਆਂ ਤੇ ਸਿਰੋਪਾਓ ਦੇ ਕੇ ਮੂੰਹ ਮਿੱਠਾ ਕਰਵਾਇਆ।

# ਰਿਆੜਕੀ ਪਬਲਿਕ ਸਕੂਲ ਤੁਗਲਵਾਲ ਵਿਖੇ ਵਿਦਿਆਰਥੀ ਕੌਂਸਲ ਦੀ ਚੋਣ ਤੇ ਸਹੁੰ-ਚੁੱਕ ਸਮਾਗਮ ਸੰਪੰਨ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਇਲਾਕੇ ਦੀ ਸਿਰਮੌਰ ਸੰਸਥਾ ਰਿਆੜਕੀ ਪਬਲਿਕ ਸਕੂਲ ਤੁਗਲਵਾਲ ਵਿਖੇ ਵਿਦਿਆਰਥੀ ਕੌਂਸਲ ਦੀ ਚੋਣ ਅਤੇ ਸਹੁੰ-ਚੁੱਕ ਸਮਾਰੋਹ ਬੜੀ ਧੂਮਧਾਮ ਨਾਲ ਕਰਵਾਇਆ। ਸੰਸਥਾ ਦੇ ਮੁੱਖ ਪ੍ਰਬੰਧਕ ਗਗਨਦੀਪ ਸਿੰਘ ਵਿਰਕ ਅਤੇ ਡਾਇਰੈਕਟਰ ਮਨਪ੍ਰੀਤ ਕੌਰ ਵਿਰਕ ਨੇ ਦੱਸਿਆ ਵਿਦਿਆਰਥੀਆਂ ਵਿੱਚ ਅਗਵਾਈ ਅਤੇ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨਾ ਇਸ ਸਮਾਗਮ ਦਾ ਮੁੱਖ ਮੰਤਵ ਹੈ। ਸਮਾਗਮ ਦੀ ਸ਼ੁਰੂਆਤ ਗੁਰਬਾਣੀ ਦੇ ਇਲਾਹੀ ਕੀਰਤਨ ਅਤੇ ਅਰਦਾਸ ਨਾਲ ਕੀਤੀ। ਸੰਸਥਾ ਦੇ ਮੁੱਖ ਪ੍ਰਬੰਧਕ ਗਗਨਦੀਪ ਸਿੰਘ ਵਿਰਕ ਨੇ ਕਿਹਾ ਵਿਦਿਆਰਥੀ ਕੌਮ ਦਾ ਅਨਮੁੱਲਾ ਸਰਮਾਇਆ ਅਤੇ ਭਵਿੱਖ ਦੇ ਨੇਤਾ ਹਨ। ਇੱਕ ਚੰਗੇ ਕੈਲੀਬਰ, ਕਿਰਦਾਰ ਅਤੇ ਵਿਅਕਤੀਤਵ ਵਾਲਾ ਵਿਦਿਆਰਥੀ ਹੀ ਸਮਾਜ ਦਾ ਸੁਚੱਜਾ ਨਾਗਰਿਕ ਬਣ ਸਕਦਾ ਹੈ। ਇਸ ਲਈ ਵਿਦਿਆਰਥੀਆਂ ਵਿੱਚ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨ ਲਈ ਸਕੂਲ ਦੇ ਹਰ ਕੰਮ ਵਿੱਚ ਉਨ੍ਹਾਂ ਦੀ ਸਮੂਲੀਅਤ ਨੂੰ ਯਕੀਨੀ ਬਣਾਇਆ ਜਾਂਦਾ ਹੈ। ਇਸੇ ਮੰਤਵ ਨੂੰ ਪੂਰਾ ਕਰਨ ਲਈ ਸਕੂਲ ਵਿੱਚ ਵਿਦਿਆਰਥੀ ਕੌਂਸਲ ਦੀ ਸਥਾਪਨਾ ਕੀਤੀ ਜਾਂਦੀ ਹੈ, ਜੋ ਸਕੂਲ ਦੀ ਸਭ ਤੋਂ ਸੁਪਰੀਮ ਕਮੇਟੀ ਹੁੰਦੀ ਹੈ। ਇਸ ਸਾਲ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਵਿੱਚੋਂ ਸੀਨੀਅਰ ਅਤੇ ਹਰ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਦੀ ਚੋਣ ਕੀਤੀ ਗਈ। ਸਕੂਲ ਦੀ ਸਟੂਡੈਂਟ ਕੌਂਸਲ ਵਿੱਚ ਨਵਨੀਤ ਸਿੰਘ (ਬਾਰ੍ਹਵੀਂ ਜਮਾਤ) ਨੂੰ ਹੈੱਡ ਬੁਆਏ, ਰੂਪਨੀਤ ਕੌਰ (ਬਾਰ੍ਹਵੀਂ ਜਮਾਤ) ਨੂੰ ਹੈੱਡ ਗਰਲ ਅਤੇ ਅਨਹਦ ਕੌਰ ਨੂੰ ਵਾਈਸ ਹੈੱਡ ਗਰਲ ਵਜੋਂ ਚੁਣਿਆ ਗਿਆ। ਹਾਊਸ ਵਾਈਜ (ਰਾਵੀ, ਬਿਆਸ, ਜੇਹਲਮ, ਸਤਲੁਜ) ਕਪਤਾਨਾਂ ਵਜੋਂ ਲੜਕਿਆਂ ਵਿੱਚ ਸਾਹਿਲਪ੍ਰੀਤ ਸਿੰਘ, ਜਸਮੀਤ ਸਿੰਘ, ਹਰਮਨਪ੍ਰੀਤ ਸਿੰਘ ਅਤੇ ਗੁਨਤਾਸ ਸਿੰਘ ਨੂੰ ਨਿਯੁਕਤ ਕੀਤਾ। ਲੜਕੀਆਂ ਵਿੱਚ ਅਰਸ਼ਦੀਪ ਕੌਰ, ਸ਼੍ਰੇਹਾ ਠਾਕੁਰ, ਜਸ਼ਨਪ੍ਰੀਤ ਕੌਰ ਅਤੇ ਚਾਹਤਪ੍ਰੀਤ ਕੌਰ ਨੂੰ ਕਪਤਾਨ ਵਜੋਂ ਚੁਣਿਆ ਗਿਆ। ਵਾਈਸ ਕਪਤਾਨਾਂ ਵਿੱਚ ਮਨਪ੍ਰੀਤ ਕੌਰ, ਸਹਿਜਪ੍ਰੀਤ ਕੌਰ, ਗੁਰਸਹਿਜਦੀਪ ਕੌਰ, ਅਨਮੋਲਪ੍ਰੀਤ ਕੌਰ, ਕਰਨਬੀਰ ਸਿੰਘ, ਰਣਵੀਰ ਸਿੰਘ, ਗੁਰਬੀਰ ਸਿੰਘ ਅਤੇ ਮਨਜਿੰਦਰ ਸਿੰਘ ਦੀ ਚੋਣ ਕੀਤੀ ਗਈ। ਵੱਖ-ਵੱਖ ਕਲੱਬਾਂ ਦੀ ਚੋਣ ਵਿੱਚ ਪਾਰਸ ਮਹਿਰਾ, ਰਸਲੀਨ ਕੌਰ, ਗੁਰਪ੍ਰੀਤ ਕੌਰ, ਸਹਿਜਪ੍ਰੀਤ ਕੌਰ, ਮੁਸ਼ਕਾਨ ਅਤੇ ਹਰਮਨਪ੍ਰੀਤ ਕੌਰ ਨੂੰ ਪ੍ਰਧਾਨ ਅਤੇ ਗੁਰਅਸੀਸ ਕੌਰ ਤੇ ਕੋਮਲਦੀਪ ਕੌਰ ਨੂੰ ਵਾਈਸ ਪ੍ਰਧਾਨ ਵਜੋਂ ਸਨਮਾਨਿਤ ਕੀਤਾ ਗਿਆ। ਨਵੇਂ ਕਲੱਬਾਂ ਵਿੱਚ ਸੈਲਫ ਐਡਵੋਕੇਸੀ ਕਲੱਬ, ਈਕੋ ਕਲੱਬ, ਸਾਹਿਤਕ ਕਲੱਬ ਅਤੇ ਸਪੋਰਟਸ ਕਲੱਬ ਸ਼ਾਮਲ ਹਨ। ਸੈਲਫ ਐਡਵੋਕੇਸੀ ਕਲੱਬ ਦੇ ਪ੍ਰਧਾਨ ਵਿਸ਼ਵਜੀਤ ਸਿੰਘ, ਵਾਈਸ ਪ੍ਰਧਾਨ ਮਨਮੀਤ ਕੌਰ ਅਤੇ ਸੈਕਟਰੀ ਅਰਮਨ ਕੌਰ ਨੂੰ ਨਿਯੁਕਤ ਕੀਤਾ ਗਿਆ। ਈਕੋ ਕਲੱਬ ਦੀ ਪ੍ਰਧਾਨ ਗੁਰਪ੍ਰੀਤ ਕੌਰ, ਸਾਹਿਤਕ ਕਲੱਬ ਦੀ ਪ੍ਰਧਾਨ ਰਸਲੀਨ ਕੌਰ ਅਤੇ ਸਪੋਰਟਸ ਕਲੱਬ ਦੇ ਪ੍ਰਧਾਨ ਪਾਰਸ ਮਹਿਰਾ ਨੂੰ ਚੁਣਿਆ ਗਿਆ। ਸਮਾਰੋਹ ਦੌਰਾਨ ਸਾਰੇ ਵਿਦਿਆਰਥੀ ਡਰੱਮ ਬੀਟ ਦੇ ਨਾਲ ਮਾਰਚ-ਪਾਸਟ ਕਰਦੇ ਹੋਏ ਵਾਰੋ-ਵਾਰੀ ਸਟੇਜ 'ਤੇ ਪਹੁੰਚੇ। ਸਕੂਲ ਡਾਇਰੈਕਟਰ ਮਨਪ੍ਰੀਤ ਕੌਰ ਵਿਰਕ ਨੇ ਵਿਦਿਆਰਥੀਆਂ ਨੂੰ ਬੈਚ ਲਗਾਏ ਅਤੇ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਆਪਣੇ ਵਿਚਾਰਾਂ ਨਾਲ ਵਿਦਿਆਰਥੀਆਂ ਨੂੰ ਉਤਸਾਹਿਤ ਕੀਤਾ। ਸਮੂਹ ਚੁਣੇ ਗਏ ਵਿਦਿਆਰਥੀਆਂ ਨੇ ਸਹੁੰ ਚੁੱਕ ਕੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਤਨਦੇਹੀ, ਇਮਾਨਦਾਰੀ ਅਤੇ ਦਿਆਨਤਦਾਰੀ ਨਾਲ ਨਿਭਾਉਣ ਦਾ ਪ੍ਰਣ ਲਿਆ। ਸਟੇਜ ਦੀ ਜਿੰਮੇਵਾਰ ਮੈਡਮ ਚਰਨਜੀਤ ਕੌਰ ਨੇ ਬਾਖੂਬੀ ਨਿਭਾਈ। ਇਹ ਸਮੁੱਚਾ ਪ੍ਰੋਗਰਾਮ ਸੰਸਥਾ ਦੇ ਅਧਿਆਪਕ ਜਤਿੰਦਰ ਕੁਮਾਰ, ਜੀਨਸ ਅਤੇ ਰਾਜਵਿੰਦਰ ਕੌਰ ਦੀ ਅਗਵਾਈ ਹੇਠ ਸਫਲਤਾਪੂਰਵਕ ਸੰਪੰਨ ਹੋਇਆ।



# ਅਜੇਦੀਪ ਸਿੰਘ ਬਿਹਾਰੀਪੁਰ ਨੂੰ ਸ਼ਰਧਾ ਦੇ ਫੁੱਲ ਭੇਟ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**-ਪਿਛਲੇ ਦਿਨੀਂ ਪਿੰਡ ਬਿਹਾਰੀਪੁਰ ਦੇ ਨੌਜਵਾਨ ਕਾਕਾ ਅਜੇਦੀਪ ਸਿੰਘ ਪੋਤਰਾ ਪ੍ਰਧਾਨ ਮੁਖ਼ਤਾਰ ਸਿੰਘ ਬਿਹਾਰੀਪੁਰ ਜੋ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਨਮਿੱਤ ਰਖਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਅੰਤਿਮ ਅਰਦਾਸ ਵਿੱਚ ਜਿੱਥੇ ਸਾਕ ਸਬੰਧੀ, ਰਿਸ਼ਤੇਦਾਰ ਅਤੇ ਨਗਰ ਦੀ ਸੰਗਤ ਵੱਡੀ ਤਾਦਾਦ ਵਿਚ ਸ਼ਾਮਿਲ ਹੋਈ ਉਥੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਜ਼ਿਲ੍ਹਾ ਆਗੂ ਅਤੇ ਵੱਖ-ਵੱਖ ਪਿੰਡਾਂ ਤੋਂ ਕਿਸਾਨ ਆਗੂ ਸ਼ਾਮਲ ਹੋਏ। ਇਸ ਮੌਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਆਗੂ ਅਤੇ ਜ਼ਿਲਾ ਸਕੱਤਰ ਹਰਜਿੰਦਰ ਸਿੰਘ ਸਕਰੀ ਅਤੇ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਨੋਚਾਹਲ ਨੇ ਸ਼ਰਧਾਂਜਲੀਆਂ ਭੇਟ ਕਰਦਿਆਂ ਕਿਹਾ ਕਿ ਕਾਕਾ ਅਜੇਦੀਪ ਸਿੰਘ ਦੀ ਇਸ ਭੇਦ ਭਰੀ ਮੌਤ ਨਾਲ ਮੁਖ਼ਤਾਰ ਸਿੰਘ ਬਿਹਾਰੀਪੁਰ ਦੇ ਪ੍ਰਵਾਰ ਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ। ਇਸ ਮੌਕੇ ਦਿਆਲ ਸਿੰਘ ਮੀਆਂ ਵਿੰਡ, ਰੇਸ਼ਮ ਸਿੰਘ ਘੁਰਕਵਿੰਡ, ਹਰਬਿੰਦਰਜੀਤ ਸਿੰਘ ਕੰਗ, ਇਕਬਾਲ ਵੜਿੰਗ, ਬੀਬੀ ਰਣਜੀਤ ਕੌਰ ਕੱਲਾ, ਭਗਵਾਨ ਸਿੰਘ ਸੰਘਰ, ਸਤਨਾਮ ਸਿੰਘ ਖੋਜਕੀਪੁਰ, ਫਤਹਿ ਸਿੰਘ ਪਿੱਦੀ, ਸੁਖਚੈਨ ਸਿੰਘ ਅਲੋਵਾਲ, ਪਾਖਰ ਸਿੰਘ ਲਾਲਪੁਰਾ, ਸਾਹਿਬ ਸਿੰਘ ਨਰੋਤਮਪੁਰ, ਪ੍ਰਮਜੀਤ ਸਿੰਘ ਬਾਠ ਦਾਰਾਪੁਰ, ਬਿਕਰਮਜੀਤ ਮੀਆਂਵਿੰਡ, ਮਨਜੀਤ ਸਿੰਘ ਵੈਰੋਵਾਲ ਬਾਵਿਆਂ, ਬਲਜਿੰਦਰ ਸਿੰਘ ਆਲਮਪੁਰ ਹਾਜ਼ਰ ਸਨ।

10-July-PAGE-4.qxd 7/9/2025 10:23 PM Page 1

ਨਵਾਂ ਜ਼ਮਾਨਾ
ਵੀਰਵਾਰ, 10 ਜੁਲਾਈ 2025

# ਪਸੰਦ ਦੇ ਜੱਜ ਲਾਉਣ ਦੀ ਪ੍ਰਥਾ

*ਨਿਆਂਇਕ ਜਵਾਬਦੇਹੀ ਤੇ ਸੁਧਾਰ ਮੁਹਿੰਮ (ਕੰਪੇਨ ਫਾਰ ਜੁਡੀਸ਼ੀਅਲ ਅਕਾਊਂਟੇਬਿਲਿਟੀ ਐਂਡ ਰਿਫਾਰਮ—ਸੀ ਜੇ ਏ ਆਰ) ਨੇ ਸੁਪਰੀਮ ਕੋਰਟ ਦੇ ਕਾਲੇਜੀਅਮ ਦੀਆਂ ਸਿਫਾਰਸ਼ਾਂ ਦੇ ਬਾਵਜੂਦ ਐਡਵੋਕੇਟ ਸਵੇਤਾਸ੍ਰੀ ਮਜੂਮਦਾਰ ਤੇ ਐਡਵੋਕੇਟ ਰਾਜੇਸ਼ ਦਾਤਾਰ ਨੂੰ ਹਾਈ ਕੋਰਟ ਦੇ ਜੱਜ ਵਜੋਂ ਨਿਯੁਕਤ ਕਰਨ ਨੂੰ ਕੇਂਦਰ ਵੱਲੋਂ ਮਨਜ਼ੂਰੀ ਨਾ ਦੇਣ ਦੀ ਨਿੰਦਾ ਕੀਤੀ ਹੈ। ਉਸ ਨੇ ਸੁਪਰੀਮ ਕੋਰਟ ਤੋਂ ਸਰਕਾਰ ਤੋਂ ਇਹ ਸਪੱਸ਼ਟੀਕਰਨ ਮੰਗਣ ਦੀ ਅਪੀਲ ਕੀਤੀ ਹੈ ਕਿ ਦੋਵਾਂ ਵਕੀਲਾਂ ਦੀਆਂ ਨਿਯੁਕਤੀਆਂ ਸਮੇਂ 'ਤੇ ਕਿਉਂ ਨਹੀਂ ਕੀਤੀਆਂ ਗਈਆਂ? ਜਥੇਬੰਦੀ ਨੇ ਦੋਵਾਂ ਵਕੀਲਾਂ ਦੇ ਨਾਵਾਂ ਦੀ ਮਨਜ਼ੂਰੀ ਪੈਂਡਿੰਗ ਰੱਖਣ, ਜਿਸ ਤੋਂ ਨਿਰਾਸ਼ ਹੋ ਕੇ ਵਕੀਲਾਂ ਨੇ ਆਖਰ ਜੱਜ ਬਣਨ ਦੀ ਆਪਣੀ ਸਹਿਮਤੀ ਹੀ ਵਾਪਸ ਲੈ ਲਈ, ਨੂੰ ਅਸੰਵਿਧਾਨਕ ਕਰਾਰ ਦਿੰਦਿਆਂ ਕਿਹਾ ਹੈ ਕਿ ਕਾਲੇਜੀਅਮ ਵੱਲੋਂ ਸਿਫਾਰਸ਼ ਕੀਤੇ ਨਾਵਾਂ ਵਿੱਚੋਂ ਪਸੰਦੀਦਾ ਜੱਜ ਨੂੰ ਹੀ ਮਨਜ਼ੂਰੀ ਦੇਣ ਦੀ ਪ੍ਰਥਾ ਕਾਨੂੰਨੀ ਤੌਰ 'ਤੇ ਮਾਨਤਾ ਪ੍ਰਾਪਤ ਨਹੀਂ ਹੈ ਅਤੇ ਇਹ ਸੁਪਰੀਮ ਕੋਰਟ ਦੇ ਫੈਸਲਿਆਂ ਦੀ ਸਿੱਧੀ ਉਲੰਘਣਾ ਹੈ। 2022 ਵਿੱਚ ਸੀਨੀਅਰ ਵਕੀਲ ਆਦਿੱਤਿਆ ਸੋਂਧੀ ਨਾਲ ਵੀ ਇੰਜ ਹੀ ਹੋਇਆ ਸੀ। ਜਥੇਬੰਦੀ ਨੇ ਨਿਰਾਸ਼ਾ ਜ਼ਾਹਰ ਕੀਤੀ ਹੈ ਕਿ ਸੁਪਰੀਮ ਕੋਰਟ ਦੇ ਕਾਲੇਜੀਅਮ ਨੇ ਇਸ ਪ੍ਰਥਾ ਨੂੰ ਰੋਕਣ ਲਈ ਕੋਈ ਉਪਾਅ ਨਹੀਂ ਕੀਤੇ।*

*ਜੱਜਾਂ ਦੀ ਨਿਯੁਕਤੀ ਦੀ ਪ੍ਰਕਿਰਿਆ ਬਾਰੇ ਸੁਪਰੀਮ ਕੋਰਟ ਵੱਲੋਂ ਪ੍ਰਕਾਸ਼ਤ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ 9 ਨਵੰਬਰ 2022 ਤੋਂ 5 ਮਈ 2025 ਤੱਕ ਹਾਈ ਕੋਰਟ ਦੇ ਜੱਜਾਂ ਦੇ ਰੂਪ ਵਿੱਚ ਨਿਯੁਕਤੀ ਲਈ ਕਾਲੇਜੀਅਮ ਵੱਲੋਂ ਸਰਕਾਰ ਨੂੰ ਕੀਤੀਆਂ ਗਈਆਂ 29 ਸਿਫਾਰਸ਼ਾਂ ਪੈਂਡਿੰਗ ਪਈਆਂ ਹਨ। ਹਾਈ ਕੋਰਟ ਵਿੱਚ ਖਾਲੀ ਅਹੁਦਿਆਂ 'ਤੇ ਚਿੰਤਾ ਜਤਾਉਂਦਿਆਂ ਸੁਪਰੀਮ ਕੋਰਟ ਦੇ ਜਸਟਿਸ ਅਭੈ ਐੱਸ ਓਕ ਤੇ ਜਸਟਿਸ ਉੱਜਲ ਭੁਈਆਂ ਦੀ ਬੈਂਚ ਨੇ ਕਿਹਾ ਸੀ ਕਿ ਕੇਂਦਰ ਸਰਕਾਰ ਇਹ ਯਕੀਨੀ ਬਣਾਏ ਕਿ ਕਾਲੇਜੀਅਮ ਦੀਆਂ ਸਿਫਾਰਸ਼ਾਂ ਨੂੰ ਛੇਤੀ ਤੋਂ ਛੇਤੀ ਮਨਜ਼ੂਰੀ ਮਿਲੇ। ਬੈਂਚ ਨੇ ਕਿਹਾ ਸੀ ਕਿ ਹਾਈ ਕੋਰਟਾਂ ਵਿੱਚ 7 ਲੱਖ ਤੋਂ ਵੱਧ ਅਪੀਲਾਂ ਪੈਂਡਿੰਗ ਹਨ। ਅਲਾਹਾਬਾਦ ਹਾਈ ਕੋਰਟ, ਜਿੱਥੇ ਸਭ ਤੋਂ ਵੱਧ 2 ਲੱਖ ਤੋਂ ਵੱਧ ਅਪੀਲਾਂ ਪੈਂਡਿੰਗ ਹਨ, ਵਿੱਚ 160 ਮਨਜ਼ੂਰ ਅਹੁਦੇ ਹਨ, ਪਰ ਜੱਜ ਸਿਰਫ 79 ਹਨ। ਬੰਬੇ ਹਾਈ ਕੋਰਟ ਵਿੱਚ 94 ਦੀ ਥਾਂ 60, ਕਲਕੱਤਾ ਹਾਈ ਕੋਰਟ ਵਿੱਚ 72 ਦੀ ਥਾਂ 44 ਅਤੇ ਦਿੱਲੀ ਹਾਈ ਕੋਰਟ ਵਿੱਚ 60 ਦੀ ਥਾਂ 36 ਜੱਜ ਕੰਮ ਕਰ ਰਹੇ ਹਨ। ਨਿਆਂ ਪਾਲਿਕਾ 'ਤੇ ਸਿਆਸੀ ਕਾਰਜ ਪਾਲਿਕਾ ਦਾ ਦਬਦਬਾ ਹੋਣ ਕਾਰਨ ਇਨਸਾਫ ਮਿਲਣ ਵਿੱਚ ਦੇਰੀ ਹੋ ਰਹੀ ਹੈ, ਜਿਸ ਕਾਰਨ ਹਿੰਸਕ ਅਪਰਾਧ ਵਧੇ ਹਨ। ਜੇ ਸਰਕਾਰ ਨੇ ਪਸੰਦੀਦਾ ਜੱਜ ਦੀ ਨਿਯੁਕਤੀ ਨੂੰ ਹੀ ਮਨਜ਼ੂਰੀ ਦੇਣ ਦੀ ਪ੍ਰਥਾ ਜਾਰੀ ਰੱਖੀ ਤਾਂ ਸਿਆਣੇ ਵਕੀਲਾਂ ਦੀ ਜੱਜ ਬਣਨ ਵਿੱਚ ਦਿਲਚਸਪੀ ਖਤਮ ਹੋਵੇਗੀ ਤੇ ਜੱਜਾਂ ਦੀ ਘਾਟ ਦਾ ਖਮਿਆਜ਼ਾ ਇਨਸਾਫ ਭਾਲਦੇ ਲੋਕਾਂ ਨੂੰ ਭੁਗਤਣਾ ਪਵੇਗਾ। ਸਮਾਂ ਹੈ ਕਿ ਸੁਪਰੀਮ ਕੋਰਟ ਸੀ ਜੇ ਏ ਆਰ ਦੀ ਮੰਗ 'ਤੇ ਛੇਤੀ ਵਿਚਾਰ ਕਰਕੇ ਸਰਕਾਰ ਨੂੰ ਉਸ ਦੀਆਂ ਸਿਫਾਰਸ਼ਾਂ ਨੂੰ ਛੇਤੀ ਤੋਂ ਛੇਤੀ ਲਾਗੂ ਕਰਨ ਲਈ ਮਜਬੂਰ ਕਰੇ।*

# ਪੁਰਾਣੇ ਪੰਜਾਬ ਨੂੰ ਆਵਾਜ਼ਾਂ

**ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**

ਪ੍ਰੋ. ਪੂਰਨ ਸਿੰਘ 'ਪੁਰਾਣੇ ਪੰਜਾਬ' ਨੂੰ ਬਹੁਤ ਸ਼ਿੱਦਤ ਨਾਲ ਯਾਦ ਕਰਿਆ ਕਰਦੇ ਸਨ ਤੇ ਅੱਜ ਸੱਚਮੁੱਚ ਹੀ ਇਕ ਵਾਰ ਫਿਰ ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰ ਕੇ ਵਾਪਸ ਮੋੜ ਲਿਆਉਣ ਦੀ ਬੜੀ ਭਾਰੀ ਲੋੜ ਹੈ। ਵਰਤਮਾਨ ਨੂੰ ਛੱਡ ਕੇ ਅਤੀਤ ਦੇ ਪੰਨਿਆਂ ਨੂੰ ਫ਼ਰੋਲਣ 'ਤੇ ਪਤਾ ਲੱਗਦਾ ਹੈ ਕਿ ਕੁਝ ਕੁ ਸਾਲ ਪਹਿਲਾਂ ਇਥੇ ਉਹ ਵੀ ਸਮਾਂ ਸੀ, ਜਦੋਂ ਪੰਜਾਬ ਖ਼ੁਸ਼ਹਾਲੀ ਅਤੇ ਸਰਦਾਰੀ ਮਾਣਦਾ ਹੋਇਆ ਪੂਰੇ ਭਾਰਤ ਦਾ ਸਭ ਤੋਂ ਮੋਢੀ ਸੂਬਾ ਸੀ। ਇਥੇ ਖੇਤੀਬਾੜੀ ਦੇ ਨਾਲ-ਨਾਲ ਉਦਯੋਗ ਵੀ ਚੜ੍ਹਦੀ ਕਲਾ ਵਿਚ ਸਨ। ਪੰਜਾਬ ਤੋਂ ਪਰਵਾਸ ਕਰਕੇ ਅਮਰੀਕਾ, ਇੰਗਲੈਂਡ, ਕੈਨੇਡਾ, ਫ਼ਰਾਂਸ, ਜਰਮਨੀ ਅਤੇ ਹੋਰ ਮੁਲਕਾਂ ਵਿਚ ਗਏ ਪੰਜਾਬੀ ਲੋਕ ਉੱਥੇ ਹੱਡ-ਭੰਨਵੀਂ ਮਿਹਨਤ ਕਰਕੇ ਕਮਾਈਆਂ ਕਰਦੇ ਸਨ ਤੇ ਫਿਰ ਆਪਣੀ ਕਮਾਈ ਦਾ ਇਕ ਵੱਡਾ ਹਿੱਸਾ ਪਿੱਛੇ ਪੰਜਾਬ 'ਚ ਰਹਿੰਦੇ ਆਪਣੇ ਪਰਵਾਰਕ ਮੈਂਬਰਾਂ ਨੂੰ ਭੇਜਦੇ ਸਨ। ਉਨ੍ਹਾਂ ਦੇ ਪਰਿਵਾਰਕ ਮੈਂਬਰ ਵੀ ਸਿਆਣੇ ਸਨ ਤੇ ਉਹ ਵੀ ਰੁਪਏ-ਪੈਸੇ ਦਾ ਥੋਥਾ ਲੋਕ ਵਿਖਾਵਾ ਕਰਨ ਦੀ ਥਾਂ ਵਾਹੀਯੋਗ ਜ਼ਮੀਨਾਂ, ਰਹਿਣਯੋਗ ਪਲਾਟ ਜਾਂ ਸੋਨਾ ਆਦਿ ਖ਼ਰੀਦ ਲੈਂਦੇ ਸਨ ਤੇ ਇਸ ਤਰ੍ਹਾਂ ਬਾਹਰੋਂ ਆਇਆ ਪੈਸਾ ਪੰਜਾਬ ਦੀ ਆਰਥਿਕਤਾ ਨੂੰ ਵੱਡਾ ਹੁਲਾਰਾ ਦਿੰਦਾ ਸੀ, ਪਰ ਹੁਣ ਹਾਲਾਤ ਉਹ ਨਹੀਂ ਰਹੇ।

ਅਤੀਤ ਵੱਲ ਝਾਤੀ ਮਾਰਦਿਆਂ ਜਦੋਂ ਅਸੀਂ ਅੱਜ ਤੋਂ 44 ਕੁ ਸਾਲ ਪਿੱਛੇ ਭਾਵ ਸੰਨ 1981 ਵਿਚ ਪੁੱਜਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਜਿਹੜਾ ਪੰਜਾਬ ਅੱਜ ਪ੍ਰਤੀ ਵਿਅਕਤੀ ਆਮਦਨੀ ਪੱਖੋਂ ਦੇਸ਼ ਵਿਚ 16ਵੇਂ ਸਥਾਨ 'ਤੇ ਹੈ, ਉਸ ਵੇਲੇ ਦੇਸ਼ ਵਿੱਚੋਂ ਸਭ ਤੋਂ ਪਹਿਲੇ ਸਥਾਨ 'ਤੇ ਸੀ। ਸੰਨ 2001 ਵਿਚ ਪੰਜਾਬ ਪ੍ਰਤੀ ਵਿਅਕਤੀ ਆਮਦਨੀ ਪੱਖੋਂ ਖਿਸਕ ਕੇ ਚੌਥੇ ਸਥਾਨ 'ਤੇ ਆ ਗਿਆ ਸੀ। ਸਾਲ 2000 ਤੋਂ 2010 ਦੇ ਦਹਾਕੇ ਦੌਰਾਨ ਹਾਲਤ ਇਹ ਸੀ ਕਿ ਪੰਜਾਬ ਦੀ ਪ੍ਰਤੀ ਵਿਅਕਤੀ ਆਮਦਨੀ ਵਾਧਾ ਦਰ ਪੂਰੇ ਦੇਸ਼ ਵਿੱਚੋਂ ਸਭ ਤੋਂ ਘੱਟ ਦਰ ਰੱਖਣ ਵਾਲੇ ਰਾਜ ਮਨੀਪੁਰ ਤੋਂ ਬਾਅਦ ਦੂਜੇ ਨੰਬਰ 'ਤੇ ਸੀ। ਪੰਜਾਬ ਵਿੱਚ ਫ਼ੈਲੇ ਅੱਤਵਾਦ ਨੇ ਇਥੋਂ ਦੇ ਉਦਯੋਗ ਜਗਤ ਨੂੰ ਤਬਾਹ ਕਰਕੇ ਰੱਖ ਦਿੱਤਾ। ਕਈ ਵੱਡੇ ਉਦਯੋਗ ਪੰਜਾਬ ਤੋਂ ਬਾਹਰ ਪਲਾਇਨ ਕਰ ਗਏ ਤੇ ਮੱਧਮ ਅਤੇ ਛੋਟੇ ਦਰਜੇ ਦੇ ਉਦਯੋਗ ਗ਼ਲਤ ਸਰਕਾਰੀ ਨੀਤੀਆਂ ਕਰਕੇ ਅਤੇ ਔਖੀ ਘੜੀ ਵਿੱਚ ਸਰਕਾਰਾਂ ਵੱਲੋਂ ਬਾਂਹ ਨਾ ਫ਼ੜੇ ਜਾਣ ਕਰਕੇ ਹੌਲੀ-ਹੌਲੀ ਸਹਿਕਦੇ ਹੋਏ ਦਮ ਤੋੜਨ ਲੱਗ ਪਏ ਸਨ। ਬਟਾਲਾ ਜਿਸ ਨੂੰ ਕਿ ਕਿਸੇ ਵਕਤ 'ਲੋਹੇ ਦਾ ਸ਼ਹਿਰ' ਕਿਹਾ ਜਾਂਦਾ ਸੀ, ਦੀ ਹਰ ਗਲੀ ਵਿਚ ਖ਼ਰਾਦ ਦੇ ਅਤੇ ਹੋਰ ਮਸ਼ੀਨੀ ਪੁਰਜ਼ੇ ਬਣਾਉਣ ਦੇ ਛੋਟੇ-ਛੋਟੇ ਕਾਰਖ਼ਾਨੇ ਚੱਲਦੇ ਸਨ ਤੇ ਦੇਗੀ ਲੋਹਾ ਢਾਲਣ ਦੀਆਂ ਕਈ ਫ਼ਾਊਂਡਰੀਆਂ ਇਥੇ ਚੰਗਾ ਕਾਰੋਬਾਰ ਕਰ ਰਹੀਆਂ ਸਨ। ਹਜ਼ਾਰਾਂ ਲੋਕਾਂ ਨੂੰ ਇਥੇ ਰੁਜ਼ਗਾਰ ਮਿਲਿਆ ਹੋਇਆ ਸੀ ਤੇ ਬਟਾਲਾ, ਲੁਧਿਆਣਾ, ਜਲੰਧਰ ਅਤੇ ਮੰਡੀ ਗੋਬਿੰਦਗੜ੍ਹ ਦੀਆਂ ਸਨਅਤਾਂ ਕਰਕੇ ਸਮੁੱਚਾ ਸੂਬਾ ਵੀ ਛਾਲਾਂ ਮਾਰਦਾ ਹੋਇਆ ਤਰੱਕੀ ਕਰ ਰਿਹਾ ਸੀ, ਪਰ ਫਿਰ ਉਪਰੋਕਤ ਵਰਣਿਤ ਅੱਤਵਾਦ ਅਤੇ ਗ਼ਲਤ ਸਰਕਾਰੀ ਨੀਤੀਆਂ ਪੰਜਾਬ ਦੇ ਉਦਯੋਗਾਂ ਨੂੰ ਲੈ ਬੈਠੀਆਂ ਤੇ ਇਕ-ਇਕ ਕਰਕੇ ਇਥੇ ਮੌਜੂਦ ਸਭ ਵੱਡੇ-ਛੋਟੇ ਕਾਰਖ਼ਾਨੇ ਬੰਦ ਹੋਣੇ ਸ਼ੁਰੂ ਹੋ ਗਏ। ਆਲਮ ਤਾਂ ਇਹ ਵੀ ਆ ਗਿਆ ਕਿ ਆਰਥਿਕ ਤੰਗੀ ਦੇ ਚਲਦਿਆਂ ਕਾਰਖ਼ਾਨਿਆਂ ਦੇ ਮਾਲਕਾਂ ਨੂੰ ਨਾ ਕੇਵਲ ਆਪਣੇ ਕਾਰਖ਼ਾਨਿਆਂ ਦੀਆਂ ਜ਼ਮੀਨਾਂ ਤੱਕ ਵੇਚਣੀਆਂ ਪੈ ਗਈਆਂ, ਸਗੋਂ ਬਚੇ-ਖੁਚੇ ਕਾਰਖ਼ਾਨਿਆਂ 'ਚ ਜਾ ਕੇ ਆਪ ਵੀ ਬਤੌਰ ਮਜ਼ਦੂਰ ਕੰਮ ਕਰਨਾ ਪੈ ਗਿਆ।

ਕੋਈ ਵੇਲਾ ਸੀ, ਜਦੋਂ ਪੰਜਾਬ ਦੇ ਹਰ ਘਰ ਵਿਚ ਛਾਂਦਾਰ ਜਾਂ ਫ਼ਲਦਾਰ ਰੁੱਖ ਅਤੇ ਦੁਧਾਰੂ ਡੰਗਰ ਹੋਇਆ ਕਰਦੇ ਸਨ। ਵਾਹੀਯੋਗ ਜ਼ਮੀਨ ਭਾਵੇਂ ਥੋੜ੍ਹੀ ਹੋਵੇ ਤੇ ਭਾਵੇਂ ਬਹੁਤੀ ਹਰੇਕ ਜ਼ਿਮੀਦਾਰ ਹੱਥੀਂ ਖੇਤੀ ਕਰਿਆ ਕਰਦਾ ਸੀ। ਉਹ ਆਪਣੇ ਸਰੀਰਕ ਬਲ ਅਤੇ ਦਿਮਾਗੀ ਸੂਝ 'ਤੇ ਵੱਧ ਟੇਕ ਰੱਖਦਾ ਸੀ। ਸਾਰਾ-ਸਾਰਾ ਪਰਵਾਰ ਖੇਤਾਂ ਵਿਚ ਬੀਜ ਬੀਜਣ ਤੋਂ ਲੈ ਕੇ ਫ਼ਸਲ ਵੱਢਣ ਤੱਕ ਹੱਡ-ਭੰਨਵੀਂ ਮਿਹਨਤ ਕਰਿਆ ਕਰਦਾ ਸੀ। ਜ਼ਮੀਨ ਅਤੇ ਉਪਜ ਚਾਹੇ ਘੱਟ ਵੀ ਸੀ, ਪਰ ਕੋਈ ਵੀ ਕਿਸਾਨ ਕਰਜ਼ੇ ਦੀ ਪੰਡ ਹੇਠ ਦੱਬੇ ਹੋਣ ਦੀ ਆੜ ਵਿਚ ਆਪਣੇ ਸਾਫ਼ੇ ਨਾਲ ਆਪਣੇ ਹੀ ਖੇਤ ਵਿਚ ਫ਼ਾਹਾ ਨਹੀਂ ਲੈਂਦਾ ਸੀ।ਉਂਜ ਇਹ ਕਿੰਨੀ ਅਜੀਬ ਗੱਲ ਹੈ ਕਿ ਕਿਸਾਨਾਂ ਦੇ ਖੇਤਾਂ ਵਿਚ ਕੰਮ ਕਰਕੇ ਆਪਣੇ ਪਰਵਾਰ ਪਾਲਣ ਵਾਲੇ ਬੇਜ਼ਮੀਨੇ ਦਿਹਾੜੀਦਾਰ ਮਜ਼ਦੂਰ ਅੱਜ ਵੀ ਵਿੱਤੀ ਕਾਰਨਾਂ ਕਰਕੇ ਖ਼ੁਦਕੁਸ਼ੀ ਨਹੀਂ ਕਰਦੇ, ਪਰ ਦੋ ਕਿੱਲਿਆਂ ਤੋਂ ਲੈ ਕੇ ਦਸ ਕਿੱਲਿਆਂ ਤੱਕ ਦੇ ਮਾਲਕ ਕਿਸਾਨ ਸਲਫ਼ਾਸ ਖਾ ਕੇ ਆਪਣੀ ਜਾਨ ਦੇ ਰਹੇ ਹਨ। ਉਹ ਵੀ ਸਮਾਂ ਸੀ, ਜਦੋਂ ਕੱਚੇ ਘਰਾਂ ਵਿਚ ਪੱਕੇ ਇਰਾਦਿਆਂ ਵਾਲੇ ਕਿਸਾਨ ਰਿਹਾ ਕਰਦੇ ਸਨ, ਪਰ ਹੁਣ ਤਾਂ ਪੱਕੇ ਘਰਾਂ ਵਿਚ ਕੱਚੇ ਇਰਾਦਿਆਂ ਵਾਲੇ ਕਿਸਾਨ ਆਮ ਹੀ ਮਿਲ ਜਾਂਦੇ ਹਨ। ਕਾਸ਼ ਕਿਧਰੇ ਪੰਜਾਬ 'ਚ ਉਹ ਦਿਨ ਮੁੜ ਕੇ ਪਰਤ ਆਉਣ, ਜਦੋਂ ਕਿਸਾਨ ਆਪਣੀ ਜ਼ਮੀਨ ਅਤੇ ਆਪਣੀ ਵਿੱਤੀ ਹੈਸੀਅਤ ਮੁਤਾਬਿਕ ਆਪਣੇ ਖ਼ਰਚੇ ਕਰਦਾ ਸੀ। ਪੰਜਾਬ ਵਿਚ ਤੇ ਖ਼ਾਸ ਕਰਕੇ ਮਾਲਵਾ ਖਿੱਤੇ ਵਿਚ ਕੈਂਸਰ ਦੇ ਵਧਦੇ ਮਾਮਲੇ ਕਿਸਾਨ ਵੀਰਾਂ, ਉਦਯੋਗਪਤੀਆਂ, ਸਥਾਨਕ ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਸਮੇਂ ਦੀਆਂ ਸਰਕਾਰਾਂ ਦੀ ਅਣਗਹਿਲੀ ਅਤੇ ਗ਼ੈਰ-ਜ਼ਿੰਮੇਦਾਰਾਨਾ ਰਵੱਈਏ ਦਾ ਸਦਕਾ ਹੀ ਹਨ। ਬੀਤੇ ਸਮੇਂ ਦਾ ਕਿਸਾਨ ਫ਼ਸਲੀ ਰਹਿੰਦ-ਖੂੰਹਦ ਨੂੰ ਸਾੜ ਕੇ ਬਨਸਪਤੀ,ਪਸ਼ੂ-ਪੰਛੀਆਂ ਅਤੇ ਵਾਤਾਵਰਣ ਨੂੰ ਨੁਕਸਾਨ ਨਹੀਂ ਪਹੁੰਚਾਉਂਦਾ ਸੀ ਤੇ ਉਸ ਵਕਤ ਦਾ ਉਦਯੋਗਪਤੀ ਵੀ ਕਾਰਖ਼ਾਨੇ ਦਾ ਜ਼ਹਿਰੀਲਾ ਪਾਣੀ ਕਿਸੇ ਵਗਦੇ ਨਦੀ-ਨਾਲੇ ਵਿਚ ਜਾਂ ਜ਼ਮੀਨ ਹੇਠਾਂ ਬੋਰ ਕਰਕੇ ਜ਼ਮੀਨਦੋਜ਼ ਸਾਫ਼ ਪਾਣੀ ਵਿਚ ਨਾ ਸੁੱਟ ਕੇ ਧਰਤੀ ਹੇਠਲੇ ਅਤੇ ਧਰਤੀ ਉਪਰਲੇ ਪੀਣ ਯੋਗ ਸਾਫ਼ ਪਾਣੀ ਨੂੰ ਨਸ਼ਟ ਨਹੀਂ ਕਰਦਾ ਸੀ। ਪੰਜਾਬ ਦਾ ਕਿਸਾਨ ਤਾਂ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਵਾਲੀ ਸੋਚ ਦਾ ਧਾਰਨੀ ਸੀ ਤੇ ਉਹ ਮੁਸ਼ਕਲਾਂ ਅੱਗੇ ਕਾਇਰਾਂ ਵਾਂਗ ਗੋਡੇ ਟੇਕ ਕੇ ਖ਼ੁਦਕੁਸ਼ੀ ਕਰਨ ਦੀ ਥਾਂ ਮੁਸ਼ਕਲਾਂ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਉਨ੍ਹਾਂ ਨਾਲ ਜੂਝਦਾ ਸੀ ਤੇ ਜੇਤੂ ਹੋ ਕੇ ਨਿੱਬੜਦਾ ਸੀ।

ਪੰਜਾਬ ਨੇ ਉਹ ਸਮਾਂ ਵੀ ਵੇਖਿਆ ਹੈ, ਜਦੋਂ ਪਿੰਡਾਂ ਦੀਆਂ ਸੱਥਾਂ ਵਿਚ ਲੋਕ ਵੱਡੇ ਇਕੱਠ ਕਰਕੇ ਬੈਠਿਆ ਕਰਦੇ ਸਨ। ਪਿੰਡਾਂ ਅਤੇ ਸ਼ਹਿਰਾਂ ਵਿਚ ਲੱਗਦੇ ਮੇਲਿਆਂ ਵਿਚ ਵੱਡੇ-ਵੱਡੇ ਦੀਵਾਨ ਅਤੇ ਢਾਡੀ ਦਰਬਾਰ ਸਜਿਆ ਕਰਦੇ ਸਨ ਤੇ ਉੱਥੇ ਤਿਲ ਸੁੱਟਣ ਨੂੰ ਵੀ ਥਾਂ ਨਹੀਂ ਹੁੰਦੀ ਸੀ। ਲੋਕ ਗੀਤ, ਲੋਕ ਸਾਜ਼ ਅਤੇ ਲੋਕ ਗਾਇਕ ਤਾਂ ਮੇਲਿਆਂ ਦੀ ਸ਼ਾਨ ਹੋਇਆ ਕਰਦੇ ਸਨ। ਸੁਰੀਲੀ ਤੇ ਮਿੱਠੀ ਆਵਾਜ਼ ਵਾਲੇ ਗਾਇਕ ਅਤੇ ਗਾਇਕਾਵਾਂ ਵੱਲੋਂ ਕੰਨ 'ਤੇ ਹੱਥ ਧਰ ਕੇ ਉੱਚੀ ਸਾਰੀ ਹੇਕ ਨਾਲ ਹੀਰ, ਮਿਰਜ਼ਾ, ਸੱਸੀ ਅਤੇ ਜੱਗਾ ਆਦਿ ਲੋਕ ਕਾਵਿ ਗਾਏ ਜਾਂਦੇ ਸਨ। ਦੂਰ-ਦੁਰਾਡਿਓਂ ਮੇਲੇ ਵਿਚ ਪੁੱਜੇ ਨਾਮਵਰ ਸ਼ਾਇਰ 'ਮੁਸ਼ਾਇਰੇ' ਵਿਚ ਆਪਣਾ ਜਜ਼ਬਾਤਪੂਰਨ ਅਤੇ ਭਾਵਪੂਰਤ ਕਲਾਮ ਪੜ੍ਹਿਆ ਕਰਦੇ ਸਨ। ਰਾਸਾਂ ਪੈਂਦੀਆਂ ਸਨ, ਗਿੱਧੇ ਅਤੇ ਭੰਗੜੇ ਦੀਆਂ ਵੱਖ-ਵੱਖ ਵੰਨਗੀਆਂ ਪੇਸ਼ ਕੀਤੀਆਂ ਜਾਂਦੀਆਂ ਸਨ, ਪਰ ਹੁਣ ਸਭ ਕੁਝ ਨੀਰਸ ਜਿਹਾ ਹੋ ਗਿਆ ਹੈ। ਹੁਣ ਡੀ ਜੇ ਸਾਊਂਡ ਵਾਲੇ ਕੰਨ-ਪਾੜਵੇਂ ਸਪੀਕਰਾਂ 'ਤੇ ਘਟੀਆ ਗੀਤਕਾਰੀ ਵਾਲੇ ਅਤੇ ਬਿਨਾਂ ਸੰਗੀਤ ਦੀ ਤਾਲੀਮ ਹਾਸਿਲ ਕੀਤਿਆਂ ਹੀ ਗਾਇਕੀ ਦੇ ਪਿੜ ਵਿਚ ਉਤਰਨ ਵਾਲੇ ਗਾਇਕਾਂ ਦੇ ਭੱਦੇ ਗੀਤ ਮੇਲਿਆਂ ਵਿਚ ਵਜਾਏ ਜਾਂਦੇ ਹਨ। ਹੁਣ ਸੁਆਦੀ ਪਕੌੜਿਆਂ ਤੇ ਜਲੇਬੀਆਂ ਦੀ ਥਾਂ ਅਜੋਕੇ ਜ਼ਮਾਨੇ ਦੇ ਪੂਰੀ ਤਰ੍ਹਾਂ ਸਿਹਤਨਾਸ਼ਕ ਪਦਾਰਥ ਖੁੱਲ੍ਹੇਆਮ ਵੇਚੇ ਅਤੇ ਖਾਧੇ ਜਾਂਦੇ ਹਨ। ਬੀਤੇ ਸਮੇਂ ਵਿਚ ਲੰਗਰ ਧਾਤੂ ਦੀਆ ਥਾਲੀਆਂ ਤੇ ਪਲੇਟਾਂ ਵਿਚ ਵਰਤਾਇਆ ਜਾਂਦਾ ਸੀ ਤੇ ਹੁਣ ਥਾਂ-ਥਾਂ ਲੱਗੇ ਲੰਗਰਾਂ ਦੀ ਸਮਾਪਤੀ ਤੋਂ ਬਾਅਦ ਉਥੇ ਪਲਾਸਟਿਕ ਦੀਆਂ ਪਲੇਟਾਂ, ਗਿਲਾਸਾਂ, ਡੂਨਿਆਂ ਅਤੇ ਬੋਤਲਾਂ ਦੇ ਢੇਰ ਲੱਗੇ ਹੁੰਦੇ ਹਨ।

ਅੱਜ ਜਦੋਂ ਆਪਣੇ ਸੌੜੇ ਸਿਆਸੀ ਹਿੱਤਾਂ ਲਈ ਤੇ ਨਿੱਜੀ ਮੁਫ਼ਾਦਾਂ ਲਈ ਪੰਜਾਬ ਦੇ ਸਿਆਸਤਦਾਨਾਂ ਵੱਲੋਂ ਕੇਂਦਰ ਸਰਕਾਰ ਅੱਗੇ ਪੰਜਾਬ ਦੇ ਹੱਕ ਵੇਚ ਦੇਣ ਦੀ ਸਮੁੱਚੀ 'ਖੇਡ' ਨੂੰ ਪੰਜਾਬ ਵੇਖਦਾ ਹੈ ਤਾਂ ਉਸ ਨੂੰ ਉਹ ਸਿਆਸਤਦਾਨ ਯਾਦ ਆਉਂਦੇ ਹਨ, ਜੋ ਪੰਜਾਬ ਦੇ ਹਿੱਤਾਂ ਲਈ ਆਪਣਾ ਸਭ ਕੁਝ ਨਿਸ਼ਾਵਰ ਕਰ ਦੇਣ ਲਈ ਤਿਆਰ-ਬਰ-ਤਿਆਰ ਰਹਿੰਦੇ ਸਨ। ਅੱਜ ਹਾਲਾਤ ਇਹ ਹਨ ਕਿ ਜਿਸ ਵੀ ਸਿਆਸਤਦਾਨ ਦੀ ਆਪਣੀ ਪਾਰਟੀ ਨਾਲ ਅਣਬਣ ਹੋ ਜਾਂਦੀ ਹੈ, ਉਹ ਝੱਟ ਦੇਣੀ ਉਸ ਵਿਰੋਧੀ ਪਾਰਟੀ ਦਾ ਪਰਨਾ ਗਲ 'ਚ ਪਾ ਲੈਂਦਾ ਹੈ, ਜਿਸ ਵਿਰੋਧੀ ਪਾਰਟੀ 'ਤੇ ਉਹ ਪੰਜਾਬ ਦੇ ਹਿਤ ਵੇਚਣ ਦੇ ਇਲਜ਼ਾਮ ਬੜੇ ਜ਼ੋਰ-ਸ਼ੋਰ ਨਾਲ ਲਗਾਇਆ ਕਰਦਾ ਸੀ। ਕੇਂਦਰ ਵਿਚ ਉਸ ਪਾਰਟੀ ਦੀ ਸਰਕਾਰ ਹੋਣ ਦੇ ਬਾਵਜੂਦ ਉਹ ਆਗੂ ਆਪਣੀ ਇਸ ਨਵੀਂ ਜੁਆਇਨ ਕੀਤੀ ਪਾਰਟੀ ਤੋਂ ਪੰਜਾਬ ਨੂੰ ਪੰਜਾਬ ਦੇ ਬਣਦੇ ਹੱਕ ਦਿਵਾ ਨਹੀਂ ਪਾਉਂਦਾ ਹੈ ਤੇ ਕੇਂਦਰ ਵੱਲੋਂ ਪੰਜਾਬ ਨਾਲ ਕੀਤੇ ਜਾਣ ਵਾਲੇ ਧੱਕੇ ਬਾਰੇ ਇਕ ਲਫ਼ਜ਼ ਵੀ ਇਸ ਸਿਆਸਤਦਾਨ ਦੇ ਮੂੰਹੋਂ ਨਹੀਂ ਫੁੱਟਦਾ ਹੈ। ਲੋਕ ਸਭਾ, ਰਾਜ ਸਭਾ ਜਾਂ ਵਿਧਾਨ ਸਭਾ ਮੈਂਬਰ ਬਣਨ ਲਈ ਕੋਈ ਵੀ ਹਰਬਾ ਵਰਤਣ ਵਾਲੇ ਅਤੇ ਕਿਸੇ ਵੀ ਵਿਚਾਰਧਾਰਾ ਦੇ ਦਲ ਵਿਚ ਸ਼ਾਮਲ ਹੋਣ ਲਈ ਤਿਆਰ ਰਹਿਣ ਵਾਲੇ ਬੇਈਮਾਨ ਸਿਆਸਤਦਾਨਾਂ ਨੂੰ ਵੇਖ ਕੇ ਵਿਚਾਰਾ ਪੰਜਾਬ ਅੱਜ ਜ਼ਾਰ-ਜ਼ਾਰ ਰੋਂਦਾ ਹੈ ਤੇ ਉਨ੍ਹਾਂ ਬੀਤੇ ਦਿਨਾਂ ਦੇ ਪਰਤਣ ਦੀ ਉਡੀਕ ਕਰਦਾ ਹੈ, ਜਦੋਂ ਸਿਆਸਤਦਾਨਾਂ ਲਈ ਆਪਣੇ ਹਿੱਤਾਂ ਨਾਲੋਂ ਸੂਬੇ ਦੇ ਹਿੱਤ ਵੱਧ ਪਿਆਰੇ ਸਨ।


ਅੱਜ ਹਾਲਾਤ ਇਹ ਹਨ ਕਿ ਆਪਣੀ ਗੱਲ ਜਾਂ ਜਾਇਜ਼-ਨਜਾਇਜ਼ ਮੰਗ ਮਨਵਾਉਣ ਲਈ ਪੁੱਤਰ ਜਾਂ ਧੀਆਂ ਆਪਣੇ ਮਾਪਿਆਂ ਨੂੰ ਜਾਨੋਂ ਮਾਰਨ ਤੱਕ ਵੀ ਚਲੇ ਜਾਂਦੇ ਹਨ। ਸਾਂਝੇ ਪਰਵਾਰਾਂ ਵਿਚ ਬੜੀਆਂ ਬਰਕਤਾਂ ਹੁੰਦੀਆਂ ਸਨ ਅਤੇ ਭਰਾ ਸੱਚਮੁੱਚ ਹੀ ਭਰਾਵਾਂ ਦੀਆਂ ਬਾਹਵਾਂ ਹੋਇਆ ਕਰਦੇ ਸਨ, ਪਰ ਹੁਣ ਤਾਂ ਇਥੇ ਇਕ ਇਕ ਪਰਵਾਰ ਵਿੱਚ ਚਾਰ-ਚਾਰ ਜੀਅ ਹਟ ਤੇ ਅਖੌਤੀ 'ਪ੍ਰਾਈਵੇਸੀ' ਦੇ ਡੰਗੇ ਹੋਏ ਉਹ ਵੀ ਕਮਰਾ-ਕਮਰਾ ਵੰਡੇ ਪਏ ਹਨ। ਮੋਬਾਇਲ 'ਤੇ ਘੰਟਿਆਂਬੱਧੀ ਸਰਗਰਮ ਰਹਿਣ ਵਾਲੇ ਅਜੋਕੇ ਪੰਜਾਬੀ ਨੌਜਵਾਨ ਮੁੰਡੇ-ਕੁੜੀਆਂ ਕੋਲ ਆਪਣੇ ਮਾਪਿਆਂ ਜਾਂ ਬਜ਼ੁਰਗ ਦਾਦਾ-ਦਾਦੀ ਤੇ ਨਾਨਾ-ਨਾਨੀ ਕੋਲ੍ਹ ਬੈਠ ਕੇ ਚੰਦ ਗੱਲਾਂ ਕਰਨ ਜਾਂ ਸੁਣਨ ਦੀ 'ਵਿਹਲ' ਤੱਕ ਨਹੀਂ ਹੈ। ਉਹ ਵੀ ਕੋਈ ਵੇਲਾ ਸੀ ਜਦੋਂ ਪੰਜਾਬ ਦਾ ਨੌਜਵਾਨ ਪੰਜਾਬ ਦੇ ਹੱਕਾਂ ਅਤੇ ਹਿੱਤਾਂ ਲਈ ਫ਼ਿਕਰਮੰਦ ਹੁੰਦਾ ਸੀ। ਉਹ ਪੰਜਾਬ ਨੂੰ ਹੋਰ ਬਿਹਤਰ ਬਣਾਉਣ ਦੇ ਮਨਸੂਬੇ ਬਣਾਇਆ ਕਰਦਾ ਸੀ, ਪਰ ਅੱਜ ਦੇ ਅਧਿਕਤਰ ਨੌਜਵਾਨ ਨਸ਼ਿਆਂ ਦੀ ਦਲਦਲ 'ਚ ਫਸੇ ਪਏ ਹਨ।

ਕਿੰਨੇ ਦੁੱਖ ਦੀ ਗੱਲ ਹੈ ਕਿ ਵਤਨ ਦੀ ਅਜ਼ਮਤ ਦੀ ਖ਼ਾਤਿਰ ਫ਼ਾਂਸੀ ਦੇ ਫ਼ੰਦਿਆਂ 'ਤੇ ਝੂਲ ਜਾਣ ਵਾਲੇ ਸ਼ਹੀਦ ਭਗਤ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਜਿਹੇ ਨੌਜਵਾਨਾਂ ਦੇ ਇਹ 'ਅਜੋਕੇ ਵਾਰਿਸ' ਨਸ਼ਿਆਂ ਦੀ 'ਓਵਰਡੋਜ਼' ਨਾਲ ਮਰ ਰਹੇ ਹਨ। ਉਹ ਵੀ ਦਿਨ ਸਨ, ਜਦੋਂ ਦਾਜ ਦੀ ਖ਼ਾਤਿਰ ਲੋਕ ਆਪਣੀਆਂ ਬਹੂਆਂ ਨੂੰ ਤਸੀਹੇ ਦੇ ਕੇ ਨਹੀਂ ਮਾਰਿਆ ਕਰਦੇ ਸਨ। ਛੋਟੀ ਉਮਰ ਦੀ ਬੱਚੀ ਤੋਂ ਲੈ ਕੇ ਵਡੇਰੀ ਉਮਰ ਦੀ ਬਜ਼ੁਰਗ ਇਸਤਰੀ ਵੀ ਆਪਣੇ ਘਰ ਦੇ ਅੰਦਰ ਤੇ ਬਾਹਰ ਮਹਿਫ਼ੂਜ਼ ਹੋਇਆ ਕਰਦੀ ਸੀ। ਵਿਦਿਆਰਥੀ ਤਾਂ ਅਧਿਆਪਕ ਤੋਂ ਕੁੱਟ ਖਾ ਕੇ ਵੀ ਉਸ ਦਾ ਪੂਰਾ ਸਤਿਕਾਰ ਕਰਦੇ ਸਨ ਤੇ ਅੱਜ ਵਾਂਗ ਅਧਿਆਪਕਾਂ ਦੇ ਹੱਥੀਂ ਨਹੀਂ ਪੈਂਦੇ ਸਨ। ਉਹ ਅਧਿਆਪਕ ਨੂੰ ਮਾਤਾ-ਪਿਤਾ ਤੋਂ ਵੀ ਉੱਚੇ ਆਖੇ ਜਾਂਦੇ 'ਗੁਰੂ' ਦਾ ਦਰਜਾ ਦਿਆ ਕਰਦੇ ਸਨ। ਉਹ ਵੀ ਦਿਨ ਸਨ, ਜਦੋਂ ਪੰਜਾਬ ਦਾ ਹਰ ਅਧਿਆਪਕ ਆਪਣੇ ਕੋਲ ਪੜ੍ਹਨ ਆਈ ਹਰੇਕ ਬੱਚੀ ਨੂੰ ਆਪਣੀ ਧੀ ਅਤੇ ਆਪਣੀ ਸਹਿਕਰਮੀ ਇਸਤਰੀ ਨੂੰ ਆਪਣੀ ਭੈਣ ਮੰਨਦਾ ਹੁੰਦਾ ਸੀ। ਸਕੂਲਾਂ ਵਿਚ ਤਾਂ ਮਹਿਲਾ ਅਧਿਆਪਕਾ ਨੂੰ ਕਿਹਾ ਹੀ 'ਭੈਣ ਜੀ' ਜਾਂਦਾ ਸੀ। ਅਧਿਆਪਕ ਟਿਊਸ਼ਨਾਂ ਦੇ ਲਾਲਚੀ ਨਹੀਂ ਸਨ ਤੇ ਲੋੜਵੰਦ ਵਿਦਿਆਰਥੀਆਂ ਨੂੰ ਸਕੂਲ ਸਮੇਂ ਤੋਂ ਪਹਿਲਾਂ ਜਾਂ ਬਾਅਦ ਵਿਚ ਪੂਰੀ ਮਿਹਨਤ ਨਾਲ ਪੜ੍ਹਾਇਆ ਕਰਦੇ ਸਨ। ਵੱਡੇ-ਵੱਡੇ ਸਰਕਾਰੀ ਅਫ਼ਸਰ ਵੀ ਬੜੇ ਹੀ ਈਮਾਨਦਾਰ ਅਤੇ ਫ਼ਰਜ਼ਪਸੰਦ ਹੋਇਆ ਕਰਦੇ ਸਨ। ਉਹ ਸਰਕਾਰੀ ਗੱਡੀ ਅਤੇ ਸਰਕਾਰੀ ਫ਼ੰਡਾਂ ਦੀ ਵਰਤੋਂ ਕੇਵਲ ਤੇ ਕੇਵਲ ਸਰਕਾਰੀ ਕੰਮਾਂ ਲਈ ਹੀ ਕਰਿਆ ਕਰਦੇ ਸਨ।

ਪੰਜਾਬ ਨੇ ਇਹ ਸਾਰਾ ਕੁਝ ਆਪਣੀ ਅੱਖੀਂ ਵੇਖਿਆ ਹੈ ਤੇ ਆਪਣੇ ਪਿੰਡੇ 'ਤੇ ਹੰਢਾਇਆ ਹੈ। ਅਜੋਕਾ ਪੰਜਾਬ ਹੁਣ ਬੜੀ ਹੀ ਬੇਸਬਰੀ ਨਾਲ ਉਨ੍ਹਾਂ 'ਅੱਛੇ ਦਿਨਾਂ' ਦੇ ਪਰਤ ਆਉਣ ਦੀ ਉਡੀਕ ਕਰ ਰਿਹਾ ਹੈ ਤੇ 'ਪੁਰਾਣੇ ਪੰਜਾਬ' ਨੂੰ ਵਾਰ-ਵਾਰ ਆਵਾਜ਼ਾਂ ਮਾਰ ਰਿਹਾ ਹੈ।

**# ਸੰਪਰਕ : 97816-46008**

# ਵਾਤਾਵਰਣ ਅਤੇ ਸਾਡੇ ਕਾਨੂੰਨ



**ਕੇ ਐੱਲ ਮਲਹੋਤਰਾ**

ਜਿਉਂ-ਜਿਉਂ ਮੌਸਮੀ ਬਦਲਾਅ ਅਤੇ ਵਾਤਾਵਰਣ ਦੇ ਵਿਗਾੜ ਕਾਰਨ ਮਨੁੱਖੀ ਸਿਹਤ ਅਤੇ ਬਨਸਪਤੀ ਉੱਤੇ ਇਸ ਦਾ ਮਾੜਾ ਅਸਰ ਵਧ ਰਿਹਾ ਹੈ, ਇਸ ਵਿਸ਼ੇ 'ਤੇ ਭਾਰਤ ਸਰਕਾਰ ਅਤੇ ਵੱਖ-ਵੱਖ ਰਾਜਾਂ ਵੱਲੋਂ ਬਣਾਏ ਗਏ ਕਾਨੂੰਨਾਂ ਦੀ ਅਹਿਮੀਅਤ ਵੀ ਵਧਦੀ ਜਾ ਰਹੀ ਹੈ। ਭਾਰਤ ਵੱਲੋਂ ਅੰਤਰਰਾਸ਼ਟਰੀ ਪੱਧਰ 'ਤੇ ਨੈੱਟ ਜ਼ੀਰੋ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਸਮਾ-ਸੀਮਾ ਤੈਅ ਕਰ ਦਿੱਤੀ ਹੈ, ਪ੍ਰੰਤੂ ਕੀ ਅਸਲ ਵਿੱਚ ਇਨ੍ਹਾਂ ਕਾਨੂੰਨਾਂ ਦਾ ਵਾਤਾਵਰਣ ਸੁਧਾਰ ਵਿੱਚ ਕੋਈ ਯੋਗਦਾਨ ਹੈ ਜਾਂ ਨਹੀਂ, ਇਹ ਇੱਕ ਚਰਚਾ ਦਾ ਵਿਸ਼ਾ ਹੈ ਕਿਉਂਕਿ ਭਾਰਤ ਵਿੱਚ ਅਜਿਹੇ ਕਾਨੂੰਨਾਂ ਦੀ ਇੱਕ ਵੱਡੀ ਲਿਸਟ ਹੈ, ਜਿਸ ਵਿੱਚ ਹਵਾ ਦੇ ਪ੍ਰਦੂਸ਼ਣ ਸੰਬੰਧੀ ਕਾਨੂੰਨ ਸਾਲ 1981 ਵਿੱਚ, ਪਾਣੀ ਦੇ ਪ੍ਰਦੂਸ਼ਣ ਸੰਬੰਧੀ ਕਾਨੂੰਨ ਸਾਲ1974 'ਚ, ਰਹਿੰਦ-ਖੂੰਹਦ ਸੰਬੰਧੀ ਕਾਨੂੰਨ ਅਤੇ ਵਾਤਾਵਰਣ ਸੁਰੱਖਿਆ ਦੇ ਕਾਨੂੰਨ ਸਾਲ 1986 ਵਿੱਚ ਬਣਾਏ ਗਏ ਸਨ ਪ੍ਰੰਤੂ ਇਨ੍ਹਾਂ ਕਾਨੂੰਨਾਂ ਦੇ ਬਣਨ ਨਾਲ ਹੀ ਵਾਤਾਵਰਣ ਦੇ ਸੁਧਾਰ ਦੀ ਉਮੀਦ ਨਹੀਂ ਕੀਤੀ ਜਾ ਸਕਦੀ, ਜਦੋਂ ਤੱਕ ਕਿ ਇਨ੍ਹਾਂ ਕਾਨੂੰਨਾਂ ਦੀ ਠੀਕ ਢੰਗ ਨਾਲ ਪਾਲਣਾ ਨਹੀਂ ਹੁੰਦੀ।

ਕਈ ਖੇਤਰਾਂ ਵਿੱਚ ਵੇਖਿਆ ਗਿਆ ਹੈ ਕਿ ਪਲਾਨਿੰਗ ਠੀਕ ਨਾ ਹੋਣ ਕਰਕੇ ਵਾਤਾਵਰਣ ਸੰਬੰਧੀ ਕਾਨੂੰਨ ਬੇਅਸਰ ਹੋ ਰਹੇ ਹਨ। ਮਿਸਾਲ ਦੇ ਤੌਰ 'ਤੇ ਵੱਖ-ਵੱਖ ਪ੍ਰੋਜੈਕਟਾਂ ਵਿੱਚ ਲਗਾਏ ਗਏ ਸੀਵਰੇਜ ਟ੍ਰੀਟਮੈਂਟ ਪਲਾਂਟਾਂ ਦਾ ਟ੍ਰੀਟ ਕੀਤਾ ਹੋਇਆ ਪਾਣੀ ਦੁਬਾਰਾ ਤੋਂ ਮਿਊਂਸਪਲ ਦੇ ਗੰਦੇ ਸੀਵਰੇਜ ਵਿੱਚ ਸੁੱਟਿਆ ਜਾ ਰਿਹਾ ਹੈ, ਜਿਸ ਨਾਲ ਉਸ ਦੀ ਟ੍ਰੀਟਮੈਂਟ ਬੇਅਸਰ ਹੋ ਰਹੀ ਹੈ। ਵਿਕਾਸ ਅਥਾਰਟੀਆਂ ਵੱਲੋਂ ਆਪਣੇ-ਆਪਣੇ ਖੇਤਰਾਂ ਵਿੱਚ ਮੁੱਢਲੀਆਂ ਸੇਵਾਵਾਂ ਲਈ ਜ਼ਰੂਰੀ ਬੁਨਿਆਦੀ ਢਾਂਚਾ ਤਿਆਰ ਕਰਨ ਵਿੱਚ ਬਹੁਤ ਦੇਰੀ ਕੀਤੇ ਜਾਣ ਕਾਰਨ ਰਿਹਾਇਸ਼ੀ ਪ੍ਰੋਜੈਕਟਾਂ ਵੱਲੋਂ ਟ੍ਰੀਟ ਕੀਤੇ ਗਏ ਪਾਣੀ ਦੇ ਨਿਪਟਾਰੇ ਵਿੱਚ ਔਕੜਾਂ ਪੇਸ਼ ਆ ਰਹੀਆਂ ਹਨ। ਹਾਲ ਹੀ ਵਿੱਚ ਪ੍ਰੈੱਸ ਰਾਹੀਂ ਇੱਕ ਅਜਿਹੇ ਮਾਮਲੇ ਦਾ ਪਰਦਾ ਫਾਸ਼ ਹੋਇਆ ਹੈ, ਜਿਸ ਵਿੱਚ ਜੀ.ਟੀ ਰੋਡ ਦੇ ਨਾਲ ਲੱਗਦੇ ਪ੍ਰੋਜੈਕਟਾਂ ਵੱਲੋਂ ਆਪਣੇ ਸੀਵਰ ਦਾ ਕੁਨੈਕਸ਼ਨ ਅਣਅਧਿਕਾਰਤ ਤੌਰ 'ਤੇ ਨੈਸ਼ਨਲ ਹਾਈਵੇਅ ਵੱਲੋਂ ਉਸਾਰੇ ਗਏ ਜਾਂ ਉਸਾਰੇ ਜਾ ਰਹੇ ਸਟਰੋਮ ਵਾਟਰ ਡਰੇਨ ਵਿੱਚ ਕੀਤਾ ਗਿਆ ਸੀ। ਅਜਿਹੀ ਸਥਿਤੀ ਵੀ ਵੱਖ-ਵੱਖ ਵਿਕਾਸ ਅਥਾਰਟੀਆਂ ਵੱਲੋਂ ਬੁਨਿਆਦੀ ਢਾਂਚੇ ਦਾ ਸਮੇਂ ਸਿਰ ਵਿਕਾਸ ਨਾ ਕੀਤੇ ਜਾਣ ਨਾਲ ਹੋਰ ਵੀ ਗੰਭੀਰ ਹੋ ਜਾਂਦੀ ਹੈ। ਰਿਹਾਇਸ਼ੀ ਪ੍ਰੋਜੈਕਟਾਂ ਵਿੱਚ ਅਜਿਹੇ ਮਾਮਲੇ ਵੀ ਸਾਹਮਣੇ ਆਏ ਹਨ, ਜਿੱਥੇ ਮਾਲਕਾਂ ਵੱਲੋਂ ਸੀਵਰੇਜ ਟ੍ਰੀਟਮੈਂਟ ਪਲਾਂਟ ਲਗਾਏ ਜਾਣ ਦੇ ਬਾਵਜੂਦ ਉਸ ਨੂੰ ਚਲਾਇਆ ਨਹੀਂ ਜਾਂਦਾ ਅਤੇ ਬਿਨਾਂ ਟ੍ਰੀਟ ਕੀਤੇ ਗਏ ਪਾਣੀ ਨੂੰ ਹੀ ਮਿਊਂਸਪਲ ਸੀਵਰ ਵਿੱਚ ਜਾਂ ਬਾਹਰ ਹੀ ਛੱਡ ਦਿੱਤਾ ਜਾਂਦਾ ਹੈ, ਜਿਸ ਨਾਲ ਵਾਤਾਵਾਰਣ ਵਿੱਚ ਵਿਗਾੜ ਪੈਣਾ ਸੁਭਾਵਿਕ ਹੈ।

ਉਦਯੋਗਿਕ ਖੇਤਰਾਂ ਵਿੱਚ ਵੀ ਵਾਤਵਾਰਣ ਸੰਬੰਧੀ ਕਾਨੂੰਨਾਂ ਦੀ ਪਾਲਣਾ ਇੱਕ ਵੱਡੀ ਚੁਣੌਤੀ ਬਣੀ ਹੋਈ ਹੈ। ਉਦਯੋਗਿਕ ਅਦਾਰਿਆਂ ਦੀ ਆਪਣੇ ਨਿੱਜੀ ਸੁਆਰਥਾਂ ਲਈ ਵਾਤਾਵਰਣ ਦੇ ਕਾਨੂੰਨਾਂ ਨੂੰ ਅੱਖੋਂ ਓਹਲੇ ਕੀਤਾ ਜਾ ਰਿਹਾ ਹੈ। ਇਹਨਾਂ ਕਾਨੂੰਨਾਂ ਅਨੁਸਾਰ ਜਿੱਥੇ ਘੱਟ ਤੋਂ ਘੱਟ 33 ਫੀਸਦੀ ਰਕਬੇ ਵਿੱਚ ਰੁੱਖ ਲਗਾਉਣ ਦੀ ਵਿਵਸਥਾ ਹੈ, ਕਈ ਉਦਯੋਗਾਂ ਵੱਲੋਂ ਇਸ ਦੀ ਪਾਲਣਾ ਕਰਨ ਵਿੱਚ ਦਿਲਚਸਪੀ ਨਹੀਂ ਲਈ ਜਾਂਦੀ, ਜਦੋਂ ਕਿ ਰੁੱਖ ਅਜਿਹੇ ਉਦਯੋਗਾਂ ਤੋਂ ਹੋਣ ਵਾਲੇ ਹਵਾ ਦੇ ਪ੍ਰਦੂਸ਼ਣ ਨੂੰ ਘਟਾਉਣ ਵਿੱਚ ਬਹੁਤ ਸਹਾਈ ਹੁੰਦੇ ਹਨ। ਇਸ ਲਈ ਅੱਜ ਦੇ ਸਮੇਂ ਵਿੱਚ ਲੋੜ ਹੈ ਇਕ ਸਮਾਜਿਕ ਚੇਤਨਾ ਅਤੇ ਮੁਹਿੰਮ ਪੈਦਾ ਕਰਨ ਦੀ, ਜੋ ਕਿ ਕਾਨੂੰਨਾਂ ਦੇ ਨਾਲ-ਨਾਲ ਇਸ ਦਿਸ਼ਾ ਵਿੱਚ ਆਪਣਾ ਯੋਗਦਾਨ ਪਾ ਸਕੇ। ਬਹੁਤ ਸਾਰੀਆਂ ਗੈਰ-ਸਰਕਾਰੀ ਸੰਸਥਾਵਾਂ ਇਸ ਖੇਤਰ ਵਿੱਚ ਪਹਿਲਾਂ ਹੀ ਆਪਣਾ ਵੱਡਮੁੱਲਾ ਯੋਗਦਾਨ ਦੇ ਰਹੀਆਂ ਹਨ, ਪ੍ਰੰਤੂ ਇਹ ਕਾਫੀ ਨਹੀਂ ਹੈ, ਵਿਸ਼ੇਸ਼ ਕਰਕੇ ਜਦੋਂ ਸਾਡੇ ਵਾਤਾਵਰਣ ਤੇ ਵਧਦੀ ਅਬਾਦੀ ਅਤੇ ਉਦਯੋਗੀਕਰਨ ਨਾਲ ਦਬਾਅ ਵਧਦਾ ਜਾ ਰਿਹਾ ਹੈ। ਹਰ ਇੱਕ ਸਕੂਲ ਅਤੇ ਕਾਲਜ ਵਿੱਚ ਵਾਤਾਵਰਣ ਦੀ ਸਾਂਭ-ਸੰਭਾਲ ਸੰਬੰਧੀ ਸਿੱਖਿਆ ਲਾਜ਼ਮੀ ਵਿਸ਼ਾ ਹੋਣਾ ਚਾਹੀਦਾ ਹੈ, ਜਿਸ ਨਾਲ ਆਉਣ ਵਾਲੀਆਂ ਪੀੜ੍ਹੀਆਂ ਇਸ ਗੰਭੀਰ ਮਸਲੇ ਬਾਰੇ ਜਾਗਰੂਕ ਹੋ ਸਕਣ ਅਤੇ ਆਪਣਾ ਯੋਗਦਾਨ ਪਾ ਸਕਣ। ਇਹ ਸਮਾਂ ਹੈ ਜਦੋਂ ਵਾਤਾਵਰਣ ਪ੍ਰਤੀ ਯੋਗਦਾਨ ਦਾ ਮੁਲਾਂਕਣ ਕੇਵਲ ਪੌਦਿਆਂ ਦੀ ਗਿਣਤੀ ਵਜੋਂ ਹੀ ਨਾ ਮਾਪ ਕੇ ਉਸ ਵਿੱਚ ਸੁਧਾਰ ਦੇ ਅਸਰ ਵਜੋਂ ਹੋਣਾ ਚਾਹੀਦਾ ਹੈ। ਇਸ ਦੇ ਨਾਲ-ਨਾਲ ਵਾਤਾਵਰਣ ਸੰਬੰਧੀ ਕਾਨੂੰਨਾਂ ਨਾਲ ਖਿਲਵਾੜ ਕਰਨ ਵਾਲਿਆਂ ਦੇ ਵਿਰੁੱਧ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

**# ਸੰਪਰਕ : 79869-69394**


**ਪਾਵੇਲ ਕੁੱਸਾ**

# ਡੂੰਘੀ ਸਮਰਪਣ ਭਾਵਨਾ ਨਾਲ ਲੋਕਾਂ ਲੇਖੇ ਲੱਗੀ ਜ਼ਿੰਦਗੀ

ਲੰਘੀ ਦੋ ਜੁਲਾਈ ਨੂੰ ਕਮਿਊਨਿਸਟ ਇਨਕਲਾਬੀ ਲਹਿਰ ਦੇ ਅਹਿਮ ਆਗੂ ਸ਼ਖਸੀਅਤ ਕਾਮਰੇਡ ਗੁਰਦਿਆਲ ਸਿੰਘ ਪਹਾੜਪੁਰ 81 ਵਰ੍ਹਿਆਂ ਦੀ ਅਰਥ ਭਰਪੂਰ ਤੇ ਸ਼ਾਨਾਮੱਤੀ ਜ਼ਿੰਦਗੀ ਦਾ ਸਫ਼ਰ ਮੁਕਾ ਗਏ । ਪਰ ਇਹ ਨਿਵੇਕਲਾ ਸਫ਼ਰ ਲੋਕ ਮੁਕਤੀ ਦੇ ਰਾਹਾਂ ਦੇ ਪਾਂਧੀਆਂ ਲਈ ਰੌਸ਼ਨੀ ਦੇ ਸੋਮੇ ਵਜੋਂ ਸਦਾ ਆਪਣਾ ਚਾਨਣ ਵੰਡਦਾ ਰਹੇਗਾ ।

ਕਾਮਰੇਡ ਗੁਰਦਿਆਲ ਪਹਾੜਪੁਰ 1960 ਵਿਆਂ ਦੇ ਤਰਥੱਲੀਆਂ ਭਰਪੂਰ ਸਾਲਾਂ ਦੀ ਪੈਦਾਵਾਰ ਸਨ, ਜਦੋਂ ਦੁਨੀਆ ਭਰ 'ਚ ਨੌਜਵਾਨ ਵਿਦਿਆਰਥੀ ਨਵੇਂ ਸਮਾਜ ਦੀ ਉਸਾਰੀ ਦੀ ਮੰਜ਼ਲ ਨੂੰ ਆਪਣੇ ਅਕੀਦੇ ਬਣਾ ਕੇ ਸੰਗਰਾਮਾਂ ਦੇ ਮੈਦਾਨ 'ਚ ਨਿੱਤਰ ਰਹੇ ਸਨ । ਮੁਲਕ ਦੇ ਵੀ ਹਜ਼ਾਰਾਂ ਨੌਜਵਾਨਾਂ ਨੇ ਕਿਰਤੀ ਲੋਕਾਈ ਦੀ ਮੁਕਤੀ ਲਈ ਸਮਾਜ ਦੀ ਇਨਕਲਾਬੀ ਕਾਇਆ ਪਲਟੀ ਖ਼ਾਤਰ ਜ਼ਿੰਦਗੀ ਅਰਪਿਤ ਕਰਨ ਦਾ ਰਾਹ ਫੜਿਆ ਸੀ, ਪਰ ਇਸ ਲੰਮੇ ਸਫ਼ਰ 'ਚੋਂ ਵਿਰਲੇ ਹਨ, ਜਿਹੜੇ ਜਵਾਨੀ ਵੇਲੇ ਚੁਣੇ ਗਏ ਇਸ ਰਸਤੇ 'ਤੇ ਅੰਤਿਮ ਸਾਹਾਂ ਤੱਕ ਡਟੇ ਰਹੇ। ਕਾਮਰੇਡ ਗੁਰਦਿਆਲ ਇਹਨਾਂ ਵਿਰਲਿਆਂ 'ਚ ਸ਼ੁਮਾਰ ਸਨ, ਜਿਨ੍ਹਾਂ ਦੇ ਸਾਹਾਂ 'ਚ ਲੋਕ ਇਨਕਲਾਬ ਦਾ ਮਹਾਨ ਮਿਸ਼ਨ ਰਚਿਆ ਹੋਇਆ ਸੀ । ਲੱਗਭੱਗ 57-58 ਸਾਲ ਦੇ ਲੰਮੇ ਸਿਆਸੀ ਸਫ਼ਰ ਦਾ ਬਿਖੜਾ ਪੈਂਡਾ ਨਾ ਉਹਨਾਂ ਨੂੰ ਥਕਾ ਸਕਿਆ, ਨਾ ਕਮਿਊਨਿਸਟ ਇਨਕਲਾਬੀ ਲਹਿਰ ਦੇ ਸੰਕਟ, ਉਤਰਾਅ-ਚੜ੍ਹਾਅ ਤੇ ਪਛਾੜਾਂ ਕਦੇ ਉਹਨਾਂ ਨੂੰ ਰਸਤਿਓਂ ਥਿੜਕਾ ਸਕੀਆਂ। ਆਖਰੀ ਸਮੇਂ ਤੱਕ ਅੱਖਾਂ 'ਚ ਲੋਕ ਇਨਕਲਾਬ ਦੇ ਸੁਪਨੇ ਦੀ ਉਮੀਦ ਜਵਾਨੀ ਪਹਿਰੇ ਵਾਂਗ ਲਿਸ਼ਕਦੀ ਰਹੀ । ਇਹ ਲਿਸ਼ਕ ਬੁਢਾਪੇ ਦੇ ਕਦਮਾਂ ਦੀ ਤੋਰ ਅੰਦਰ ਵੀ ਤਾਂਘ ਬਣ ਕੇ ਉੱਤਰਦੀ ਰਹੀ ਤੇ ਕਦਮਾਂ ਦੀ ਰਵਾਨੀ ਬਣਦੀ ਰਹੀ। ਨਵੀਂ ਪੀੜ੍ਹੀ ਦੇ ਇਨਕਲਾਬੀਆਂ ਲਈ ਉਹ ਨਿਹਚਾ ਤੇ ਸਮਰਪਣ ਦੀ ਉੱਤਮ ਮਿਸਾਲ ਬਣਦੇ ਹਨ।

ਕਾਮਰੇਡ ਗੁਰਦਿਆਲ 60ਵਿਆਂ ਦੇ ਮਗਰਲੇ ਅੱਧ 'ਚ ਵਿਦਿਆਰਥੀ ਲਹਿਰ ਦੇ ਕਾਫ਼ਲੇ 'ਚ ਸ਼ਾਮਲ ਹੋਏ ਸਨ ਅਤੇ ਉਸ ਦੌਰ ਦੇ ਮਕਬੂਲ ਵਿਦਿਆਰਥੀ ਆਗੂ ਦਰਸ਼ਨ ਬਾਗੀ ਦੀ ਪ੍ਰੇਰਨਾ ਤੇ ਸਾਥ ਨਾਲ ਵਿਦਿਆਰਥੀ ਲਹਿਰ ਦੀਆਂ ਆਗੂ ਸਫਾਂ 'ਚ ਨਿਤਰੇ ਸਨ । ਇਨਕਲਾਬੀ ਲਹਿਰ 'ਚ ਉਹਨਾਂ ਦੀ ਸ਼ੁਰੂਆਤ ਦਾ ਦੌਰ ਪੰਜਾਬ ਦੀ ਵਿਦਿਆਰਥੀ ਲਹਿਰ ਦੇ ਸ਼ਾਨਾਮੱਤੇ ਇਤਿਹਾਸ ਦਾ ਹੀ ਇੱਕ ਅਹਿਮ ਦੌਰ ਹੈ, ਜਦੋਂ ਪੰਜਾਬ ਦੇ ਵਿਦਿਆਰਥੀਆਂ ਦੀ ਜਥੇਬੰਦੀ ਪੰਜਾਬ ਸਟੂਡੈਂਟਸ ਯੂਨੀਅਨ ਇੱਕ ਮਕਬੂਲ ਜਥੇਬੰਦੀ ਵਜੋਂ ਪੰਜਾਬ ਦੇ ਵਿਦਿਆਰਥੀਆਂ ਦੀ ਸਮੂਹਿਕ ਹਸਤੀ ਦਾ ਚਿੰਨ੍ਹ ਬਣ ਕੇ ਉੱਭਰੀ ਸੀ। ਇਹੀ ਉਹ ਸਮਾਂ ਸੀ ਜਦੋਂ ਨਕਸਲਵਾੜੀ ਬਗਾਵਤ ਦੇ ਝੰਜੋੜੇ ਨਾਲ ਹਲੂਣੀ ਗਈ ਪੰਜਾਬ ਦੀ ਜਵਾਨੀ ਲੋਕ ਮੁਕਤੀ ਦੇ ਮਿਸ਼ਨ ਨੂੰ ਪ੍ਰਣਾਈ ਜਾ ਰਹੀ ਸੀ, ਪਰ ਇਨਕਲਾਬੀ ਲਹਿਰ ਅੰਦਰ ਆਏ ਖੱਬੇ ਮਾਅਰਕੇਬਾਜ਼ ਰੁਝਾਨ ਨੇ ਪੀ ਐਸ ਯੂ ਦੀ ਲੀਡਰਸ਼ਿਪ ਨੂੰ ਵੀ ਆਪਣੀ ਲਪੇਟ 'ਚ ਲੈ ਲਿਆ ਸੀ ਤੇ ਜਥੇਬੰਦੀ ਦੀ ਲੀਡਰਸ਼ਿਪ ਦੇ ਵੱਡੇ ਹਿੱਸੇ ਨੇ ਜਨਤਕ ਜਥੇਬੰਦੀ ਨੂੰ ਇਨਕਲਾਬ ਦੇ ਰਾਹ ਦਾ ਰੋੜਾ ਕਰਾਰ ਦੇ ਦਿੱਤਾ ਸੀ। ਕਾਮਰੇਡ ਗੁਰਦਿਆਲ ਅਜਿਹੇ ਔਖੇ ਵੇਲਿਆਂ 'ਚ ਇਸ ਗ਼ਲਤ ਰੁਝਾਨ ਦੀ ਪਛਾਣ ਕਰਨ ਵਾਲੇ ਤੇ ਵਿਦਿਆਰਥੀ ਜਥੇਬੰਦੀ ਦੇ ਮਹੱਤਵ ਨੂੰ ਸਮਝਣ ਵਾਲੇ ਮੁੱਢਲੇ ਇਨਕਲਾਬੀਆਂ 'ਚ ਸ਼ੁਮਾਰ ਸਨ । ਇਸ ਮੌਕੇ ਉਹ ਪੰਜਾਬ ਸਟੂਡੈਂਟਸ ਯੂਨੀਅਨ ਦੇ ਵਜੂਦ ਦੀ ਰਾਖੀ ਕਰਨ ਲਈ ਅੱਗੇ ਆਏ । ਪੀ ਐੱਸ ਯੂ ਨੂੰ ਮੁੜ ਜਥੇਬੰਦ ਕਰਨ ਲਈ ਨਾਭਾ ਕਨਵੈਨਸ਼ਨ ਜਥੇਬੰਦ ਕੀਤੀ ਗਈ । ਇਸ ਮੌਕੇ ਉਹਨਾਂ ਨੇ ਜਥੇਬੰਦੀ ਦੇ ਸੂਬਾਈ ਜਨਰਲ ਸਕੱਤਰ ਵਜੋਂ ਜ਼ਿੰਮੇਵਾਰੀ ਓਟੀ। ਇਨਕਲਾਬੀ ਜਨਤਕ ਮੁਹਾਵਰੇ ਵਿੱਚ ਪੀ ਐੱਸ ਯੂ ਦਾ ਐਲਾਨਨਾਮਾ ਤਿਆਰ ਕੀਤਾ ਗਿਆ ਤੇ ਪ੍ਰਵਾਨ ਹੋਇਆ । ਵਿਦਿਆਰਥੀ ਸੰਘਰਸ਼ ਪਰਚੇ ਦਾ ਅੰਕ ਨੰ. 6 ਪ੍ਰਕਾਸ਼ਿਤ ਕੀਤਾ । ਇਹ ਦਸਤਾਵੇਜ਼ ਅਤੇ ਉਹਨਾਂ ਦੀਆਂ ਇਹ ਕੋਸ਼ਿਸ਼ਾਂ ਪੀ ਐੱਸ ਯੂ ਦੇ ਅਗਲੇ ਸਫ਼ਰ ਲਈ ਪਾਏਦਾਰ ਆਧਾਰ ਬਣੀਆਂ ਅਤੇ 1971 ਵਿੱਚ ਪ੍ਰਿਥੀਪਾਲ ਸਿੰਘ ਰੰਧਾਵਾ ਦੀ ਅਗਵਾਈ 'ਚ ਮੁੜ ਜਥੇਬੰਦ ਹੋਈ ਪੰਜਾਬ ਸਟੂਡੈਂਟਸ ਯੂਨੀਅਨ ਨੇ ਪੰਜਾਬ ਦੇ ਵਿਦਿਆਰਥੀਆਂ ਨੂੰ ਮੁੜ ਜਨਤਕ ਘੋਲ਼ਾਂ ਦੇ ਰਾਹ ਤੋਰ ਲਿਆ । ਪੀ ਐੱਸ ਯੂ ਦੇ ਅਗਲੇ ਸਫ਼ਰ ਵਿੱਚ ਕਾਮਰੇਡ ਗੁਰਦਿਆਲ ਦਾ ਤਜਰਬਾ ਤੇ ਅਗਵਾਈ ਮਿਸਾਲ ਹੋ ਕੇ ਜਗੀ ਤੇ ਉਹਨਾਂ ਨੇ ਮੁੜ-ਜਥੇਬੰਦੀ ਦੇ ਇਸ ਕਾਰਜ ਵਿੱਚ



ਰਾਹ-ਨੁਮਾ ਵਜੋਂ ਅਹਿਮ ਰੋਲ਼ ਅਦਾ ਕੀਤਾ । ਇਸ ਅਗਵਾਈ ਤੇ ਪ੍ਰੇਰਨਾ ਨਾਲ ਪੀ ਐੱਸ ਯੂ ਆਪਣੀ ਨਵੀਂ ਸਿਖਾਂਦੂਰ ਆਗੂ ਟੀਮ ਨਾਲ ਮਹਾਨ ਮੋਗਾ ਘੋਲ਼ ਵਰਗਾ ਵੱਡਾ ਸੰਗਰਾਮ ਲੜ ਸਕੀ ਅਤੇ ਪੰਜਾਬ ਦੀ ਜਨਤਕ ਲਹਿਰ ਦੀ ਮੋਹਰੀ ਟੁਕੜੀ ਵਜੋਂ ਆਪਣੀ ਭੂਮਿਕਾ ਅਦਾ ਕਰ ਸਕੀ । 70ਵਿਆਂ ਦੇ ਦਹਾਕੇ 'ਚ ਪੀ ਐੱਸ ਯੂ ਦੇ ਰਾਹ-ਨੁਮਾ ਉਸਰੱਈਏ ਵਜੋਂ ਉਨ੍ਹਾਂ ਦੀ ਭੂਮਿਕਾ ਇਤਿਹਾਸ ਦੇ ਪੰਨਿਆਂ 'ਚ ਸਦਾ ਉੱਕਰੀ ਰਹੇਗੀ ।

ਇੱਕ ਕਮਿਊਨਿਸਟ ਇਨਕਲਾਬੀ ਵਜੋਂ ਉਹ ਮਾਰਕਸਵਾਦ-ਲੈਨਿਨਵਾਦ ਤੇ ਮਾਓ ਵਿਚਾਰਧਾਰਾ ਨਾਲ ਸਿਧਾਂਤਕ ਵਫਾਦਾਰੀ ਦੀ ਮਿਸਾਲ ਬਣ ਕੇ ਨਿਭੇ, ਜਿਹੜੇ ਲਹਿਰ ਦੇ ਅਹਿਮ ਮੋੜਾਂ 'ਤੇ ਕਮਿਊਨਿਸਟ ਵਿਚਾਰਧਾਰਾ ਖ਼ਾਸ ਕਰਕੇ ਮਾਓ ਵਿਚਾਰਧਾਰਾ ਦੀ ਰਾਖੀ ਲਈ ਡਟਣ ਵਾਲੇ ਨਿਹਚਾਵਾਨ ਇਨਕਲਾਬੀਆਂ 'ਚ ਸ਼ੁਮਾਰ ਸਨ। ਉਹ ਮਰਹੂਮ ਕਮਿਊਨਿਸਟ ਇਨਕਲਾਬੀ ਆਗੂ ਕਾ. ਹਰਭਜਨ ਸੋਹੀ ਦੇ ਸੰਗੀ ਸਾਥੀ ਤੇ ਉਹਨਾਂ ਦੀ ਸਿਆਸੀ ਵਿਚਾਰਧਾਰਕ ਵਿਰਾਸਤ ਦੇ ਡਟਵੇਂ ਪਹਿਰੇਦਾਰ ਸਨ ।ਦਰੁਸਤ ਇਨਕਲਾਬੀ ਸਿਆਸਤ ਅਤੇ ਵਿਚਾਰਧਾਰਾ ਦੇ ਅਧਾਰ 'ਤੇ ਪੰਜਾਬ ਅੰਦਰ ਇਨਕਲਾਬੀ ਜਨਤਕ ਲਹਿਰ ਦੀ ਉਸਾਰੀ 'ਚ ਉਹਨਾਂ ਦਾ ਮਹੱਤਵਪੂਰਨ ਅਗਵਾਨੂੰ ਰੋਲ ਰਿਹਾ । ਦਰੁਸਤ ਇਨਕਲਾਬੀ ਲੀਹ ਦੀ ਯੁੱਧ ਨੀਤੀ ਤੇ ਦਾਅਪੇਚਾਂ ਨੂੰ ਲਾਗੂ ਕਰਨ, ਹਾਲਤ ਦੀਆਂ ਸੰਭਾਵਨਾਵਾਂ ਨੂੰ ਪਛਾਨਣ ਤੇ ਸੀਮਤਾਈਆਂ ਨੂੰ ਸਰ ਕਰਨ ਲਈ ਲੰਮੇ ਦਾਅ ਦੀਆਂ ਵਿਉਂਤਾਂ ਘੜਨ ਤੇ ਲਾਗੂ ਕਰਨ 'ਚ ਉਹਨਾਂ ਦੀ ਵਿਸ਼ੇਸ਼ ਸਮਰੱਥਾ ਤੇ ਮੁਹਾਰਤ ਉੱਭਰ ਕੇ ਸਾਹਮਣੇ ਆਈ। ਲੰਮੇ ਸਿਆਸੀ ਸਫ਼ਰ ਦੌਰਾਨ ਉਹ ਇਨਕਲਾਬੀ ਜਨਤਕ ਲੀਹ ਦੇ ਝੰਡਾਬਰਦਾਰਾਂ 'ਚ ਸ਼ੁਮਾਰ ਰਹੇ । ਕਮਿਊਨਿਸਟ ਇਨਕਲਾਬੀਆਂ ਦੀ ਸਾਂਝ ਉਸਾਰਨ ਤੇ ਏਕਤਾ ਨੂੰ ਅੱਗੇ ਵਧਾਉਣ 'ਚ ਵੀ ਉਹਨਾਂ ਨੇ ਮੋਹਰੀ ਭੂਮਿਕਾ ਅਦਾ ਕੀਤੀ ਤੇ ਇਸ ਕਾਰਜ ਦੀਆਂ ਸਮੱਸਿਆਵਾਂ ਨੂੰ ਅਮਲੀ ਤੌਰ 'ਤੇ ਹੱਲ ਕਰਨ ਵਿੱਚ ਅਗਵਾਈ ਕੀਤੀ । ਪੰਜਾਬ 'ਚ ਖਾਲਿਸਤਾਨੀ ਤੇ ਹਕੂਮਤੀ ਦਹਿਸ਼ਤਗਰਦੀ ਦੇ ਦੌਰ ਅੰਦਰ ਲੋਕ ਟਾਕਰਾ ਉਸਾਰਨ ਦੇ ਕਾਰਜਾਂ ਦੀ ਅਮਲੀ ਅਗਵਾਈ ਵਿੱਚ ਵੀ ਉਹਨਾਂ ਦੀ ਮੋਹਰੀ ਭੂਮਿਕਾ ਰਹੀ । ਇਸ ਲੰਮੇ ਸਫਰ ਦੌਰਾਨ ਉਹਨਾਂ ਨੇ ਵੱਖ-ਵੱਖ ਕਮਿਊਨਿਸਟ ਇਨਕਲਾਬੀ ਜਥੇਬੰਦੀਆਂ 'ਚ ਸੂਬਾਈ ਤੇ ਕੇਂਦਰੀ ਪੱਧਰ 'ਤੇ ਆਗੂ ਜ਼ਿੰਮੇਵਾਰੀਆਂ ਨਿਭਾਈਆਂ ।

ਇਕ ਪੇਸ਼ਾਵਰ ਇਨਕਲਾਬੀ ਵਜੋਂ ਲੋਕ ਇਨਕਲਾਬ ਦੇ ਮਿਸ਼ਨ 'ਚ ਅਟੱਲ ਭਰੋਸਾ ਤੇ ਅਡੋਲ ਨਿਹਚਾ ਦੇ ਜ਼ੋਰ 'ਤੇ ਹੀ ਉਹਨਾਂ ਨੇ ਲੰਮੀ ਅੰਡਰ-ਗਰਾਊਂਡ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਨੂੰ ਹੱਸ ਕੇ ਝੱਲਿਆ । ਇਕ ਪਰਪੱਕ ਕਮਿਊਨਿਸਟ ਇਨਕਲਾਬੀ ਨਜ਼ਰੀਏ ਕਾਰਨ ਹੀ ਸੰਸਾਰ ਇਨਕਲਾਬ ਨੂੰ ਲੱਗੀਆਂ ਪਛਾੜਾਂ ਦੀ ਸੱਟ ਨੂੰ ਜਰ ਸਕੇ ਅਤੇ ਇਸ ਸੱਟ ਨੇ ਉਹਨਾਂ ਨੂੰ ਕਦੇ ਬੇਦਿਲ ਨਹੀਂ ਕੀਤਾ । ਸਮਾਜਵਾਦੀ ਚੀਨ ਦੇ ਪੂੰਜੀਵਾਦ ਦੀ ਰਾਹ 'ਤੇ ਚਲੇ ਜਾਣ ਤੇ ਉਸ ਦੇ ਅਸਰ ਹੇਠ ਮੁਲਕ ਦੇ ਕਮਿ.ਇਨ. ਹਿੱਸਿਆਂ 'ਚ ਨਿਰਾਸ਼ਾ ਦਾ ਹੋਇਆ ਪਸਾਰਾ ਉਹਨਾਂ ਦੀ ਤੋਰ ਨੂੰ ਅਸਰ-ਅੰਦਾਜ਼ ਨਾ ਕਰ ਸਕਿਆ ਤੇ ਇਨਕਲਾਬ ਦੇ ਪੰਧ 'ਤੇ ਇਹ ਤੋਰ ਸਦਾ ਸਾਵੀਂ ਰਹੀ। ਲਹਿਰ 'ਚੋਂ ਖਿੰਡ ਗਿਆਂ ਨੂੰ ਮੁੜ-ਮੁੜ ਜੋੜਨ ਤੇ ਕਿਰ ਗਿਆਂ ਨੂੰ ਮੁੜ ਚੁਗਣ ਦਾ ਸਬਰ ਤੇ ਤਹੱਮਲ ਸਦਾ ਸਲਾਮਤ ਰਿਹਾ।

ਲੰਮੀ ਬਿਮਾਰੀ ਨਾਲ ਜੂਝਦਿਆਂ ਉਹਨਾਂ ਨੇ ਕਮਿਊਨਿਸਟ ਇਨਕਲਾਬੀਆਂ ਵਾਲੀ ਜੁਝਾਰ ਭਾਵਨਾ ਦਾ ਪ੍ਰਗਟਾਵਾ ਕੀਤਾ । ਬਿਮਾਰੀ ਨਾਲ ਵੀ ਉਹ ਪੂਰੀ ਤਿਆਰੀ ਤੇ ਸਪੱਸ਼ਟਤਾ ਨਾਲ ਲੜੇ ਤੇ ਨਾਲ ਹੀ ਜਮਾਤੀ ਘੋਲ ਦੀ ਅਗਵਾਈ ਦੇ ਮੋਰਚੇ 'ਤੇ ਡਟੇ ਰਹੇ । ਇਨਕਲਾਬੀ ਕਾਰਜਾਂ 'ਚ ਹਿੱਸਾ ਪਾਉਣ ਲਈ ਸਦਾ ਤਤਪਰ ਰਹੇ । ਸਰੀਰਕ ਬਿਮਾਰੀ ਉਹਨਾਂ ਦੇ ਮਨੋਬਲ ਨੂੰ ਢਾਹ ਨਾ ਸਕੀ । ਇਸ ਨਿਭਾਅ ਰਾਹੀਂ ਉਹਨਾਂ ਨੇ ਦਰਸਾਇਆ ਕਿ ਕਮਿਊਨਿਸਟ ਇਨਕਲਾਬੀ ਕਿਸ ਮਿੱਟੀ ਦੇ ਬਣੇ ਹੁੰਦੇ ਹਨ ।

ਪੰਜਾਬ ਦੀ ਸੰਗਰਾਮੀ ਲੋਕ ਲਹਿਰ ਅੱਜ ਜੇਕਰ ਮੁਲਕ ਦੀ ਲਹਿਰ ਅੰਦਰ ਆਪਣਾ ਵਿਲੱਖਣ ਸਥਾਨ ਰੱਖਦੀ ਹੈ ਤੇ ਇਸ ਮੁਕਾਮ 'ਤੇ ਪਹੁੰਚੀ ਹੈ ਤਾਂ ਇਸ ਦੀ ਉਸਾਰੀ ਦੀਆਂ ਨੀਹਾਂ 'ਚ ਕਾਮਰੇਡ ਗੁਰਦਿਆਲ ਵਰਗੇ ਕਿੰਨੇ ਹੀ ਸਾਥੀਆਂ ਦੀ ਜੀਵਨ ਭਰ ਦੀ ਘਾਲਣਾ ਪਈ ਹੈ । ਚਾਹੇ ਉਹਨਾਂ ਦਾ ਜ਼ਿਕਰ ਇਸ ਉਸਾਰੀ ਦੇ ਦਿਖਦੇ ਹਿੱਸੇ 'ਤੇ ਨਜ਼ਰੀਂ ਨਹੀਂ ਪੈਂਦਾ, ਪਰ ਉਹਨਾਂ ਦੀ ਜੀਵਨ ਘਾਲਣਾ ਇਸ ਦੀਆਂ ਬੁਨਿਆਦਾਂ 'ਚ ਰਚੀ ਹੋਈ ਹੈ। ਉਹਨਾਂ ਦੇ ਜਾਣ ਮਗਰੋਂ ਵੀ ਉਹਨਾਂ ਦੀ ਅਜਿਹੀ ਭੂਮਿਕਾ ਇਨਕਲਾਬੀ ਲਹਿਰ ਦੇ ਅਗਲੇ ਸਫ਼ਰ ਲਈ ਪ੍ਰੇਰਨਾ ਬਣਦੀ ਰਹੇਗੀ ।ਕਾਮਰੇਡ ਗੁਰਦਿਆਲ ਦੀ ਜੀਵਨ ਘਾਲਣਾ ਨੂੰ ਸਿਜਦੇ ਲਈ 12 ਜੁਲਾਈ ਨੂੰ ਬਠਿੰਡਾ ਵਿਖੇ ਲਾਲ ਸਲਾਮ ਸਮਾਗਮ ਹੋ ਰਿਹਾ ਹੈ।

**ਸੰਪਰਕ: 94170-54015**

10 July Page-5.qxd 7/9/2025 10:26 PM Page 1



# ਦੇਸ਼-ਵਿਆਪੀ ਹੜਤਾਲ ਨੂੰ ਵੱਖ-ਵੱਖ ਥਾਈਂ ਭਰਵਾਂ ਹੁੰਗਾਰਾ


ਬਠਿੰਡਾ


ਬਠਿੰਡਾ



ਮਾਨਸਾ


ਮਾਨਸਾ


ਗਿੱਦੜਬਾਹਾ

**ਬਠਿੰਡਾ (ਬਖਤੌਰ ਢਿੱਲੋਂ)**- ਕੌਮੀ ਟਰੇਡ ਯੂਨੀਅਨ ਤੇ ਮੁਲਾਜ਼ਮ ਫੈਡਰੇਸ਼ਨਾਂ ਦੇ ਸੱਦੇ ਤੇ ਸੀਟੂ ਨਾਲ ਸੰਬੰਧਤ ਸਨਅਤੀ ਅਦਾਰਿਆਂ ਦੀਆਂ ਜਥੇਬੰਦੀਆਂ ਤੇ ਮੁਲਾਜ਼ਮ ਜਥੇਬੰਦੀਆਂ ਵਲੋਂ ਸਥਾਨ ਚਿਲਡਰਨ ਪਾਰਕ ਵਿਖੇ ਇੱਕ ਭਾਰੀ ਇਕੱਠ ਕੀਤਾ ਗਿਆ। ਜਿਸ ਨੂੰ ਵੱਖ ਵੱਖ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਦੀਆਂ ਮਾਰੂ ਨੀਤੀਆਂ ਦਾ ਮੂੰਹਤੋੜ ਜਵਾਬ ਦੇਣ ਲਈ ਅੱਜ ਕਰੋੜਾਂ ਲੋਕ ਸੜਕਾਂ ਤੇ ਉੱਤਰ ਆਏ ਹਨ। ਉਹਨਾਂ ਮੰਗ ਕੀਤੀ ਕਿ ਲੇਬਰ ਕਾਨਫਰੰਸ ਦੀਆਂ ਸਿਫਾਰਸ਼ਾਂ ਅਨੁਸਾਰ ਕੱਚੇ ਕਾਮੇ ਪੱਕੇ ਕੀਤੇ ਜਾਣ, ਕਿਰਤ ਵਿਰੋਧੀ ਚਾਰ ਕੋਡ ਰੱਦ ਕੀਤੇ ਜਾਣ, ਫ਼ਸਲਾਂ 'ਤੇ ਐੱਮ ਐਸ ਪੀ ਦਿੱਤੀ ਜਾਵੇ, ਆਂਗਣਵਾੜੀ ਵਰਕਰਾਂ ਹੈਲਪਰਾਂ ਆਸ਼ਾ ਵਰਕਰਾਂ ਨੂੰ ਦਰਜਾ ਚਾਰ ਕਰਮਚਾਰੀ ਐਲਾਨਿਆ ਜਾਵੇ, ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕੀਤੀਆਂ ਜਾਣ, ਪਬਲਿਕ ਸੈਕਟਰ ਦੇ ਅਦਾਰਿਆਂ ਦਾ ਨਿੱਜੀਕਰਨ ਬੰਦ ਕੀਤਾ ਜਾਵੇ। ਇਕੱਠ ਨੂੰ ਆਂਗਣਵਾੜੀ ਆਗੂ ਪ੍ਰਕਾਸ਼ ਕੌਰ ਸੋਹੀ, ਅਲਟ੍ਰਾਟੈਕ ਸੀਮਿੰਟ ਯੂਨੀਅਨ ਆਗੂ ਜਰਨੈਲ ਸਿੰਘ, ਅੰਬੂਜਾ ਸੀਮਿੰਟ ਆਗੂ ਵਿਨੋਦ ਸਿੰਘ, ਕਿਸਾਨ ਆਗੂ ਬਲਕਰਨ ਸਿੰਘ ਬਰਾੜ, ਮਿੱਠੂ ਸਿੰਘ, ਗੁਰਸੇਵਕ ਸਿੰਘ, ਪ੍ਰਤਿਭਾ ਸ਼ਰਮਾ, ਡੀ ਗਣੇਸ, ਸੁਖਮਿੰਦਰ ਸਿੰਘ ਬਾਠ ਅਤੇ ਸੀਟੂ ਦੇ ਸੂਬਾਈ ਮੀਤ ਪ੍ਰਧਾਨ ਬਲਕਾਰ ਸਿੰਘ ਨੇ ਸੰਬੋਧਨ ਕੀਤਾ। ਗਗਨਦੀਪ ਸਿੰਘ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ ਜਦ ਕਿ ਹਰਮਿੰਦਰ ਸਿੰਘ ਢਿੱਲੋਂ ਨੇ ਸਭਨਾਂ ਦਾ ਧੰਨਵਾਦ ਕੀਤਾ।



ਕੋਟਕਪੂਰਾ, ਫਰੀਦਕੋਟ

**ਮਾਨਸਾ (ਆਤਮਾ ਸਿੰਘ ਪਮਾਰ)**- ਸੈਂਟਰ ਆਫ ਇੰਡੀਅਨ ਟਰੇਡ ਯੂਨੀਅਨਜ਼ (ਸੀਟੂ) ਅਤੇ ਵੱਖ ਵੱਖ ਜਨਤਕ ਜੱਥੇਬੰਦੀਆਂ ਵੱਲੋਂ ਦੇਸ਼ ਵਿਆਪੀ ਹੜਤਾਲ ਦੇ ਸੱਦੇ ਤਹਿਤ ਸਥਾਨਕ ਬਾਲ ਭਵਨ ਵਿਖੇ ਭਰਵਾਂ ਇਕੱਠ ਕਰਨ ਉਪਰੰਤ ਡਿਪਟੀ ਕਮਿਸ਼ਨਰ ਮਾਨਸਾ ਦੇ ਦਫਤਰ ਵੱਲ ਪ੍ਰਭਾਵਸ਼ਾਲੀ ਰੋਸ ਪ੍ਰਦਰਸ਼ਨ ਵੀ ਕੀਤਾ। ਇਸ ਰੋਸ ਪ੍ਰਦਰਸ਼ਨ ਦੌਰਾਨ ਆਂਗਣਵਾੜੀ ਮੁਲਾਜ਼ਮ ਯੂਨੀਅਨ (ਸੀਟੂ) ਦੀਆਂ ਵਰਕਰਾਂ ਨੇ ਵੀ ਵੱਡੀ ਗਿਣਤੀ ਸ਼ਮੂਲੀਅਤ ਕੀਤੀ। ਇਕੱਤਰਤਾ ਨੂੰ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾਈ ਮੀਤ ਪ੍ਰਧਾਨ ਐਡਵੋਕੇਟ ਸਵਰਨਜੀਤ ਸਿੰਘ ਦਲਿਓ, ਆਂਗਣਵਾੜੀ ਮੁਲਾਜ਼ਮ ਯੂਨੀਅਨ (ਸੀਟੂ) ਦੀ ਜ਼ਿਲ੍ਹਾ ਪ੍ਰਧਾਨ ਬੀਬੀ ਰਣਜੀਤ ਕੌਰ ਬਰੇਟਾ ਅਤੇ ਪੈਨਸ਼ਨਰਜ਼ ਐਸੋਸੀਏਸ਼ਨ ਪਾਵਰਕੌਮ ਦੇ ਸੂਬਾ ਸਕੱਤਰ ਅਮਰਜੀਤ ਸਿੰਘ ਸਿੱਧੂ ਨੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੀ ਇਤਿਹਾਸਕ ਹੜਤਾਲ 'ਚ ਅਮਰੀਕਾ ਸਾਮਰਾਜ ਦੀ ਕਠਪੁਤਲੀ ਕੇਂਦਰ ਸਰਕਾਰ ਦੀਆਂ ਮਜ਼ਦੂਰ, ਕਿਸਾਨ, ਮੁਲਾਜ਼ਮ ਸਮੇਤ ਹਰ ਵਰਗ ਵਿਰੋਧੀ ਨੀਤੀਆਂ ਖਿਲਾਫ ਦੇਸ਼ ਦੇ ਕਰੋੜਾਂ ਲੋਕਾਂ ਨੇ ਆਪਣੇ ਰੋਹ ਦਾ ਪ੍ਰਗਟਾਵਾ ਕੀਤਾ ਅਤੇ ਦੇਸ਼ ਦੇ ਕੋਨੇ ਕੋਨੇ ਵਿੱਚ ਰੋਸ ਪ੍ਰਦਰਸ਼ਨਾਂ ਰਾਹੀਂ ਕੇਂਦਰੀ ਅਤੇ ਰਾਜ ਸਰਕਾਰ ਵੱਲੋਂ ਕੀਤੇ ਜਾ ਰਹੇ ਜਬਰ ਦਾ ਚੁਰਾਹੇ ਵਿਚ ਭਾਂਡਾ ਭੰਨਿਆ । ਆਗੂਆਂ ਨੇ ਕਿਹਾ ਕਿ ਦੇਸ ਭਰ ਵਿੱਚ ਪੋਸਣ ਟਰੈਕ ਦੇ ਨਾਂਅ 'ਤੇ ਆਂਗਣਵਾੜੀ ਵਰਕਰਾਂ ਹੈਲਪਰਾਂ ਦਾ ਮਾਨਸਿਕ ਸ਼ੋਸ਼ਣ ਕੀਤਾ ਜਾ ਰਿਹਾ ਹੈ ਅਤੇ ਇਸ ਦੇ ਨਾਲ ਹੀ ਲਾਭਪਾਤਰੀਆਂ ਨੂੰ ਲਾਭਾਂ ਤੋਂ ਵਾਂਝੇ ਰੱਖਣ ਦੇ ਮਨਸੂਬੇ ਘੜੇ ਜਾ ਰਹੇ ਹਨ ਉਨ੍ਹਾਂ ਮੰਗ ਕੀਤੀ ਕਿ ਕਿਰਤੀਆਂ ਵਿਰੋਧੀ ਚਾਰ ਲੇਬਰ ਕੋਡ ਰੱਦ ਕਰਕੇ ਪਹਿਲੇ ਚੱਲ ਰਹੇ ਕਿਰਤ ਕਾਨੂੰਨ ਮੁੜ ਤੋਂ ਬਹਾਲ ਕੀਤੇ ਜਾਣ। ਇਸ ਮੌਕੇ ਆਂਗਣਵਾੜੀ ਆਗੂ ਅਵਿਨਾਸ਼ ਕੌਰ ਮਾਨਸਾ, ਛਿੰਦਰਪਾਲ ਕੌਰ ਬਰੇਟਾ, ਡੇਜੀ ਗੁਪਤਾ ਸ਼ੇਰਖਾਂ, ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਕਾ. ਜਸਵੰਤ ਸਿੰਘ ਬੀਰੋਕੇ, ਨਰੇਗਾ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਕਾ. ਤੇਜਾ ਸਿੰਘ ਹੀਰਕੇ, ਕਾ. ਗੁਰਪ੍ਰੀਤ ਸਿੰਘ ਬਰਨ ਅਤੇ ਪੈਨਸ਼ਨਰ ਐਸੋਸੀਏਸ਼ਨ ਪਾਵਰਕੌਮ ਮੰਡਲ ਮਾਨਸਾ ਦੇ ਪ੍ਰਧਾਨ ਲੱਖਣ ਲਾਲ ਮੌੜ, ਮੰਡਲ ਸਕੱਤਰ ਕਾ. ਦਰਸ਼ਨ ਸਿੰਘ ਜੋਗਾ ਨੇ ਕਿਹਾ ਕਿ ਮਜ਼ਦੂਰਾਂ ਦੀ ਆਰਥਿਕਤਾ ਨੂੰ ਸੁਧਾਰਨ ਅਤੇ ਉਨ੍ਹਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਘੱਟੋ ਘੱਟ ਵੇਤਨ 26 ਹਜ਼ਾਰ ਰੁਪਏ ਪ੍ਰਤੀ ਮਹੀਨਾ ਤੈਅ ਕੀਤਾ ਜਾਵੇ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਖੇਤੀ ਜਿਣਸਾਂ ਦੀ ਖਰੀਦ ਸਬੰਧੀ ਘੱਟੋ ਘੱਟ ਸਮਰਥਨ ਮੁੱਲ (ਐਮ.ਐਸ.ਪੀ) ਦੀ ਕਾਨੂੰਨੀ ਗਰੰਟੀ ਦੇਣ , ਖੇਤ ਮਜ਼ਦੂਰਾਂ ਤੇ ਕਿਸਾਨਾਂ ਸਿਰ ਚੜ੍ਹੇ ਕਰਜੇ ਮੁਆਫ ਕਰਨ , 60 ਸਾਲ ਤੋਂ ਉੱਪਰ ਉਮਰ ਦੇ ਕਿਰਤੀ-ਕਿਸਾਨ ਨੂੰ 10 ਹਜ਼ਾਰ ਰੁਪਏ ਮਾਸਿਕ ਪੈਨਸਨ ਦਿੱਤੀ ਜਾਵੇ। ਇਸ ਸਮੇਂ ਦਲਜੀਤ ਕੌਰ ਮਾਨਸਾ, ਸਰਨਜੀਤ ਕੌਰ ਸਰਦੂਲਗੜ੍ਹ, ਕਾ. ਸੰਤ ਰਾਮ ਬੀਰੋਕੇ, ਕਾ. ਗੁਰਜੰਟ ਸਿੰਘ ਕੋਟੜਾ, ਕਾ. ਬਲਜੀਤ ਸਿੰਘ ਖੀਵਾ, ਕਾ. ਜਗਦੇਵ ਸਿੰਘ ਢੈਪਈ , ਕਾ. ਰੂਪ ਸਿੰਘ ਬਰੇਟਾ, ਕਾ. ਜਗਦੇਵ ਸਿੰਘ ਖੀਵਾ, ਮਨਜੀਤ ਕੌਰ ਬੀਰੋਕੇ, ਗੁਰਮੀਤ ਕੌਰ ਟਾਹਲੀਆਂ, ਗੋਲੋ ਦੇਵੀ ਸਰਦੂਲਗੜ੍ਹ ਆਦਿ ਆਗੂ ਵੀ ਹਾਜ਼ਰ ਸਨ। ਇਸ ਮੌਕੇ ਟਰੇਡ ਯੂਨੀਅਨਾਂ ਦੇ ਆਗੂਆਂ ਵੱਲੋਂ ਤਹਿਸੀਲਦਾਰ ਮਾਨਸਾ ਨੂੰ ਇੱਕ ਮੰਗ ਪੱਤਰ ਵੀ ਸੌਂਪਿਆ ਗਿਆ।


ਗੁਰੂ ਹਰਸਹਾਏ

**ਲੁਧਿਆਣਾ (ਰੈਕਟਰ ਕਥੂਰੀਆ)** ਦੇਸ਼ ਦੀਆਂ ਪ੍ਰਮੁੱਖ 10 ਟਰੇਡ ਯੂਨੀਅਨਾਂ ਦੇ ਦੇਸ਼ ਵਿਆਪੀ ਹੜਤਾਲ ਦੇ ਸੱਦੇ ਤਹਿਤ ਗ਼ਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ ਵਿਖੇ ਵੱਖ-ਵੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਟਰੇਡ ਯੂਨੀਅਨਾਂ ਵੱਲੋਂ ਚੁੱਕੀਆਂ ਮੰਗਾਂ ਨਾਲ ਸਹਿਮਤੀ ਪ੍ਰਗਟ ਕਰਦਿਆਂ ਕੇਂਦਰ ਸਰਕਾਰ ਦੀ ਅਰਥੀ ਫੂਕੀ ਤੇ ਸਰਕਾਰ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਪ੍ਰੋ. ਜਗਮੋਹਨ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੌਜੂਦਾ ਸਮੇਂ ਵਿੱਚ ਜਦੋਂ ਪੂਰੀ ਦੁਨੀਆ ਵਿੱਚ ਸਰਮਾਏਦਾਰੀ ਢਾਂਚਾ ਆਰਥਿਕ ਸੰਕਟ ਵਿੱਚ ਘਿਰਿਆ ਹੋਇਆ ਹੈ ਤੇ ਸਰਕਾਰਾਂ ਲੋਕਾਂ 'ਤੇ ਲਗਾਤਾਰ ਟੈਕਸਾਂ ਦਾ ਬੋਝ ਵਧਾ ਰਹੀਆਂ ਹਨ। ਪੂੰਜੀਪਤੀਆਂ ਨੂੰ ਫ਼ਾਇਦਾ ਪੁਚਾਉਣ ਲਈ ਲਗਾਤਾਰ ਮਜ਼ਦੂਰ ਵਿਰੋਧੀ ਫ਼ੈਸਲੇ ਲੈ ਰਹੀਆਂ ਹਨ।ਅਜਿਹੇ ਸਮੇਂ ਵਿੱਚ ਅਜਿਹੀਆਂ ਹੜਤਾਲਾਂ ਮਜ਼ਦੂਰ ਜਮਾਤ ਲਈ ਰਾਹ ਦਰਸਾਵਾਂ ਬਣਦੀਆਂ ਹਨ ਤੇ ਉਨ੍ਹਾਂ ਨੂੰ ਸੰਘਰਸ਼ ਲਈ ਪ੍ਰੇਰਦੀਆਂ ਹਨ।ਕੇਂਦਰ ਦੀ ਮੋਦੀ ਸਰਕਾਰ ਬੀਤੇ ਕਈ ਸਾਲਾਂ ਤੋਂ ਲੋਕਾਂ ਦਾ ਧਿਆਨ ਧਰਮ ਦੇ ਨਾਂਅ 'ਤੇ ਭਟਕਾ ਕੇ ਕਿਰਤ ਕਨੂੰਨਾਂ 'ਚ ਮਜ਼ਦੂਰ ਵਿਰੋਧੀ ਫ਼ੈਸਲੇ ਲੈ ਚੁੱਕੀ ਹੈ।ਨਵੇਂ ਕਾਨੂੰਨਾਂ ਤਹਿਤ ਮਜ਼ਦੂਰਾਂ ਦੀ ਪਹਿਲਾਂ ਹੀ ਘੱਟ ਉਜਰਤ ਵਧਾਉਣ ਦੀ ਬਜਾਏ ਕੰਮ ਦੇ ਘੰਟੇ ਵਧਾਏ ਜਾ ਰਹੇ ਹਨ। ਮੌਜੂਦਾ ਸਰਕਾਰ ਲੰਮੇ ਸਮੇਂ ਤੋਂ ਚੱਲਦੀਆਂ ਆ ਰਹੀਆਂ ਕਿਸਾਨੀ ਮੰਗਾਂ ਤੋਂ ਵੀ ਭੱਜ ਰਹੀ ਹੈ।ਖੇਤੀ ਵਿੱਚ ਖਾਦਾਂ-ਬੀਜਾਂ-ਕੀਟਨਾਸ਼ਕਾਂ-ਆਧੁਨਿਕ ਸੰਦਾਂ 'ਤੇ ਟੈਕਸ ਵਧਾ ਕੇ ਖੇਤੀ ਲਾਗਤ ਨੂੰ ਵਧਾ ਰਹੀ ਹੈ ਤੇ ਦੂਜੇ ਪਾਸੇ ਐਮ.ਐਸ.ਪੀ ਦੇਣ ਤੋਂ ਭੱਜ ਰਹੀ ਹੈ।ਅਖੀਰ ਉਨ੍ਹਾਂ ਕਿਹਾ ਸਰਕਾਰਾਂ ਤੇ ਕਾਰਪੋਰੇਟਾਂ ਦੇ ਹਮਲੇ ਤੋਂ ਸਿਰਫ ਮਿਹਨਤਕਸ਼ ਜਮਾਤ ਦਾ ਏਕਾ ਹੀ ਉਨ੍ਹਾਂ ਨੂੰ ਬਚਾ ਸਕਦਾ ਹੈ ਤੇ ਇਕੱਠੇ ਹੋ ਕੇ ਜਾਤ-ਧਰਮ ਤੋਂ ਉੱਪਰ ਉੱਠ ਕੇ ਸੰਘਰਸ਼ ਕਰਨਾ ਹੀ ਇੱਕੋ ਰਾਹ ਹੈ।

**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)** ਦੇਸ਼ ਦੀਆਂ ਵੱਖ-ਵੱਖ ਦੋ ਪਰੇਡ ਯੂਨੀਅਨਾਂ ਤੇ ਫੈਡਰੇਸ਼ਨਾਂ ਵੱਲੋਂ ਕੀਤੀ ਅਪੀਲ ਅਨੁਸਾਰ ਪੰਜਾਬ ਪਰ ਦੇ ਸਫ਼ਾਈ ਸੇਵਕਾਂ ਵੱਲੋਂ ਭਰਪੂਰ ਸਮਰਥਨ ਕੀਤਾ ਗਿਆ। ਨਗਰ ਪੰਚਾਇਤ ਵਿੱਚ ਸਫ਼ਾਈ ਸੇਵਕਾਂ ਵੱਲੋਂ ਕੰਮ ਬੰਦ ਕਰਕੇ ਹੜਤਾਲ ਕੀਤੀ ਗਈ। ਨਗਰ ਪੰਚਾਇਤ ਵਿੱਚ ਦੋ ਜਥੇਬੰਦੀਆਂ ਨੇ ਮਿਲ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ, ਜਿਸ ਦੀ ਅਗਵਾਈ ਪ੍ਰਧਾਨ ਰੱਤੀ ਰਾਮ ਵੱਲੋਂ ਕੀਤੀ ਗਈ, ਜਿਸ 'ਤੇ ਵੱਖ-ਵੱਖ ਬੁਲਾਰਿਆਂ ਵੱਲੋਂ ਸੰਬੋਧਨ ਕੀਤਾ। ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਲੰਮੇ ਸਮੇਂ ਤੋਂ ਲੋਕ ਮਾਰੂ ਤੇ ਮਜ਼ਦੂਰਾਂ, ਕੱਚੇ ਮੁਲਾਜ਼ਮਾਂ, ਸਫ਼ਾਈ ਸੇਵਕਾਂ ਨਾਲ ਵਿਤਕਰਾ ਕੀਤਾ ਜਾਂਦਾ ਹੈ।ਪੰਜਾਬ ਸਰਕਾਰ ਪੈਨਸ਼ਨਰਾਂ ਤੇ ਮੁਲਾਜ਼ਮਾਂ ਦੀਆਂ ਮੰਗਾਂ ਨਾ ਮੰਨ ਕੇ ਮੁਲਾਜ਼ਮਾਂ ਨੂੰ ਅੱਖੋਂ ਪਰੋਖੇ ਕੀਤਾ ਜਾਂਦਾ ਹੈ। 23 ਅਪ੍ਰੈਲ ਨੂੰ ਪੈਨਲ ਮੀਟਿੰਗ ਕਰਕੇ ਦੋ ਮਹੀਨੇ ਦਾ ਸਮਾਂ ਲਿਆ, ਪਰ ਸਾਡਾ ਕੋਈ ਹੱਲ ਨਹੀਂ ਕੀਤਾ। ਆਗੂਆਂ ਨੇ ਦੱਸਿਆ ਕਿ ਜੇਕਰ ਪੰਜਾਬ ਸਰਕਾਰ ਸਫ਼ਾਈ ਸੇਵਕਾਂ ਦੀਆਂ ਮੰਗਾਂ ਨਹੀਂ ਮੰਨਦੀ ਤਾਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ।

**ਕੋਟਕਪੂਰਾ, ਫਰੀਦਕੋਟ (ਰਛਪਾਲ ਭੁੱਲਰ, ਐਲਿਗਜੈਂਡਰ ਡਿਸੂਜਾ)** ਕੇਂਦਰੀ ਹੁਕਮਰਾਨ ਮੋਦੀ ਸਰਕਾਰ ਵੱਲੋਂ ਲਾਗੂ ਕੀਤੇ ਜਾ ਰਹੇ ਚਾਰ ਲੇਬਰ ਕੋਡ ਨੂੰ ਰੱਦ ਕਰਾਉਣ ਅਤੇ ਮਜ਼ਦੂਰ ਪੱਖੀ ਸੋਧਾਂ ਕਰਾਉਣ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਾਉਣ, ਸਕੀਮ ਵਰਕਰਾਂ ਤੇ ਹੋਰ ਕੱਚੇ ਮੁਲਾਜ਼ਮਾਂ ਦੀਆਂ ਸੇਵਾਵਾਂ ਰੈਗੂਲਰ ਕਰਾ ਕੇ ਘੱਟੋ ਘੱਟ ਤਨਖਾਹ 26000 ਰੁਪਏ ਨਿਸ਼ਚਿਤ ਕਰਾਉਣ, ਠੇਕੇਦਾਰੀ ਪ੍ਰਥਾ ਖਤਮ ਕਰਾਉਣ, ਨਿੱਜੀਕਰਨ ਦੀਆਂ ਨੀਤੀਆਂ ਖਤਮ ਕਰਾਉਣ, ਸਾਰੀਆਂ ਫਸਲਾਂ 'ਤੇ ਘੱਟੋ ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਰੰਟੀ ਲਾਗੂ ਕਰਾਉਣ, ਦਿਨੋ ਦਿਨ ਵਧ ਰਹੀ ਮਹਿੰਗਾਈ ਨੂੰ ਠੱਲ੍ਹ ਪਵਾਉਣ ਦੇ ਮੁੱਦਿਆਂ ਨੂੰ ਲੈ ਕੇ ਦੇਸ਼ ਭਰ ਦੀਆਂ 10 ਕੇਂਦਰੀ ਟਰੇਡ ਯੂਨੀਅਨਾਂ ਦੇ ਸੱਦੇ ਅਨੁਸਾਰ ਅਤੇ ਸੰਯੁਕਤ ਕਿਸਾਨ ਮੋਰਚਾ ਦੀ ਹਮਾਇਤ ਨਾਲ ਬੱਸ ਅੱਡੇ 'ਤੇ ਵਿਸ਼ਾਲ ਰੋਸ ਰੈਲੀ ਕੀਤੀ ਗਈ।ਇਸ ਤੋਂ ਪਹਿਲਾਂ ਭਾਰਤੀ ਜੀਵਨ ਬੀਮਾ ਨਿਗਮ, ਬੀ ਐੱਸ ਐਨ ਐਲ, ਪੰਜਾਬ ਪਾਵਰਕਾਮ ਕਾਰਪੋਰੇਸ਼ਨ ਲਿਮ:, ਪੈਪਸੂ ਰੋਡਵੇਜ਼ ਦੇ ਟਰਾਂਸਪੋਰਟ ਕਾਮੇ ਆਪਣੇ ਆਪਣੇ ਅਦਾਰਿਆਂ ਵਿੱਚ ਹੜਤਾਲ ਕਰਕੇ ਰੋਸ ਰੈਲੀ ਵਿੱਚ ਸ਼ਾਮਲ ਹੋਏ। ਰੈਲੀ ਨੂੰ ਸੰਬੋਧਨ ਕਰਦੇ ਹੋਏ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੇ ਦੋਸ਼ ਲਾਇਆ ਕਿ ਮੋਦੀ ਸਰਕਾਰ ਕਾਰਪੋਰੇਟ ਘਰਾਣਿਆਂ ਦੇ ਦਬਾਅ ਹੇਠ ਲਗਾਤਾਰ ਲੋਕ ਵਿਰੋਧੀ ਨੀਤੀਆਂ ਲਾਗੂ ਕਰਕੇ ਆਜ਼ਾਦੀ ਤੋਂ ਬਾਅਦ ਮਿਹਨਤਕਸ਼ ਲੋਕਾਂ ਵੱਲੋਂ ਆਪਣੇ ਸੰਘਰਸ਼ਾਂ ਰਾਹੀਂ ਉਸਾਰੇ ਗਏ ਪਬਲਿਕ ਸੈਕਟਰ ਨੂੰ ਤਬਾਹ ਕਰਨ ਵੱਲ ਅਤੇ ਕਿਰਤੀਆਂ ਵੱਲੋਂ ਕੀਤੀਆਂ ਗਈਆਂ ਹੋਰ ਪ੍ਰਾਪਤੀਆਂ ਨੂੰ ਲਗਾਤਾਰ ਖੋਰਾ ਲਾਉਂਦੇ ਹੋਏ ਨਿੱਜੀਕਰਨ ਪੱਖੀ ਨੀਤੀਆ ਨੂੰ ਬਹੁਤ ਤੇਜ਼ੀ ਨਾਲ ਉਤਸ਼ਾਹਤ ਕਰਕੇ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ, ਪੈਨਸ਼ਨਰਾਂ ਤੇ ਜਨ ਸਾਧਾਰਨ ਦੇ ਹੋਰ ਲੋਕਾਂ ਦੇ ਖਿਲਾਫ਼ ਫ਼ੈਸਲੇ ਲੈ ਕੇ ਲਾਗੂ ਕਰ ਰਹੀ ਹੈ। ਆਗੂਆਂ ਨੇ ਦੋਸ਼ ਲਾਇਆ ਕਿ ਪੰਜਾਬ ਦੀ ਹੁਕਮਰਾਨ ਭਗਵੰਤ ਮਾਨ ਸਰਕਾਰ ਵੀ ਕਾਰਪੋਰੇਟ ਘਰਾਣਿਆਂ ਦੇ ਦਬਾਅ ਹੇਠ ਲੋਕ ਵਿਰੋਧੀ ਲੈਂਡ ਪੂਲਿੰਗ ਪਾਲਿਸੀ ਆਦਿ ਲੋਕ ਵਿਰੋਧੀ ਨੀਤੀਆਂ ਲਾਗੂ ਕਰ ਰਹੀ ਹੈ ਤੇ ਤਾਕਤ ਦੇ ਨਸ਼ੇ ਵਿੱਚ ਆ ਕੇ ਪੰਜਾਬ ਰਾਜ ਵਿੱਚ ਅਣਐਲਾਨੀ ਐਮਰਜੈਂਸੀ ਲਾ ਕੇ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਤੇ ਹੋਰ ਸੰਘਰਸ਼ਸ਼ੀਲ ਅੰਦੋਲਨਾਂ ਨੂੰ ਕੁਚਲਣ ਦੇ ਰਾਹ ਪੈ ਗਈ ਹੈ।ਆਗੂਆਂ ਨੇ ਚੇਤਾਵਨੀ ਦਿੱਤੀ ਕਿ ਇਸ ਦੇ ਖਿਲਾਫ ਪੰਜਾਬ ਦੇ ਲੋਕ ਇਕੱਠੇ ਹੋ ਕੇ ਤਿੱਖਾ ਸੰਘਰਸ਼ ਕਰਨਗੇ ਤੇ ਇਸ ਨੂੰ ਕਦਾਚਿੱਤ ਵੀ ਮੁਆਫ ਨਹੀਂ ਕਰਨਗੇ। ਇਸ ਉਪਰੰਤ ਜਬਲੀ ਸਿਨੇਮਾ ਚੌਕ ਤੱਕ ਰੋਸ ਮਾਰਚ ਵੀ ਕੱਢਿਆ ਗਿਆ।


ਪਟਿਆਲਾ

**ਬਰਨਾਲਾ (ਪੱਤਰ ਪ੍ਰੇਰਕ)** ਦੇਸ਼ ਦੀਆਂ ਕੇਂਦਰੀ ਟਰੇਡ ਯੂਨੀਅਨਾਂ ਤੇ ਮੁਲਾਜ਼ਮ ਦੀਆਂ ਫੈਡਰੇਸ਼ਨਾਂ ਦੇ ਸੱਦੇ 'ਤੇ ਬਰਨਾਲਾ ਜ਼ਿਲ੍ਹੇ ਦੀਆਂ ਚਾਰ ਟਰੇਡ ਯੂਨੀਅਨਾਂ, ਸੀਟੂ, ਏਟਕ, ਏਕਟੂ ਤੇ ਸੀ ਟੀ ਯੂ ਪੰਜਾਬ ਦੀ ਅਗਵਾਈ 'ਚ ਕੇਂਦਰ ਸਰਕਾਰ ਦੀਆਂ ਦੇਸ਼ 'ਚ ਬੇਰੁਜ਼ਗਾਰੀ, ਮਹਿੰਗਾਈ ਤੇ ਭੁੱਖਮਰੀ ਵਧਾਉਣ ਵਾਲੀਆਂ ਨੀਤੀਆਂ ਤੇ ਦੇਸ਼ ਦੇ ਸਰਕਾਰੀ ਪਬਲਿਕ ਅਦਾਰਿਆਂ ਨੂੰ ਮੁੱਠੀ ਭਰ ਸਰਮਾਏਦਾਰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕੀਤਾ ਗਿਆ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਟਰੇਡ ਯੂਨੀਅਨਾਂ ਦੇ ਆਗੂ ਕਾਮਰੇਡ ਸ਼ੇਰ ਸਿੰਘ ਫਰਵਾਰੀ, ਕਾਮਰੇਡ ਖੁਸ਼ੀਆਂ ਸਿੰਘ, ਕਾਮਰੇਡ ਗੁਰਪ੍ਰੀਤ ਰੂੜੇਕੇ, ਕਾਮਰੇਡ ਭੋਲਾ ਸਿੰਘ ਕਲਾਲ ਮਾਜਰਾ,ਲਾਭ ਸਿੰਘ ਅਕਲੀਆਂ ਤੋਂ ਇਲਾਵਾ ਕਿਸਾਨ, ਮਜ਼ਦੂਰ, ਮੁਲਾਜ਼ਮ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਦੇਸ਼ ਭਰ ਵਿੱਚ ਕਰੋੜਾਂ ਕਿਰਤੀਆਂ ਨੇ ਮੋਦੀ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤੇ। ਇਸ ਤੋਂ ਇਲਾਵਾ ਕਿਸਾਨ ਆਗੂ ਮਨਜੀਤ ਰਾਜ, ਦਰਸ਼ਨ ਸਿੰਘ ਮਹਿਤਾ, ਜਗਰਾਜ ਰਾਮਾ, ਸੁਖਜੰਟ ਸਿੰਘ, ਰਮੇਸ਼ ਕੁਮਾਰ, ਮਾਨ ਸਿੰਘ, ਹਰਪਾਲ ਕੌਰ, ਸਿਲਾ ਫਰਵਾਹੀ, ਰਾਣੀ ਕੌਰ, ਨਿਰਮਲ ਜਲੂਰ, ਜੀਤ ਪੱਖੋਂ, ਕਰਮਜੀਤ ਬੀਹਲਾ, ਕਿਸਾਨ ਆਗੂ ਜਗਰਾਜ ਸਿੰਘ ਹਰਦਾਸਪੁਰ, ਲਾਭ ਸਿੰਘ, ਛੋਟਾ ਸਿੰਘ ਧਨੌਲਾ, ਸਨਦੀਪ ਕੌਰ, ਬਲੌਰ ਸਿੰਘ ਛੰਨਾ ਨੇ ਵੀ ਸੰਬੋਧਨ ਕੀਤਾ।

**ਗੁਰੂਹਰਸਹਾਏ (ਮਨਦੀਪ ਸਿੰਘ ਸੋਢੀ)** ਟੈਕਨੀਕਲ ਸਰਵਿਸਜ਼ ਯੂਨੀਅਨ ਦੀ ਐਡਹਾਕ ਸੂਬਾ ਪੱਧਰੀ ਕਮੇਟੀ ਦੇ ਸੱਦੇ 'ਤੇ ਬਿਜਲੀ ਮੁਲਾਜ਼ਮਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਨੂੰ ਮੰਨ ਕੇ ਲਾਗੂ ਨਾ ਕਰਨ ਦੇ ਵਿਰੋਧ ਵਜੋਂ ਸਮੂਹ ਮੁਲਾਜ਼ਮਾਂ ਵੱਲੋਂ ਇਕਰੋਜ਼ਾ ਮੁਕੰਮਲ ਹੜਤਾਲ ਦੀ ਹਮਾਇਤ ਕੀਤੀ ਗਈ ਤੇ ਬੈਂਕਿੰਗ, ਬੀਮਾ ਤੋਂ ਲੈ ਕੇ ਕੋਲਾ ਖਾਨ, ਰਾਜਮਾਰਗ ਤੇ ਨਿਰਮਾਣ ਖੇਤਰ ਵਿਚ ਲੱਗੇ 25 ਕਰੋੜ ਤੋਂ ਵੱਧ ਕਰਮਚਾਰੀ 9 ਜੁਲਾਈ ਨੂੰ ਦੇਸ਼ ਵਿਆਪੀ ਆਮ ਹੜਤਾਲ 'ਤੇ ਸ਼ਾਮਲ ਹੋਏ, ਜਿਸ ਨਾਲ ਪੂਰੇ ਦੇਸ਼ ਵਿਚ ਜ਼ਰੂਰੀ ਸੇਵਾਵਾਂ ਪ੍ਰਭਾਵਤ ਹੋ ਸਕਦੀਆਂ ਹਨ। 10 ਕੇਂਦਰੀ ਮਜ਼ਦੂਰ ਸੰਗਠਨਾਂ ਤੇ ਉਨ੍ਹਾਂ ਦੀਆਂ ਸਹਿਯੋਗੀ ਇਕਾਈਆਂ ਦੇ ਇੱਕ ਮੰਚ ਨੇ ਸਰਕਾਰ ਦੀਆਂ ਮਜ਼ਦੂਰ ਵਿਰੋਧੀ, ਕਿਸਾਨ ਵਿਰੋਧੀ ਤੇ ਰਾਸ਼ਟਰ ਵਿਰੋਧੀ ਕਾਰਪੋਰੇਟ-ਹਮਾਇਤੀ ਨੀਤੀਆਂ ਦਾ ਵਿਰੋਧ ਕਰਨ ਲਈ ਇਸ ਆਮ ਹੜਤਾਲ ਜਾਂ ਭਾਰਤ ਬੰਦ ਦਾ ਸੱਦਾ ਦਿੱਤਾ ਹੈ, ਜੋ ਕੇਂਦਰ ਦੀ ਟ੍ਰੇਡ ਯੂਨੀਅਨ ਦੀ ਹਮਾਇਤ ਵਿੱਚ ਸਿਟੀ ਤੇ ਸਬ ਅਰਬਨ ਡਵੀਜ਼ਨ ਵੱਲੋਂ ਪਾਵਰਕਾਮ ਮੈਨੇਜਮੈਂਟ ਵਿਰੁੱਧ ਬਿਜਲੀ ਦਫ਼ਤਰ ਗੁਰੂ ਹਰਸਹਾਏ ਦੇ ਗੇਟ ਅੱਗੇ ਰੋਸ ਰੈਲੀ ਸੁਰਿੰਦਰ ਕੁਮਾਰ ਪ੍ਰਧਾਨ ਟੈਕਨੀਕਲ ਸਰਵਿਸਿਜ਼ ਯੂਨੀਅਨ ਦੀ ਪ੍ਰਧਾਨਗੀ ਹੇਠ ਕੀਤੀ ਗਈ, ਜਿਸ ਵਿੱਚ ਰੋਜ਼-ਰੋਜ਼ ਦੇ ਲਾਰਿਆਂ ਤੋਂ ਅੱਕੇ ਬਿਜਲੀ ਮੁਲਾਜ਼ਮਾਂ ਨੇ ਪਾਵਰਕੌਮ ਦੀ ਮੈਨੇਜਮੈਂਟ ਦੀ ਜੰਮ ਕੇ ਨਾਅਰੇਬਾਜ਼ੀ ਕੀਤੀ ਤੇ ਆਪਣੀ ਭੜਾਸ ਕੱਢੀ। ਸ਼ਿੰਗਾਰ ਮਹਿਰੋਕ ਸਰਕਲ ਸਕੱਤਰ ਫ਼ਿਰੋਜ਼ਪੁਰ ਤੇ ਸੁਰਿੰਦਰ ਕੁਮਾਰ ਪ੍ਰਧਾਨ ਨੇ ਦੱਸਿਆ ਕਿ ਟੈਕਨੀਕਲ ਸਰਵਿਸਿਜ਼ ਯੂਨੀਅਨ ਦੀ ਐਡਹਾਕ ਸੂਬਾ ਪੱਧਰੀ ਕਮੇਟੀ ਦੇ ਸੱਦੇ 'ਤੇ ਸਾਰੇ ਪੰਜਾਬ ਵਿੱਚ ਇਕਰੋਜ਼ਾ ਮੁਕੰਮਲ ਹੜਤਾਲ ਦੀ ਹਮਾਇਤ ਕੀਤੀ ਗਈ।ਪੰਜਾਬ ਸਰਕਾਰ ਤੇ ਪਾਵਰ ਮੈਨੇਜਮੈਂਟ ਮੁਲਾਜ਼ਮ ਜਥੇਬੰਦੀਆਂ ਨਾਲ ਕੀਤੀਆਂ ਮੀਟਿੰਗਾਂ ਸਮੇਂ ਹੋਈਆਂ ਸਹਿਮਤੀਆਂ ਤੇ ਮੰਨੀਆਂ ਮੰਗਾਂ ਲਾਗੂ ਕਰਨ ਤੋਂ ਇਨਕਾਰੀ ਹੈ।ਵਾਰ-ਵਾਰ ਮੀਟਿੰਗਾਂ ਕਰਕੇ ਮੰਗਾਂ ਲਾਗੂ ਕਰਨ ਤੋਂ ਟਾਲਮਟੋਲ ਕਰ ਰਹੀ ਹਨ।ਬਿਜਲੀ ਨਿਗਮ ਦੀ ਮੈਨੇਜਮੈਂਟ ਮੁਲਾਜ਼ਮਾਂ ਦੇ ਤਨਖਾਹ ਸਕੇਲਾਂ ਵਿੱਚ ਰਹਿੰਦੀਆਂ ਤਰੁੱਟੀਆਂ ਦੂਰ ਕਰਨ ਅਤੇ ਰਹਿੰਦੇ ਭੱਤਿਆਂ ਵਿੱਚ ਵਾਧਾ ਕਰਨ ਤੋਂ ਇਨਕਾਰੀ ਹੈ। ਸਰਕਲ ਆਗੂ ਸ਼ਿੰਗਾਰ ਮਹਿਰੋਕ ਨੇ ਦੱਸਿਆ ਸਮੁੱਚੇ ਫ਼ਿਰੋਜ਼ਪੁਰ ਸਰਕਲ ਅੰਦਰ ਸਾਰੀਆਂ ਸਬ ਡਵੀਜ਼ਨ ਵਿੱਚ ਹੜਤਾਲ ਕਰਕੇ ਰੋਸ ਰੈਲੀਆ ਕੀਤੀਆਂ ਗਈਆਂ। ਮੈਨੇਜਮੈਂਟ ਨਾਲ ਬਣੀਆਂ ਸਹਿਮਤੀਆਂ ਨੂੰ ਤੁਰੰਤ ਲਾਗੂ ਕਰਨ ਦੀ ਮੰਗ ਕੀਤੀ ਗਈ, ਨਹੀ ਤਾਂ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਤਿੱਖਾ ਸੰਘਰਸ਼ ਪ੍ਰੋਗਰਾਮ ਲਾਗੂ ਕੀਤਾ ਜਾਵੇਗਾ, ਜਿਸਦੀ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਤੇ ਬਿਜਲੀ ਨਿਗਮ ਦੀ ਮੈਨੇਜਮੈਂਟ ਦੀ ਹੋਵੇਗੀ।


ਪਾਤੜਾਂ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**- ਪਾਵਰਕਾਮ ਅਤੇ ਟਰਾਂਸਕੋ ਆਊਟਸੋਰਸਡ ਮੁਲਾਜ਼ਮ ਤਾਲਮੇਲ ਕਮੇਟੀ ਪੰਜਾਬ ਦੇ ਬੈਨਰ ਹੇਠ ਗੁਰੂ ਹਰਗੋਬਿੰਦ ਥਰਮਲ ਪਲਾਂਟ ਦੇ ਆਊਟਸੋਰਸਡ ਠੇਕਾ ਮੁਲਾਜ਼ਮਾਂ ਨੇ ਕੇਂਦਰੀ ਟਰੇਡ ਯੂਨੀਅਨਾਂ ਦੇ ਇੱਕ ਰੋਜ਼ਾ ਦੇਸ਼ ਵਿਆਪੀ ਹੜਤਾਲ ਦੇ ਸੱਦੇ 'ਤੇ ਇੱਕ ਰੋਜ਼ਾ ਹੜਤਾਲ ਕਰਕੇ ਥਰਮਲ ਪਲਾਂਟ ਦੇ ਮੁੱਖ ਗੇਟ 'ਤੇ ਰੋਸ ਪ੍ਰਦਰਸ਼ਨ ਕੀਤਾ। ਇਸ ਸਮੇਂ ਹਾਜ਼ਰ ਆਗੂਆਂ ਪ੍ਰਧਾਨ ਜਗਰੂਪ ਸਿੰਘ, ਜਰਨਲ ਸਕੱਤਰ ਜਗਸੀਰ ਸਿੰਘ ਭੰਗੂ, ਬਲਜਿੰਦਰ ਸਿੰਘ ਮਾਨ, ਲਛਮਣ ਸਿੰਘ ਰਾਮਪੁਰਾ, ਹਰਦੀਪ ਸਿੰਘ ਤੱਗੜ, ਬੀਕੇਯੂ ਉੱਗਰਾਹਾਂ ਤੋਂ ਬੱਲੋ ਇਕਾਈ ਪ੍ਰਧਾਨ ਬੂਟਾ ਸਿੰਘ, ਟੀ.ਐੱਸ.ਯੂ.ਤੋਂ ਅਮਰਜੀਤ ਸਿੰਘ ਮੰਗਲੀ, ਇੰਪਲਾਈਜ਼ ਫੈਡਰੇਸ਼ਨ ਤੋਂ ਬਲਜੀਤ ਬਰਾੜ, ਰਘੂਵੀਰ ਸੈਣੀ, ਰਾਜਿੰਦਰ ਸਿੰਘ, ਲਖਵੰਤ ਸਿੰਘ, ਗੁਰਭੇਜ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰ ਵੱਲੋਂ ਵਿਸ਼ਵ ਵਪਾਰ ਸੰਸਥਾ, ਵਿਸ਼ਵ ਬੈਂਕ ਅਤੇ ਕੌਮਾਂਤਰੀ ਮੁਦਰਾਕੋਸ਼ ਦੇ ਇਸ਼ਾਰਿਆਂ 'ਤੇ ਲੋਕਾਂ ਨੂੰ ਸਸਤੀਆਂ ਸਹੂਲਤਾਂ ਦੇਣ ਵਾਲੇ ਸਮੂਹ ਸਰਕਾਰੀ ਅਦਾਰਿਆਂ ਜਿਵੇਂ ਕਿ ਬਿਜਲੀ, ਪਾਣੀ, ਸਿਹਤ, ਸਿੱਖਿਆ, ਆਵਾਜਾਈ, ਦੂਰ-ਸੰਚਾਰ ਆਦਿ ਨੂੰ ਨਿੱਜੀ ਦੇਸੀ-ਵਿਦੇਸ਼ੀ ਕੰਪਨੀਆਂ ਦੇ ਹਵਾਲੇ ਕੀਤਾ ਜਾ ਰਿਹਾ ਹੈ ਕੇਂਦਰ ਅਤੇ ਸੂਬਾ ਸਰਕਾਰ ਵੱਲੋਂ ਵਿਸ਼ਵ ਵਪਾਰ ਸੰਸਥਾ, ਵਿਸ਼ਵ ਬੈਂਕ ਅਤੇ ਅੰਤਰਰਾਸ਼ਟਰੀ ਮੁਦਰਾ ਫੰਡ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸੇਵਾ ਦੇ ਸਮੂਹ ਸਰਕਾਰੀ ਅਦਾਰਿਆਂ ਤੇ ਨਿੱਜੀਕਰਨ ਦਾ ਹੱਲਾ ਵਿੱਢਿਆ ਹੋਇਆ ਹੈ ਅਤੇ ਰੈਗੂਲਰ/ ਪੈਨਸ਼ਨਰਜ਼ ਮੁਲਾਜ਼ਮਾਂ ਨੂੰ ਮਿਲਦੀਆਂ ਨਾ-ਮਾਤਰ ਸਹੂਲਤਾਂ 'ਤੇ ਕੱਟ ਲਾਇਆ ਜਾ ਰਿਹਾ ਹੈ। ਆਗੂਆਂ ਨੇ ਕੇਂਦਰ ਅਤੇ ਸੂਬਾ ਸਰਕਾਰ ਤੋਂ ਮੰਗ ਕੀਤੀ ਕਿ ਸਮੂਹ ਸਰਕਾਰੀ ਅਦਾਰਿਆਂ ਦੇ ਨਿੱਜੀਕਰਨ ਦੀ ਨੀਤੀ ਨੂੰ ਰੱਦ ਕੀਤਾ ਜਾਵੇ, ਸਮੂਹ ਅਦਾਰਿਆਂ ਦੇ ਆਊਟਸੋਰਸ਼ਡ ਠੇਕਾ ਮੁਲਾਜਮਾਂ ਨੂੰ ਪਹਿਲ ਅਤੇ ਤਜਰਬੇ ਦੇ ਆਧਾਰ ਤੇ ਅਦਾਰਿਆਂ ਵਿੱਚ ਮਰਜ਼ ਕਰਕੇ ਪੱਕਾ ਕੀਤਾ ਜਾਵੇ, ਰੈਗੂਲਰ/ਸੇਵਾ ਮੁਕਤ ਮੁਲਾਜ਼ਮਾਂ/ ਕਿਸਾਨਾਂ-ਮਜਦੂਰਾਂ ਦੀਆਂ ਸਮੂਹ ਮੰਗਾਂ ਨੂੰ ਫੌਰੀ ਪ੍ਰਵਾਨ ਕੀਤਾ ਜਾਵੇ ।


ਕੋਟਕਪੂਰਾ, ਫਰੀਦਕੋਟ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਕੇਂਦਰੀ ਟਰੇਡ ਯੂਨੀਅਨਾਂ ਅਤੇ ਮੁਲਾਜ਼ਮ ਫੈਡਰੇਸ਼ਨਾਂ ਵੱਲੋਂ ਦਿੱਤੇ ਗਏ ਹੜਤਾਲ ਦੇ ਸੱਦੇ ਤਹਿਤ ਗੈਸ ਏਜੰਸੀ ਵਰਕਰ ਯੂਨੀਅਨ (ਸਬੰਧਤ ਇਫਟੂ) ਦੇ ਆਗੂ ਸਤਪਾਲ ਸਿੰਘ ਅਤੇ ਡੈਮੋਕ੍ਰੈਟਿਕ ਮੁਲਾਜ਼ਮ ਫੈਡਰੇਸ਼ਨ (ਡੀ.ਐੱਮ.ਐੱਫ.) ਦੇ ਆਗੂ ਗੁਰਜੀਤ ਘੱਗਾ ਦੀ ਅਗਵਾਈ ਹੇਠ ਵੱਖ-ਵੱਖ ਜਥੇਬੰਦੀਆਂ ਵੱਲੋਂ ਨਹਿਰੂ ਪਾਰਕ ਵਿੱਚ ਇਕੱਠ ਕਰਨ ਤੋਂ ਬਾਅਦ ਰੇਲਵੇ ਸਟੇਸ਼ਨ ਵੱਲ ਰੋਸ ਮੁਜ਼ਾਹਰਾ ਕੱਢਿਆ ਗਿਆ, ਇਸ ਉਪਰੰਤ ਸਾਂਝੇ ਰੋਸ ਪ੍ਰਦਰਸ਼ਨ ਵਿਚ ਸ਼ਮੂਲੀਅਤ ਵੀ ਕੀਤੀ ਗਈ।ਇਸ ਮੌਕੇ ਇਫਟੂ (ਇੰਡੀਅਨ ਫੈਡਰੇਸ਼ਨ ਆਫ਼ ਟਰੇਡ ਯੂਨੀਅਨ) ਦੇ ਆਗੂ ਸ੍ਰੀ ਨਾਥ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਮਜ਼ਦੂਰਾਂ, ਮੁਲਾਜ਼ਮਾਂ ਅਤੇ ਮਾਣਭੱਤਾ ਵਰਕਰਾਂ ਦੇ ਹੱਕਾਂ ਦਾ ਘਾਣ ਕਰ ਰਹੀ ਹੈ ਅਤੇ ਲਗਾਤਾਰ ਮਜ਼ਦੂਰ ਵਿਰੋਧੀ ਨੀਤੀਆਂ ਨੂੰ ਅੱਗੇ ਵਧਾਇਆ ਜਾ ਰਿਹਾ ਹੈ।ਉਨ੍ਹਾਂ ਸਾਰੇ ਕਿਰਤੀ ਲੋਕਾਂ ਨੂੰ ਇਕੱਠੇ ਹੋ ਕੇ ਸੰਘਰਸ਼ ਕਰਨ ਦਾ ਸੁਨੇਹਾ ਦਿੱਤਾ। ਡੀ.ਐੱਮ.ਐੱਫ. ਦੇ ਸੂਬਾ ਆਗੂ ਵਿਕਰਮ ਦੇਵ ਸਿੰਘ ਨੇ ਕਿਹਾ ਕਿ ਮੋਦੀ ਸਰਕਾਰ ਵੱਲੋਂ ਕਿਰਤ ਕਾਨੂੰਨਾਂ ਨੂੰ ਖਤਮ ਕਰਕੇ ਚਾਰ ਲੇਬਰ ਕੋਡ ਲਿਆਉਣਾ, ਠੇਕੇਦਾਰ ਤੇ ਆਊਟਸੋਰਸ ਪ੍ਰਣਾਲੀ ਨੂੰ ਜਾਰੀ ਰੱਖਦਿਆਂ ਮਜ਼ਬੂਤ ਕਰਨਾ, ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਕਰਕੇ ਕਾਰਪੋਰੇਟ ਹਵਾਲੇ ਕਰਨਾ, ਸਰਕਾਰੀ ਮਹਿਕਮਿਆਂ ਵਿੱਚ ਆਕਾਰ ਘਟਾਈ ਦੀ ਨੀਤੀ ਨੂੰ ਤੇਜ਼ ਕਰਨਾ, ਸਾਬਿਤ ਕਰਦਾ ਹੈ ਕਿ ਇਹ ਸਰਕਾਰ ਲੋਕਾਂ ਲਈ ਨਹੀਂ ਸਗੋਂ ਕਾਰਪੋਰੇਟ ਘਰਾਣਿਆਂ ਲਈ ਕੰਮ ਕਰ ਰਹੀ ਹੈ।ਦੇਸ਼ ਦੇ ਲੱਖਾਂ ਆਦਿਵਾਸੀਆਂ ਨੂੰ ਉਨ੍ਹਾਂ ਦੇ ਕੁਦਰਤੀ ਟਿਕਾਣਿਆਂ ਤੋਂ ਉਜਾੜ ਕੇ ਬੇਘਰ ਕਰ ਰਹੀ ਹੈ। ਆਦਿਵਾਸੀ ਲੋਕਾਂ ਨੂੰ ਬੇਰਹਿਮੀ ਨਾਲ ਮਾਰਿਆ ਜਾ ਰਿਹਾ ਹੈ ਇਸੇ ਰਾਹ 'ਤੇ ਚੱਲ ਰਹੀ ਪੰਜਾਬ ਦੀ ਆਪ ਸਰਕਾਰ ਵੱਲੋਂ ਵੀ ਨਿੱਜੀਕਰਨ ਦੀ ਨੀਤੀ ਨੂੰ ਧੜੱਲੇ ਨਾਲ ਲਾਗੂ ਕਰਨ ਤੋਂ ਇਲਾਵਾ ਕਈ ਆਗੂਆਂ ਨੂੰ ਗ੍ਰਿਫ਼ਤਾਰ ਕਰਕੇ ਮਜ਼ਦੂਰਾਂ ਦੇ ਸੰਘਰਸ਼ 'ਤੇ ਪਾਬੰਦੀਆਂ ਲਗਾਈਆਂ ਜਾ ਰਹੀਆਂ ਹਨ। ਅੱਜ ਦੇ ਇਕੱਠ ਵੱਲੋਂ ਆਮ ਹੜਤਾਲ ਦੇ ਸਮਰਥਨ ਵਿੱਚ ਅੱਜ ਪੱਛਮੀ ਬੰਗਾਲ ਵਿੱਚ ਹੋਏ ਇੱਕ ਵਿਰੋਧ ਪ੍ਰਦਰਸ਼ਨ ਦੌਰਾਨ, ਪੱਛਮੀ ਬੰਗਾਲ ਰਾਜ ਪ੍ਰਧਾਨ ਅਤੇ ਆਲ ਇੰਡੀਆ ਕਿਸਾਨ ਮਜ਼ਦੂਰ ਸਭਾ ਦੇ ਆਲ ਇੰਡੀਆ ਮੀਤ ਪ੍ਰਧਾਨ ਕਾਮਰੇਡ ਸੁਸ਼ਾਂਤਾ ਝਾਅ ਤੇ ਹੋਰ ਪ੍ਰਦਰਸ਼ਨਕਾਰੀਆਂ ਨੂੰ ਗ੍ਰਿਫ਼ਤਾਰ ਕਰਨ ਦੀ ਸਖ਼ਤ ਨਿਖੇਧੀ ਵੀ ਕੀਤੀ ਗਈ।ਇਸ ਮੌਕੇ ਗੈਸ ਏਜੰਸੀ ਵਰਕਰ ਯੂਨੀਅਨ ਦੇ ਬਲਜਿੰਦਰ ਸਿੰਘ, ਅਵਤਾਰ ਸਿੰਘ, ਡੀ.ਐੱਮ.ਐੱਫ ਦੇ ਜ਼ਿਲ੍ਹਾ ਸਕੱਤਰ ਹਰਿੰਦਰ ਪਟਿਆਲਾ, ਵਿਤ ਸਕੱਤਰ ਰੋਮੀ ਸਫੀਪੁਰ, ਡੀਟੀਐਫ ਦੇ ਜ਼ਿਲ੍ਹਾ ਪ੍ਰਧਾਨ ਹਰਵਿੰਦਰ ਰੱਖੜਾ, ਕ੍ਰਿਸ਼ਨ ਚੌਹਾਨਕੇ, ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਦੇ ਸੂਬਾ ਕਨਵੀਨਰ ਅਤਿੰਦਰਪਾਲ ਘੱਗਾ, ਮਿਡ ਡੇ ਮੀਲ ਵਰਕਰਾ ਯੂਨੀਅਨ ਤੋਂ ਬੀਬੀ ਦਰਸ਼ਨਾ, ਬੀਬੀ ਕਮਲੇਸ਼, ਕਿਰਤੀ ਕਿਸਾਨ ਯੂਨੀਅਨ ਦੇ ਆਗੂ ਦਵਿੰਦਰ ਸਿੰਘ ਪੂਨੀਆ, ਕੁਲਬੀਰ ਟੋਡਰਪੁਰ, ਜਸਵੀਰ ਫਤਿਹਪੁਰ, ਪੰਜਾਬ ਸਟੂਡੈਂਟ ਯੂਨੀਅਨ ਦੇ ਸੂਬਾਈ ਆਗੂ ਡਾ. ਅਮਨਦੀਪ ਖਿਉਵਾਲੀ, ਸਾਹਿਤਕਾਰ ਡਾ. ਅਰਵਿੰਦਰ ਕਾਕੜਾ ਅਤੇ ਕੰਪਿਊਟਰ ਅਧਿਆਪਕ ਜਥੇਬੰਦੀ ਤੋਂ ਪਰਮਵੀਰ ਸਿੰਘ ਆਦਿ ਵੀ ਹਾਜ਼ਰ ਰਹੇ।


ਸਮਰਾਲਾ

**ਸਮਰਾਲਾ (ਸੁਰਜੀਤ ਸਿੰਘ)**- ਚਾਰ ਮਜ਼ਦੂਰ ਵਿਰੋਧੀ ਲੇਬਰ ਕੋਡਜ਼ ਅਤੇ ਕੇਂਦਰ ਸਰਕਾਰ ਦੁਆਰਾ ਕਾਰਪੋਰੇਟਾਂ ਦੇ ਹੱਕ ਵਿੱਚ ਫੈਸਲੇ ਲੈਣ ਵਿਰੁੱਧ 10 ਕੇਂਦਰੀ ਟਰੇਡ ਯੂਨੀਅਨਾਂ ਅਤੇ 60 ਮੁਲਾਜ਼ਮ ਫੈਡਰੇਸ਼ਨਾਂ ਵੱਲੋਂ ਦੇਸ਼ ਵਿਆਪੀ ਹੜਤਾਲ ਅੱਜ ਪੂਰੇ ਪੂਰੇ ਭਾਰਤ ਵਿੱਚ ਕੀਤੀ ਗਈ। ਇਸ ਦੇਸ਼ ਵਿਆਪੀ ਹੜਤਾਲ ਨੂੰ ਪੂਰੇ ਦੇਸ਼ ਵਿੱਚ ਭਰਵਾਂ ਹੁੰਗਾਰਾ ਮਿਲਿਆ। ਇਸ ਸਬੰਧ ਵਿੱਚ ਸਮਰਾਲਾ ਵਿਖੇ ਹੜਤਾਲ ਮੌਕੇ ਵਿਸ਼ਾਲ ਰੋਸ ਰੈਲੀ ਐਸ. ਡੀ. ਐਮ. ਸਮਰਾਲਾ ਦੇ ਦਫਤਰ ਅੱਗੇ ਕੀਤੀ ਗਈ ਜਿਸ ਵਿੱਚ ਭਾਰਤ ਨਿਰਮਾਣ ਮਿਸਤਰੀ ਮਜ਼ਦੂਰ ਯੂਨੀਅਨ, ਟੈਕਸੀ ਯੂਨੀਅਨ, ਭ੍ਰਿਸ਼ਟਾਚਾਰ ਵਿਰੋਧੀ ਫਰੰਟ ਸਮਰਾਲਾ, ਆਂਗਣਵਾੜੀ ਮੁਲਾਜ਼ਮ ਯੂਨੀਅਨ, ਮਨਰੇਗਾ ਮਜ਼ਦੂਰ ਯੂਨੀਅਨ ਦੇ ਕਿਰਤੀ, ਲਾਲ ਝੰਡਾ ਪੇਂਡੂ ਚੌਂਕੀਦਾਰ ਯੂਨੀਅਨ, ਜੰਗਲਾਤ ਵਿਭਾਗ ਦੇ ਕੱਚੇ ਵਰਕਰਾਂ ਦੀ ਯੂਨੀਅਨ ਦੇ ਕਿਰਤੀ ਸਾਂਝੇ ਇਕੱਠ ਵਿੱਚ ਕਾਫ਼ਲਿਆਂ ਦੇ ਰੂਪ ਵਿੱਚ ਸ਼ਾਮਲ ਹੋਏ। ਰੋਸ ਰੈਲੀ ਦੀ ਪ੍ਰਧਾਨਗੀ ਕਾਮਰੇਡ ਭਜਨ ਸਿੰਘ, ਸੀਟੂ ਪੰਜਾਬ ਦੇ ਸੂਬਾ ਸਕੱਤਰ ਸਾਥੀ ਅਮਰਨਾਥ ਕੂੰਮਕਲਾਂ, ਚਰਨਜੀਤ ਕੌਰ ਪੂਨੀਆਂ, ਕੁਲਵੰਤ ਕੌਰ ਨੀਲੋਂ, ਹਰੀ ਰਾਮ ਭੱਟੀ, ਸਿਕੰਦਰ ਬਖ਼ਸ਼ ਮੰਡ ਚੌਂਤਾ, ਹਰਜਿੰਦਰ ਸਿੰਘ, ਪਰਮਜੀਤ ਸਿੰਘ ਨੀਲੋਂ, ਕਰਮਜੀਤ ਭੌਰਲਾ, ਜਗਵੀਰ ਸਿੰਘ ਨਾਗਰਾ ਨੇ ਕੀਤੀ। ਇਸ ਠਾਠਾਂ ਮਾਰਦੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਆਗੂਆਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਅਤੇ ਪੰਜਾਬ ਦੀ ਮਾਨ ਸਰਕਾਰ ਮਜ਼ਦੂਰ ਵਿਰੋਧੀ ਨੀਤੀਆਂ ਅਪਣਾਉਣ ਲਈ ਇੱਕੋ ਥੈਲੀ ਦੇ ਚੱਟੇ ਵੱਟੇ ਹਨ। ਰੋਸ ਰੈਲੀ ਉਪਰੰਤ ਐਸ. ਡੀ. ਐਮ. ਦਫਤਰ ਤੋਂ ਮੇਨ ਚੌਂਕ ਸਮਰਾਲਾ ਤੱਕ ਵਿਸ਼ਾਲ ਰੋਸ ਪ੍ਰਦਰਸ਼ਨ ਵੀ ਕੀਤਾ ਗਿਆ ਅਤੇ ਚੌਂਕ ਵਿੱਚ ਵੀ ਆਗੂਆਂ ਨੇ ਸੰਬੋਧਨ ਕਰਕੇ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਬੁਰੀ ਤਰ੍ਹਾਂ ਕੋਸਿਆ। ਇਸ ਰੋਸ ਮੁਜ਼ਾਹਰੇ ਵਿੱਚ ਉਪਰੋਕਤ ਤੋਂ ਇਲਾਵਾ ਕਾਮਰੇਡ ਰਣਜੀਤ ਸਿੰਘ ਮਾਛੀਵਾੜਾ, ਸੰਤੋਖ ਸਿੰਘ ਨਾਗਰਾ, ਹਰਦੀਪ ਕੌਰ ਸਮਰਾਲਾ, ਪਰਮਜੀਤ ਕੌਰ ਮੁਸ਼ਕਾਬਾਦ, ਕੁਲਵਿੰਦਰ ਸਿੰਘ ਪੂਰਬਾ ਬਲਾਕ ਪ੍ਰਧਾਨ ਬੀ. ਕੇ. ਯੂ. (ਰਾਜੇਵਾਲ), ਮਾ. ਕੁਲਵੰਤ ਸਿੰਘ ਤਰਕ, ਬਚਨ ਸਿੰਘ ਰਾਜੇਵਾਲ, ਮਸਤਾ ਸਿੰਘ, ਨਿੰਮਾ ਮੁਗਲੇਵਾਲ, ਬਲਵਿੰਦਰ ਸਿੰਘ ਬੰਬ, ਹਰਜਿੰਦਰਪਾਲ ਸਿੰਘ ਸਮਰਾਲਾ, ਦਲਬਾਰਾ ਸਿੰਘ ਬੌਂਦਲੀ, ਰਣਜੀਤ ਕੌਰ ਲੱਧੜਾਂ, ਪਰਮਜੀਤ ਕੌਰ ਖੱਟਰਾਂ, ਸੁਰਿੰਦਰ ਕੌਰ ਘਰਖਣਾਂ, ਥਾਣੇਦਾਰ ਰਜਿੰਦਰ ਸਿੰਘ, ਥਾਣੇਦਾਰ ਕਰਮ ਸਿੰਘ, ਪਰਮਜੀਤ ਕੌਰ ਬੈਰਸਾਲਾਂ, ਮਨਜੀਤ ਕੌਰ ਸੈਂਸੋਵਾਲ, ਜੀਵਨ ਬੰਬਾਂ, ਜਨਕ ਸਿੰਘ, ਸ਼ੇਰ ਸਿੰਘ ਬੌਂਦਲੀ, ਦਲਬਾਗ ਸਿੰਘ, ਮੱਘਰ ਸਿੰਘ, ਜਰਨੈਲ ਸਿੰਘ, ਸਪਿੰਦਰ ਸਿੰਘ, ਸੁਰਿੰਦਰ ਸਿੰਘ, ਗੁਲਸ਼ਨ ਕੁਮਾਰ, ਗੁਰਬਚਨ ਸਿੰਘ ਖੇੜਾ ਤੋਂ ਇਲਾਵਾ ਮਨਰੇਗਾ ਮਜ਼ਦੂਰ ਯੂਨੀਅਨ ਦੇ ਆਗੂ ਤੇ ਵਰਕਰ ਹਾਜ਼ਰ ਸਨ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**- ਕੇਂਦਰੀ ਟਰੇਡ ਯੂਨੀਅਨਾਂ ਵੱਲੋਂ ਕੀਤੀ ਗਈ ਦੇਸ਼ ਵਿਆਪੀ ਹੜਤਾਲ ਦੌਰਾਨ ਪਾਤੜਾਂ ਵਿੱਚ ਸੰਯੁਕਤ ਕਿਸਾਨ ਮੋਰਚਾ, ਮੁਲਾਜ਼ਮ ਤੇ ਮਜ਼ਦੂਰ ਜਥੇਬੰਦੀਆਂ ਵੱਲੋਂ ਸਥਾਨਕ ਅਨਾਜ ਮੰਡੀ ਵਿਖੇ ਰੈਲੀ ਅਤੇ ਬਾਜ਼ਾਰਾਂ ਵਿੱਚ ਰੋਸ ਮੁਜ਼ਾਹਰਾ ਕੀਤਾ ਗਿਆ। ਅਨਾਜ ਮੰਡੀ ਪਾਤੜਾਂ ਵਿਖੇ ਕੀਤੀ ਗਈ ਰੈਲੀ ਨੂੰ ਸੰਬੋਧਨ ਕਰਦਿਆਂ ਡੈਮੋਕਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਸੂਬਾ ਜਨਰਲ ਸਕੱਤਰ ਹਰਦੀਪ ਟੋਡਰਪੁਰ, ਡੈਮੋਕਰੇਟਿਕ ਟੀਚਰ ਫਰੰਟ ਦੇ ਆਗੂ ਰਾਜੀਵ ਪਾਤੜਾਂ, ਇੰਪਲਾਈਜ਼ ਫੈਡਰੇਸਨ ਦੇ ਆਗੂ ਰਘਵੀਰ ਸਿੰਘ ਘੱਗਾ ਅਤੇ ਟੈਕਨੀਕਲ ਸਰਵਿਸ ਯੂਨੀਅਨ ਦੇ ਆਗੂ ਬਲਵੰਤ ਸ਼ਰਮਾ ਆਦਿ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ ਅਤੇ ਮਾਣਭੱਤਾ ਵਰਕਰਾਂ ਦੇ ਹੱਕਾਂ ਦਾ ਘਾਣ ਕਰ ਰਹੀ ਹੈ। ਹੜਤਾਲ ਨੂੰ ਸਮਰਥਨ ਦਿੰਦਿਆਂ ਸੰਯੁਕਤ ਕਿਸਾਨ ਮੋਰਚੇ ਦੀਆਂ ਜਥੇਬੰਦੀਆਂ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਮੀਤ ਪ੍ਰਧਾਨ ਹਰਭਜਨ ਸਿੰਘ ਧੂਹੜ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰੈੱਸ ਸਕੱਤਰ ਗੁਰਵਿੰਦਰ ਸਿੰਘ ਦੇਧਨਾ, ਬੀਕੇਯੂ ਏਕਤਾ ਉਗਰਾਹਾਂ ਦੇ ਬਲਾਕ ਪ੍ਰਧਾਨ ਅਮਰੀਕ ਸਿੰਘ ਘੱਗਾ ਅਤੇ ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਜਗਜੀਤ ਸਿੰਘ ਦੁਗਾਲ ਤੋਂ ਇਲਾਵਾ ਜਮਹੂਰੀ ਕਿਸਾਨ ਸਭਾ ਦੇ ਆਗੂ ਮਲਕੀਤ ਸਿੰਘ ਨਿਆਲ, ਕੁੱਲ ਹਿੰਦ ਕਿਸਾਨ ਸਭਾ 1936 ਰਾਮ ਚੰਦ ਚੁਨਾਗਰਾ, ਨੌਜਵਾਨ ਭਾਰਤ ਸਭਾ ਦੇ ਸੂਬਾ ਆਗੂ ਦਵਿੰਦਰ ਸਿੰਘ ਛਬੀਲਪੁਰ, ਲਾਲ ਝੰਡਾ ਭੱਠਾ ਮਜ਼ਦੂਰ ਯੂਨੀਅਨ ਦੇ ਆਗੂ ਪ੍ਰਹਿਲਾਦ ਸਿੰਘ ਅਤੇ ਦਿਹਾਤੀ ਮਜ਼ਦੂਰ ਯੂਨੀਅਨ ਦੇ ਆਗੂ ਸੁਖਦੇਵ ਨਿਆਲ ਆਦਿ ਨੇ ਵੀ ਸੰਬੋਧਨ ਕੀਤਾ। ਇਸ ਤੋਂ ਇਲਾਵਾ ਦਲਜਿੰਦਰ ਸਿੰਘ ਹਰਿਆਊ, ਅਵਤਾਰ ਸਿੰਘ ਬੁਰੜ, ਸੁਖਦੇਵ ਸਿੰਘ ਹਰਿਆਊ, ਅਜੀਤ ਸਿੰਘ ਮੌਲਵੀਵਾਲਾ, ਤੇਜਪਾਲ ਭੂਤਗੜ੍ਹ, ਜਸਪਾਲ ਖਾਂਗ, ਜਗਤਾਰ ਰਾਮ ਅਤਾਲਾਂ, ਹਰਵਿੰਦਰ ਸਿੰਘ ਬੇਲੂਮਾਜਰਾ, ਰਘਵੀਰ ਸਿੰਘ ਨਿਆਲ, ਸਾਹਿਬ ਸਿੰਘ ਦੁਤਾਲ, ਗਗਨਦੀਪ ਸਿੰਘ ਚੁਨਾਗਰਾ ਆਦਿ ਹਾਜ਼ਰ ਸਨ।


ਬਰਨਾਲਾ

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**- ਪੀ ਐਸ ਈ ਬੀ ਜੁਇੰਟ ਫੋਰਮ ਅਤੇ ਪੈਨਸ਼ਨਰ ਐਸੋਸੀਏਸ਼ਨ ਪਾਵਰਕਾਮ ਟਰਾਂਸਕੋ ਗਿੱਦੜਬਾਹਾ ਵੱਲੋਂ ਕੇਂਦਰੀ ਟਰੇਡ ਯੂਨੀਅਨ ਮੁਲਾਜ਼ਮ ਫੈਡਰੇਸ਼ਨ ਆਜ਼ਾਦ ਐਸੋਸੀਏਸ਼ਨਾਂ ਅਤੇ ਹੋਰ ਵੱਖ ਵੱਖ ਜਥੇਬੰਦੀਆਂ ਦੇ ਸੱਦੇ 'ਤੇ ਕੇਂਦਰ ਦੀ ਮੋਦੀ ਸਰਕਾਰ ਦੀਆਂ ਫਾਸ਼ੀਵਾਦੀ ਅਤੇ ਮਜ਼ਦੂਰ ਮੁਲਾਜ਼ਮ ਕਿਸਾਨ ਅਤੇ ਹੋਰ ਕਿਰਤੀ ਵਰਗ ਦੇ ਵਿਰੋਧੀ ਆਰਥਿਕ ਨੀਤੀਆਂ ਦੇ ਖਿਲਾਫ ਦੇਸ਼ ਵਿਆਪੀ ਹੜਤਾਲ ਅਤੇ ਨਾਅਰੇਬਾਜ਼ੀ ਕੀਤੀ ਗਈ । ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਨੇ ਦੱਸਿਆ ਕਿ ਇਸ ਹੜਤਾਲ ਵਿੱਚ ਦੇਸ਼ ਪੱਧਰ 'ਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਵੀ ਸ਼ਮੂਲੀਅਤ ਕੀਤੀ ਗਈ ਹੈ। ਸਾਂਝਾ ਫਰੰਟ ਵੱਲੋਂ ਆਪਣੇ ਫੈਸਲੇ ਤਹਿਤ ਚਾਰ ਮਈ ਨੂੰ ਜਲੰਧਰ ਵਿਖੇ ਟਰੇਡ ਯੂਨੀਅਨ ਅਤੇ ਮੁਲਾਜ਼ਮ ਫੈਡਰੇਸ਼ਨਾਂ ਵੱਲੋਂ ਜੋ ਸਾਂਝੀ ਕਨਵੈਂਸ਼ਨ ਕੀਤੀ ਗਈ ਸੀ, ਉਸ ਵਿੱਚ ਸ਼ਮੂਲੀਅਤ ਕਰਕੇ ਹੜਤਾਲ ਵਿੱਚ ਸ਼ਾਮਿਲ ਹੋਣ ਦਾ ਐਲਾਨ ਕੀਤਾ ਗਿਆ ਸੀ। ਇਹ ਹੜਤਾਲ ਜਿੱਥੇ ਕੇਂਦਰ ਦੀ ਮੋਦੀ ਸਰਕਾਰ ਖਿਲਾਫ ਕੀਤੀ ਜਾ ਰਹੀ ਹੈ ਉਥੇ ਪੰਜਾਬ ਅੰਦਰ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਅਪਣਾਈਆਂ ਜਾ ਰਹੀਆਂ ਮਜ਼ਦੂਰ ਮੁਲਾਜ਼ਮ ਕਿਸਾਨ ਅਤੇ ਹੋਰ ਕਿਰਤੀ ਵਰਗ ਵਿਰੋਧੀ ਨੀਤੀਆਂ ਦੇ ਖਿਲਾਫ ਕੀਤੀ ਗਈ ਹੈ। ਇਸ ਵਿੱਚ ਗਿੱਦੜਬਾਹਾ ਦੀਆਂ ਪਾਵਰਕਾਮ ਅੰਦਰ ਕੰਮ ਕਰਦੀਆਂ ਵੱਖ ਵੱਖ ਜਥੇਬੰਦੀਆਂ ਵੱਲੋਂ ਹਿੱਸਾ ਲਿਆ ਗਿਆ। ਬੁਲਾਰਿਆਂ ਕਿਹਾ ਕਿ ਜੇਕਰ ਸਰਕਾਰਾਂ ਆਪਣੀਆਂ ਇਹਨਾਂ ਲੋਕ ਮਾਰੂ ਨੀਤੀਆਂ ਤੋਂ ਬਾਜ ਨਾ ਆਈਆਂ ਤਾਂ ਆਪਣੇ ਹੱਕਾਂ ਲਈ ਹੋਰ ਤਿੱਖੇ ਸੰਘਰਸ਼ ਕੀਤੇ ਜਾਣਗੇ । ਇਸ ਮੌਕੇ ਟੈਕਨੀਕਲ ਸਰਵਿਸਿਜ ਯੂਨੀਅਨ ਤੋਂ ਬਲਤੇਜ ਸਿੰਘ, ਜਗਦੀਸ਼ ਸਿੰਘ ਛੱਤਿਆਣਾ, ਕੁਲਦੀਪ ਸਿੰਘ ਚੋਟੀਆਂ, ਕੁਲਵਿੰਦਰ ਸਿੰਘ ਜਸਪਾਲ ਸਿੰਘ ਬਲਧੀਰ ਸਿੰਘ ਪਿਊਰੀ, ਇੰਪਲਾਈਜ਼ ਫੈਡਰੇਸ਼ਨ ਤੋਂ ਰਜਨੀਸ਼ ਮੱਕੜ, ਲਖਵਿੰਦਰ ਸਿੰਘ, ਰਾਜ ਕੁਮਾਰ, ਐੱਮ ਐੱਸ ਯੂ ਤੋਂ ਵੰਸ਼ ਦਾਬੜਾ, ਹਰਪ੍ਰੀਤ ਸਿੰਘ, ਪਰਮਿੰਦਰ ਸਿੰਘ, ਅਤੇ ਪੈਨਸ਼ਨਰ ਐਸੋਸੀਏਸ਼ਨ ਤੋਂ ਪ੍ਰਧਾਨ ਸ਼ਮਸ਼ੇਰ ਸਿੰਘ, ਪ੍ਰਧਾਨ ਮੇਘਰਾਜ ਬੁੱਟਰ ਆਦਿ ਸਾਥੀ ਸ਼ਾਮਲ ਹੋਏ ।

## ਦੇਸ਼ ਵਿਆਪੀ ਹੜਤਾਲ ਦੇ ਸੰਬੰਧ ਵਿੱਚ ਵਿਸ਼ਾਲ ਇਕੱਠ ਕੀਤਾ



**ਸੰਗਰੂਰ (ਪ੍ਰਵੀਨ ਸਿੰਘ)**- ਦੇਸ਼ ਵਿਆਪੀ ਹੜਤਾਲ ਦੇ ਸੰਬੰਧ ਵਿੱਚ ਬੱਸ ਸਟੈਂਡ 'ਤੇ ਸਾਥੀ ਸੁਖਦੇਵ ਸ਼ਰਮਾ ਏਟਕ, ਜਤਿੰਦਰ ਸਿੰਘ ਦੀਦਾਰਗੜ੍ਹ ਸੀਟੂ, ਮਾਲਵਿੰਦਰ ਸਿੰਘ ਸੀ ਟੀ ਯੂ, ਗੋਬਿੰਦ ਸਿੰਘ ਸ਼ਾਹਜਲੀ ਦੇ ਅਧਾਰਤ ਪ੍ਰਧਾਨਗੀ ਮੰਡਲ ਦੀ ਪ੍ਰਧਾਨਗੀ ਹੇਠ ਵਿਸ਼ਾਲ ਇਕੱਠ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਪੰਜਾਬ ਦੇ ਏਟਕ ਦੇ ਆਗੂ ਸੁਖਦੇਵ ਸ਼ਰਮਾ ਨੇ 9 ਜੁਲਾਈ ਦੀ ਹੜਤਾਲ ਦੀਆਂ ਮੰਗਾਂ ਰੱਖਦਿਆਂ ਕਿਹਾ ਕਿ ਕੇਂਦਰੀ ਸਰਕਾਰ ਨੇ ਚਾਰ ਲੇਬਰ ਕੋਡ ਸਰਮਾਏਦਾਰੀ ਨੂੰ ਅੰਨ੍ਹੇ ਫਾਇਦੇ ਲਈ ਬਣਾਏ ਹਨ ਜੋ ਮਜ਼ਦੂਰ ਜਮਾਤ ਦੇ ਹੱਕਾਂ ਨੂੰ ਕੁਚਲਣ ਲਈ ਬਣਾਏ ਗਏ ਹਨ। ਇਹ ਤੁਰੰਤ ਵਾਪਸ ਲਏ ਜਾਣ। ਸਕੀਮ ਵਰਕਰਾਂ ਨੂੰ ਮੁਲਾਜ਼ਮਾਂ ਦੇ ਤੌਰ 'ਤੇ ਪੱਕਾ ਕੀਤਾ ਜਾਵੇ, ਬੇਰੁਜ਼ਗਾਰੀ ਅਤੇ ਮਹਿੰਗਾਈ 'ਤੇ ਰੋਕ ਲਗਾਈ ਜਾਵੇ ।ਬੀਬੀ ਊਸ਼ਾ ਰਾਣੀ ਸੀਟੂ ਦੇ ਕੇਂਦਰੀ ਆਗੂ, ਗੋਬਿੰਦ ਸਿੰਘ ਸਾਜਲੀ ਇਕਟੂ, ਮਾਲਵਿੰਦਰ ਸਿੰਘ ਸੀ ਟੀ ਯੂ, ਪੀ ਆਰ ਟੀ ਸੀ ਵਰਕਰ ਆਗੂ ਜਤਿੰਦਰ ਸਿੰਘ ਦੀਦਾਰਗੜ੍ਹ ਅਤੇ ਮੁਹੰਮਦ ਖਲੀਲ, ਰਾਮ ਸਿੰਘ ਸੋਹੀਆ ਸੀਟੂ, ਹਰਿੰਦਰ ਸਿੰਘ ਪੈਪਸੀਕੋ, ਬਸੇਸਰ ਦਾਸ ਨੇ ਸੰਬੋਧਨ ਕੀਤਾ। ਇਸ ਤੋਂ ਇਲਾਵਾ ਸੰਯੁਕਤ ਕਿਸਾਨ ਮੋਰਚੇ ਵੱਲੋਂ ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਮੇਜਰ ਸਿੰਘ ਪੁੰਨਾਵਾਲ, ਜਮਹੂਰੀ ਕਿਸਾਨ ਸਭਾ ਦੇ ਆਗੂ ਊਧਮ ਸਿੰਘ ਅਤੇ ਕੁੱਲ ਹਿੰਦ ਕਿਸਾਨ ਸਭਾ ਦੇ ਨਿਰਮਲ ਸਿੰਘ ਵੱਟਰੀਆਣਾ, ਮਨਜੀਤ ਸਿੰਘ ਘਰਾਚੋਂ, ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਰੋਹਿਤ ਸਿੰਘ ਮੰਗਵਾਲ, ਬੀ ਕੇ ਯੂ ਰਾਜੇਵਾਲ ਕਰਮ ਸਿੰਘ ਬਲਿਆਲ, ਬੀ ਕੇ ਯੂ ਡਕੌਂਦਾ ਅਤੇ ਸੀਟੂ ਆਗੂ ਸਤਵੀਰ ਤੁੰਗਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰ ਕਿਸਾਨ ਮੰਗਾਂ ਤੋਂ ਭੱਜ ਰਹੀ ਹੈ, ਐਮ ਐਸ ਪੀ ਦੀ ਗਰੰਟੀ ਲਈ ਕਾਨੂੰਨ ਬਣਾਉਣ ਤੋਂ ਆਨਾਕਾਨੀ ਕਰ ਰਹੀ ਹੈ। ਅੱਜ ਦੀ ਹੜਤਾਲ 'ਚ ਆਗੂ ਮੇਲਾ ਸਿੰਘ ਪੁੰਨਾਵਾਲ, ਇੰਦਰਪਾਲ ਪੁੰਨਾਵਾਲ, ਅਬਿਨਾਸ਼ ਸ਼ਰਮਾ, ਪੈਨਸ਼ਨਰ ਇਕਾਈ ਹਰਪ੍ਰੀਤ ਸਿੰਘ ਗਰੇਵਾਲ, ਰਾਣੋ ਖੇੜੀ, ਗੁਰਪ੍ਰੀਤ ਮੰਗਵਾਲ ਸ਼ਾਮਲ ਹੋਏ।

## ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਬਣੇ ਹਰਿਆਊ ਦਾ ਸਨਮਾਨ

**ਪਾਤੜਾਂ (ਪੱਤਰ ਪ੍ਰੇਰਕ)** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪਾਰਟੀ ਦੀ ਮਜਬੂਤੀ ਲਈ ਕੀਤੀਆਂ ਨਵੀਆਂ ਨਿਯੁਕਤੀਆਂ ਤਹਿਤ ਵਿਧਾਨ ਸਭਾ ਹਲਕਾ ਸ਼ੁਤਰਾਣਾ ਨਾਲ ਸੰਬੰਧਤ ਨੌਜਵਾਨ ਅਕਾਲੀ ਆਗੂ ਜਥੇਦਾਰ ਜਗਮੀਤ ਸਿੰਘ ਹਰਿਆਊ ਨੂੰ ਅਕਾਲੀ ਦਲ ਦਾ ਜ਼ਿਲ੍ਹਾ ਪਟਿਆਲਾ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਜਥੇਦਾਰ ਹਰਿਆਊ ਦੀ ਨਿਯੁਕਤੀ ਨੂੰ ਲੈ ਕੇ ਹਲਕਾ ਸ਼ੁਤਰਾਣਾ ਦੇ ਅਕਾਲੀ ਵਰਕਰਾਂ ਵਿੱਚ ਭਾਰੀ ਖ਼ੁਸ਼ੀ ਪਾਈ ਜਾ ਰਹੀ ਹੈ। ਉਨ੍ਹਾਂ ਦੀ ਇਸ ਨਿਯੁਕਤੀ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਵੱਲੋਂ ਹਲਕਾ ਇੰਚਾਰਜ ਬਾਬੂ ਕਬੀਰ ਦਾਸ ਤੇ ਸਰਕਲ ਜਥੇਦਾਰਾਂ ਗੁਰਦੀਪ ਸਿੰਘ ਖਾਂਗ, ਜਥੇਦਾਰ ਜੋਗਿੰਦਰ ਸਿੰਘ ਬਾਵਾ ਸੇਰਗੜ੍ਹ, ਜਥੇਦਾਰ ਸਰਵਨ ਸਿੰਘ ਗੁਲਾੜ, ਜਥੇਦਾਰ ਸੁਰਜੀਤ ਸਿੰਘ ਮਾਹਲ, ਜਥੇਦਾਰ ਰਣਜੀਤ ਸਿੰਘ ਸਾਹੀ, ਜਥੇਦਾਰ ਤਰਲੋਕ ਸਿੰਘ ਚੁਪਕੀ, ਸ਼ਹਿਰੀ ਪ੍ਰਧਾਨ ਬਾਬੂ ਵਿਸਾਲ ਗੋਇਲ ਤੇ ਜਥੇਦਾਰ ਯਾਦਵਿੰਦਰ ਸਿੰਘ ਨਿਆਲ ਸਮੇਤ ਇਲਾਕੇ ਦੀਆਂ ਕਈ ਪੰਚਾਇਤਾਂ ਤੇ ਪਤਵੰਤੇ ਵਿਅਕਤੀਆਂ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਸੰਗਤ ਨੂੰ ਸੰਬੋਧਨ ਕਰਦਿਆਂ ਨਵ ਨਿਯੁਕਤ ਜ਼ਿਲ੍ਹਾ ਪ੍ਰਧਾਨ ਜਗਮੀਤ ਸਿੰਘ ਹਰਿਆਊ ਨੇ ਪਾਰਟੀ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਇੱਕ ਜੁਝਾਰੂ ਜਥੇਬੰਦੀ ਹੈ, ਜਿਸ ਨੇ ਆਪਣੇ ਇੱਕ ਸਦੀ ਦੇ ਇਤਿਹਾਸ ਵਿੱਚ ਹਮੇਸ਼ਾ ਪੰਜਾਬ ਤੇ ਪੰਜਾਬੀਆਂ ਦੀ ਲੜਾਈ ਲੜੀ। ਕੇਂਦਰ ਨੇ ਜਦੋਂ-ਜਦੋਂ ਵੀ ਸੂਬਿਆਂ ਦੇ ਅਧਿਕਾਰਾਂ ਨੂੰ ਕੁਚਲਣ ਦੀ ਗੱਲ ਕੀਤੀ, ਉਸ ਸਮੇਂ ਅਕਾਲੀ ਦਲ ਮੋਹਰੀ ਹੋ ਕੇ ਰਾਜਾਂ ਦੇ ਹਿੱਤਾਂ ਦੀ ਰਾਖੀ ਲਈ ਡਟਿਆ। ਦੱਸਣਯੋਗ ਹੈ ਕਿ ਹਰਿਆਊ ਪਰਵਾਰ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਅਤਿ ਨਜ਼ਦੀਕੀ ਪਰਵਾਰਾਂ ਵਿੱਚੋਂ ਇੱਕ ਹੈ। ਇਸ ਤੋਂ ਪਹਿਲਾਂ ਜਥੇਦਾਰ ਬਲਜਿੰਦਰ ਸਿੰਘ ਹਰਿਆਊ ਤੇ ਨਿਰਮਲ ਸਿੰਘ ਹਰਿਆਊ ਮਾਰਕੀਟ ਕਮੇਟੀ ਪਾਤੜਾਂ ਦੇ ਚੇਅਰਮੈਨ ਰਹਿਣ ਦੇ ਨਾਲ-ਨਾਲ ਐਸਜੀਪੀਸੀ ਦੇ ਮੈਂਬਰ ਵੀ ਰਹਿ ਚੁੱਕੇ ਹਨ ਤੇ ਅੱਜ-ਕੱਲ੍ਹ ਜਗਮੀਤ ਸਿੰਘ ਹਰਿਆਊ ਵਿਧਾਨ ਸਭਾ ਹਲਕਾ ਸਮਾਣਾ ਤੋਂ ਅਕਾਲੀ ਸਰਗਰਮੀਆਂ 'ਚ ਵਧ-ਚੜ੍ਹ ਕੇ ਹਿਸਾ ਲੈ ਰਹੇ ਹਨ।



## ਸਰਕਾਰੀ ਆਈ ਟੀ ਆਈ ਮਾਨਸਾ 'ਚ ਰੋਜ਼ਗਾਰ ਮੇਲਾ ਭਲਕੇ

**ਮਾਨਸਾ (ਆਤਮਾ ਸਿੰਘ ਪਮਾਰ)**- ਡਾਇਰੈਕਟਰ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ ਦੇ ਦਿਸ਼ਾ ਨਿਰਦੇਸ਼ਾਂ 'ਤੇ ਸਰਕਾਰੀ ਆਈ. ਟੀ. ਆਈ. ਮਾਨਸਾ ਵਿਖੇ ਜ਼ਿਲ੍ਹਾ ਰੋਜ਼ਗਾਰ ਬਿਊਰੋ ਦੇ ਸਹਿਯੋਗ ਨਾਲ 11 ਜੁਲਾਈ ਨੂੰ ਰੋਜ਼ਗਾਰ ਮੇਲਾ ਲਗਾਇਆ ਜਾ ਰਿਹਾ ਹੈ ।ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਗੁਰਮੇਲ ਸਿੰਘ ਮਾਖਾ ਨੇ ਦੱਸਿਆ ਕਿ ਇਸ ਰੋਜ਼ਗਾਰ ਮੇਲੇ ਵਿੱਚ ਨਾਮੀ ਕੰਪਨੀਆਂ ਸਵਰਾਜ ਇੰਜਨ ਮੋਹਾਲੀ, ਲਾਰਸਨ ਐਂਡ ਟਬਰੋ ਦਿੱਲੀ ਰੀਜਨ, ਗੋਬਿੰਦ ਕੋਚ ਬਿਲਡਰਜ਼ ਭਦੌੜ ਅਤੇ ਪਾਵਰ ਪੈਨਲ ਇੰਡਸਟਰੀ ਜਵਾਹਰਕੇ ਵੱਲੋਂ ਯੋਗ ਸਿਖਿਆਰਥੀਆਂ ਦੀ ਰੋਜ਼ਗਾਰ ਲਈ ਚੋਣ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਰੋਜ਼ਗਾਰ ਮੇਲੇ ਵਿੱਚ ਸਾਰੀਆਂ ਟਰੇਡਾਂ ਨਾਲ ਸਬੰਧਤ ਆਈ. ਟੀ. ਆਈ. ਪਾਸ ਸਿਖਿਆਰਥੀ ਅਤੇ ਅਖੀਰਲੇ ਸਾਲ ਵਿੱਚ ਪੜ੍ਹਦੇ ਆਈ. ਟੀ.ਆਈ ਦੇ ਸਿਖਿਆਰਥੀ ਭਾਗ ਲੈ ਸਕਦੇ ਹਨ। ਚਾਹਵਾਨ ਉਮੀਦਵਾਰ ਆਪਣੀ ਯੋਗਤਾ ਦੇ ਸਰਟੀਫਿਕੇਟਾਂ ਦੀਆਂ ਫੋਟੋ ਕਾਪੀਆਂ, ਅਧਾਰ ਕਾਰਡ ਦੀ ਫੋਟੋ ਕਾਪੀ, ਪਾਸਪੋਰਟ ਸਾਈਜ਼ ਫੋਟੋ, ਕੋਵਿਡ-19 ਵੈਕਸੀਨ ਸਰਟੀਫਿਕੇਟ ਅਤੇ ਹੋਰ ਯੋਗਤਾ ਦੇ ਵੇਰਵੇ ਲੈ ਕੇ ਕੈਂਪ ਵਾਲੇ ਦਿਨ ਸਰਕਾਰੀ ਆਈ. ਟੀ. ਆਈ ਮਾਨਸਾ ਵਿਖੇ 10:00 ਵਜੇ ਪਹੁੰਚਣ। ਜਸਪਾਲ ਸਿੰਘ ਪਲੇਸਮੈਂਟ ਅਫਸਰ ਨੇ ਦੱਸਿਆ ਕਿ ਚੁਣੇ ਗਏ ਸਿਖਿਆਰਥੀਆਂ ਨੂੰ ਕੰਪਨੀਆਂ ਵਲੋਂ 18 ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖਾਹ ਅਤੇ ਹੋਰ ਸਾਰੇ ਲਾਭ ਦਿੱਤੇ ਜਾਣਗੇ। ਵਧੇਰੇ ਜਾਣਕਾਰੀ ਲਈ ਮੋਬਾਈਲ ਨੰਬਰ 9501721800, 97298-41667 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।



# ਕੇਂਦਰੀ ਟਰੇਡ ਯੂਨੀਅਨਾਂ ਦੁਆਰਾ ਦਿੱਤੇ ਹੜਤਾਲ ਦੇ ਸੱਦੇ ਮੌਕੇ ਜਥੇਬੰਦੀਆਂ ਵੱਲੋਂ ਏਕੇ ਦਾ ਸਬੂਤ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ ਪੂਜਾ)**- ਕੇਂਦਰੀ ਟਰੇਡ ਯੂਨੀਅਨਾਂ ਦੇ ਸੱਦੇ 'ਤੇ ਕੀਤੀ ਗਈ ਹੜਤਾਲ ਵਿੱਚ ਸ੍ਰੀ ਮੁਕਤਸਰ ਸਾਹਿਬ ਦੀਆਂ ਜਥੇਬੰਦੀਆਂ ਵੱਲੋਂ ਏਕੇ ਦਾ ਸਬੂਤ ਦਿੰਦਿਆਂ ਬੱਸ ਸਟੈਂਡ ਵਿਖੇ ਇਕੱਤਰਤਾ ਕਰਕੇ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ।

● ਕੇਂਦਰ ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਖ਼ਿਲਾਫ ਜ਼ੋਰਦਾਰ ਰੋਸ ਪ੍ਰਦਰਸ਼ਨ



ਇਸ ਮੌਕੇ ਪੰਜਾਬ ਰੋਡਵੇਜ਼ ਪਨਬਸ ਕੰਟਰੈਕਟ ਵਰਕਰ ਯੂਨੀਅਨ 25/11, ਪੰਜਾਬ ਰੋਡਵੇਜ਼ ਪਨਬਸ ਸਟੇਟ ਵਰਕਰ ਯੂਨੀਅਨ, ਪੰਜਾਬ ਰੋਡਵੇਜ਼ ਪੈਨਸ਼ਨਰਜ਼ ਯੂਨੀਅਨ, ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ, ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (ਵਿਗਿਆਨਕ), ਸੀਟੂ, ਪੀ ਐਸ ਈ ਬੀ ਇੰਪਲਾਈਜ਼ ਯੂਨੀਅਨ ਫੋਰਮ, ਟੀ ਐਸ ਯੂ, ਡੈਮੋਕ੍ਰੇਟਿਕ ਆਸ਼ਾ ਵਰਕਰਜ਼ ਅਤੇ ਫੈਸਿਲੀਟੇਟਰ ਯੂਨੀਅਨ, ਟੈਕਨੀਕਲ ਮਕੈਨੀਕਲ ਇੰਪਲਾਈਜ਼ ਯੂਨੀਅਨ, ਰੇਗਮਿਟ ਟੀਚਰਜ਼ ਯੂਨੀਅਨ, ਡੈਮੋਕ੍ਰੇਟਿਕ ਟੀਚਰਜ਼ ਫਰੰਟ, ਮਿੱਡ ਡੇ ਮੀਲ ਵਰਕਰਜ਼ ਯੂਨੀਅਨ ਅਤੇ ਹੋਰ ਮੁਲਾਜ਼ਮ ਜੱਥੇਬੰਦੀਆਂ ਵੱਲੋਂ ਵੱਡੀ ਗਿਣਤੀ ਵਿੱਚ ਮੁਲਾਜ਼ਮਾਂ ਨੇ ਸ਼ਮੂਲੀਅਤ ਕੀਤੀ। ਕਮਲ ਕੁਮਾਰ, ਚਰਨਜੀਤ ਸਿੰਘ, ਪਵਨ ਕੁਮਾਰ, ਪਰਗਟ ਸਿੰਘ ਜੰਬਰ, ਕਾਮਰੇਡ ਤਰਸੇਮ ਲਾਲ, ਅੰਗਰੇਜ਼ ਸਿੰਘ ਢੋਕਸ, ਬਲਜੀਤ ਸਿੰਘ ਮੰਦਲਾ, ਬਰਜਿੰਦਰ ਕੁਮਾਰ, ਗੁਰਦਿੱਤਾ ਸਿੰਘ ਝਬੇਲਵਾਲੀ, ਓਮਕਾਰ ਯਾਦਵ, ਸੁਖਵਿੰਦਰ ਸਿੰਘ ਦੋਦਾ ਹਰਪਾਲ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਮਜ਼ਦੂਰਾਂ, ਮੁਲਾਜ਼ਮਾਂ ਅਤੇ ਮਾਣਭੱਤਾ ਵਰਕਰਾਂ ਦੇ ਹੱਕਾਂ ਦਾ ਘਾਣ ਕਰ ਰਹੀ ਹੈ। ਉਹਨਾਂ ਆਖਿਆ ਕਿ ਮੋਦੀ ਸਰਕਾਰ ਦੁਆਰਾ ਮਜ਼ਦੂਰ ਪੱਖੀ ਕਿਰਤ ਕਾਨੂੰਨਾਂ ਨੂੰ ਖਤਮ ਕਰਕੇ ਚਾਰ ਲੇਬਰ ਕੋਡ ਲਿਆਉਣਾ, ਠੇਕੇਦਾਰਾ ਤੇ ਆਊਟਸੋਰਸ ਪ੍ਰਣਾਲੀ ਨੂੰ ਜਾਰੀ ਰੱਖਦਿਆਂ ਮਜ਼ਬੂਤ ਕਰਨਾ, ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਕਰਕੇ ਕਾਰਪੋਰੇਟ ਹਵਾਲੇ ਕਰਨਾ, ਸਰਕਾਰੀ ਮਹਿਕਮਿਆਂ ਵਿੱਚ ਆਕਾਰ ਘਟਾਈ ਦੀ ਨੀਤੀ ਨੂੰ ਤੇਜ਼ ਕਰਨਾ, ਪੁਰਾਣੀ ਪੈਨਸ਼ਨ ਲਾਗੂ ਨਾ ਕਰਨਾ, ਮਾਣਭੱਤਾ ਵਰਕਰਾਂ ਦੇ ਮਾਣਭੱਤੇ ਵਿੱਚ ਕੇਂਦਰ ਸਰਕਾਰ ਦੁਆਰਾ ਪਾਏ ਜਾਂਦੇ ਹਿੱਸੇ ਵਿੱਚ ਵਾਧਾ ਨਾ ਕਰਨਾ, ਨਵੀਂ ਸਿੱਖਿਆ ਨੀਤੀ ਰਾਹੀਂ ਸਰਕਾਰੀ ਸਿੱਖਿਆ ਸੰਸਥਾਵਾਂ ਦੇ ਖਾਤਮੇ ਦਾ ਰਾਹ ਅਖ਼ਤਿਆਰ ਕਰਨਾ ਸਾਬਿਤ ਕਰਦਾ ਹੈ ਕਿ ਸਰਕਾਰ ਲੋਕਾਂ ਲਈ ਨਹੀਂ ਸਗੋਂ ਕਾਰਪੋਰੇਟ ਘਰਾਣਿਆਂ ਲਈ ਕੰਮ ਕਰ ਰਹੀ ਹੈ। ਉਨ੍ਹਾਂ ਆਖਿਆ ਕਿ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੀ ਕੇਂਦਰ ਸਰਕਾਰ ਦੇ ਨਕਸ਼ੇ ਕਦਮਾਂ 'ਤੇ ਚੱਲਦਿਆਂ ਮਜ਼ਦੂਰਾਂ, ਮੁਲਾਜ਼ਮਾਂ ਤੇ ਮਾਣਭੱਤਾ ਵਰਕਰਾਂ ਦੇ ਮਸਲੇ ਹੱਲ ਕਰਨ ਤੋਂ ਟਾਲਾ ਵੱਟ ਰਹੀ ਹੈ। ਆਗੂਆਂ ਨੇ ਆਖਿਆ ਕਿ ਜਿੱਥੇ ਆਮ ਆਦਮੀ ਪਾਰਟੀਆਂ ਦੀਆਂ ਹੀ ਗਰੰਟੀਆਂ ਤੋਂ ਭਗੌੜੀ ਹੋ ਚੁੱਕੀ ਹੈ ਉੱਥੇ ਮੁਲਾਜ਼ਮਾਂ ਦੇ ਪੇਂਡੂ ਤੇ ਬਾਰਡਰ ਏਰੀਆ ਸਮੇਤ ਵੱਖ ਵੱਖ ਕਿਸਮ ਦੇ ਰੋਕੇ ਗਏ ਭੱਤੇ, ਏ.ਸੀ.ਪੀ. ਸਕੀਮ ਨੂੰ ਬਹਾਲ ਕਰਨ, 17-07-2020 ਤੋਂ ਬਾਅਦ ਭਰਤੀ ਮੁਲਾਜ਼ਮਾਂ ਤੇ ਪੰਜਾਬ ਦੇ ਤਨਖਾਹ ਸਕੇਲ ਲਾਗੂ ਕਰਨ ਅਤੇ ਮਹਿੰਗਾਈ ਭੱਤੇ ਦੀਆਂ ਰੋਕੀਆਂ ਕਿਸ਼ਤਾਂ ਤੇ ਬਕਾਏ ਜਾਰੀ ਕਰਨ ਤੋਂ ਆਨਾਕਾਨੀ ਕਰ ਰਹੀ ਹੈ। ਇਸ ਮੌਕੇ ਭਰਾਤਰੀ ਜੱਥੇਬੰਦੀਆਂ ਕਿਰਤੀ ਕਿਸਾਨ ਯੂਨੀਅਨ, ਭਾਰਤੀ ਕਿਸਾਨ ਯੂਨੀਅਨ, ਕੁੱਲ ਹਿੰਦ ਕਿਸਾਨ ਸਭਾ, ਕਿਸਾਨ ਯੂਨੀਅਨ ਰਾਜੇਵਾਲ, ਕਿਸਾਨ ਯੂਨੀਅਨ ਸਿੱਧੂਪੁਰ, ਕਿਸਾਨ ਯੂਨੀਅਨ ਡਕੌਂਦਾ, ਨੌਜਵਾਨ ਭਾਰਤ ਸਭਾ, ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂਆਂ ਨੇ ਵੀ ਸੰਬੋਧਨ ਕੀਤਾ।




# ਸਰਕਾਰ ਨੂੰ ਕਿਸਾਨਾਂ ਦੀ ਜ਼ਮੀਨ ਧੱਕੇ ਨਾਲ ਹਥਿਆਉਣ ਨਹੀਂ ਦਿਆਂਗੇ : ਬਾਜਵਾ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** ਪੰਜਾਬ ਸਰਕਾਰ ਨੂੰ ਕਿਸੇ ਵੀ ਕੀਮਤ 'ਤੇ ਕਿਸਾਨਾਂ ਦੀ ਮਰਜ਼ੀ ਤੋਂ ਬਿਨਾਂ ਉਨ੍ਹਾਂ ਦੀ ਜ਼ਮੀਨ ਹਥਿਆਉਣ ਨਹੀਂ ਦਿਆਂਗੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਸਾਹਨੇਵਾਲ ਦੇ ਇੰਚਾਰਜ ਵਿਕਰਮ ਸਿੰਘ ਬਾਜਵਾ ਨੇ ਕਾਂਗਰਸੀ ਵਰਕਰਾਂ ਦੀ ਮੀਟਿੰਗ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਨੂੰ ਬਰਬਾਦ ਕਰਨਾ ਚਾਹੁੰਦੀ ਹੈ ਕਿਉਂਕਿ ਇਹ ਸਰਕਾਰ ਕਿਸਾਨਾਂ ਦੀ ਖੇਤੀਯੋਗ ਜ਼ਮੀਨ ਨੂੰ ਧੱਕੇ ਨਾਲ ਹਥਿਆਉਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਜਿਹੜੇ ਕਿਸਾਨ ਆਪਣੀ ਜ਼ਮੀਨ ਸਰਕਾਰ ਨੂੰ ਦੇਣਾ ਨਹੀਂ ਚਾਹੁੰਦੇ, ਉਨ੍ਹਾਂ ਨਾਲ ਸਰਕਾਰ ਨੂੰ ਕਿਸੇ ਵੀ ਕੀਮਤ 'ਤੇ ਧੱਕਸ਼ਾਹੀ ਨਹੀਂ ਕਰਨ ਦਿਆਂਗੇ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਕਿਸਾਨਾਂ ਦੇ ਨਾਲ ਖੜੀ ਸੀ ਤੇ ਉਨ੍ਹਾਂ ਨਾਲ ਹੀ ਖੜੀ ਰਹੇਗੀ। ਇਸ ਮੌਕੇ ਉਨ੍ਹਾਂ ਦੇ ਨਾਲ ਬਲਾਕ ਕਾਂਗਰਸ ਦੇ ਪ੍ਰਧਾਨ ਤਾਜ ਪਰਮਿੰਦਰ ਸਿੰਘ ਸੋਨੂ, ਕੌਂਸਲਰ ਅਵਤਾਰ ਸਿੰਘ ਚਾਹਲ, ਸ਼ਮਸ਼ੇਰ ਸਿੰਘ ਸ਼ੇਰੀ ਦੀਪਕ ਛਾਬੜਾ, ਰੁਪਿੰਦਰ ਸਿੰਘ ਬੂਟਾ ਬਿਲਗਾ, ਰਾਜਦੀਪ ਸਿੰਘ ਬਿਲਗਾ, ਗੁਰਜਿੰਦਰ ਸਿੰਘ ਗੋਗੀ ਆਦਿ ਹਾਜ਼ਰ ਸਨ।

# ਖ਼ਤਰਨਾਕ ਬਿਮਾਰੀਆਂ ਤੋਂ ਬਚਾਅ ਲਈ ਬੱਚਿਆਂ ਦਾ ਟੀਕਾਕਰਨ ਜ਼ਰੂਰੀ : ਡਾ. ਰਮਨਦੀਪ ਕੌਰ

**ਸਮਰਾਲਾ (ਸੁਰਜੀਤ ਸਿੰਘ)** ਜਨਮ ਤੋਂ ਲੈ ਕੇ 16 ਸਾਲ ਤੱਕ ਦੀ ਉਮਰ ਦੇ ਬੱਚਿਆਂ ਵਿੱਚ ਹੋਣ ਵਾਲੀਆਂ ਖ਼ਤਰਨਾਕ ਬਿਮਾਰੀਆਂ ਤੋਂ ਬਚਾਅ ਲਈ ਟੀਕਾਕਰਨ ਇੱਕ ਮਹੱਤਵਪੂਰਨ ਉਪਾਅ ਹੈ।ਸਿਹਤ ਵਿਭਾਗ ਵੱਲੋਂ ਯੂਨੀਵਰਸਲ ਇਮਿਊਨਾਈਜ਼ੇਸ਼ਨ ਪ੍ਰੋਗਰਾਮ ਤਹਿਤ ਇਹ ਟੀਕਾਕਰਨ ਲਗਾਤਾਰ ਤੇ ਸਘੰਣ ਮੁਹਿੰਮ ਦੌਰਾਨ ਸਰਕਾਰ ਵੱਲੋਂ ਬਿਲਕੁਲ ਮੁਫ਼ਤ ਕੀਤਾ ਜਾਂਦਾ ਹੈ।ਆਮ ਲੋਕਾਂ ਦੀ ਸਹੂਲਤ ਲਈ ਘਰਾਂ ਦੇ ਨੇੜੇ ਹੀ ਟੀਕਾਕਰਨ ਕੈਂਪ ਲਾਏ ਜਾਂਦੇ ਹਨ ਤਾਂ ਜੁ ਹਰੇਕ ਬੱਚੇ ਨੂੰ ਸੁਰੱਖਿਆ ਪ੍ਰਦਾਨ ਕੀਤੀ ਜਾ ਸਕੇ। ਸਿਵਲ ਸਰਜਨ ਲੁਧਿਆਣਾ ਡਾ ਰਮਨਦੀਪ ਕੌਰ ਨੇ ਦੱਸਿਆ ਕਿ ਬੱਚਿਆਂ ਵਿੱਚ ਹੋਣ ਵਾਲੀਆਂ ਘਾਤਕ ਬਿਮਾਰੀਆਂ ਤੋਂ ਬਚਾਅ ਲਈ ਟੀਕਾਕਰਨ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਦਾ ਮੁੱਖ ਮੰਤਵ ਬੱਚਿਆਂ ਤੇ ਮਾਂਵਾਂ ਦੀ ਸਿਹਤ ਦੀ ਰੱਖਿਆ ਤੇ ਸਮਾਜ ਨੂੰ ਰੋਗ ਮੁਕਤ ਕਰਨਾ ਹੈ। ਡਾ. ਕੌਰ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਆਪਣੇ ਪਰਿਵਾਰ ਦੀ ਸਿਹਤ ਸੁਰੱਖਿਆ ਲਈ ਆਪਣੇ ਨੇੜੇ ਦੀ ਸਿਹਤ ਸੰਸਥਾ ਵਿੱਚ ਜਾ ਕੇ ਬੱਚਿਆਂ ਦਾ ਟੀਕਾਕਰਨ ਜ਼ਰੂਰ ਕਰਵਾਉਣ। ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਅਮਿਤਾ ਅਰੋੜਾ ਨੇ ਦੱਸਿਆ ਕਿ ਬੱਚੇ ਦੇ ਜਨਮ ਸਮੇਂ ਟੀ.ਬੀ ਦੀ ਬਿਮਾਰੀ ਤੋਂ ਬਚਾਅ ਲਈ (ਬੀ.ਸੀ.ਜੀ) ਦਾ ਟੀਕਾ, ਕਾਲੇ ਪੀਲੀਏ ਤੋਂ ਬਚਾਅ ਲਈ ਹੈਪਾਟਾਇਟਿਸ ਬੀ ਦਾ ਟੀਕਾ ਤੇ ਪੋਲੀਓ ਦੀ ਬਿਮਾਰੀ ਤੋ ਬਚਾਅ ਲਈ ਪੋਲੀਓ ਬੂੰਦਾਂ ਦਿੱਤੀਆਂ ਜਾਂਦੀਆਂ ਹਨ। ਡਾ. ਅਰੋੜਾ ਨੇ ਦੱਸਿਆ ਕਿ ਜਦੋਂ ਬੱਚਾ ਡੇਢ ਮਹੀਨੇ ਦਾ ਹੋ ਜਾਂਦਾ ਹੈ ਤਾਂ ਉਸ ਨੂੰ ਪੈਂਟਾਵੇਲੈਂਟ ਦਾ ਟੀਕਾ ਲਾਇਆ ਜਾਂਦਾ ਹੈ, ਜਿਸ ਵਿੱਚ ਪੰਜ ਤਰ੍ਹਾਂ ਦੀ ਵੈਕਸੀਨ (ਡਿਪਥੀਰੀਆ, ਟੈਟਨਸ, ਪਰਟਿਊਸਿਜ਼, ਹੈਪੇਟਾਈਟਸ-ਬੀ ਤੇ ਹੀਮੋਫੀਲਸ ਇਨਫਲੂਐਂਜਾ ਟਾਈਪ ਬੀ) ਹੁੰਦੀ ਹੈ, ਜੋ ਬੱਚੇ ਨੂੰ ਦਿਮਾਗੀ ਬੁਖਾਰ, ਗੱਲ ਘੋਟੂ ਕਾਲੀ ਖਾਂਸੀ, ਕਾਲਾ ਪੀਲੀਆ ਟੈਟਨਸ ਤੇ ਨਮੂਨੀਆ ਤੋਂ ਬਚਾਉਂਦਾ ਹੈ।



# ਨਗਰ ਪੰਚਾਇਤ ਦੇ ਕੱਚੇ ਮੁਲਾਜ਼ਮਾਂ ਨੇ ਕੀਤੀ ਹੜਤਾਲ

**ਕੋਟ ਈਸੇ ਖਾਂ (ਅਰੋੜਾ)** ਦੇਸ਼ ਦੀਆਂ ਵੱਖ-ਵੱਖ ਕੇਂਦਰੀ ਟਰੇਡ ਯੂਨੀਅਨਾਂ ਤੇ ਮੁਲਾਜ਼ਮ ਫੈਡਰੇਸ਼ਨਾਂ ਵੱਲੋਂ ਨੌ ਜੁਲਾਈ ਨੂੰ ਦੇਸ਼ ਵਿਆਪੀ ਹੜਤਾਲ ਦੇ ਸੱਦੇ 'ਤੇ ਨਗਰ ਪੰਚਾਇਤ ਦੇ ਕੱਚੇ ਮੁਲਾਜ਼ਮਾਂ ਵੱਲੋਂ ਹੜਤਾਲ ਕੀਤੀ ਗਈ। ਕੇਂਦਰ ਸਰਕਾਰ ਤੇ ਸੂਬਿਆਂ ਦੀਆਂ



ਸਰਕਾਰਾਂ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਮਜ਼ਦੂਰ ਕਿਸਾਨ ਤੇ ਲੋਕ ਵਿਰੋਧੀ ਨੀਤੀਆਂ ਦੇ ਨਾਲ-ਨਾਲ ਮੁਲਾਜ਼ਮ ਪੈਨਸ਼ਨਰ ਵਿਰੋਧੀ ਨੀਤੀਆਂ ਵੀ ਬੜੀ ਤੇਜ਼ੀ ਨਾਲ ਲਾਗੂ ਕੀਤੀਆਂ ਜਾ ਰਹੀਆਂ ਹਨ। ਕੇਂਦਰ ਸਰਕਾਰ ਵੱਲੋਂ ਲੋਕਾਂ ਨੂੰ ਸਹੂਲਤਾਂ ਪ੍ਰਧਾਨ ਕਰਦੇ ਅਦਾਰਿਆਂ ਨੂੰ ਨਿੱਜੀ ਹੱਥਾਂ 'ਚ ਸੌਂਪਿਆ ਜਾ ਰਿਹਾ ਹੈ, ਜਿਵੇਂ ਬੈਂਕਾਂ ਬੀਮਾ ਕੰਪਨੀਆਂ, ਕੋਲਾ, ਰੇਲਵੇ ਸੜਕੀ ਮਾਰਗ, ਸਿੱਖਿਆ, ਸਿਹਤ ਤੇ ਹੋਰ ਕਈ ਵਿਭਾਗਾਂ ਨੂੰ ਕਾਰਪੋਰੇਟ ਘਰਾਣਿਆਂ ਨੂੰ ਵੇਚਿਆ ਜਾ ਰਿਹਾ ਹੈ ਤੇ ਸੂਬੇ ਦੀ ਸਰਕਾਰ ਵੱਲੋਂ ਵੀ ਸੂਬੇ ਅੰਦਰ ਮੁਲਾਜ਼ਮਾਂ ਤੇ ਪੈਨਸ਼ਨ ਦੀਆਂ ਮੰਗਾਂ ਨੂੰ ਬਿਲਕੁਲ ਅੱਖੋਂ ਪਰੋਖੇ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਕੱਚੇ ਮੁਲਾਜ਼ਮਾਂ ਦੀਆਂ ਸੇਵਾਵਾਂ ਨੂੰ ਪੱਕਾ ਕਰਨ, ਪੁਰਾਣੀ ਪੈਨਸ਼ਨ ਲਾਗੂ ਕਰਨ, ਵਿਭਾਗਾਂ ਦੇ ਪੁਨਰਗਠਨ ਦੇ ਨਾਂਅ ਹੇਠ ਹਜ਼ਾਰਾਂ ਅਸਾਮੀਆਂ ਨੂੰ ਖਤਮ ਕਰਨਾ, ਮਹਿੰਗਾਈ ਭੱਤੇ ਦੀਆਂ ਬਕਾਇਆ ਕਿਸ਼ਤਾਂ ਜਾਰੀ ਕਰਨੀਆਂ ਤੇ ਪੰਜਾਬ ਦੇ ਤਨਖਾਹ ਸਕੇਲ ਲਾਗੂ ਕਰਨ ਜਿਹੇ ਮੁੱਦਿਆਂ ਤੇ ਪੰਜਾਬ ਸਰਕਾਰ ਭੱਜ ਰਹੀ ਹੈ, ਜਿਸ ਕਰਕੇ ਸਾਡੇ ਵੱਲੋਂ ਇਸ ਹੜਤਾਲ ਦਾ ਹਿੱਸਾ ਬਣਿਆ ਜਾ ਰਿਹਾ। ਉਨ੍ਹਾਂ ਕਿਹਾ ਕਿ ਚਾਰ ਲੇਬਰ ਕੋਡ ਵਾਪਸ ਲਿਆ ਜਾਵੇ, ਠੇਕਾ ਕਾਮਿਆਂ ਨੂੰ ਪੱਕਾ ਕੀਤਾ ਜਾਵੇ, ਠੇਕਾ ਆਊਟਸੋਰਸ ਤੇ ਦਿਹਾੜੀ ਤੇ ਰੁਜ਼ਗਾਰ ਵਿੱਚ ਪੱਕੇ ਕੀਤਾ ਜਾਵੇ, ਜਨਤਕ ਅਦਾਰਿਆਂ ਵਿੱਚ ਖਾਲੀ ਪਈ ਅਹੁਦਿਆਂ ਨੂੰ ਪੱਕੇ ਤੌਰ 'ਤੇ ਭਰਿਆ ਜਾਵੇ, ਜਨਤਕ ਅਦਾਰਿਆਂ ਦਾ ਕਾਰਪੋਰੇਸ਼ਨ ਜਾਂ ਨਿੱਜੀਕਰਨ ਬੰਦ ਕੀਤਾ ਜਾਵੇ ਤੇ ਇਸ ਤੋਂ ਇਲਾਵਾ ਹੋਰ ਵੱਖ-ਵੱਖ ਵਿਭਾਗਾਂ ਅੰਦਰ ਜੋ ਵੀ ਮੁਲਾਜ਼ਮ ਕੱਚੇ ਹਨ, ਉਨ੍ਹਾਂ ਨੂੰ ਪੱਕਾ ਕੀਤਾ ਜਾਵੇ।

# ਕਸਤੂਰੀ ਲਾਲ ਮਿੰਟੂ ਸਾਹਨੇਵਾਲ ਤੇ ਲੁਧਿਆਣਾ ਈਸਟ ਦੇ ਅਬਜ਼ਰਵਰ ਨਿਯੁਕਤ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** ਸੀਨੀਅਰ ਕਾਂਗਰਸੀ ਆਗੂ ਤੇ ਜ਼ਿਲ੍ਹਾ ਉਪ ਪ੍ਰਧਾਨ ਕਸਤੂਰੀ ਲਾਲ ਮਿੰਟੂ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ



ਵੜਿੰਗ ਵੱਲੋਂ ਇੱਕ ਹੋਰ ਵੱਡੀ ਜ਼ਿੰਮੇਵਾਰੀ ਸੌਂਪੀ ਗਈ ਹੈ। ਕਸਤੂਰੀ ਲਾਲ ਮਿੰਟੂ ਨੂੰ ਉਨ੍ਹਾਂ ਦੀਆਂ ਪਾਰਟੀ ਪ੍ਰਤੀ ਵਧੀਆ ਸੇਵਾਵਾਂ ਨੂੰ ਦੇਖਦਿਆਂ ਹੁਣ 2 ਵਿਧਾਨ ਸਭਾ ਹਲਕੇ ਸਾਹਨੇਵਾਲ ਤੇ ਲੁਧਿਆਣਾ ਈਸਟ ਦਾ ਅਬਜ਼ਰਵਰ ਨਿਯੁਕਤ ਕੀਤਾ ਗਿਆ ਹੈ। ਮਿੰਟੂ ਨੇ ਕਿਹਾ ਕਿ ਬੱਸੀ ਪਠਾਣਾਂ ਹਲਕੇ ਦੇ ਕੋਆਰਡੀਨੇਟਰ ਨਿਯੁਕਤ ਹੋਣ 'ਤੇ ਉਨ੍ਹਾਂ ਵੱਲੋਂ ਹਲਕੇ ਅੰਦਰ ਕਾਂਗਰਸੀ ਆਗੂਆਂ ਤੇ ਵਰਕਰਾਂ ਨਾਲ ਰਾਬਤਾ ਕਾਇਮ ਕਰ ਜਿੱਥੇ ਪਾਰਟੀ ਦੀ ਮਜ਼ਬੂਤੀ ਲਈ ਪ੍ਰਚਾਰ ਕੀਤਾ ਜਾ ਰਿਹਾ ਹੈ, ਉੱਥੇ ਕਾਂਗਰਸ ਦੀਆਂ ਨੀਤੀਆਂ ਦਾ ਪ੍ਰਚਾਰ ਵੀ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਰਾਜਾ ਵੜਿੰਗ ਦੇ ਨਿਰਦੇਸ਼ ਹਨ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਦੀ ਤਿਆਰੀ ਸ਼ੁਰੂ ਕਰ ਦਿੱਤੀ ਜਾਵੇ ਅਤੇ ਉਹ ਇਨ੍ਹਾਂ ਦੋਵੇਂ ਹਲਕਿਆਂ ਵਿਚ ਅਬਜ਼ਰਵਰ ਵਜੋਂ ਡਿਊਟੀ ਨਿਭਾਉਣਗੇ ਅਤੇ ਹਲਕੇ ਦੇ ਕਾਂਗਰਸੀ ਆਗੂਆਂ ਤੇ ਵਰਕਰਾਂ ਨਾਲ ਮੀਟਿੰਗਾਂ ਕਰ ਉਨ੍ਹਾਂ ਦੀਆਂ ਸਮੱਸਿਆਵਾਂ ਤੋਂ ਜਾਣੂ ਹੋ ਕੇ ਕਾਂਗਰਸ ਹਾਈਕਮਾਂਡ ਤੱਕ ਪਹੁੰਚਾਉਣਗੇ।

# ਆਰ.ਆਰ. ਮੈਮੋਰੀਅਲ ਕਾਲਜ ਦੇ ਸੰਸਥਾਪਕ ਪ੍ਰੋ. ਅਮਰਜੀਤ ਸਿੰਘ ਦਾ ਕਤਲ

**ਸਿਰਸਾ (ਸੁਰਿੰਦਰ ਪਾਲ ਸਿੰਘ)** ਮਮੇਰਾ ਰੋਡ ਸਥਿਤ ਆਰ.ਆਰ. ਮੈਮੋਰੀਅਲ ਕਾਲਜ ਦੇ ਸੰਸਥਾਪਕ ਤੇ ਸਰਕਾਰੀ ਕਾਲਜ ਸਿਰਸਾ ਦੇ ਰਿਟਾਇਰਡ ਪ੍ਰੋਫੈਸਰ ਅਮਰਜੀਤ ਸਿੰਘ ਦੀ ਲਾਸ਼ ਪੰਚਕੂਲਾ 'ਚ ਮਿਲਣ ਕਾਰਨ ਦਹਿਸ਼ਤ ਦਾ ਮਾਹੌਲ ਹੈ। ਪ੍ਰੋ. ਅਮਰਜੀਤ ਸਿੰਘ ਇਸ ਸਮੇਂ ਮੋਹਾਲੀ ਵਿੱਚ ਰਹਿ ਰਹੇ ਸਨ ਤੇ ਬਾਕੀ ਪਰਵਾਰ ਐਲਨਾਬਾਦ ਵਿੱਚ ਰਹਿੰਦਾ ਹੈ। ਉਹ ਕੁੱਝ ਦਿਨ ਪਹਿਲਾਂ ਮੋਹਾਲੀ ਤੋਂ ਅਚਾਨਕ ਲਾਪਤਾ ਹੋ ਗਏ ਤਾਂ ਉਨਾਂ ਦੇ ਸਪੁੱਤਰ ਰਾਹੁਲ ਨੇ ਆਪਣੇ ਪਿਤਾ ਦੇ ਅਗਵਾ ਹੋਣ ਦੀ ਪੁਲਸ ਸਟੇਸ਼ਨ ਵਿੱਚ ਸ਼ਿਕਾਇਤ ਦਰਜ ਕਰਾਈ ਸੀ। ਪੁਲਸ ਨੇ ਇਸ ਮਾਮਲੇ ਵਿੱਚ ਦੋ ਨੌਜਵਾਨਾਂ ਨੂੰ ਹਿਰਾਸਤ ਵਿੱਚ ਲਿਆ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਰਾਹੁਲ ਨੇ ਦੱਸਿਆ ਕਿ ਉਸਦੇ ਪਿਤਾ ਦਿਨ ਵੇਲੇ ਕੁਝ ਵਿਅਕਤੀਆਂ ਨਾਲ ਘਰੋਂ ਬਾਹਰ ਕਾਰ ਖੜੀ ਕਰਨ ਤੋਂ ਬਾਅਦ ਘਰੋਂ ਚਲੇ ਗਏ ਤੇ ਉਸ ਤੋਂ ਬਾਅਦ ਉਹ ਘਰ ਨਹੀਂ ਆਏ ਤੇ ਸ਼ਾਮ ਨੂੰ ਨੌਕਰ ਦੁਨੀ ਰਾਮ ਨੂੰ ਉਸਦੇ ਪਿਤਾ ਦਾ ਫੋਨ ਆਇਆ ਤੇ ਕਿਹਾ ਕਿ ਜਲਦੀ 35-40 ਲੱਖ ਰੁਪਏ ਦਾ ਪ੍ਰਬੰਧ ਕਰਕੇ ਪੈਸੇ ਲੈ ਕੇ ਸੈਕਟਰ 88 ਮੋਹਾਲੀ ਆ ਜਾਵੇ, ਨੌਕਰ ਦੁਨੀ ਰਾਮ ਨੇ ਰਾਹੁਲ ਦੀ ਮਾਂ ਨਾਲ ਇਸ ਘਟਨਾ ਬਾਰੇ ਫੋਨ 'ਤੇ ਗੱਲ ਕੀਤੀ। ਇਸ ਤੋਂ ਬਾਅਦ ਰਾਹੁਲ ਦੇ ਪਿਤਾ ਮੋਰਨੀ ਖੇਤਰ ਦੇ ਜੰਗਲ 'ਚ ਮ੍ਰਿਤਕ ਪਾਏ ਗਏ।

# ਅਜਾਈਲ ਕੰਪਨੀ ਵੱਲੋਂ ਪਲੇਸਮੈਂਟ ਕੈਂਪ ਅੱਜ

**ਸੰਗਰੂਰ (ਪ੍ਰਵੀਨ ਸਿੰਘ)**- ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਸੰਗਰੂਰ ਵੱਲੋਂ ਅਜਾਈਲ ਕੰਪਨੀ ਨਾਲ ਤਾਲਮੇਲ ਕਰਕੇ 10 ਜੁਲਾਈ ਨੂੰ ਨੌਕਰੀ ਦੇ ਚਾਹਵਾਨ ਪ੍ਰਾਰਥੀਆਂ ਲਈ ਰੋਜ਼ਗਾਰ ਦਫ਼ਤਰ, ਸੰਗਰੂਰ ਵਿਖੇ ਇੱਕ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ।ਇਸ ਸਬੰਧੀ ਜ਼ਿਲ੍ਹਾ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਅਤੇ ਸਿਖਲਾਈ ਅਫਸਰ ਸੰਗਰੂਰ ਨੇ ਦੱਸਿਆ ਕਿ ਕੰਪਨੀ ਵੱਲੋਂ ਵੈਲਨੇਸ ਅਡਵਾਈਜ਼ਰ (ਕੇਵਲ ਲੜਕੀਆਂ), ਅਸਿਸਟੈਂਟ ਮੈਨੇਜਰ, ਮੈਨੇਜਰ (ਕੇਵਲ ਲੜਕੇ ਅਤੇ ਲੜਕੀਆਂ ਦੋਵਾਂ ਲਈ) ਦੀ ਅਸਾਮੀ ਲਈ ਇੰਟਰਵਿਊ ਲਈ ਜਾਵੇਗੀ। ਜਿਸ ਲਈ ਪ੍ਰਾਰਥੀ ਦੀ ਵਿੱਦਿਅਕ ਯੋਗਤਾ 10ਵੀਂ, 12ਵੀਂ ਅਤੇ ਗਰੈਜੂਏਸ਼ਨ, ਪੋਸਟ ਗਰੈਜੂਏਸ਼ਨ ਪਾਸ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਵੈਲਨੇਸ ਅਡਵਾਈਜ਼ਰ (ਉਮਰ 18 ਤੋਂ 26 ਸਾਲ), ਅਸਿਸਟੈਂਟ ਮੈਨੇਜਰ, ਮੈਨੇਜਰ (ਉਮਰ 18 ਤੋਂ 40 ਸਾਲ) ਹੋਣੀ ਚਾਹੀਦੀ ਹੈ।ਚਾਹਵਾਨ ਅਤੇ ਯੋਗ ਪ੍ਰਾਰਥੀ ਰਜਿਊਮ ਅਤੇ ਵਿੱਦਿਅਕ ਯੋਗਤਾ ਦੇ ਸਰਟੀਫਿਕੇਟ ਦੀਆਂ ਫੋਟੋ ਕਾਪੀਆਂ ਲੈ ਕੇ ਇਸ ਇੰਟਰਵਿਊ ਵਿੱਚ ਭਾਗ ਲੈ ਸਕਦੇ ਹਨ। ਇੰਟਰਵਿਊ ਵਿੱਚ ਭਾਗ ਲੈਣ ਲਈ ਕੋਈ ਵੀ ਟੀ.ਏ ਅਤੇ ਡੀ.ਏ ਦੇਣ ਯੋਗ ਨਹੀਂ ਹੋਵੇਗਾ। ਵਧੇਰੇ ਜਾਣਕਾਰੀ ਲਈ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਸੰਗਰੂਰ ਵਿਖੇ ਸੰਪਰਕ ਕਰ ਸਕਦੇ ਹਨ।

# ਮੈਡੀਕਲ ਖੇਤਰ 'ਚ ਖੋਜ ਕਾਰਜ ਬਦਲਾਅ ਲਈ ਹੋਵੇ : ਮਿਸ ਸ਼ਵੇਤਾ ਜੈਨ

**ਸਮਰਾਲਾ (ਸੁਰਜੀਤ ਸਿੰਘ)** ਐਸੋਸੀਏਸ਼ਨ ਆਫ਼ ਬੇਸਿਕ ਮੈਡੀਕਲ ਸਾਇੰਟਿਸਟ ਵੱਲੋਂ ਰਿਸਰਚ ਐਪਰੀਸੀਏਸ਼ਨ ਡੇਅ ਮੌਕੇ 'ਤੇ ਵਿਸ਼ੇਸ਼ ਦੋ ਰੋਜ਼ਾ ਸਮਾਗਮ ਪੀਜੀਆਈ, ਚੰਡੀਗੜ੍ਹ ਦੇ ਐਡਵਾਂਸਡ ਪੀਡੀਆਟ੍ਰਿਕ ਸੈਂਟਰ ਦੇ ਆਡੀਟੋਰੀਅਮ ਵਿੱਚ ਆਯੋਜਤ ਕੀਤਾ ਗਿਆ, ਜਿਸ ਦਾ ਮੁੱਖ ਉਦੇਸ਼ ਖੋਜ ਕਰਤਾਵਾਂ ਦੀ ਮਿਹਨਤ ਤੇ ਸਮਰਪਣ ਨੂੰ ਸਾਹਮਣੇ ਲਿਆ ਕੇ ਉਨ੍ਹਾਂ ਦੇ ਅਜਿਹੇ ਯਤਨਾਂ ਨੂੰ ਮਾਨਤਾ ਦੇਣੀ, ਜੋ ਗਿਆਨ ਨੂੰ ਅੱਗੇ ਵਧਾਉਣ ਤੇ ਲੋਕਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਕੀਤੇ ਜਾ ਰਹੇ ਹਨ। ਇਸ ਮੌਕੇ ਰਿਸਰਚ ਗਾਈਡਾਂ, ਸਾਥੀਆਂ, ਸਹਿਯੋਗੀਆਂ, ਫੰਡਿੰਗ ਏਜੰਸੀਆਂ ਤੇ ਸੰਸਥਾਵਾਂ ਦੇ ਸਹਿਯੋਗ ਤੇ ਯੋਗਦਾਨ ਦੀ ਸ਼ਲਾਘਾ ਕੀਤੀ ਗਈ, ਕਿਉਂਕਿ ਉਨ੍ਹਾਂ ਦੀ ਸਹਾਇਤਾ ਤੋਂ ਬਿਨਾਂ ਰਿਸਰਚ ਅਸੰਭਵ ਹੁੰਦੀ।ਬੁਲਾਰਿਆਂ ਨੇ ਕਿਹਾ ਕਿ ਰਿਸਰਚ ਇੱਕ ਸਾਂਝਾ ਮਿਸ਼ਨ ਹੁੰਦਾ ਹੈ।ਸਮਾਗਮ ਵਿੱਚ ਵੱਖ-ਵੱਖ ਕੋਰਸਾਂ ਦੇ ਵਿਦਿਆਰਥੀਆਂ, ਰਿਸਰਚ ਸਕਾਲਰਾਂ ਤੇ ਸਟਾਫ ਨੇ ਹਿੱਸਾ ਲਿਆ।ਸਮਾਗਮ ਦੀ ਸ਼ੁਰੂਆਤ ਐਸੋਸੀਏਸ਼ਨ ਦੀ ਪ੍ਰਧਾਨ ਮਿਸ ਸ਼ਵੇਤਾ ਜੈਨ ਵੱਲੋਂ ਸਵਾਗਤੀ ਭਾਸ਼ਣ ਨਾਲ ਹੋਈ। ਉਪਰੰਤ ਪ੍ਰੋ. ਆਰ.ਕੇ.ਰਾਥੋ ਡੀਨ ਅਕੈਡਮਿਕਸ ਵੱਲੋਂ ਸਮਾਰੋਹ ਦੀ ਉਦਘਾਟਨੀ ਰਸਮ ਅਦਾ ਕਰਦਿਆਂ ਮੈਗਜ਼ੀਨ 'ਬਾਇਓ ਰਚਨਾ' ਦੇ ਕਵਰ ਪੇਜ ਲੋਕ ਅਰਪਣ ਕੀਤਾ।ਪੀਜੀਆਈ ਦੇ ਵੱਖ-ਵੱਖ ਵਿਭਾਗਾਂ ਦੇ ਫੈਕਲਟੀ ਮੈਂਬਰ ਵੀ ਸਮਾਰੋਹ ਵਿੱਚ ਮੌਜੂਦ ਰਹੇ, ਜਿਨ੍ਹਾਂ 'ਚ ਮੁੱਖ ਤੌਰ 'ਤੇ ਡਾ. ਸਪਨਾ ਪਹਿਲ (ਮੈਡੀਕਲ ਮਾਇਕ੍ਰੋ ਬਾਇਓਲੋਜੀ), ਡਾ. ਰਾਣੀ ਓਝਾ (ਯੂਰੋਲੋਜੀ), ਡਾ. ਅਨੁਪਮ ਮਿਤਲ (ਟ੍ਰਾਂਸਲੇਸ਼ਨਲ ਐਂਡ ਰੀਜੇਨੇਰਟਿਵ ਮੈਡੀਸਨ), ਡਾ. ਸੁਭਬਰਤਾ ਸਰਕਾਰ (ਵਾਇਰੋਲੋਜੀ) ਅਤੇ ਡਾ. ਦੀਕਸ਼ਾ ਪਾਲ (ਯੂਰੋਲੋਜੀ) ਸ਼ਾਮਲ ਸਨ। ਸਮਾਰੋਹ 'ਚ ਵਿਦਿਆਰਥੀਆਂ ਤੇ ਰਿਸਰਚਰਾਂ ਦੀ ਰਚਨਾਤਮਕਤਾ ਨੂੰ ਉਭਾਰਨ ਲਈ ਕਈ ਪ੍ਰਤੀਯੋਗਿਤਾਵਾਂ ਕਰਾਈਆਂ ਗਈਆਂ, ਜਿਨ੍ਹਾਂ ਵਿੱਚ ਓਪਨ ਮਾਈਕ, ਮੈਗਜ਼ੀਨ ਕਵਰ ਮੁਕਾਬਲਾ, ਪੈਟਰੀ ਪਲੇਟ ਪੇਂਟਿੰਗ, ਬਿਹਾਈਂਡ ਦ ਪੇਪਰ ਕਹਾਣੀ ਲਿਖਣਾ, ਫੋਟੋਗ੍ਰਾਫੀ ਅਤੇ ਵੀਡੀਓਗ੍ਰਾਫੀ ਮੁਕਾਬਲੇ ਤੇ ਸਾਇੰਸ ਕਿਊਜ਼ ਆਦਿ ਲੱਕੀ ਡਰਾਅ ਰਾਹੀਂ ਭਾਗੀਦਾਰਾਂ ਨੂੰ ਤੋਹਫ਼ੇ ਦਿੱਤੇ ਗਏ।ਦੋ ਰੋਜ਼ਾ ਸਮਾਗਮ ਦੇ ਅੰਤ ਵਿੱਚ ਐਸੋਸੀਏਸ਼ਨ ਦੀ ਪ੍ਰਧਾਨ ਮਿਸ ਸ਼ਵੇਤਾ ਜੈਨ ਨੇ ਧੰਨਵਾਦੀ ਸ਼ਬਦਾਂ ਰਾਹੀਂ ਰਿਸਰਚਰਾਂ ਨੂੰ ਉਤਸ਼ਾਹਤ ਕਰਦਿਆਂ ਆਹਵਾਹਨ ਕੀਤਾ ਕਿ ਉਹ ਇਕ ਅਜਿਹੇ ਮਾਹੌਲ ਦੀ ਸਿਰਜਣਾ ਕਰਨ, ਜਿਸ ਨਾਲ ਨਵੇਂ ਖੋਜੀਆਂ ਨੂੰ ਪ੍ਰੇਰਣਾ ਮਿਲੇ।



# ਚਿੱਟ-ਫੰਡ ਡਰਾਅ ਦੀਆਂ ਵੀਡੀਓਜ਼ ਵਾਇਰਲ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ)** ਪੰਜਾਬ ਵਿੱਚ ਸਰਕਾਰੀ ਮਨਜ਼ੂਰਸ਼ੁਦਾ ਲਾਟਰੀ ਤੋਂ ਬਿਨਾਂ ਹੋਰ ਲਾਟਰੀ ਸਿਸਟਮ, ਡਰਾਅ ਤੇ ਚਿੱਟਫੰਡ 'ਤੇ ਪੂਰੀ ਤਰ੍ਹਾਂ ਰੋਕ ਲਾਈ ਗਈ ਹੈ।ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰਾਂ ਵੱਲੋਂ ਵੀ ਸਮੇਂ-ਸਮੇਂ 'ਤੇ ਹੁਕਮ ਜਾਰੀ ਹੁੰਦੇ ਰਹਿੰਦੇ ਹਨ, ਰ ਇਸ ਦੇ ਬਾਵਜੂਦ ਕਈ ਲੋਕ ਇਸ ਤਰ੍ਹਾਂ ਦਾ ਧੰਦਾ ਕਰਨ ਤੋਂ ਬਾਜ਼ ਨਹੀਂ ਆ ਰਹੇ।ਆਮ ਲੋਕਾਂ ਤੋਂ ਪੈਸਾ ਇਕੱਠਾ ਕਰਕੇ ਅਕਸਰ ਹੀ ਅਜਿਹੇ ਲੋਕਾਂ ਦੇ ਭੱਜਣ ਦੀਆਂ ਖ਼ਬਰਾਂ ਵੀ ਪ੍ਰਕਾਸ਼ਤ ਹੁੰਦੀਆਂ ਰਹਿੰਦੀਆਂ ਹਨ। ਹੁਣ ਇੱਕ ਚਿੱਟਫੰਡ ਡਰਾਅ ਕੱਢਣ ਦੀਆਂ ਵੀਡੀਓਜ਼ ਧੜਾਧੜ ਵਾਇਰਲ ਹੋ ਰਹੀਆਂ ਹਨ।ਇਸ ਵੀਡੀਓਜ਼ 'ਚ ਸ਼ਹਿਰ ਦੇ ਨਾਮੀ ਪੈਲੇਸ ਵਿੱਚ ਇੱਕ ਨਹੀਂ, ਸਗੋਂ ਚਾਰ ਵੱਖ-ਵੱਖ ਚਿੱਟਫੰਡ ਅਧਾਰਤ ਡਰਾਅ ਕੱਢਣ ਦੀਆਂ ਤਸਵੀਰਾਂ ਸਾਹਮਣੇ ਆ ਰਹੀਆਂ ਹਨ।ਵੀਡੀਓਜ਼ 'ਚ ਚਿੱਟਫੰਡ ਅਧਾਰਤ ਡਰਾਅ ਕੱਢਿਆ ਜਾ ਰਿਹਾ ਹੈ।ਉਧਰ ਇਹ ਵੀਡੀਓਜ਼ ਵਾਇਰਲ ਹੋਣ ਉਪਰੰਤ ਜ਼ਿਲ੍ਹਾ ਪ੍ਰਸ਼ਾਸਨ ਵਿੱਚ ਹਰਕਤ 'ਚ ਆ ਗਿਆ ਹੈ। ਵੀਡੀਓਜ਼ ਵਾਇਰਲ ਹੋਣ ਉਪਰੰਤ ਵਧੀਕ ਡਿਪਟੀ ਕਮਿਸ਼ਨਰ ਗੁਰਪ੍ਰੀਤ ਸਿੰਘ ਥਿੰਦ ਨੇ ਕਿਹਾ ਕਿ ਅਜਿਹੇ ਚਿੱਟਫੰਡ ਡਰਾਅ, ਲਾਟਰੀ ਆਦਿ ਤੇ ਸਰਕਾਰ ਵੱਲੋਂ ਪੂਰੀ ਤਰ੍ਹਾਂ ਰੋਕ ਲਾਈ ਗਈ ਹੈ।ਜੇਕਰ ਕੋਈ ਅਜਿਹਾ ਕਰਦਾ ਹੈ ਤਾਂ ਉਸ ਤੇ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਣੀ ਬਣਦੀ ਹੈ। ਉਨ੍ਹਾਂ ਕਿਹਾ ਕਿ ਆਮ ਲੋਕਾਂ ਨੂੰ ਵੀ ਅਜਿਹੇ ਡਰਾਅ ਆਦਿ ਦੇ ਝਾਂਸੇ ਵਿੱਚ ਨਹੀਂ ਆਉਣਾ ਚਾਹੀਦਾ ਤੇ ਆਪਣੀ ਮਿਹਨਤ ਦੀ ਕਮਾਈ ਨੂੰ ਅਜਿਹੇ ਡਰਾਅ ਆਦਿ ਵਿਚ ਨਹੀਂ ਗਵਾਉਣਾ ਚਾਹੀਦਾ।



# ਪੁਲਸ ਵੱਲੋਂ ਬੱਸ ਅੱਡਿਆਂ 'ਤੇ ਅਚਾਨਕ ਸਰਚ ਅਪਰੇਸ਼ਨ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ ਪੂਜਾ)** - ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਅਧੀਨ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿੱਚ ਪੁਲਸ ਵੱਲੋਂ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ, ਜਿਸ ਦੇ ਚਲਦਿਆਂ ਐਸ.ਐਸ.ਪੀ ਸ੍ਰੀ ਮੁਕਤਸਰ ਸਾਹਿਬ ਡਾ. ਅਖਿਲ ਚੌਧਰੀ ਦੀ ਅਗਵਾਈ ਹੇਠ ਇੱਕ ਵਿਆਪਕ ਸਰਚ ਓਪਰੇਸ਼ਨ ਚਲਾਇਆ ਗਿਆ ਜਿਸ ਦੌਰਾਨ ਜ਼ਿਲ੍ਹੇ ਦੀਆਂ ਚਾਰੇ ਸਬ-ਡਵੀਜ਼ਨਾਂ ਸ੍ਰੀ ਮੁਕਤਸਰ ਸਾਹਿਬ, ਮਲੋਟ, ਗਿੱਦੜਬਾਹਾ ਅਤੇ ਲੰਬੀ ਵਿੱਚ ਸਥਿਤ ਰੇਲਵੇ ਸਟੇਸ਼ਨਾਂ, ਬੱਸ ਸਟੈਂਡ ਅਤੇ ਆਲੇ ਦੁਆਲੇ ਦੇ ਇਲਾਕਿਆਂ 'ਚ ਪੁਲਿਸ ਟੀਮਾਂ ਨੇ ਇੱਕਸਾਰ ਕਾਰਵਾਈ ਕੀਤੀ।ਇਹ ਓਪਰੇਸ਼ਨ ਐਸ.ਐਸ.ਪੀ ਸ੍ਰੀ ਮੁਕਤਸਰ ਸਾਹਿਬ ਡਾ. ਅਖਿਲ ਚੌਧਰੀ ਦੀ ਸਿੱਧੀ ਨਿਗਰਾਨੀ ਹੇਠ ਐਸ.ਪੀ (ਡੀ) ਮਨਮੀਤ ਸਿੰਘ ਢਿੱਲੋਂ, ਡੀ.ਐਸ.ਪੀ ਨਵੀਨ ਕੁਮਾਰ (ਸ੍ਰੀ ਮੁਕਤਸਰ ਸਾਹਿਬ), ਡੀ.ਐਸ.ਪੀ ਇਕਬਾਲ ਸਿੰਘ (ਮਲੋਟ), ਡੀ.ਐਸ.ਪੀ ਅਵਤਾਰ ਸਿੰਘ (ਗਿੱਦੜਬਾਹਾ), ਡੀ.ਐਸ.ਪੀ ਜਸਪਾਲ ਸਿੰਘ (ਲੰਬੀ) ਨੇ ਆਪਣੇ ਇਲਾਕਿਆਂ ਵਿੱਚ ਓਪਰੇਸ਼ਨ ਦੀ ਅਗਵਾਈ ਕੀਤੀ। ਇਸ ਸਰਚ ਮੁਹਿੰਮ ਵਿੱਚ 220 ਤੋਂ ਵੱਧ ਪੁਲਿਸ ਕਰਮਚਾਰੀ /ਅਧਿਕਾਰੀ ਸ਼ਾਮਿਲ ਰਹੇ। ਡਰੋਨ ਕੈਮਰਿਆਂ ਰਾਹੀਂ ਸਟੇਸ਼ਨਾਂ ਅਤੇ ਆਲੇ ਦੁਆਲੇ ਦੀ ਹਵਾਈ ਨਿਗਰਾਨੀ ਕੀਤੀ ਗਈ। ਇਸ ਤੋਂ ਇਲਾਵਾ ਸੀ ਸੀ ਸੀ ਕੈਮਰੇ ਦੀ ਨਿਗਰਾਨੀ ਰਾਹੀਂ ਵੀ ਸਟੇਸ਼ਨਾਂ ਦੀ ਲਾਈਵ ਮੋਨੀਟਰਿੰਗ ਕੀਤੀ ਗਈ।ਐਸ ਐਸ ਪੀ ਡਾ. ਅਖਿਲ ਚੌਧਰੀ ਨੇ ਦੱਸਿਆ ਕਿ ਇਹ ਸਰਚ ਓਪਰੇਸ਼ਨ ਪੂਰੀ ਤਰ੍ਹਾਂ ਨਿਸ਼ਾਨਾ-ਅਧਾਰਤ ਅਤੇ ਅਚਾਨਕ ਰੂਪ ਵਿੱਚ ਕੀਤਾ ਗਿਆ ਸੀ। ਐਪ ਰਾਹੀਂ ਸ਼ੱਕੀ ਵਿਅਕਤੀਆਂ ਦੇ ਅਪਰਾਧਕ ਪਿਛੋਕੜ ਦੀ ਜਾਂਚੀ ਗਈ, ਐਪ ਰਾਹੀਂ ਪਾਰਕਿੰਗ 'ਚ ਖੜ੍ਹੇ ਵਾਹਨਾਂ ਦੀ ਰਜਿਸਟ੍ਰੇਸ਼ਨ ਜਾਂਚੀ ਗਈ ਜ਼ਿਲ੍ਹਾਂ ਦੇ ਸਾਰੇ ਬੱਸ ਸਟੈਂਡਾਂ 'ਤੇ ਸ਼ੱਕੀ ਵਿਅਕਤੀਆਂ ਅਤੇ ਸ਼ੱਕੀ ਸਮਾਨ ਦੀ ਵਿਸ਼ੇਸ਼ ਤਲਾਸ਼ੀ ਮੁਹਿੰਮ ਚਲਾਈ ਗਈ। ਮੁਲਾਜ਼ਮਾਂ ਵੱਲੋਂ ਆਉਣ-ਜਾਣ ਵਾਲੇ ਯਾਤਰੀਆਂ ਦੀ ਵਿਅਕਤੀਗਤ ਜਾਂਚ ਤੋਂ ਇਲਾਵਾ ਉਨ੍ਹਾਂ ਦੇ ਬੈਗ, ਲੱਗੇਜ ਅਤੇ ਹੋਰ ਸਮਾਨ ਦੀ ਵੀ ਬਾਰੀਕੀ ਨਾਲ ਜਾਂਚ ਕੀਤੀ ਗਈ। ਪੁਲਸ ਟੀਮਾਂ ਨੇ ਬੱਸ ਅੱਡਿਆਂ ਦੀਆਂ ਇਮਾਰਤਾਂ, ਵੇਟਿੰਗ ਰੂਮਾਂ ਅਤੇ ਆਸ-ਪਾਸ ਦੇ ਖੇਤਰਾਂ ਵਿੱਚ ਵੀ ਸ਼ੱਕੀ ਵਸਤੂਆਂ ਨੂੰ ਲੱਭਣ ਲਈ ਡੌਗ ਸਕਵੈਡ ਦੀ ਮਦਦ ਨਾਲ ਤਲਾਸ਼ੀ ਲਈ। ਇਸ ਦੇ ਨਾਲ ਹੀ ਪਾਰਕਿੰਗ ਵਿੱਚ ਲੰਬੇ ਸਮੇਂ ਤੋਂ ਲਵਾਰਿਸ ਖੜ੍ਹੇ ਵਾਹਨਾਂ ਦੀ ਜਾਂਚ-ਪੜਤਾਲ ਕੀਤੀ ਗਈ।



# ਬਾਬਾ ਖੇਤਰਪਾਲ ਦੇ ਮੰਦਰ 'ਚ ਲਾਇਆ ਵਿਸ਼ਾਲ ਭੰਡਾਰਾ

**ਬਾਘਾ ਪੁਰਾਣਾ (ਮਨੀ ਸਿੰਗਲਾ)** ਚੰਨੂੰਵਾਲਾ ਰੋਡ ਉਪਰ ਮਹਿੰਦਰਾ ਪੈਲੇਸ ਦੀ ਬੈਕਸਾਈਡ ਤਿਆਰ ਹੋ ਰਹੇ ਬਾਬਾ ਖੇਤਰਪਾਲ ਜੀ ਦੇ ਮੰਦਰ ਨੂੰ ਲੈ ਸੰਗਤਾਂ 'ਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ ਤੇ ਵੱਡੀ ਗਿਣਤੀ ਵਿੱਚ ਸ਼ਰਧਾਲੂ ਨਤਮਸਤਕ ਹੋ ਕੇ ਖੁਸ਼ੀਆਂ ਪ੍ਰਾਪਤ ਕਰਦੇ ਹਨ ਤੇ ਹਰ ਐਤਵਾਰ ਦੀ ਐਤਵਾਰ ਸੰਗਤਾਂ ਵੱਲੋਂ ਇਸ ਜਗ੍ਹਾ 'ਤੇ ਭੰਡਾਰਾ ਲਾਇਆ ਜਾਂਦਾ ਹੈ, ਜਿਸ ਤਹਿਤ ਬਾਬਾ ਖੇਤਰ ਪਾਲ ਦੇ ਮੰਦਰ ਵਿਖੇ ਸ਼ਰਧਾਲੂਆਂ ਵੱਲੋਂ ਮੰਦਰ 'ਚ ਪੂਜਾ ਅਰਚਨਾ ਕਰ ਕੇ ਸੁਨੀਲ ਸ਼ਰਮਾ, ਸੀਮਾ ਸ਼ਰਮਾ, ਜਤਿਨ ਸ਼ਰਮਾ, ਹਨੀ ਸ਼ਰਮਾ ਨਿਵਾਸੀ ਘੋਲੀਆ ਵੱਲੋਂ ਬਾਬਾ ਖੇਤਰਪਾਲ ਦੇ ਮੰਦਰ ਵਿਖੇ ਵਿਸ਼ਾਲ ਭੰਡਾਰਾ ਲਾਇਆ ਗਿਆ ਅਤੇ ਬਾਬਾ ਖੇਤਰਪਾਲ ਦੇ ਮੰਦਰ 'ਚ ਪੂਜਾ ਅਰਚਨਾ ਕਰਕੇ ਉਨ੍ਹਾਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਗਿਆ। ਸੇਵਾਦਾਰਾਂ ਵੱਲੋਂ ਸੰਗਤਾਂ ਨੂੰ ਇੱਕ ਪੰਗਤ 'ਚ ਬਿਠਾ ਕੇ ਲੰਗਰ ਛਕਾਇਆ ਗਿਆ।ਇਸ ਮੌਕੇ ਮੌਜੂਦ ਮੰਦਰ ਦੇ ਪੁਜਾਰੀ ਮੁਕੇਸ਼ ਸ਼ਰਮਾ, ਚੇਅਰਮੈਨ ਵਿਜੈ ਬਾਂਸਲ, ਪ੍ਰਧਾਨ ਸੰਜੀਵ ਗਰਗ, ਕੈਸ਼ੀਅਰ ਰਕੇਸ਼ ਜਿੰਦਲ ਤੋਤਾ ਨੇ ਕਿਹਾ ਕਿ ਹਰ ਐਤਵਾਰ ਨੂੰ ਮੰਦਰ ਵਿਖੇ ਜੋ ਵੀ ਸ਼ਰਧਾਲੂ ਸ਼ਰਧਾ ਭਾਵਨਾ ਨਾਲ ਮੰਦਿਰ ਵਿਖੇ ਅਰਦਾਸ ਬੇਨਤੀ ਸੱਚੇ ਮਨ ਨਾਲ ਕਰਦਾ ਹੈ, ਬਾਬਾ ਜੀ ਉਨ੍ਹਾਂ ਦੀਆਂ ਮਨੋਕਾਮਨਾਵਾਂ ਜ਼ਰੂਰ ਪੂਰੀਆਂ ਕਰਦੇ ਹਨ ਅਤੇ ਸ਼ਰਧਾਲੂ ਹਰ ਐਤਵਾਰ ਨੂੰ ਆਪਣੇ ਵੱਲੋਂ ਵਿਸ਼ਾਲ ਭੰਡਾਰਾ ਲਗਾਉਂਦੇ ਹਨ।



# ਪਨਬਸ/ਪੀਆਰਟੀਸੀ ਕੱਚੇ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਦਾ ਭਰੋਸਾ ਨਿਕਲਿਆ ਝੂਠਾ : ਰੇਸ਼ਮ ਸਿੰਘ ਗਿੱਲ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਪੰਜਾਬ ਰੋਡਵੇਜ਼, ਪਨਬਸ ਅਤੇ ਪੀਆਰਟੀਸੀ ਦੇ ਕੱਚੇ ਮੁਲਾਜ਼ਮਾਂ ਦੀ ਹੜਤਾਲ ਨੇ ਪਹਿਲੇ ਦਿਨ ਸੰਪੂਰਨ ਟਰਾਂਸਪੋਰਟ ਦਾ ਚੱਕਾ ਜਾਮ ਕਰ ਦਿੱਤਾ। ਪੰਜਾਬ ਰੋਡਵੇਜ਼ ਕੰਟਰੈਕਟ ਵਰਕਰਜ਼ ਯੂਨੀਅਨ (25/11) ਨੇ ਫ਼ਿਰੋਜ਼ਪੁਰ ਬਸ ਸਟੈਂਡ 'ਤੇ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ। ਸੂਬਾ ਪ੍ਰਧਾਨ ਰੇਸ਼ਮ ਸਿੰਘ ਗਿੱਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਸੱਤਾ ਵਿਚ ਆਉਣ ਤੋਂ ਪਹਿਲਾਂ ਠੇਕੇਦਾਰੀ ਸਿਸਟਮ ਖਤਮ ਕਰਨ ਦੇ ਵਾਅਦੇ ਕੀਤੇ ਸਨ, ਪਰ 3 ਸਾਲਾਂ ਬਾਅਦ ਵੀ ਇੱਕ ਵੀ ਮੁਲਾਜ਼ਮ ਪੱਕਾ ਨਹੀਂ ਹੋਇਆ। ਠੇਕੇਦਾਰੀ ਸਿਸਟਮ ਜਾਰੀ ਹੈ, ਜਿਸ ਨਾਲ ਮੁਲਾਜ਼ਮਾਂ ਦੀ ਲੁੱਟ ਹੋ ਰਹੀ ਹੈ। ਪਿਛਲੇ ਸਾਲ ਮੁੱਖ ਮੰਤਰੀ ਅਤੇ ਟਰਾਂਸਪੋਰਟ ਮੰਤਰੀ ਨੇ 1 ਜੁਲਾਈ 2024 ਨੂੰ ਮੀਟਿੰਗ ਵਿਚ ਮੰਗਾਂ ਦਾ ਹੱਲ ਕਰਨ ਲਈ ਕਮੇਟੀ ਬਣਾਉਣ ਦਾ ਭਰੋਸਾ ਦਿੱਤਾ ਸੀ, ਪਰ ਇੱਕ ਸਾਲ ਬੀਤਣ 'ਤੇ ਵੀ ਕੋਈ ਹੱਲ ਨਹੀਂ ਨਿਕਲਿਆ। 10-12 ਸਾਲਾਂ ਤੋਂ ਕੰਮ ਕਰ ਰਹੇ ਮੁਲਾਜ਼ਮ ਪੱਕੇ ਨਹੀਂ ਹੋਏ। ਠੇਕੇਦਾਰਾਂ ਨੇ ਕਰੋੜਾਂ ਰੁਪਏ ਦੀ ਲੁੱਟ ਕੀਤੀ, ਜਿਵੇਂ ਕਿ ਦਾਤਾਰ ਸਕਿਊਰਟੀ ਗਰੁੱਪ ਅਤੇ ਸਾਈਂ ਰਾਮ। ਹੁਣ ਤੀਜਾ ਠੇਕੇਦਾਰ ਐੱਸਐੱਸ ਪ੍ਰੋਵਾਇਡਰ ਬਿਨਾਂ ਸਮਝੌਤੇ ਦੇ ਗੈਰ-ਕਾਨੂੰਨੀ ਭਰਤੀ ਕਰ ਰਿਹਾ ਹੈ, ਜਿਸ ਵਿੱਚ ਰਿਸ਼ਵਤਖੋਰੀ ਦੇ ਦੋਸ਼ ਹਨ। ਡਿਪੂ ਪ੍ਰਧਾਨ ਜਤਿੰਦਰ ਸਿੰਘ ਤੇ ਮੁਖਪਾਲ ਸਿੰਘ ਨੇ ਕਿਹਾ ਕਿ ਸਰਕਾਰ ਵਾਰ-ਵਾਰ ਲਾਰੇ ਲਗਾ ਕੇ ਸਮਾਂ ਟਪਾਉਣ ਦੀ ਕੋਸ਼ਿਸ਼ ਕਰ ਰਹੀ ਹੈ। 9 ਫਰਵਰੀ 2025 ਨੂੰ ਟਰਾਂਸਪੋਰਟ ਮੰਤਰੀ ਨੇ 2 ਮਹੀਨਿਆਂ ਵਿਚ ਮੰਗਾਂ ਹੱਲ ਕਰਨ ਦਾ ਵਾਅਦਾ ਕੀਤਾ ਸੀ, ਪਰ 1 ਸਾਲ 5 ਮਹੀਨੇ ਬਾਅਦ ਵੀ ਕੁਝ ਨਹੀਂ ਹੋਇਆ। ਸਰਕਾਰ 'ਤੇ ਅਫਸਰਸ਼ਾਹੀ ਹਾਵੀ ਹੈ, ਅਤੇ ਵਿਭਾਗ ਦਾ ਨਿੱਜੀਕਰਨ ਕੀਤਾ ਜਾ ਰਿਹਾ ਹੈ। ਕਿਲੋਮੀਟਰ ਸਕੀਮ ਤਹਿਤ ਪ੍ਰਾਈਵੇਟ ਬੱਸਾਂ ਨੂੰ ਲਾਭ ਦਿੱਤਾ ਜਾ ਰਿਹਾ ਹੈ, ਜੋ ਵਿਭਾਗ ਨੂੰ ਨੁਕਸਾਨ ਪਹੁੰਚਾ ਰਹੀਆਂ ਹਨ। ਯੂਨੀਅਨ ਨੇ ਮੰਗ ਕੀਤੀ ਕਿ ਸਰਕਾਰ ਠੇਕੇਦਾਰੀ ਸਿਸਟਮ ਬੰਦ ਕਰੇ, ਮੁਲਾਜ਼ਮਾਂ ਨੂੰ ਪੱਕਾ ਕਰੇ, ਤਨਖਾਹਾਂ ਵਿਚ ਇਕਸਾਰਤਾ ਲਿਆਵੇ, ਅਤੇ ਸਰਕਾਰੀ ਬੱਸਾਂ ਦੀ ਗਿਣਤੀ 10 ਹਜ਼ਾਰ ਕਰੇ। ਸਵੇਰੇ 10 ਜੁਲਾਈ ਨੂੰ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਪੱਕਾ ਧਰਨਾ ਦਿੱਤਾ ਜਾਵੇਗਾ। ਜੇ ਮੰਗਾਂ ਨਾ ਮੰਨੀਆਂ ਗਈਆਂ, ਤਾਂ ਹੜਤਾਲ ਅਣਮਿੱਥੇ ਸਮੇਂ ਲਈ ਜਾਰੀ ਰਹਿ ਸਕਦੀ ਹੈ। ਇਸ ਮੌਕੇ ਜਸਬੀਰ ਸਿੰਘ, ਅਜੈ ਕੁਮਾਰ, ਗੁਰਪ੍ਰੀਤ ਸਿੰਘ, ਰਮਨਦੀਪ ਸਿੰਘ, ਸੌਰਵ ਮੈਣੀ, ਗੌਰਵ ਮਰੋਕ, ਹਰਜੀਤ ਸਿੰਘ ਤੇ ਗਗਨਦੀਪ ਆਦਿ ਹਾਜ਼ਰ ਸਨ।



## ਉਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉਤਰ ਰੇਲਵੇ, ਫਿਰੋਜ਼ਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

**ਨੀਲਾਮੀ ਸੂਚਨਾ ਨੰ.** : EAFZR-SLR25-89

**ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ** : 24/07/2025 ਨੂੰ 11:00 Hrs.

**ਕੰਮ ਦਾ ਨਾਮ** : ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਸ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ):19614/F1, 14028/F1, 14505/F1, 14028/F2, 14618/F1, 14616/F1, 14622/F1 & 14626/F1.

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ।

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 2061/2025

## ਉੱਤਰ ਰੇਲਵੇ

### ਈ-ਟੈਂਡਰ ਸੂਚਨਾ

**ਬੰਦ ਹੋਣ ਦੀ ਮਿਤੀ/ਸਮਾਂ: 31.07.2025 ਨੂੰ 12:30 ਵਜੇ**

ਸੀਨੀਅਰ ਡਵੀਜਨ ਸਾਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉੱਤਰ ਰੇਲਵੇ, ਫ਼ਿਰੋਜ਼ਪੁਰ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ **ਟੈਂਡਰ ਨੰ: 433-ਸਿੰਗ-ਟੀ-11-25-26 ਈ-ਟੈਂਡਰਿੰਗ ਦੁਆਰਾ ਤੋਂ ਮਿਤੀ 3107.2025 ਨੂੰ 12.30 ਵਜੇ ਤਕ https://www.ireps.gov.in** ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਅਪਣੀ ਟੈਂਡਰਾਂ ਅਸਲੀ/ਸੰਸ਼ੋਧਿਤ ਨਿਸ਼ਚਿਤ ਕੀਤੇ ਗਏ ਸਮੇਂ ਅਤੇ ਮਿਤੀ ਤਕ ਜ਼ਰੂਰ ਜਮਾਂ ਕਰਵਾਏ। ਇਸ ਟੈਂਡਰ ਦੇ ਤਹਿਤ ਮੈਨੂਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ। ਠੇਕੇਦਾਰਾਂ ਦੁਵਾਰਾ ਟੈਂਡਰ ਡਾਕਯੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਸ ਤਰ੍ਹਾਂ ਕਿ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਆਦਿ ਦੁਵਾਰਾ ਹੀ ਸਵੀਕਾਰ ਕੀਤੀ ਜਾਵੇਗੀ ਇਸਦੇ ਅਤਿਰਿਕਤ ਡਿਮਾਂਡ ਡਰਾਫਟ, ਬੈਂਕਰ ਚੈਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਦੁਵਾਰਾ ਜਮਾਂ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ।

| | | | |
|---|---|---|---|
| ਕੰਮ ਦਾ ਨਾਮ | ਫਿਰੋਜ਼ਪੁਰ ਡਵਜਨ ਵਿਚ ਟਿਯਰ 2/3/4 ਜਗ੍ਹਾਂ ਦੇ ਲਈ ਪੀਆਰਐਸ ਆਧੁਨਿਕੀਕਰਣ ਦਾ ਕਾਰਯਨਵਯਨ ਕਰਨਾ। | | |
| ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ | 31.07.2025 12:30 | ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 08.07.2025 17:47 |
| ਅਨੁਮਾਨਿਤ ਕੀਮਤ | 23254129.33 | ਬਿਡਿੰਗ ਸ਼ੁਰੂ ਦੀ ਮਿਤੀ (ਆਈਆਰਈਪੀਐਸ) | 17.07.2025 |
| ਬਿਆਨਾ ਰਾਸ਼ੀ (ਰੁ:) | 266300.00 | ਕੰਮ ਪੂਰਾ ਕਰਨ ਦਾ ਸਮਾਂ | 4 ਮਹੀਨੇ |
| ਨੋਟ: | ਟੈਂਡਰਕਰਤਾ ਨਿਯਮਿਤ ਰੂਪ ਤੋਂ ਵੈਬਸਾਈਟ ਦੇ ਸੰਪਰਕ ਵਿਚ ਰਹਿਕ ਟੈਂਡਰ ਸੰਸ਼ੋਧਨਾਂ, ਸ਼ੁੱਧੀਪੱਤਰ ਆਦਿ ਬਾਰੇ ਵਿਚ ਖੁਦ ਨੂੰ ਅਪਡੇਟ ਰੱਖੇ। | | |

ਟੈਂਡਰ ਸੂਚਨਾ ਨੰ: 433-ਸਿਗ-ਟੀ-11-25-26 ਮਿਤੀ : 09.07.2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 2065/25

## YES BANK

ਰਜਿਸਟਰਡ ਦਫਤਰ : ਯੈੱਸ ਬੈਂਕ ਹਾਊਸ, ਆਫ ਵੈੱਸਟਰਨ ਐੱਕਸਪ੍ਰੈੱਸ ਹਾਈਵੇ, ਸਾਂਤਾਕਰੂਜ਼ (ਈਸਟ), ਮੁੰਬਈ-400055
ਬਰਾਂਚ ਦਫਤਰ : ਯੈੱਸ ਬੈਂਕ ਲਿਮਟਿਡ। B XX2427-928, ਪਹਿਲੀ ਮੰਜ਼ਲ, ਗੋਬਿੰਦ ਨਗਰ, ਫਿਰੋਜ਼ਪੁਰ ਰੋਡ, ਲੁਧਿਆਣਾ-141001
ਬਰਾਂਚ ਦਫਤਰ : ਐੱਸ ਸੀ ਓ ਨੰ. 129-130, ਦੂਸਰੀ ਮੰਜ਼ਲ, ਸੈਕਟਰ 9-ਸੀ, ਮੱਧਿਆ ਮਾਰਗ, ਚੰਡੀਗੜ੍ਹ-160009 ਵੈੱਬਸਾਈਟ : www.yesbank.in

**ਸਰਫੇਸੀ ਐਕਟ ਦੇ ਸੈਕਸ਼ਨ 13 (2) ਅਧੀਨ ਨੋਟਿਸ ਦੀ ਪ੍ਰਕਾਸ਼ਨਾ**

ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਏ ਕਰਜ਼ਦਾਰ (ਕਰਜ਼ਦਾਰਾਂ)/ਗਰੰਟਰ/(ਗਰੰਟਰਾਂ)/ਨਿਰਦੇਸ਼ਕਾਂ/ਗਿਰਵੀਕਾਰ (ਗਿਰਵੀਕਾਰਾਂ), ਜਿਨ੍ਹਾਂ ਨੇ ਬੈਂਕ ਤੋਂ ਲਈ ਕਰਜ਼ਾ ਸਹੂਲਤ ਦਾ ਮੂਲ ਅਤੇ ਵਿਆਜ ਵਾਪਸ ਮੋੜਨ 'ਚ ਅਸਫਲਤਾ ਦਿਖਾਈ ਅਤੇ ਜਿਨ੍ਹਾਂ ਦੇ ਕਰਜ਼ਾ ਖਾਤੇ ਭਾਰਤੀ ਰਿਜ਼ਰਵ ਬੈਂਕ ਵੱਲੋਂ ਜਾਰੀ 'ਐੱਸਟ ਕਲਾਸੀਫਿਕੇਸ਼ਨ ਗਾਈਡਲਾਈਨਜ਼' ਦੀਆਂ ਸ਼ਰਤਾਂ ਤੋਂ ਬਾਹਰੀ ਹੋਣ ਕਾਰਨ ਨਾਨ-ਪ੍ਰਫਾਰਮਿੰਗ ਐੱਸਟਸ (ਐੱਨ ਪੀ ਏ) ਵਰਗੀਕ੍ਰਿਤ ਕਰ ਦਿੱਤੇ ਗਏ ਹਨ। ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਦੇ ਸੈਕਸ਼ਨ 13 (2) ਅਤੇ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈਸਟ ਐਕਟ 2002 (ਸਰਫੇਸੀ ਐਕਟ) ਤਹਿਤ ਉਨ੍ਹਾਂ ਦੇ ਜਾਣਕਾਰੀ ਵਾਲੇ ਆਖਰੀ ਪਤਿਆਂ 'ਤੇ ਨੋਟਿਸ ਜਾਰੀ ਕੀਤੇ ਗਏ ਸਨ ਅਤੇ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਜਾਣਕਾਰੀ ਦਿੱਤੀ ਗਈ ਹੈ।

| ਕਰਜ਼ਦਾਰ/ਗਰੰਟਰ (ਗਰੰਟਰਾਂ)/ਸਕਿਊਰਿਟੀ ਪ੍ਰੋਵਾਈਡਰਾਂ ਦਾ ਨਾਂਅ | ਜਾਇਦਾਦਾਂ ਦੇ ਵੇਰਵੇ/ਲਾਗੂ ਕੀਤੇ ਜਾਣ ਵਾਲੇ ਸਕਿਉਰਡ ਐੱਸਟਸ ਅਤੇ ਰਹਿਣਕਾਰ ਦਾ ਪਤਾ | ਨੋਟਿਸ ਦੀ ਮਿਤੀ | ਐੱਨ ਪੀ ਏ ਦੀ ਮਿਤੀ | ਬਕਾਇਆ ਰਾਸ਼ੀ |
|---|---|---|---|---|
| 1. ਵੇਦ ਕੁਮਾਰ ਸ਼ਰਮਾ ਕੰਟਰੈਕਟਰ ਰਾਹੀਂ ਇਸ ਦੇ ਪਾਰਟਨਰ ਪਤਾ : ਮਕਾਨ ਨੰ. 210, ਹਾਊਸਿੰਗ ਬੋਰਡ, ਸੈਕਟਰ 51-ਏ, ਚੰਡੀਗੜ੍ਹ-160047, ਨਾਲ ਹੀ : ਐੱਸ ਸੀ ਓ ਨੰ. 37, ਚੌਥੀ ਮੰਜ਼ਲ, ਬਲਾਕ-ਬੀ, ਚੰਡੀਗੜ੍ਹ, ਸਿਟੀ ਸੈਂਟਰ (ਸੀ ਸੀ ਸੀ ) /ਵੀ ਆਈ ਪੀ ਰੋਡ, ਜ਼ੀਰਕਪੁਰ, ਪੰਜਾਬ-140603, ਨਾਲ ਹੀ : ਮਕਾਨ ਨੰ. ਬੀ ਐੱਸ 3/27 ਬੰਸੀ ਗੇਟ, ਵਾਰਡ ਨੰ. 23, ਫਿਰੋਜ਼ਪੁਰ, ਪੰਜਾਬ-152002 (ਕਰਜ਼ਦਾਰ)<br>2. ਵੇਦ ਕੁਮਾਰ ਸ਼ਰਮਾ ਪੁੱਤਰ ਹਰਬੰਸ ਲਾਲ ਸ਼ਰਮਾ ਪਤਾ : ਮਕਾਨ ਨੰ. 210, ਹਾਊਸਿੰਗ ਬੋਰਡ, ਸੈਕਟਰ 51-ਏ, ਚੰਡੀਗੜ੍ਹ-160047 (ਸਹਿ-ਕਰਜ਼ਦਾਰ ਅਤੇ ਗਰੰਟਰ)<br>3. ਸ੍ਰੀ ਵਰੁਣ ਸ਼ਰਮਾ ਪੁੱਤਰ ਵੇਦ ਸ਼ਰਮਾ ਪਤਾ : ਮਕਾਨ ਨੰ. 210, ਹਾਊਸਿੰਗ ਬੋਰਡ, ਸੈਕਟਰ 51-ਏ, ਚੰਡੀਗੜ੍ਹ-160047, ਨਾਲ ਹੀ : ਮਕਾਨ ਨੰ. ਬੀ ਐੱਸ 3/27 ਬੰਸੀ ਗੇਟ, ਵਾਰਡ ਨੰ. 23, ਫਿਰੋਜ਼ਪੁਰ, ਪੰਜਾਬ-152002 (ਸਹਿ-ਕਰਜ਼ਦਾਰ, ਰਹਿਣਕਾਰ ਅਤੇ ਗਰੰਟਰ)<br>4. ਸ਼ਿਪਰਾ ਝੀਂਗਣ ਪੁੱਤਰੀ ਵਿਜੇ ਝੀਂਗਣ ਪਤਾ : ਐੱਸ ਸੀ ਓ ਨੰ. 37, ਚੌਥੀ ਮੰਜ਼ਲ, ਬਲਾਕ-ਬੀ, ਚੰਡੀਗੜ੍ਹ ਸਿਟੀ ਸੈਂਟਰ (ਸੀ ਸੀ ਸੀ) ਵੀ ਆਈ ਪੀ ਰੋਡ, ਜ਼ੀਰਕਪੁਰ ਪੰਜਾਬ-140603, ਨਾਲ ਹੀ : ਮਕਾਨ ਨੰ. 210, ਹਾਊਸਿੰਗ ਬੋਰਡ, ਸੈਕਟਰ 51-ਏ, ਚੰਡੀਗੜ੍ਹ-160047 (ਸਹਿ-ਕਰਜ਼ਦਾਰ, ਰਹਿਣਕਾਰ ਅਤੇ ਗਰੰਟਰ)<br>5. ਤ੍ਰਿਪਤਾ ਸ਼ਰਮਾ ਪਤਨੀ ਵੇਦ ਕੁਮਾਰ ਸ਼ਰਮਾ ਪਤਾ: ਮਕਾਨ ਨੰ. ਬੀ ਐੱਸ 3/27 ਬੰਸੀ ਗੇਟ, ਵਾਰਡ ਨੰ. 23, ਫਿਰੋਜ਼ਪੁਰ ਸਿਟੀ, ਫਿਰੋਜ਼ਪੁਰ, ਪੰਜਾਬ-152002 (ਸਹਿ-ਕਰਜ਼ਦਾਰ, ਰਹਿਣਕਾਰ ਅਤੇ ਗਰੰਟਰ) | ਜਾਇਦਾਦ ਨੰ. 01 : ਗੈਰ-ਖੇਤੀਬਾੜੀ ਵਾਲੀ ਜਾਇਦਾਦ, ਜੋ ਕਿ ਐੱਸ ਸੀ ਓ ਨੰ. 37, ਚੌਥੀ ਮੰਜ਼ਲ, ਬਲਾਕ-ਬੀ, ਚੰਡੀਗੜ੍ਹ ਸਿਟੀ ਸੈਂਟਰ (ਸੀ ਸੀ ਸੀ) ਰਕਬਾ 5-1/2 ਬਿਸਵਾਸੀ (13.5 ਵਰਗ ਗਜ਼, ਕਾਰਪੇਟ ਏਰੀਆ 734.470 ਵਰਗ ਫੁੱਟ), ਜ਼ਮੀਨ ਰਕਬਾ 36 ਵਿਘੇ ਦਾ 5-1/2/14400 ਹਿੱਸਾ ਹੈ, ਖੱਤਾ ਨੰ. 80/123, ਖਸਰਾ ਨੰ. 274 (4-0), 734/275 (2-12), 735/275(1-8), 276 (4-0), 277/1 (1-18). 277/2 (2-2), 278 (6-0), 736/279 (2-5), 737/279(1-10), 738/280(1-8), 739/280 (2-12), 281(4-0), 282/1 (2-2) 282/2 (2-3) ਕਿੱਤੇ 14, ਜਮ੍ਹਾਂਬੰਦੀ ਸਾਲ (2014-15), ਬਿਸ਼ਨਪੁਰਾ (ਹਦਬਸਤ ਨੰ. 44), ਐੱਮ ਸੀ ਅਤੇ ਸਬ-ਤਹਿਸੀਲ ਜ਼ੀਕਰਪੁਰ, ਜ਼ਿਲ੍ਹਾ ਐੱਸ ਏ ਐੱਸ ਨਗਰ, ਪੰਜਾਬ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਪ੍ਰਵੇਸ਼, ਪੱਛਮ : ਹੋਰ, ਉੱਤਰ : ਐੱਸ ਸੀ ਓ ਨੰ. 38, ਦੱਖਣ : ਐੱਸ ਸੀ ਓ ਨੰ.36<br>ਰਹਿਣਕਾਰ : ਸ਼ਿਪਰਾ ਝਿੰਗਣ ਪੁੱਤਰੀ ਵਿਨੇ ਝਿੰਗਣ।<br>ਜਾਇਦਾਦ ਨੰ. 02 : ਗੈਰ-ਖੇਤੀਬਾੜੀ ਵਾਲੀ ਜਾਇਦਾਦ, ਮਕਾਨ ਨੰ. ਬੀ ਐੱਸ-3/28, ਰਕਬਾ 29.75 ਮਰਲੇ (8100 ਵਰਗ ਫੁੱਟ), ਅੰਦਰੂਨ ਬੰਸੀ ਗੇਟ, ਫਿਰੋਜ਼ਪੁਰ ਸਿਟੀ, ਤਹਿਸੀਲ ਤੇ ਜ਼ਿਲ੍ਹਾ ਫਿਰੋਜ਼ਪੁਰ, ਪੰਜਾਬ ਦੇ ਸਾਰੇ ਹਿੱਸੇ। ਹੱਦਾਂ : ਪੂਰਬ : ਦੇਵ ਸਮਾਜ ਕਾਲਜ, ਪੱਛਮ : ਸੜਕ, ਉੱਤਰ : ਹਰਬੰਸ ਲਾਲ ਸ਼ਰਮਾ, ਦੱਖਣ : ਹੋਰ ਮਾਲਕ।<br>ਰਹਿਣਕਾਰ : ਤ੍ਰਿਪਤਾ ਸ਼ਰਮਾ ਅਤੇ ਵਰੁਣ ਸ਼ਰਮਾ | 22 ਜੂਨ 2025 | 21 ਅਪ੍ਰੈਲ 2025 | ਮਿਤੀ 22 ਜੂਨ 2025 ਨੂੰ ਰੁਪਏ 3,60,05,756.42/- |
| 1. ਮੈਸ: ਬਿਲਡ ਟੱਚ ਇੰਜੀਨੀਅਰਜ਼ ਰਾਹੀਂ ਇਸ ਦੇ ਪ੍ਰੋਪ: ਰਾਈਟਰ ਸ਼ੰਮੀ ਕਪੂਰ ਪਤਾ : ਪਲਾਟ ਨੰ. 62, ਐੱਨ ਐੱਚ-1, ਵੈੱਸਟ ਜਲੰਧਰ ਬਾਈਪਾਸ, ਪਿੰਡ ਕਾਦੀਆਂ, ਲੁਧਿਆਣਾ, ਪੰਜਾਬ-141001 (ਕਰਜ਼ਦਾਰ)<br>2. ਨਿੱਕੂ ਸਿੰਘ ਪੁੱਤਰ ਰੂਪ ਸਿੰਘ ਪਤਾ : ਬੀ-1-1416, ਰਾਮ ਨਗਰ, ਸਿਵਲ ਲਾਈਨ ਲੁਧਿਆਣਾ-141001 (ਸਹਿ-ਕਰਜ਼ਦਾਰ, ਗਰੰਟਰ ਅਤੇ ਰਹਿਣਕਾਰ)<br>3. ਸ਼ੰਮੀ ਕਪੂਰ ਪੁੱਤਰ ਰੂਪ ਚੰਦ ਪਤਾ: ਬੀ-1-1416, ਰਾਮ ਨਗਰ, ਸਿਵਲ ਲਾਈਨ ਲੁਧਿਆਣਾ-141001 (ਸਹਿ-ਕਰਜ਼ਦਾਰ, ਗਰੰਟਰ ਅਤੇ ਰਹਿਣਕਾਰ)<br>4. ਸਾਲਨੀ ਕਪੂਰ ਪਤਨੀ ਸ਼ੰਮੀ ਕਪੂਰ ਪਤਾ: ਬੀ-1-1416, ਰਾਮ ਨਗਰ, ਸਿਵਲ ਲਾਈਨ ਲੁਧਿਆਣਾ-141001 (ਸਹਿ-ਕਰਜ਼ਦਾਰ ਅਤੇ ਗਰੰਟਰ) | ਜਾਇਦਾਦ ਨੰ. 01 : ਗੈਰ-ਖੇਤੀਬਾੜੀ ਵਾਲੀ ਜਾਇਦਾਦ, ਜੋ ਕਿ ਐੱਸ ਸੀ ਓ ਨੰ. 37, ਚੌਥੀ ਮੰਜ਼ਲ, ਬਲਾਕ-ਬੀ, ਚੰਡੀਗੜ੍ਹ ਸਿਟੀ ਸੈਂਟਰ (ਸੀ ਸੀ ਸੀ) ਰਕਬਾ 5-1/2 ਬਿਸਵਾਸੀ (13.5 ਵਰਗ ਗਜ਼, ਕਾਰਪੇਟ ਏਰੀਆ 734.470 ਵਰਗ ਫੁੱਟ), ਜ਼ਮੀਨ ਰਕਬਾ 36 ਵਿਘੇ ਦਾ 5-1/2/14400 ਹਿੱਸਾ ਹੈ, ਖੱਤਾ ਨੰ. 80/123, ਖਸਰਾ ਨੰ. 274 (4-0), 734/275 (2-12), 735/275(1-8), 276 (4-0), 277/1 (1-18). 277/2 (2-2), 278 (6-0), 736/279 (2-5), 737/279(1-10), 738/280(1-8), 739/280 (2-12), 281(4-0), 282/1 (2-2), 282/2 (2-3) ਕਿੱਤੇ 14, ਜਮ੍ਹਾਂਬੰਦੀ ਸਾਲ (2014-15), ਬਿਸ਼ਨਪੁਰਾ (ਹਦਬਸਤ ਨੰ. 44), ਐੱਮ ਸੀ ਅਤੇ ਸਬ-ਤਹਿਸੀਲ ਜ਼ੀਕਰਪੁਰ, ਜ਼ਿਲ੍ਹਾ ਐੱਸ ਏ ਐੱਸ ਨਗਰ, ਪੰਜਾਬ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਪ੍ਰਵੇਸ਼, ਪੱਛਮ : ਹੋਰ, ਉੱਤਰ : ਐੱਸ ਸੀ ਓ ਨੰ. 38, ਦੱਖਣ : ਐੱਸ ਸੀ ਓ ਨੰ.36<br>ਰਹਿਣਕਾਰ : ਸ਼ਿਪਰਾ ਝਿੰਗਣ ਪੁੱਤਰੀ ਵਿਨੇ ਝਿੰਗਣ।<br>ਜਾਇਦਾਦ ਨੰ. 02 : ਗੈਰ-ਖੇਤੀਬਾੜੀ ਵਾਲੀ ਜਾਇਦਾਦ, ਮਕਾਨ ਨੰ. ਬੀ ਐੱਸ-3/28, ਰਕਬਾ 29.75 ਮਰਲੇ (8100 ਵਰਗ ਫੁੱਟ), ਅੰਦਰੂਨ ਬੰਸੀ ਗੇਟ, ਫਿਰੋਜ਼ਪੁਰ ਸਿਟੀ, ਤਹਿਸੀਲ ਤੇ ਜ਼ਿਲ੍ਹਾ ਫਿਰੋਜ਼ਪੁਰ, ਪੰਜਾਬ ਦੇ ਸਾਰੇ ਹਿੱਸੇ। ਹੱਦਾਂ : ਪੂਰਬ : ਦੇਵ ਸਮਾਜ ਕਾਲਜ, ਪੱਛਮ : ਸੜਕ, ਉੱਤਰ : ਹਰਬੰਸ ਲਾਲ ਸ਼ਰਮਾ, ਦੱਖਣ : ਹੋਰ ਮਾਲਕ।<br>ਰਹਿਣਕਾਰ : ਤ੍ਰਿਪਤਾ ਸ਼ਰਮਾ ਅਤੇ ਵਰੁਣ ਸ਼ਰਮਾ | 21 ਜੂਨ 2025 | 31 ਮਈ 2025 | ਮਿਤੀ 21 ਜੂਨ 20 25 ਨੂੰ ਰੁਪਏ 75,84,078.29/- |
| 1. ਰਾਮਪਾਲ ਪੁੱਤਰ ਹਨੋਮਨ ਪਤਾ : 157/3/57/1 ਪਿੰਡ ਗਿਆਸਪੁਰਾ, ਗੁਰੂ ਅਮਰਦਾਸ ਕਾਲੋਨੀ, ਲੁਧਿਆਣਾ-141001, ਨਾਲ ਹੀ : ਗਲੀ ਨੰ. 03, ਗੁਰੂ ਰਾਮਦਾਸ ਕਾਲੋਨੀ, ਗਿਆਸਪੁਰਾ, ਢੰਡਾਰੀ ਕਲਾਂ, ਲੁਧਿਆਣਾ, ਪੰਜਾਬ-141014 (ਕਰਜ਼ਦਾਰ)<br>2. ਰਾਧਾ ਦੇਵੀ ਪਤਨੀ ਰਾਮਪਾਲ ਪਤਾ : 132, ਕਪੂਰਪੁਰ, ਰਾਜਾਪੁਰ, ਪਰਸ਼ੋਰਾ ਗੋਂਡਾ, ਮੋਤੀ ਗੰਜ, ਉੱਤਰ ਪ੍ਰਦੇਸ਼-271301 (ਸਹਿ-ਕਰਜ਼ਦਾਰ ਅਤੇ ਰਹਿਣਕਾਰ। | ਜਾਇਦਾਦ ਨੰ. 01 : ਗੈਰ-ਖੇਤੀਬਾੜੀ ਵਾਲੀ ਜਾਇਦਾਦ, ਜੋ ਕਿ ਐੱਸ ਸੀ ਓ ਨੰ. 37, ਚੌਥੀ ਮੰਜ਼ਲ, ਬਲਾਕ-ਬੀ, ਚੰਡੀਗੜ੍ਹ ਸਿਟੀ ਸੈਂਟਰ (ਸੀ ਸੀ ਸੀ) ਰਕਬਾ 5-1/2 ਬਿਸਵਾਸੀ (13.5 ਵਰਗ ਗਜ਼, ਕਾਰਪੇਟ ਏਰੀਆ 734.470 ਵਰਗ ਫੁੱਟ), ਜ਼ਮੀਨ ਰਕਬਾ 36 ਵਿਘੇ ਦਾ 5-1/2/14400 ਹਿੱਸਾ ਹੈ, ਖੱਤਾ ਨੰ. 80/123, ਖਸਰਾ ਨੰ. 274 (4-0), 734/275 (2-12), 735/275(1-8), 276 (4-0), 277/1 (1-18). 277/2 (2-2), 278 (6-0), 736/279 (2-5), 737/279(1-10), 738/280(1-8), 739/280 (2-12), 281(4-0), 282/1 (2-2) 282/2 (2-3) ਕਿੱਤੇ 14, ਜਮ੍ਹਾਂਬੰਦੀ ਸਾਲ (2014-15), ਬਿਸ਼ਨਪੁਰਾ (ਹਦਬਸਤ ਨੰ. 44), ਐੱਮ ਸੀ ਅਤੇ ਸਬ-ਤਹਿਸੀਲ ਜ਼ੀਕਰਪੁਰ, ਜ਼ਿਲ੍ਹਾ ਐੱਸ ਏ ਐੱਸ ਨਗਰ, ਪੰਜਾਬ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਗੁਆਂਢ 35'0" ਤੱਕ, ਪੱਛਮ : ਗੁਆਂਢ 35'0" ਤੱਕ, ਉੱਤਰ : ਗਲੀ 20' ਚੌੜੀ 27'00" ਤੱਕ , ਦੱਖਣ : ਗੁਆਂਢ 27'00" ਤੱਕ<br>ਰਹਿਣਕਾਰ : ਰਾਧਾ ਦੇਵੀ ਪਤਨੀ ਰਾਮ ਪਾਲ | 13 ਜੂਨ 2025 | 16 ਮਈ 2025 | ਮਿਤੀ 13 ਜੂਨ 2025 ਨੂੰ ਰੁਪਏ 39,60,333.91/- |
| 1. ਮਨੋਜ ਪਰਜਾਪਤੀ ਪੁੱਤਰ ਰਾਮ ਸ਼ੰਕਰ ਪਤਾ : ਗਲੀ ਨੰ. 4, ਸਟਾਰ ਸਿਟੀ ਬਾਹਮਣੀਆਂ ਖੁਰਦ, ਲੁਧਿਆਣਾ, ਪੰਜਾਬ-141015 (ਕਰਜ਼ਦਾਰ ਅਤੇ ਰਹਿਣਕਾਰ)<br>2. ਰੀਤਾ ਪਰਜਾਪਤੀ ਮਾਰਫਤ ਮਨੋਜ ਪਰਜਾਪਤੀ ਪਤਾ : ਗਲੀ ਨੰ. 4, ਸਟਾਰ ਸਿਟੀ ਬਾਹਮਣੀਆਂ ਖੁਰਦ, ਲੁਧਿਆਣਾ, ਪੰਜਾਬ-141015 (ਸਹਿ-ਕਰਜ਼ਦਾਰ) | ਗੈਰ-ਖੇਤੀਬਾੜੀ ਵਾਲੀ ਜਾਇਦਾਦ ਨੰ. 105, ਰਕਬਾ 100 ਵਰਗ ਗਜ਼, ਸਟਾਰ ਸਿਟੀ, ਖੱਤਾ ਨੰ. 320/321, ਖਸਰਾ ਨੰ. 15/21/2, 20//1/1, 1/2, 2, 8/2 , 9, 10, 11, 12/1, 12/2, 12/3, 13, 18, 19, 20, 21, 22/1, 22/2, 23/1, 23/2, 21//15, 16, 25, 27//5/1, 5/2, 16/1, 25/2, 28//1/1/1, 1/1/2, 2/2, 3/1, 3/2, 8/1, 8/2/1, 8/2/2, 9/1/1, 9/1/2, 10/2, 12/1/2, 13/2/2 ਜਮ੍ਹਾਂਬੰਦੀ ਸਾਲ 2006-2007, ਪਿੰਡ ਕੁਲੀਏਵਾਲ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਪੰਜਾਬ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਗੁਆਂਢ 20'0" ਤੱਕ, ਪੱਛਮ : ਗਲੀ 20'00" ਤੱਕ, ਉੱਤਰ : ਗੁਆਂਢ 45'00" ਤੱਕ, ਦੱਖਣ : ਗੁਆਂਢ 45'00" ਤੱਕ।<br>ਰਹਿਣਕਾਰ : ਮਨੋਜ ਪ੍ਰਜਾਪਤੀ ਪੁੱਤਰ ਰਾਮ ਸ਼ੰਕਰ | 13 ਜੂਨ 2025 | 16 ਮਈ 2025 | ਮਿਤੀ 13 ਜੂਨ 2025 ਨੂੰ ਰੁਪਏ 15,49,935.19/- |
| 1. ਮੈਸ : ਹੈਪੀ ਐਪਰਲੈੱਸ ਰਾਹੀਂ ਇਸ ਦੇ ਪ੍ਰੋਪ: ਰਾਈਟਰ ਸੁਰਿੰਦਰ ਕੁਮਾਰ ਪਤਾ : ਬੀ-9-720 ਗੁਲ ਚਮਨ ਗਲੀ, ਲੁਧਿਆਣਾ, ਪੰਜਾਬ-141008 (ਕਰਜ਼ਦਾਰ)<br>2. ਸੁਰਿੰਦਰ ਕੁਮਾਰ ਪੁੱਤਰ ਸੋਮ ਨਾਥ ਮਨੋਚਾ ਪਤਾ: ਮਕਾਨ ਨੰ. 6473/2, ਗਲੀ ਨੰ. 3, ਹਰਗੋਬਿੰਦ ਨਗਰ, ਸ਼ਿਵਾ ਜੀ ਨਗਰ, ਲੁਧਿਆਣਾ, ਸੈਂਟਰਲ ਪੋਸਟ ਆਫਿਸ ਪੰਜਾਬ-141008 (ਸਹਿ-ਕਰਜ਼ਦਾਰ)<br>3. ਸੱਤਿਆ ਦੇਵੀ ਪਤਨੀ ਸੋਮ ਨਾਥ ਪਤਾ: ਮਕਾਨ ਨੰ. 6473/2, ਨਿਊ ਹਰਗੋਬਿੰਦ ਨਗਰ, ਸ਼ਿਵਾ ਜੀ ਨਗਰ, ਲੁਧਿਆਣਾ, ਪੰਜਾਬ-141008 (ਸਹਿ-ਕਰਜ਼ਦਾਰ ਅਤੇ ਰਹਿਣਕਾਰ)<br>4. ਰੋਮੀ ਮਨੋਚਾ ਪਤਨੀ ਸੁਰਿੰਦਰ ਪਤਾ: ਮਕਾਨ ਨੰ. 6473/2, ਗਲੀ ਨੰ. 3, ਨਿਊ ਹਰਗੋਬਿੰਦ ਨਗਰ, ਸ਼ਿਵਾ ਜੀ ਨਗਰ, ਲੁਧਿਆਣਾ, ਸੈਂਟਰਲ ਪੋਸਟ ਆਫਿਸ ਪੰਜਾਬ-141008 (ਸਹਿ-ਕਰਜ਼ਦਾਰ) | ਗੈਰ-ਖੇਤੀਬਾੜੀ ਵਾਲੀ ਜਾਇਦਾਦ ਮਕਾਨ ਅਤੇ ਪਲਾਟ ਨੰ. 44 ਐੱਮ ਸੀ ਨੰ. ਬੀ-23-6473/4 (ਸਾਲ 2019-20 ਵਾਸਤੇ ਟੀ ਐੱਸ ਆਈ ਅਨੁਸਾਰ) ਜਾਇਦਾਦ ਰਕਬਾ 53-1/3 ਵਰਗ ਗਜ਼, ਖਸਰਾ ਨੰ. 1334 (ਖੱਤਾ ਨੰ. 165/168, ਜਮ੍ਹਾਂਬੰਦੀ ਸਾਲ 1987-88 (ਖੱਤਾ ਨੰ. 195/199 ਜਮ੍ਹਾਂਬੰਦੀ ਸਾਲ (2007-08) ਪਿੰਡ ਤਰਫ ਸੈਦਾਂ, ਹਦਬਸਤ ਨੰ. 172, ਅਬਾਦੀ ਮੁਹੱਲਾ ਹਰਗੋਬਿੰਦ ਨਗਰ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਪੰਜਾਬ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਗੁਆਂਢ ਬਾਹੀ 15', ਪੱਛਮ : ਗਲੀ : 20' ਚੌੜੀ ਬਾਹੀ 15', ਉੱਤਰ : ਗਲੀ 20' ਚੌੜੀ ਬਾਹੀ 32', ਦੱਖਣ : ਪਲਾਟ ਨੰ. 45 ਬਾਹੀ 32'<br>ਰਹਿਣਕਾਰ : ਸੱਤਿਆ ਦੇਵੀ ਪਤਨੀ ਸੋਮ ਨਾਥ | 13 ਜੂਨ 2025 | 16 ਮਈ 2025 | ਮਿਤੀ 13 ਜੂਨ 2025 ਨੂੰ ਰੁਪਏ 28,44,709.85/- |
| 1. ਰਿਸ਼ਭ ਖੰਨਾ ਪੁੱਤਰ ਸੰਦੀਪ ਖੰਨਾ ਪਤਾ : 3682/9, ਗਲੀ ਖਾਈ ਵਾਲੀ, ਕਟੜਾ ਖਜ਼ਾਨਾ ਅੰਮ੍ਰਿਤਸਰ, ਪੰਜਾਬ-143001 (ਕਰਜ਼ਦਾਰ)<br>2. ਸੰਦੀਪ ਖੰਨਾ ਪੁੱਤਰ ਕੇਵਲ ਕੁਮਾਰ ਪਤਾ : 1346/9, ਗਲੀ ਖਾਈ ਵਾਲੀ, ਕਟੜਾ ਖਜ਼ਾਨਾ, ਅੰਮ੍ਰਿਤਸਰ-1, ਜੀ ਪੀ ਓ ਅੰਮ੍ਰਿਤਸਰ, ਪੰਜਾਬ-143001 (ਸਹਿ-ਕਰਜ਼ਦਾਰ ਅਤੇ ਰਹਿਣਕਾਰ) | ਗੈਰ-ਖੇਤੀਬਾੜੀ ਵਾਲੀ ਜਾਇਦਾਦ ਜ਼ਮੀਨ ਖਾਨਾਸ਼ੁਮਾਰੀ ਨੰ. 1294 ਅਤੇ 1137, ਕੁੱਲ ਜ਼ਮੀਨ ਰਕਬਾ 50 ਵਰਗ ਗਜ਼ 21 ਫੁੱਟ ×17 ਫੁੱਟ, ਕੁੱਲ ਰਕਬਾ ਅੰਦਾਜ਼ਨ 40 ਵਰਗ ਗਜ਼, ਮਾਲੀਆ ਖੇਤਰ ਅੰਮ੍ਰਿਤਸਰ ਰਾਮ ਬਾਗ, ਗਲੀ ਖਰਾਸੀਆਂ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ ਗਲੀ 12 ਫੁੱਟ ਚੌੜੀ (21 ਫੁੱਟ), ਪੱਛਮ : ਜਾਇਦਾਦ ਨੰ. ਟੀ-7/1705 ਸ਼ਿਵ ਸ਼ਕਤੀ ਮਿੱਲ ਸਟੋਰ (21 ਫੁੱਟ) ਉੱਤਰ : ਗੁਲਾਟੀ ਕੁਲੈਕਸ਼ਨਜ਼ (17 ਫੁੱਟ), ਦੱਖਣ : ਗਲੀ 10 ਫੁੱਟ ਚੌੜੀ (17 ਫੁੱਟ)<br>ਰਹਿਣਕਾਰ : ਸੰਦੀਪ ਖੰਨਾ ਪੁੱਤਰ ਕੇਵਲ ਕੁਮਾਰ | 13 ਜੂਨ 2025 | 16 ਮਈ 2025 | ਮਿਤੀ 13 ਜੂਨ 2025 ਨੂੰ ਰੁਪਏ 34,56,211.33/- |
| 1. ਮਨਜੀਤ ਸਿੰਘ ਸਿੱਧੂ ਮਾਰਫਤ ਗੁਰਤੇਜ ਸਿੰਘ ਪਤਾ : ਮਕਾਨ ਨੰ. 291, ਵਾਰਡ ਨੰ. 09, ਐੱਮ ਸੀ ਕਾਲੂਵਾਲੀ ਗਲੀ, ਅਹਿਮਦਗੜ੍ਹ, ਜ਼ਿਲ੍ਹਾ ਮਾਲੇਰਕੋਟਲਾ, ਪੰਜਾਬ-148021 (ਕਰਜ਼ਦਾਰ ਅਤੇ ਰਹਿਣਕਾਰ)<br>2. ਅਲਕਾਦੀਪ ਕੌਰ ਮਾਰਫਤ ਮਨਜੀਤ ਸਿੰਘ ਪਤਾ : ਮਕਾਨ ਨੰ. 291, ਵਾਰਡ ਨੰ. 09, ਐੱਮ ਸੀ ਕਾਲੂਵਾਲੀ ਗਲੀ, ਅਹਿਮਦਗੜ੍ਹ, ਜ਼ਿਲ੍ਹਾ ਮਾਲੇਰਕੋਟਲਾ, ਪੰਜਾਬ-148021 (ਸਹਿ-ਕਰਜ਼ਦਾਰ) | ਗੈਰ-ਖੇਤੀਬਾੜੀ ਵਾਲੀ ਜਾਇਦਾਦ ਰਕਬਾ 108.12 ਵਰਗ ਗਜ਼, ਅਕਲੂ ਠੇਕੇਦਾਰ ਵਾਲੀ ਗਲੀ, ਮੰਡੀ ਅਹਿਮਦਗੜ੍ਹ, ਖੱਤਾ ਨੰ. 26/271/456, ਖਸਰਾ ਨੰ. 1075/825/74, ਜਮ੍ਹਾਂਬੰਦੀ ਸਾਲ 2016-17, ਪਿੰਡ ਅਹਿਮਦਗੜ੍ਹ, ਤਹਿਸੀਲ ਅਤੇ ਜ਼ਿਲ੍ਹਾ ਮਾਲੇਰਕੋਟਲਾ, ਪੰਜਾਬ। ਹੱਦਾਂ :ਪੂਰਬ : ਕਰਮ 38'8" ਤੱਕ, ਪੱਛਮ : ਸੜਕ 38'8" ਤੱਕ, ਉੱਤਰ : ਗਲੀ 27'1" ਤੱਕ, ਦੱਖਣ : ਗਲੀ 27'1" ਤੱਕ।<br>ਰਹਿਣਕਾਰ : ਮਨਜੀਤ ਸਿੰਘ ਸਿੱਧੂ ਮਾਰਫਤ ਗੁਰਤੇਜ ਸਿੰਘ। | 13 ਜੂਨ 2025 | 31 ਮਈ 2025 | ਮਿਤੀ 13 ਜੂਨ 2025 ਨੂੰ ਰੁਪਏ 19,96,868.24/- |
| 1. ਜਸਪਾਲ ਕੌਰ ਪਤਨੀ ਗੁਰਪ੍ਰੀਤ ਸਿੰਘ ਪਤਾ : 13822, ਵਾਰਡ ਨੰ. 69, ਗਲੀ ਨੰ. 4, ਪ੍ਰਭਾਤ ਨਗਰ, ਢੋਲੇਵਾਲ, ਮਿਲਰਗੰਜ, ਲੁਧਿਆਣਾ, ਪੰਜਾਬ-141003 (ਕਰਜ਼ਦਾਰ ਅਤੇ ਰਹਿਣਕਾਰ)<br>2. ਗੁਰਪ੍ਰੀਤ ਸਿੰਘ ਪੁੱਤਰ ਅਮਰਜੀਤ ਸਿੰਘ ਪਤਾ : 13822, ਵਾਰਡ ਨੰ. 69, ਗਲੀ ਨੰ. 4, ਪ੍ਰਭਾਤ ਨਗਰ, ਢੋਲੇਵਾਲ, ਮਿਲਰਗੰਜ, ਲੁਧਿਆਣਾ, ਪੰਜਾਬ-141003 (ਸਹਿ-ਕਰਜ਼ਦਾਰ) | ਗੈਰ-ਖੇਤੀਬਾੜੀ ਵਾਲੀ ਜਾਇਦਾਦ, ਮਕਾਨ ਨੰ. ਬੀ-21-13822, ਜਾਇਦਾਦ ਰਕਬਾ 66.48 ਵਰਗ ਗਜ਼, ਖਸਰਾ ਨੰ. 954-955, ਖੱਤਾ ਨੰ. 77/155-78/156, ਜਮ੍ਹਾਂਬੰਦੀ ਸਾਲ 2009-10, ਪਿੰਡ ਢੋਲੇਵਾਲ, ਹਦਬਸਤ ਨੰ. 174, ਅਬਾਦੀ ਪ੍ਰਭਾਤ ਨਗਰ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਪੰਜਾਬ ਨਾਲ ਸੰਬੰਧਤ ਸਭ ਕੁਝ।<br>ਹੱਦਾਂ : ਪੂਰਬ : ਗਲੀ 16' ਚੌੜੀ ਬਾਹੀ 14'06", ਪੱਛਮ : ਤਰਲੋਕ ਸਿੰਘ ਬਾਹੀ 14'06", ਉੱਤਰ : ਅਸ਼ੋਕ ਕੁਮਾਰ ਬਾਹੀ 41'06", ਦੱਖਣ : ਮਨੋਹਰ ਸਿੰਘ ਬਾਹੀ 41'06",<br>ਰਹਿਣਕਾਰ : ਜਸਪਾਲ ਕੌਰ ਪਤਨੀ ਗੁਰਪ੍ਰੀਤ ਸਿੰਘ | 13 ਜੂਨ 2025 | 31 ਮਈ 2025 | ਮਿਤੀ 13 ਜੂਨ 2025 ਨੂੰ ਰੁਪਏ 19,73,462.42/- |

ਉਪਰੋਕਤ ਕਰਜ਼ਦਾਰ ਅਤੇ/ਜਾਂ ਉਨ੍ਹਾਂ ਦੇ ਗਰੰਟਰ(ਗਰੰਟਰਾਂ)/ਰਹਿਣਕਾਰ (ਰਹਿਣਕਾਰਾਂ) (ਜਦੋਂ ਵੀ ਲਾਗੂ ਹੋਵੇ) ਨੂੰ ਬਕਾਇਆ ਰਕਮ, ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾ ਕਰਨ ਦਾ ਸੱਦਾ ਦਿੱਤਾ ਜਾਂਦਾ ਹੈ। ਅਸਫਲ ਰਹਿਣ 'ਤੇ 60 ਦਿਨ ਗੁਜਰ ਜਾਣ ਤੋਂ ਬਾਅਦ ਸਰਫੇਸੀ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਤਹਿਤ ਅਗਲੇ ਕਦਮ ਉਠਾਏ ਜਾਣਗੇ। ਇਸ ਤੋਂ ਅੱਗੇ ਇਹ ਵੀ ਤੁਹਾਡੇ ਧਿਆਨ 'ਚ ਲਿਆਂਦਾ ਜਾਂਦਾ ਹੈ ਕਿ ਉਕਤ ਸਰਫੇਸੀ ਐਕਟ ਦੇ ਸੈਕਸ਼ਨ 13 (8) ਤਹਿਤ, ਜੇਕਰ ਸਾਡੇ ਬਕਾਏ ਸਮੇਤ ਸਾਡੇ ਵੱਲੋਂ ਸਹਿਣ ਕੀਤੀਆਂ ਗਈਆਂ ਲਾਗਤਾਂ, ਚਾਰਜਿਜ਼ ਅਤੇ ਖਰਚੇ ਵਿਕਰੀ ਜਾਂ ਤਬਾਦਲੇ ਲਈ ਤੈਅ ਕੀਤੀ ਗਈ ਮਿਤੀ ਤੋਂ ਪਹਿਲਾਂ ਕਿਸੇ ਸਮੇਂ ਵੀ ਅਦਾ ਕਰ ਦਿੱਤੇ ਜਾਂਦੇ ਹਨ ਤਾਂ ਸਾਡੇ ਵੱਲੋਂ ਸਕਿਉਰਡ ਐੱਸਟ ਵਿਕਰੀ ਜਾਂ ਤਬਦੀਲ ਨਹੀਂ ਕੀਤੇ ਜਾਣਗੇ ਅਤੇ ਸਾਡੇ ਵੱਲੋਂ ਸਕਿਉਰਡ ਐੱਸਟ ਨੂੰ ਤਬਦੀਲ ਜਾਂ ਵਿਕਰੀ ਕਰਨ ਸੰਬੰਧੀ ਅਗਲੇ ਕਦਮ ਨਹੀਂ ਉਠਾਏ ਜਾਣਗੇ।

ਮਿਤੀ : 10/07/2025
ਸਥਾਨ : ਪੰਜਾਬ ਅਤੇ ਹਰਿਆਣਾ

ਸਹੀ/- ਅਧਿਕਾਰਤ ਅਫਸਰ
ਵਾਸਤੇ ਯੈੱਸ ਬੈਂਕ ਲਿਮਟਿਡ

# ਚੋਣ ਕਮਿਸ਼ਨ ਵੱਲੋਂ 8 ਰਜਿਸਟਰਡ ਗੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਨੂੰ ਨੋਟਿਸ

**ਚੰਡੀਗੜ੍ਹ, (ਗੁਰਜੀਤ ਬਿੱਲਾ)**— ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਹੈ ਕਿ ਚੋਣ ਕਮਿਸ਼ਨ ਵੱਲੋਂ 8 ਅਜਿਹੀਆਂ ਰਜਿਸਟਰਡ ਗੈਰ ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਨੂੰ ਸ਼ੋ-ਕਾਜ਼ ਨੋਟਿਸ ਜਾਰੀ ਕੀਤੇ ਗਏ ਹਨ, ਜਿਨ੍ਹਾਂ ਨੇ 2019 ਤੋਂ ਲੈ ਕੇ ਹੁਣ ਤੱਕ ਕਿਸੇ ਵੀ ਲੋਕ ਸਭਾ ਜਾਂ ਵਿਧਾਨ ਸਭਾ ਦੀ ਚੋਣ ਜਾਂ ਜ਼ਿਮਨੀ ਚੋਣ ਵਿੱਚ ਹਿੱਸਾ ਨਹੀਂ ਲਿਆ। ਕਮਿਸ਼ਨ ਨੇ ਇਨ੍ਹਾਂ ਪਾਰਟੀਆਂ ਨੂੰ ਲੋਕ ਪ੍ਰਤੀਨਿਧਤਾ ਐਕਟ, 1951 ਦੀ ਧਾਰਾ 29ਏ ਦੇ ਤਹਿਤ ਰਜਿਸਟਰਡ ਰਾਜਨੀਤਿਕ ਪਾਰਟੀਆਂ ਦੀ ਸੂਚੀ ਵਿੱਚੋਂ ਹਟਾਉਣ ਦਾ ਪ੍ਰਸਤਾਵ ਰੱਖਿਆ ਹੈ।ਉਨ੍ਹਾਂ ਦੱਸਿਆ ਕਿ ਜਿਨ੍ਹਾਂ ਪਾਰਟੀਆਂ ਨੂੰ ਨੋਟਿਸ ਜਾਰੀ ਕੀਤੇ ਗਏ ਹਨ, ਉਨ੍ਹਾਂ ਵਿੱਚ ਆਲ ਇੰਡੀਆ ਸ਼੍ਰੋਮਣੀ ਬਾਬਾ ਜੀਵਨ ਸਿੰਘ ਮਜ਼੍ਹਬੀ ਦਲ, ਭਾਰਤੀਆਂ ਮੁਹੱਬਤ ਪਾਰਟੀ (ਆਲ ਇੰਡੀਆ), ਸਿਵਲ ਰਾਈਟਸ ਪਾਰਟੀ, ਡੈਮੋਕ੍ਰੈਟਿਕ ਕਾਂਗਰਸ ਪਾਰਟੀ, ਡੈਮੋਕ੍ਰੈਟਿਕ ਸਵਰਾਜ ਪਾਰਟੀ, ਫੂਲੇ ਭਾਰਤੀ ਲੋਕ ਪਾਰਟੀ, ਰਾਸ਼ਟਰੀ ਜਾਗਰੂਕ ਪਾਰਟੀ ਅਤੇ ਸਾਡਾ ਪੰਜਾਬ ਪਾਰਟੀ ਦੇ ਨਾਂਅ ਸ਼ਾਮਲ ਹਨ।ਚੋਣ ਕਮਿਸ਼ਨ ਦੇ ਰਿਕਾਰਡ ਅਨੁਸਾਰ, ਇਨ੍ਹਾਂ ਪਾਰਟੀਆਂ ਨੇ ਪਿਛਲੇ 6 ਸਾਲਾਂ ਵਿੱਚ ਕਿਸੇ ਵੀ ਚੋਣ ਲਈ ਉਮੀਦਵਾਰ ਖੜ੍ਹੇ ਨਹੀਂ ਕੀਤੇ ਹਨ ਅਤੇ ਉਨ੍ਹਾਂ ਦੇ ਮੌਜੂਦਾ ਪਤੇ ਵੀ ਗੈਰਮੌਜੂਦ ਹਨ। ਇਸ ਆਧਾਰ ’ਤੇ ਇਹ ਸਮਝਿਆ ਗਿਆ ਹੈ ਕਿ ਇਹ ਪਾਰਟੀਆਂ ਹੁਣ ਚੋਣ ਕਾਨੂੰਨ ਦੀ ਧਾਰਾ 29ਏ ਹੇਠ ਪਾਰਟੀ ਵਜੋਂ ਕੰਮ ਨਹੀਂ ਕਰ ਰਹੀਆਂ।ਇਨ੍ਹਾਂ ਪਾਰਟੀਆਂ ਨੂੰ 15 ਜੁਲਾਈ 2025 ਤੱਕ ਲਿਖਤੀ ਜਵਾਬ, ਪਾਰਟੀ ਦੇ ਪ੍ਰਧਾਨ ਜਾਂ ਜਨਰਲ ਸਕੱਤਰ ਵੱਲੋਂ ਹਲਫਨਾਮਾ ਅਤੇ ਸਮੱਰਥਨ ਦਸਤਾਵੇਜ਼ਾਂ ਸਮੇਤ, ਚੋਣ ਕਮਿਸ਼ਨ ਨੂੰ ਭੇਜਣ ਲਈ ਕਿਹਾ ਗਿਆ ਹੈ। ਇਸ ਮਾਮਲੇ ’ਚ ਸੁਣਵਾਈ 23 ਜੁਲਾਈ 2025 ਨੂੰ ਨਿਰਧਾਰਤ ਕੀਤੀ ਗਈ ਹੈ, ਜਿਸ ਵਿੱਚ ਪਾਰਟੀ ਦੇ ਪ੍ਰਧਾਨ, ਜਨਰਲ ਸਕੱਤਰ ਜਾਂ ਮੁਖੀ ਵੱਲੋਂ ਹਾਜ਼ਰ ਹੋਣਾ ਲਾਜ਼ਮੀ ਹੈ।ਸਿਬਿਨ ਸੀ ਨੇ ਕਿਹਾ ਕਿ ਜੇਕਰ ਨਿਰਧਾਰਿਤ ਮਿਤੀ ਤੱਕ ਕੋਈ ਜਵਾਬ ਨਹੀਂ ਮਿਲਦਾ, ਤਾਂ ਇਹ ਮੰਨਿਆ ਜਾਵੇਗਾ ਕਿ ਪਾਰਟੀ ਕੋਲ ਕਹਿਣ ਲਈ ਕੁਝ ਨਹੀਂ ਹੈ ਅਤੇ ਕਮਿਸ਼ਨ ਵੱਲੋਂ ਬਿਨਾਂ ਕਿਸੇ ਹੋਰ ਨੋਟਿਸ ਦੇ, ਯੋਗ ਕਾਰਵਾਈ ਕੀਤੀ ਜਾਵੇਗੀ।


## ਪਬਲਿਕ ਨੋਟਿਸ

ਬਾ-ਅਦਾਲਤ ਸ੍ਰੀ ਪਵਨ ਕੁਮਾਰ, ਸਹਾਇਕ ਕੁਲੈਕਟਰ ਦਰਜਾ ਪਹਿਲਾ (ਨਾਇਬ ਤਹਿਸੀਲਦਾਰ, ਮਹਿਲ ਕਲਾਂ)

ਦਰਖਾਸਤ ਵੱਲੋਂ ਜਿੰਦਰ ਕੌਰ ਪੁੱਤਰੀ ਭਾਗ ਸਿੰਘ ਪੁੱਤਰ ਸੱਕੜ ਸਿੰਘ ਹਾਲ ਪਤਨੀ ਲਾਭ ਸਿੰਘ ਵਾਸੀ ਲੌਂਗੋਵਾਲ ਤਹਿਸੀਲ ਵਾ ਜ਼ਿਲ੍ਹਾ ਸੰਗਰੂਰ ਖੇਵਟਦਾਰ ਪਿੰਡ ਧਨੇਰ, ਤਹਿਸੀਲ ਮਹਿਲ ਕਲਾਂ, ਜ਼ਿਲ੍ਹਾ ਬਰਨਾਲਾ।

ਬਨਾਮ ਆਮ ਪਬਲਿਕ

ਵਿਸ਼ਾ : ਮਾਲ ਰਿਕਾਰਡ ਵਿੱਚ ਨਾਂਅ ਦੀ ਤਬਦੀਲੀ ਕਰਨ ਸਬੰਧੀ।

ਹਰ ਆਮ ਵਾ ਖਾਸ ਨੂੰ ਇਸ ਅਖਬਾਰ ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਦਰਖਾਸਤ ਕਰਤਾ ਜਿੰਦਰ ਕੌਰ ਪੁੱਤਰੀ ਭਾਗ ਸਿੰਘ ਪੁੱਤਰ ਸੱਕੜ ਸਿੰਘ ਹਾਲ ਪਤਨੀ ਲਾਭ ਸਿੰਘ ਵਾਸੀ ਲੌਂਗੋਵਾਲ ਤਹਿਸੀਲ ਵਾ ਜ਼ਿਲ੍ਹਾ ਸੰਗਰੂਰ ਖੇਵਟਦਾਰ ਪਿੰਡ ਧਨੇਰ, ਤਹਿਸੀਲ ਮਹਿਲ ਕਲਾਂ, ਜ਼ਿਲ੍ਹਾ ਬਰਨਾਲਾ ਵੱਲੋਂ ਦਰਖਾਸਤ ਪੇਸ਼ ਕੀਤੀ ਗਈ ਹੈ ਕਿ ਉਸ ਦਾ ਨਾਂਅ ਪਿੰਡ ਦੇ ਰਿਕਾਰਡ ਮਾਲ ਵਿੱਚ ਹਰਜਿੰਦਰ ਕੌਰ ਪੁੱਤਰੀ ਭਾਗ ਸਿੰਘ ਪੁੱਤਰ ਸੱਕੜ ਸਿੰਘ ਚੱਲਿਆ ਆ ਰਿਹਾ ਹੈ। ਜਦ ਕਿ ਪਿੰਡ ਵਿੱਚ ਦਰਖਾਸਤ ਕਰਤਾ ਨੂੰ ਦੋਵੇਂ ਨਾਵਾਂ ਨਾਲ ਜਾਣਿਆ ਜਾਂਦਾ ਹੈ।

ਦਰਖਾਸਤ ਦੇਹਿੰਦਾ ਦੀ ਦਰਖਾਸਤ ਦੇ ਸੰਬੰਧ ਵਿੱਚ ਪਿੰਡ ਦੇ ਮੋਹਤਵਰ ਵਿਅਕਤੀਆਂ ਵੱਲੋਂ ਆਪਣੀ ਤਸਦੀਕ ਦਿੱਤੀ ਗਈ ਹੈ ਕਿ ਹਰਜਿੰਦਰ ਕੌਰ ਅਤੇ ਜਿੰਦਰ ਕੌਰ ਇੱਕ ਹੀ ਔਰਤ ਹੈ। ਦਰਖਾਸਤ ਕਰਤਾ ਵੱਲੋ ਦਿੱਤੀ ਗਈ ਦਰਖਾਸਤ ਮੁਤਾਬਕ ਉਸ ਦਾ ਨਾਂਅ ਰਿਕਾਰਡ ਮਾਲ ਪਿੰਡ ਧਨੇਰ ਵਿੱਚ ਹਰਜਿੰਦਰ ਕੌਰ ਉਰਫ ਜਿੰਦਰ ਕੌਰ ਪੁੱਤਰੀ ਭਾਗ ਸਿੰਘ ਪੁੱਤਰ ਸੱਕੜ ਸਿੰਘ ਦਰਜ ਕੀਤਾ ਜਾਵੇ। ਜੇਕਰ ਇਸ ਨਾਂਅ ਦੀ ਤਬਦੀਲੀ ਸਬੰਧੀ ਕਿਸੇ ਵੀ ਵਿਅਕਤੀ ਨੂੰ ਕੋਈ ਵੀ ਉਜ਼ਰ ਵਾ ਇਤਰਾਜ਼ ਹੋਵੇ ਤਾਂ ਉਹ ਨਿਮਨਹਸਤਾਖਰ ਦੀ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਇਸ ਨੋਟਿਸ ਦੇ ਛਪਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਹਾਜ਼ਰ ਆ ਕਰ ਪੇਸ਼ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕੋਈ ਵੀ ਉਜ਼ਰ ਵਾ ਇਤਰਾਜ਼ ਕਾਬਲੇ ਸਮਾਇਤ ਨਹੀਂ ਹੋਵੇਗਾ।

ਇਹ ਇਸ਼ਤਿਹਾਰ ਅੱਜ ਮਿਤੀ 07/07/2025 ਨੂੰ ਅਦਾਲਤ ਦੀ ਮੋਹਰ ਵਾ ਮੇਰੇ ਦਸਤਖਤਾਂ ਅਧੀਨ ਜਾਰੀ ਕੀਤਾ ਜਾਂਦਾ ਹੈ।

ਨੰਬਰ 172/ਰੀਡਰ-2 ਮਿਤੀ :- 07/07/2025

ਸਹੀ /- ਸਹਾਇਕ ਕੁਲੈਕਟਰ ਦਰਜਾ ਪਹਿਲਾ-ਕਮ-ਨਾਇਬ ਤਹਿਸੀਲਦਾਰ, ਮਹਿਲ ਕਲਾਂ।

## ਉਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉਤਰ ਰੇਲਵੇ, ਫਿਰੋਜ਼ਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

**ਨੀਲਾਮੀ ਸੂਚਨਾ ਨੰ.: EAFZR-PnU25-12**

**ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ: 17/07/2025 ਨੂੰ 11:30 ਵਜੇ**

ਕੰਮ ਦਾ ਨਾਮ : ਕੋਟਕਪੂਰਾ ਰੇਲਵੇ ਸਟੇਸ਼ਨ ਉਤੇ ਪੇ ਐਂਡ ਯੂਜ਼ ਸ਼ੌਚਾਲਯਾਂ ਦੇ ਸੰਚਾਲਨ ਅਤੇ ਰਖਰਖਾਅ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ।

**ਨੀਲਾਮੀ ਸੂਚਨਾ ਨੰ.: EAFZR-PMBJK25-1**

**ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ : 17/07/2025 ਨੂੰ 12:30 ਵਜੇ**

ਕੰਮ ਦਾ ਨਾਮ : ਫਗਵਾੜਾ ਰੇਲਵੇ ਸਟੇਸ਼ਨ ਤੇ ਪ੍ਰਧਾਨ ਮੰਤਰੀ ਭਾਰਤੀਯ ਜਨਔਸ਼ਧੀ ਕੇਂਦਰ ਦੇ ਸੰਚਾਲਨ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ।

**ਨੀਲਾਮੀ ਸੂਚਨਾ ਨੰ. : EAFXZR-MA25-1**

**ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ : 23/07/2025 ਨੂੰ 11:30 ਵਜੇ**

ਕੰਮ ਦਾ ਨਾਮ : ਗੱਡੀ ਨੰਬਰ 14634, 20424/20423, 12408, 14622/21 ਅਤੇ 14626/25, 20498/20497 (ਗਰੁਪ ਰੇਕ ਲਿੰਕ) ਟ੍ਰੇਨਾਂ ਦੇ ਸਵਾਰੀ ਡੱਬਿਆਂ ਦੇ ਬਾਹਰੀ ਭਾਗ ਤੇ ਵਿਨਾਇਲ ਰੈਪਿੰਗ ਦੇ ਮਾਧਿਅਮ ਨਾਲ ਵਾਣਿਜਕ ਪ੍ਰਚਾਰ ਅਧਿਕਾਰਾਂ ਦੇ ਲਈ ਠੇਕੇ ਦਾ ਅਲਾਟਮੈਂਟ।

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in ’ਤੇ ਜਾਓ।
ਨੰਬਰ: MC/38015/Pub/E-Auction/FZR/22 ਮਿਤੀ: 08 / 07 / 2025 2062/2025

**ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ**

## ਅਦਾਲਤੀ ਇਸ਼ਤਿਹਾਰ

**ਬਾ-ਅਦਾਲਤ ਸਹਾਇਕ ਕੁਲੈਕਟਰ ਦਰਜਾ ਦੂਜਾ ਨਾਇਬ ਤਹਿਸੀਲਦਾਰ ਧਨੌਲਾ।**

**ਗੁਰਪ੍ਰੀਤ ਕੌਰ ਬਨਾਮ ਬਲਵੰਤ ਸਿੰਘ**

| | | | |
|---|---|---|---|
| Missle No. | ਗਿ006 ਮਿਤੀ 09.06.2025 | ਕੁੱਲ ਰਕਬਾ | ਵਾਕਾ ਰਕਬਾ |
| Case Type | ਗਿਰਦਾਵਰੀ | 111 ਕਨਾਲ 8 ਮਰਲੇ | ਕਾਲੇਕੇ ਬੀ |

ਖੇਵਟ ਨੰਬਰ 458

ਮਸੂਲਇਲਮ : 8. ਦਲਜੀਤ ਸਿੰਘ ਪੁੱਤਰ ਮਨਿੰਦਰ ਸਿੰਘ, 9. ਜਗਦੀਸ਼ ਸਿੰਘ ਪੁੱਤਰ ਮਨਿੰਦਰ ਸਿੰਘ, 10. ਸੁਖਦਰਸ਼ਨ ਸਿੰਘ ਪੁੱਤਰ ਅਜੀਤ ਸਿੰਘ ਵਾਸੀਆਨ ਸਮਰਾਲਾ, 11. ਇਕਬਾਲ ਸਿੰਘ ਪੁੱਤਰ ਅਜੀਤ ਸਿੰਘ ਵਾਸੀਆਨ ਸਮਰਾਲਾ, 12. ਅਮਰੀਕ ਸਿੰਘ ਪੁੱਤਰ ਹਾਕਮ ਸਿੰਘ ਪੁੱਤਰ ਨਿਰੰਜਨ ਸਿੰਘ, 13. ਗੁਰਜਿੰਦਰ ਸਿੰਘ ਪੁੱਤਰ ਜੀਤ ਸਿੰਘ ਪੁੱਤਰ ਹਾਕਮ ਸਿੰਘ, 14. ਦਲਵਿੰਦਰ ਸਿੰਘ ਸਰਾਂ ਪੁੱਤਰ ਸਰਬਜੀਤ ਸਿੰਘ, 15. ਪਰਬਿੰਦਰ ਸਿੰਘ ਸਰਾਂ ਪੁੱਤਰ ਸਰਬਜੀਤ ਸਿੰਘ ਪੁੱਤਰ ਕਾਕਾ ਸਿੰਘ, 16. ਬਲਵੀਰ ਕੌਰ ਵਿਧਵਾ ਸਰਬਜੀਤ ਸਿੰਘ ਪੁੱਤਰ ਕਾਕਾ ਸਿੰਘ, 17. ਜਮਨਾ ਦੇਵੀ ਪੁੱਤਰੀ ਪਰਮਾ ਨੰਦ ਵਾਸੀ ਧਨੌਲਾ

ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਗਿਰਦਾਵਰੀ ਕੇਸ ਇਸ ਅਦਾਲਤ ਵਿਖੇ ਵਿਚਾਰ ਅਧੀਨ ਹੈ। ਇਸ ਵਿੱਚ ਅਗਲੀ ਤਾਰੀਖ 25.7.2025 ਲਈ ਨਿਸ਼ਚਿਤ ਹੈ। ਉੱਪਰ ਦਰਸਾਏ ਮਸੂਲਇਲਮਾਂ ਦੇ ਨਾਂਅ ਪਰ ਤਕਸੀਮ ਕੇਸ ਨਾਲ ਸੰਬੰਧਤ ਖੇਵਟ ਵਿੱਚ ਅਰਾਜੀ ਹੈ। ਇਨ੍ਹਾਂ ਦੀ ਇਤਲਾਹ ਸਧਾਰਨ ਤਰੀਕੇ ਨਾਲ ਨਹੀਂ ਹੋ ਸਕੀ। ਇਸ ਲਈ ਉਕਤ ਦਰਖਾਸਤ ਤਕਸੀਮ ਵਿੱਚ ਉੱਤਰਵਾਦੀ/ਉੱਤਰਵਾਦੀਆਨ ਜਾਂ ਉਨ੍ਹਾਂ ਦੇ ਵਾਰਸ ਖੁਦ ਆਪ ਜਾਂ ਵਕੀਲ ਪੈਰਵੀ ਕਰਨਾ ਚਾਹੁੰਦੇ ਹਨ ਤਾਂ ਨਿਸ਼ਚਿਤ ਮਿਤੀ ਨੂੰ ਨਿਮਨਹਸਤਾਖਰ ਦੀ ਅਦਾਲਤ ਵਿੱਚ ਹਾਜ਼ਰ ਹੋ ਕੇ ਪੈਰਵਾਈ ਕਰ ਸਕਦੇ ਹਨ। ਬਾਅਦ ਗੁਜ਼ਰਨੇ ਮਿਆਦ ਕੋਈ ਵੀ ਇਤਰਾਜ਼ ਕਾਬਲੇ ਸਮਾਇਤ ਨਹੀਂ ਹੋਵੇਗਾ। ਇਹ ਨੋਟਿਸ ਅੱਜ ਮੇਰੇ ਹਸਤਾਖਰਾਂ/ਮੋਹਰ ਹੇਠ ਜਾਰੀ ਕੀਤਾ ਗਿਆ ਹੈ।

ਪੱਤਰ ਨੰਬਰ :535/ ਰੀਡਰ ਮਿਤੀ : 09.7.25

ਸਹਾਇਕ ਕੁਲੈਕਟਰ ਦਰਜਾ ਦੂਜਾ, (ਨਾਇਬ ਤਹਿਸੀਲਦਾਰ) ਧਨੌਲਾ।

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਮਨਪ੍ਰੀਤ ਸਿੰਘ, ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ/ਦੋਇਮ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ।

ਤਕਸੀਮ ਕੇਸ ਨੰਬਰ 115 ਵਾਕਿਆ ਰਕਬਾ ਪਿੰਡ ਪ੍ਰੇਮਪੁਰ/546

ਤਹਿਸੀਲ ਟਾਂਡਾ ਜ਼ਿਲ੍ਹਾ ਹੁਸ਼ਿਆਰਪੁਰ।

1) ਨਿਸ਼ਾਨ ਸਿੰਘ ਪੁੱਤਰ ਹਜਾਰਾ ਸਿੰਘ ਪੁੱਤਰ ਵਸਾਖਾ ਸਿੰਘ, 2) ਰਵੇਲ ਸਿੰਘ ਪੁੱਤਰ ਹਜ਼ਾਰਾ ਸਿੰਘ ਪੁੱਤਰ ਵਸਾਖਾ ਸਿੰਘ, 3) ਗੁਰਚਰਨ ਸਿੰਘ ਪੁੱਤਰ ਕਰਤਾਰ ਸਿੰਘ ਪੁੱਤਰ ਵਸਾਖਾ ਸਿੰਘ, 4) ਗੱਜਣ ਸਿੰਘ ਪੁੱਤਰ ਕਰਤਾਰ ਸਿੰਘ ਪੁੱਤਰ ਵਸਾਖਾ ਸਿੰਘ, 5) ਪ੍ਰੀਤਮ ਸਿੰਘ ਪੁੱਤਰ ਕਰਤਾਰ ਸਿੰਘ ਵਾਸੀਆਨ ਪਿੰਡ ਪ੍ਰੇਮਪੁਰ, ਤਹਿਸੀਲ ਟਾਂਡਾ ਜ਼ਿਲ੍ਹਾ ਹੁਸ਼ਿਆਰਪੁਰ।

ਬਨਾਮ

1) ਕੁਲਦੀਪ ਕੌਰ ਵਿਧਵਾ, 2) ਦਲਜੀਤ ਸਿੰਘ, 3) ਜਗਪ੍ਰੀਤ ਸਿੰਘ ਪੁੱਤਰਾਨ ਗੁਰਬਚਨ ਸਿੰਘ ਪੁੱਤਰ ਸ਼ਿੰਗਾਰਾ ਸਿੰਘ, 4) ਬਲਦੇਵ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀਆਨ ਪਿੰਡ ਪ੍ਰੇਮਪੁਰ, ਤਹਿਸੀਲ ਟਾਂਡਾ ਜ਼ਿਲ੍ਹਾ ਹੁਸ਼ਿਆਰਪੁਰ 5) ਮ੍ਰਿਤਕ ਪਰਮਜੀਤ ਕੌਰ ਵਿਧਵਾ ਬਜਰੀਆ ਵਾਰਸ: 5 ਏ) 1) ਨਿਸ਼ਾਨ ਸਿੰਘ ਪਤੀ ਪਰਮਜੀਤ ਕੌਰ (Address: 26 Blue lane Levittown NY 11756 USA Mob. No. +1- 516 728 6356), 5ਬੀ) ਪਲਵਿੰਦਰਜੀਤ ਸਿੰਘ ਮਾਤਾ ਪਰਮਜੀਤ ਕੌਰ ਵਿਧਵਾ ਦਲੀਪ ਸਿੰਘ (Address: 26 Blue lane Levittown NY 11756 USA Mob. No. +1- 917 476 7145) 5ਸੀ) ਸੁਖਵਿੰਦਰ ਸਿੰਘ ਮਾਤਾ ਪਰਮਜੀਤ ਕੌਰ ਵਿਧਵਾ ਦਲੀਪ ਸਿੰਘ (Address: Rue Du Pont 39 4000 Lige Belgioum Mob. No. +32- 478 220 124) 5ਡੀ) ਰਜਿੰਦਰਜੀਤ ਸਿੰਘ ਮਾਤਾ ਪਰਮਜੀਤ ਕੌਰ ਵਿਧਵਾ ਦਲੀਪ ਸਿੰਘ (Address: 26 Blue lane Levittown NY 11756 USA Mob. No. +1- 347 399 7131) 5ਈ) ਪ੍ਰਿਤਪਾਲ ਸਿੰਘ ਮਾਤਾ ਪਰਮਜੀਤ ਕੌਰ ਵਿਧਵਾ ਨਿਸ਼ਾਨ ਸਿੰਘ (Address: 26 Blue lane Levittown NY 11756 USA Mob. No. +1- 347 651 6455) 5ਐਫ) ਅੰਮ੍ਰਿਤਪਾਲ ਸਿੰਘ ਮਾਤਾ ਪਰਮਜੀਤ ਕੌਰ ਵਿਧਵਾ ਨਿਸ਼ਾਨ ਸਿੰਘ (Address: 41 Blue Jean Volders 4340 Awans Belgioum Mob. No. +32- 466 051 903) 6) ਪਰਵਿੰਦਰਜੀਤ ਸਿੰਘ ਪੁੱਤਰ ਦਲੀਪ ਸਿੰਘ, 7) ਸੁਖਵਿੰਦਰਜੀਤ ਸਿੰਘ ਪੁੱਤਰ ਦਲੀਪ ਸਿੰਘ, 8) ਰਵਿੰਦਰਜੀਤ ਸਿੰਘ ਪੁੱਤਰ ਦਲੀਪ ਸਿੰਘ, 9) ਮਾਇਆ ਕੌਰ ਵਿਧਵਾ ਕਰਤਾਰ ਸਿੰਘ, 10) ਅਜੀਤ ਸਿੰਘ ਪੁੱਤਰ ਕਰਤਾਰ ਸਿੰਘ, 11) ਪਰਮਜੀਤ ਕੌਰ ਪੁੱਤਰੀ ਕਰਤਾਰ ਸਿੰਘ, 12) ਮਨਿੰਦਰਜੀਤ ਸਿੰਘ ਪੁੱਤਰ ਗੁਰਮੁੱਖ ਸਿੰਘ, 13) ਅਜੀਤ ਸਿੰਘ ਪੁੱਤਰ ਸ਼ਿੰਗਾਰਾ ਸਿੰਘ, 14) ਸੁਰਿੰਦਰ ਕੌਰ ਪਤਨੀ ਤਰਸੇਮ ਸਿੰਘ, 15) ਭੁਪਿੰਦਰਜੀਤ ਸਿੰਘ ਪੁੱਤਰ ਜਗੀਰ ਸਿੰਘ ਵਾਸੀਆਨ ਪਿੰਡ ਪ੍ਰੇਮਪੁਰ, ਤਹਿਸੀਲ ਟਾਂਡਾ ਜ਼ਿਲ੍ਹਾ ਹੁਸ਼ਿਆਰਪੁਰ। 16) ਮੈਨੇਜਰ ਕੈਪੀਟਲ ਸਮਾਲ ਫਾਈਨਾਸ ਬੈਂਕ ਬਰਾਂਚ ਬੁੱਲ੍ਹੋਵਾਲ, 17) ਮੈਨੇਜਰ ਕੈਪੀਟਲ ਸਮਾਲ ਫਾਈਨਾਂਸ ਬੈਂਕ ਬਰਾਂਚ ਟਾਂਡਾ।

ਪਬਲਿਕ ਨੋਟਿਸ

ਉਪਰੋਕਤ ਮੁਕੱਦਮੇ ਵਿੱਚ ਅਦਾਲਤ ਨੂੰ ਇਹ ਪੂਰਾ ਯਕੀਨ ਹੋ ਚੁੱਕਾ ਹੈ ਕਿ ਉਕਤ ਉੱਤਰਵਾਦੀਆਂ ਦੀ ਇਤਲਾਹ ਮਾਮੂਲੀ/ਸਧਾਰਨ ਤਰੀਕੇ ਨਾਲ ਅਤੇ ਸੰਮਨ ਨਾਲ ਤਾਮੀਲ ਹੋਣੀ ਮੁਸ਼ਕਿਲ ਹੈ। ਇਸ ਕੇਸ ਦੀ ਪੈਰਵਾਈ ਲਈ ਮਿਤੀ 23.07.2025 ਨੂੰ ਬਾਅਦ ਦੁਪਹਿਰ 3:00 ਵਜੇ ਦੀ ਤਰੀਕ ਪੇਸ਼ੀ ਨਿਸ਼ਚਿਤ ਹੋਈ ਹੈ। ਇਸ ਲਈ ਇਸ ਇਸ਼ਤਿਹਾਰ ਰਾਹੀਂ ਉਪਰੋਕਤ ਫਰੀਕੈਨ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਉਕਤ ਤਾਰੀਖ ’ਤੇ ਅਸਾਲਤਨ ਜਾਂ ਵਕਾਲਤਨ ਮੇਰੇ ਦਫਤਰ/ਅਦਾਲਤ ਵਿੱਚ ਹਾਜ਼ਰ ਹੋਣ ਅਤੇ ਉਕਤ ਕੇਸ ਵਿੱਚ ਆਪਣਾ ਪੱਖ ਰੱਖਣ। ਨਹੀਂ ਤਾਂ ਉਨ੍ਹਾਂ ਦੇ ਖਿਲਾਫ ਇਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਬਾਅਦ ਮਿਆਦ ਕੋਈ ਉਜ਼ਰ ਕਾਬਲੇ ਗੌਰ ਨਹੀਂ ਹੋਵੇਗਾ।

ਅੱਜ ਮਿਤੀ 8.07.2025 ਨੂੰ ਇਹ ਨੋਟਿਸ ਮੇਰੇ ਦਸਤਖਤਾਂ ਅਤੇ ਮੋਹਰ ਦੇ ਨਾਲ ਜਾਰੀ ਕੀਤਾ ਗਿਆ ਹੈ।

ਨੰਬਰ 278/ਰੀਡਰ ਮਿਤੀ : 8.07.25 ਸਹੀ/-ਸਹਾਇਕ ਕੁਲੈਕਟਰ ਦਰਜਾ ਅੱਵਲ, ਟਾਂਡਾ

## COURT NOTICE

**(U/o 5 Rule 20 CPC)**
**In The Court of Sh. Sham Lal**
**Additional District and Sessions Judge, Rupnagar**

CIVIL APPEAL NO 240 DATED 03.10.2024
CNR No. PBRO01-004408-2024
Next Date:- 31-07-2025

Major Singh
Vs.
Kaka Singh @ Kulwant Singh

Publication Issued To:
Kaka Singh @ Kulwant Singh
Father: :- Mohinder Singh S/o Kirpa Singh
Village Boor Majra, Tehsil Morinda, District Rupnagar

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 31-07-2025 at 10:00 a.m.

For details-logon to https://highcourtchd.gov.in/?mod=district_notice& district=Rupnagar

Sham Lal, Additional District and Sessions Judge Rupnagar
Dated, this day of 07.07.2025

## COURT NOTICE

**(U/o 5 Rule 20 CPC)**
**In The Court of Sh. Sham Lal**
**Additional District and Sessions Judge, Rupnagar**

CIVIL APPEAL NO. 263 DATED 04.09.2023
CNR No. PBRO01-004594-2023
Next Date: 24-07-2025

Gian Singh
Vs.
Phumman Singh

Publication Issued To:
2. Fateh Singh S/o Natha Singh, 5. Shamsher Singh S/o Tara Singh, 6. Davinder Kaur D/o Tara Singh S/o Shankar Singh 7. Mandeep Kaur D/o Tara Singh S/o Shankar Singh 8. Manjit Kaur W/o Mukhtiar Singh Son of Shankar Singh 9. Usha Rani D/o Mukhtiar Singh Son of Shankar Singh 10. Lal Singh @ Malkeet Singh S/o Mukhtiar Singh Son of Shankar Singh, 11. Hardeep Singh @ Gurdev Singh Mukhtiar Singh Son Of Shankar Singh. All Residents of Village Mataur, PS and Tehsil Sri Anandpur Sahib, District Rupnagar.

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 24-07-2025 at 10:00 a.m.

For details logon to https://highcourtchd.gov.in/?mod=district_notice&district=Rupnagar

Sham Lal, Additional District and Sessions Judge Rupnagar
Dated, this day 07-07-2025

# ਕਲਾਸੀਫਾਈਡ ਇਸ਼ਤਿਹਾਰ

## Change of Name

I Shivanki D/o Ashwani Kumar R/o Kothi no 109 Green Avenue Batala Distt Gurdaspur . I have changed my name Shivanki Garg W/o Mohit Garg and my house address 109 Green Avenue to H/ No B- 13/348 Shivalik Villa Gopal Nagar Batala . Please concerned note.

I, Sukhdev Raj S/o Bahadur Lal R/o modal town, Shahkot, Teh. Shahkot, Distt. Jalandhar PB. India have changed my name to Sukhdev Singh.

I, Amrik Singh S/o. Jasvinder Singh, Age 31 Years, Address: VPO. Chanian, Teh. Nakodar, Jalandhar Pin: 144040, Punjab, India, has changed my name from Amrik Singh to Amrik Singh Gahlla.

I, Tanuj Mahajan S/o Vijay Mahajan R/o H.No.362, Green Field Avenue, Majitha Road, Amritsar have changed my minor daughter's name from Shyra to Shyra Mahajan

I, Harmit Kaur W/o Shashpal Singh R/o H.No.3135, Gali No.1, Hargobindpura Sun Sahib Road, Chheharta, Amritsar have changed my name from Harmit Kaur to Harmeet Kaur

I, Rajinder Singh S/o Surain Singh R/o C-4, Sandhu Avenue, Block D Chheharta Amritsar have changed my name from Rajinder Singh to Rajinder Singh Bhullar.

I, Parkash Kaur w/o Karamjit R/o Village Khojkipur, PO Salala District Jalandhar Punjab have changed my name from Parkash Kaur to Parkash Kaur. Concerned note

I, Ashwani Kumar S/o Sh. Madan Lal R/o Mohalla Ramdaspur, W. No. 11, VPO. Alawalpur, Distt. Jalandhar, Punjab-144301 have changed the name of my minor daughter Sakshi to Sakshi Kaur. All please note.

I, Sarabjit Singh S/o Joginder Ram R/o VPO Binpalke, Distt. Jalandhar declare that my son Ronit Singh School document my name wrongly written as Sarabjit but as per my documents and proof my actual name is Sarabjit Singh instead of Sarabjit. (12210)

I, Sarabjit Singh S/o Joginder Ram R/o VPO. Binpalke, Distt. Jalandhar I have changed my minor Son's name Ronit to Ronit Singh. All please note. (12210)

I, U.K. Sehgal S/o Sh. Roop Lal R/o Moh. Ramdaspur VPO Alawalpur,Tehsil & Distt. Jalandhar have changed my name to Ugesh Kumar Sehgal. All please note.

I, Harjinder Mattu S/o Late Sh. Sat Pal Mattu, H. No.- 13, Near Ramgarhia Gurduwara, Ward no. 13, Bhogpur, Distt. Jalandhar have been changed my name Harjinder Mattu to Jatinder Mattu. Please all concerned note. (b)

I Jaismeen d/o Amandeep Singh r/o V Mehli Teh Banga Distt Shaheed Bhagat Singh Nagar have changed my name from Jaismeen to Jaismeen Kaur.

I Nikal s/o Amandeep Singh r/o V Mehli Teh Banga Distt Shaheed Bhagat Singh Nagar have changed my name from Nikal to Nikal Singh.

I, hitherto Known as Charanjit Singh S/O Narkewal Singh Mudhar residing at VPO Dhanowali, Distt. Jalandhar – 144010, Punjab, India have changed my name and shall hereafter be known as Charanjeet Singh Mudhar.

I, Sarbjit Kaur W/O Hari Krishan residing at VPO Jandiala, Tehsil Banga, Distt. S.B.S Nagar – 144505, Punjab, India, have changed the name of my minor daughter Preet aged 17 years and she shall hereafter be known as Preet Kaur.

I, Sunita W/o Sh. Harmesh Chand R/O Vill. Bhedian, Po. Kathgarh, Teh. Balachaur, Distt. S.B.S Nagar - 144522, Punjab have changed my name from Sunita to Sunita Devi. All concerned please note.

I, Veerpal Kaur Sekhon W/o Kuldeep Singh Powar R/o VPO Mudki Malla Road Ferozepur have change my name Veerpal Kaur Sekhon to Veerpal Kaur Powar.

I, Alisha Mattu D/o Ashok Kumar Dhuna R/o H.No. 4704, Gali No.10, New Suraj Ganj, Jalandhar, 144001, Punjab changed my name to Alisha Dhunna.

I, Raghubir Singh S/O Ratan Singh R/O Vill. Bharapur PO Sahiba Teh. Balachaur Distt. SBS Nagar Punjab Have Changed My name to Raghbir Singh. All Please Note.

I, Ramandeep W/O Jaspal Singh R/O Vill. Mandhiani PO Mohar Teh. Balachaur Distt. SBS Nagar Punjab Have Changed My name to Ramandeep Kaur. Please Note.

I, Sharanjit Kaur W/o Nirmal Singh R/o H.No. 104/53, Street No. 3, Ujjagar Nagar, Qadian Road, Batala, Distt. Gurdaspur, Punjab have changed my name from Sharanjit Kaur to Sharanjeet Kaur. Concerned Note.

I, Mandeep S/o Kamaljit R/o VPO. Paddi Jagir, Tehsil Phillaur, Distt. Jalandhar, Punjab-144409, India have changed my name from Mandeep to Mandeep Singh. All concerned please note.

I, Ravinder Singh S/O Ram Kishan, R/o Vill- Bajwa, PO-Panwan Dasuya, Hoshiarpur, Punjab- 144205, I have changed the name of my minor daughter Aarushi aged about 14 Years and She shall hereafter be known as Aarushi Kaur.

I, Tarun S/O Rajinder Kumar R/O E.S 297, Gali No. 2, Abadpura Jalandhar-144003, Punjab Have Changed My Name From Tarun To Tarun Kumar. All Concerned Please Note.

I, Parveen Kumar S/o Vasu Dev R/o House No. 13, Baba Ishar Singh Nagar, Dhina, Distt. Jalandhar, Punjab-144005 have changed the name of my father from Vasdev to Vasu Dev. All concerned please note.

I, Komal W/o Rishu Gupta R/o H. No. 93, Ashok Nagar, Jalandhar after marriage I have changed my name from Komal to Komal Gupta.

I, Meena D/O Harbans Lal R/O Patti Jodha, Bundala, Tehsil Phillaur, Distt. Jalandhar - 144034, Punjab have changed my name from Meena to Meena Rani. All note.

I, Nisha D/o Surjit Masih R/o Village Abul Khair, Tehsil/Distt. Gurdaspur, Pin Code-142521, Punjab, India have changed my name from Nisha to Nisha Mattu.

## Change of Name

I, Savita Rani W/o Gourav Bhatia R/o Patti Natha Ki, Goraya, Tehsil Phillaur, Distt. Jalandhar have changed my name from Savita Rani to Savita Bhatia. All Please Note.

I, Parbhu Dyal S/o Chetan Dass R/o H.No. 171, Moti Nagar, Maqsudan, Jalandhar have changed my name from Parbhu Dyal to Prabh Dayal. All Please Note.

I, Charankamal Singh S/o Balwinder Singh R/o VPO. Naugajja, Distt. Jalandhar have changed my name from Charankamal Singh to Charankamal Singh Nagra. All Please Note.

I, Raj Kumar S/o Ajit Singh R/o Village Dhogri, Distt. Jalandhar have changed my name from Raj Kumar to Chet Ram Manas. All Please Note.

I, Mohinder Pal s/o Harbans Lal r/o Vill. Tilluwal, Po. Khun Khun Kalan, Tehsil Dasuya, Distt.Hoshiarpur, Punjab have changed my name to Pal Mohinder. All Please Note.

I, Gurjit Kaur w/o Jasvir Singh r/o Vill. Dallewal, Po. Hariana, Distt.Hoshiarpur, Punjab have changed my name to Kaur Gurjit. All Please Note.

I, Jasvir Singh s/o Beant Singh r/o Vill. Dallewal, Po. Hariana, Distt. Hoshiarpur, Punjab have changed my minor son name from Ranvir Singh to Singh Ranvir. All Please Note.

I, Abhishek s/o Ashwani Kumar r/o Ward No. 5, Urmar, Tehsil Dasuya, Distt. Hoshiarpur have changed my name to Abhishek Kumar. All Please Note.

I, Payal Bajaj w/o Sahil Sikka r/o H.No. 186, Kamal Vihar, Basti Peer Dad Khan, Jalandhar have changed my name to Payal Sikka. All Please Note.

I, Deepak Bhatti S/o Sohan Lal r/o H.No. B-4X, 38/2, Makhdumpura, Jalandhar, Punjab have changed my minor son name from Smarth to Zorawar Bhatti. All Please Note.

I, Jatin s/o Dilbag Singh r/o Vill. Talwara, Po. Adampur, Distt. Jalandhar, Punjab have changed my name from Jatin to Jatin Sallan. All Please Note.

I, Manjeet Kaur w/o Jagroop Singh r/o VPO. Bhatnura Lubana, Distt. Jalandhar have changed the spelling of my name as Manjit Kaur. All Please Note.

I, Murli Manohar s/o Ram Rakha Sharma r/o 1-A Radha Swami Road, B/S Dr Daljit Eye Hospital, Mall Road, have added my surname to Murli Manohar Bhardwaj. All Please Note.

I, Ripu Daman s/o Murli Manohar Bhardwaj r/o 1-A Radha Swami Santsang Road B/S Dr Daljit Singh Hospital, Amritsar have added my surname to Ripu Daman Bhardwaj. All Please Note.

I, Harnek Singh s/o Nazar r/o VPO. Mehtan, Distt. Kapurthala have changed my name from Harnek Singh to Harnek Singh Mehat. All Please Note.

I, Sanjay Pundlik Dhavavle s/o Pundlik Dattatray Dhavale r/o Qtr No. 57, T-1, BSF Campus, Jalandhar, have changed my name to Sanjay Pundlik Dhavale. All Please Note.

I, Anuj Khanna S/o Rajeshwar Kumar Khanna R/o H.No. 414, Guru Teg Bahadur Nagar, Jalandhar have changed my minor daughter name from Angel Khanna to Sharanya Khanna. All Please Note.

I, hitherto known as Rainka D/o Vijay Kumar W/o Jaspal Masih R/o Village Rajpur, Po and Tehsil Bholath, Kapurthala, Punjab-144622, have changed my name and shall hereafter be known as Rainka Khosla.

I, Jaskaran s/o Mani Ram r/o H.No. B19/87, Nigha Mohalla, Mehali Gate, Phagwara, Distt. Kapurthala, Punjab- 144401 have changed my name to Jaskaran Sogy. (Given name as Jaskaran and surname as Sogy. All Please Note.

I, Ishit Gupta S/o Vishal Gupta r/o H.No. 36, Bank Colony, Mithapur Road, Jalandhar have changed my name spelling to Ishiit Gupta. All Please Note.

I, Kanta Rani Bathla W/o Mohan Lal Bathla R/o H.No. 686, New Model House, Jalandhar, Punjab have changed my name from Kanta Rani Bathla to Kanta Rani. All Please Note.

I, Jyoti W/o Raman Kumar R/o Adda Kathar Mander, Jalandhar, Punjab have changed my name from Jyoti to Jyoti Kumari. (Kumari as sur-name) All Please Note.

## ਨਾਂਅ ਦੀ ਬਦਲੀ

[illegible]

## Lost and Found

I, Jyoti Chadha W/o Pawan Chadha R/o N.J. 450, Mai Hiran Gate Jalandhar declare that one Original Sale deed No 5715 Dated 15.03.2013 have been lost in the Area Mai Hiran Gate jalandhar on 02.07.2025. I lodged a Complaint in Police Station Division No 3 Jalandhar for the said property. if anybody finds this document please contact our Address.

## PUBLIC NOTICE

I, Raj Rani D/o Tara Chand,R/o H.No-3273,Bhargav Camp, Jalandhar declare that my daughter Payal is out of my control. so I disown her from my all moveable and immoveable property.Anybody dealing with her at their own risk.All concerned may note.

I, Karamjit Kaur Widow of Makhan Singh R/o House No. 90, Puran Road, Jalandhar Cantt., Jalandhar, Punjab declare that my son Kamaljit Singh is out of my control. I disinherit him from my moveable and immovable properties. I and my family shall not be held responsible for any of his acts, deeds and things. All please note.

## ਆਮ ਸੂਚਨਾ

[illegible]

## ਬੇਦਖਲੀ ਨੋਟਿਸ

[illegible]

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

‘ਨਵਾਂ ਜ਼ਮਾਨਾ’ ਅਖਬਾਰ ਵਿੱਚ ਛਪਣ ਵਾਲੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ ’ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

✓ YES BANK ਰਜਿਸਟਰਡ ਅਤੇ ਕਾਰਪੋਰੇਟ ਦਫਤਰ : ਯੈੱਸ ਬੈਂਕ ਹਾਊਸ, ਆਫ ਵੈੱਸਟਰਨ ਐੱਕਸਪ੍ਰੈੱਸ ਹਾਈਵੇ, ਸਾਂਤਾਕਰੂਜ਼ (ਈਸਟ), ਮੁੰਬਈ-400055, ਇੰਡੀਆ, ਵੈੱਬਸਾਈਟ : www.yesbank.in Email : communications@yesbank.in, CIN : L65190MH2003PLC143249

### [ਰੂਲ-8 (1)] ਕਬਜ਼ਾ ਨੋਟਿਸ

ਜਦੋਂ ਕਿ ਨਿਮਨਹਸਤਾਖਰੀ ਨੇ ਯੈੱਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਵੱਲੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸੱਟ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (2002 ਦਾ 54) ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ (1) ਤਰਲੋਕ ਸਿੰਘ ਪੁੱਤਰ ਕਰਤਾਰ ਸਿੰਘ ਪਤਾ : ਪਿੰਡ ਭਾਕੂਵਾਲ, ਰਾਏਪੁਰ ਅਰਾਈਆਂ, ਕਪੂਰਥਲਾ, ਪੰਜਾਬ-144624 (2) ਪਰਮਜੀਤ ਕੌਰ ਪਤਨੀ ਤਰਲੋਕ ਸਿੰਘ ਪਤਾ : ਪਿੰਡ ਭਾਕੂਵਾਲ, ਰਾਏਪੁਰ ਅਰਾਈਆਂ, ਕਪੂਰਥਲਾ, ਪੰਜਾਬ-144624 (3) ਅਭਿਜੋਤ ਸਿੰਘ ਪੁੱਤਰ ਕਰਤਾਰ ਸਿੰਘ ਪਤਾ : ਪਿੰਡ ਭਾਕੂਵਾਲ, ਰਾਏਪੁਰ ਅਰਾਈਆਂ, ਕਪੂਰਥਲਾ, ਪੰਜਾਬ-144624 (4) ਭੁੱਲਰ ਐਸੋਸੀਏਟਸ ਐਂਡ ਕੰਸਟਰੱਕਸ਼ਨ ਕੰ. (ਰਾਹੀਂ ਇਸ ਦੇ ਭਾਈਵਾਲ ਤਰਲੋਕ ਸਿੰਘ) ਪਤਾ : ਪਿੰਡ ਭਾਕੂਵਾਲ, ਰਾਏਪੁਰ ਅਰਾਈਆਂ, ਕਪੂਰਥਲਾ, ਪੰਜਾਬ-144624 ਨੂੰ ਮਿਤੀ 17 ਫਰਵਰੀ 2025 ਨੂੰ ਉਕਤ ਨੋਟਿਸ ’ਚ ਦਰਸਾਈ ਰਕਮ ਰੁ. 22,54,067.82/-(ਬਾਈ ਲੱਖ ਚੁਰੰਜਾ ਹਜ਼ਾਰ ਸਤਾਹਠ ਰੁਪਏ ਅਤੇ ਬਿਆਸੀ ਪੈਸੇ ਕੇਵਲ) ਸਮੇਤ 7 ਜੁਲਾਈ 2025 ਤੋਂ ਇਸ ਉਪਰ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ਼ ਦੇ ਇਸ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦਾ ਦਿੰਦਾ ਡਿਮਾਂਡ ਨੋਟਿਸ 17 ਫਰਵਰੀ 2025 ਨੂੰ ਜਾਰੀ ਕੀਤਾ ਸੀ। ਕਰਜ਼ਦਾਰ ਅਤੇ ਗਰੰਟਰ ਮੁਕੰਮਲ ਬਕਾਇਆ ਅਦਾ ਕਰਨ ’ਚ ਅਸਫਲ ਰਹੇ ਹਨ। ਕਰਜ਼ਦਾਰ, ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਉਕਤ ਰੂਲ ਦੇ ਰੂਲ 8 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈਆਂ ਜਾਇਦਾਦਾਂ ਦਾ 7 ਜੁਲਾਈ 2025 ਨੂੰ ਕਬਜ਼ਾ ਹਾਸਲ ਕਰ ਲਿਆ ਹੈ। ਕਰਜ਼ਦਾਰ ਅਤੇ ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਉਕਤ ਜਾਇਦਾਦ ਸੰਬੰਧੀ ਸੌਦੇਬਾਜ਼ੀ ਕਰਨ ਤੋਂ ਖਬਰਦਾਰ ਕੀਤਾ ਜਾਂਦਾ ਹੈ ਅਤੇ ਉਕਤ ਜਾਇਦਾਦਾਂ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਯੈੱਸ ਬੈਂਕ ਲਿਮਟਿਡ ਦੀ 17 ਫਰਵਰੀ 2025 ਨੂੰ ਬਕਾਇਆ ਰਕਮ ਰੁ. 22,54,067.82/-(ਬਾਈ ਲੱਖ ਚੁਰੰਜਾ ਹਜ਼ਾਰ ਸਤਾਹਠ ਰੁਪਏ ਅਤੇ ਬਿਆਸੀ ਪੈਸੇ ਕੇਵਲ) ਅਤੇ ਇਸ ਉਪਰ ਭਵਿੱਖੀ ਵਿਆਜ ਅਤੇ ਲਾਗਤਾਂ ਦੀ ਵਸੂਲੀ ਹੇਠ ਹੋਵੇਗੀ।

ਉਪਲੱਬਧ ਸਮੇਂ ’ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 8 ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

### ਰਹਿਣ ਕੀਤੀ ਅਚੱਲ ਜਾਇਦਾਦ ਦਾ ਵੇਰਵਾ

| ਰਹਿਣ ਕੀਤੀ ਜਾਇਦਾਦ ਦਾ ਵੇਰਵਾ | ਹੱਦਾਂ | ਰਹਿਣਕਾਰ |
|---|---|---|
| ਗੈਰ-ਖੇਤੀਬਾੜੀ ਵਾਲੀ ਜਾਇਦਾਦ ਰਕਬਾ 04 ਮਰਲੇ, ਖੱਤਾ ਨੰ. 19/22, ਜਮ੍ਹਾਂਬੰਦੀ ਸਾਲ 2004-05, ਖਸਰਾ ਨੰ. 24/1/9-3, 24/4/1-2, 33/2/0-5, 24/2/0-4, 24/3/0-3, 33/1/0-5 ਕਿੱਤੇ 6 ਨਾਲ ਸੰਬੰਧਤ ਸਭ ਕੁਝ, ਭੇਵਲ, ਤਹਿਸੀਲ ਭੁਲੱਥ, ਜ਼ਿਲ੍ਹਾ ਕਪੂਰਥਲਾ, ਪੰਜਾਬ। | ਉੱਤਰ : ਲੰਬੜਦਾਰ, ਦੱਖਣ : ਵੱਸਣ, ਪੂਰਬ : ਜੀਤ ਸਿੰਘ, ਪੱਛਮ : ਸੜਕ | ਤਰਲੋਕ ਸਿੰਘ ਪੁੱਤਰ ਕਰਤਾਰ ਸਿੰਘ |

ਮਿਤੀ : 07 ਜੁਲਾਈ 2025 ਵਾਸਤੇ ਯੈੱਸ ਬੈਂਕ ਲਿਮਟਿਡ
ਸਥਾਨ : ਕਪੂਰਥਲਾ ਸ੍ਰੀ ਅਮਿਤ ਸ਼ਰਮਾ, (ਅਧਿਕਾਰਤ ਅਫਸਰ)

pnb PUNJAB NATIONAL BANK
Branch Office:- BAREWAL AWANA, DISTT. LUDHIANA

### ( ਰੂਲ-8 (1) ) ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

ਜਦੋਂ ਕਿ ਨਿਮਨਹਸਤਾਖਰੀ ਨੇ ਸਕਿਓਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਓਰਟੀ ਇੰਟਰੈਸਟ ਐਕਟ 2002 ਅਧੀਨ ਪੰਜਾਬ ਨੈਸ਼ਨਲ ਬੈਂਕ ਬਾੜੇਵਾਲ ਅਵਾਣਾ ਲੁਧਿਆਣਾ ਦਾ ਅਧਿਕਾਰਤ ਅਫਸਰ ਹੋਣ ਦੇ ਨਾਤੇ ਅਤੇ ਸਕਿਓਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਕਰਜ਼ਦਾਰਾਂ/ਗਰੰਟਰਾਂ ਨੂੰ ਸੈਕਸ਼ਨ 13 (2) ਤਹਿਤ ਹੇਠਾਂ ਦਰਸਾਈ ਮਿਤੀ ’ਤੇ ਡਿਮਾਂਡ ਨੋਟਿਸ ਜਾਰੀ ਕਰਦਿਆਂ ਨੋਟਿਸ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਨੋਟਿਸ ’ਚ ਦਰਸਾਈ ਰਕਮ ਅਦਾ ਕਰਨ ਲਈ ਕਿਹਾ ਸੀ।

ਕਰਜ਼ਦਾਰ/ਗਰੰਟਰ/ਰਹਿਣਕਾਰ ਰਾਸ਼ੀ ਅਦਾ ਕਰਨ ਵਿੱਚ ਅਸਫਲ ਰਹੇ ਹਨ। ਜਾਇਦਾਦ ਦੇ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਸਕਿਓਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸ਼ੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦਰਸਾਈਆਂ ਜਾਇਦਾਦਾਂ ਦਾ ਹਰੇਕ ਖਾਤੇ ਵਿਰੁੱਧ ਦਰਸਾਈਆਂ ਗਈਆਂ ਮਿਤੀਆਂ ਨੂੰ (ਭੌਤਿਕ/ਸੰਕੇਤਕ) ਕਬਜ਼ਾ ਪ੍ਰਾਪਤ ਕਰ ਲਿਆ ਹੈ।

ਵਿਸ਼ੇਸ਼ ਕਰਕੇ ਕਰਜ਼ਦਾਰਾਂ/ਗਰੰਟਰਾਂ ਅਤੇ ਆਮ ਜਨਤਾ ਨੂੰ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ ਸੰਬੰਧੀ ਕੋਈ ਲੈਣ-ਦੇਣ ਨਾ ਕਰਨ ਅਤੇ ਜਾਇਦਾਦ ਸੰਬੰਧੀ ਕੀਤਾ ਗਿਆ ਕੋਈ ਵੀ ਲੈਣ-ਦੇਣ ਪੰਜਾਬ ਨੈਸ਼ਨਲ ਬੈਂਕ ਨੂੰ ਬਾੜੇਵਾਲ ਅਵਾਣਾ ਲੁਧਿਆਣਾ ਹੇਠਾਂ ਦਰਸਾਈ ਰਕਮ ਅਤੇ ਉਸ ਉੱਪਰ ਭਵਿੱਖੀ ਵਿਆਜ ਅਤੇ ਲਾਗਤਾਂ ਦਾ ਹੱਕਦਾਰ ਬਣਾਵੇਗਾ।

ਉਪਲਬਧ ਸਮੇਂ ’ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਦਾ ਧਿਆਨ ਐਕਟ ਦੇ ਸ਼ੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।

| ਕਰਜ਼ਦਾਰ/ਗਰੰਟਰ/ਜਾਇਦਾਦ ਦੇ ਮਾਲਕ ਦਾ ਨਾਂਅ | ਰਹਿਣ ਕੀਤੀਆਂ ਜਾਇਦਾਦਾਂ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ਾ ਨੋਟਿਸ ਦੀ ਮਿਤੀ | ਕਬਜ਼ੇ ਦੀ ਕਿਸਮ / ਬਕਾਇਆ ਰਕਮ |
|---|---|---|---|---|
| (ਕਰਜ਼ਦਾਰ) :- (1) ਸ੍ਰੀਮਤੀ ਹਰਪਾਲ ਕੌਰ ਪਤਨੀ ਸ੍ਰੀ ਜਗਤਾਰ ਸਿੰਘ # ਮਕਾਨ ਨੰ. 30, ਗਲੀ ਨੰ. 2, ਭਾਈ ਹਿੰਮਤ ਸਿੰਘ ਨਗਰ, ਬਲਾਕ-ਬੀ, ਦੁਗਰੀ, ਸ਼ਾਲੀਮਾਰ ਪਾਰਕ, ਲੁਧਿਆਣਾ-141013 (2) ਸ੍ਰੀ ਜਗਤਾਰ ਸਿੰਘ ਪੁੱਤਰ ਸ੍ਰੀ ਵਰਿਆਮ ਸਿੰਘ # ਮਕਾਨ ਨੰ. 30, ਗਲੀ ਨੰ. 2, ਭਾਈ ਹਿੰਮਤ ਸਿੰਘ ਨਗਰ, ਬਲਾਕ-ਬੀ, ਦੁਗਰੀ, ਸ਼ਾਲੀਮਾਰ ਪਾਰਕ, ਲੁਧਿਆਣਾ-141013 | ਬੈਨਾਮਾ ਵਸੀਕਾ ਨੰ. 10965 ਮਿਤੀ 21.03.2016 ਅਨੁਸਾਰ ਸ੍ਰੀਮਤੀ ਹਰਪਾਲ ਕੌਰ ਪਤਨੀ ਸ੍ਰੀ ਜਗਤਾਰ ਸਿੰਘ ਦੇ ਨਾਂਅ ’ਤੇ ਰਜਿਸਟਰਡ ਜਾਇਦਾਦ ਰਕਬਾ 150 ਵਰਗ ਗਜ਼, ਪਲਾਟ ਨੰ. 30, ਖੱਤਾ ਨੰ. 1644/2227, ਖਸਰਾ ਨੰ. 1519, ਜਮ੍ਹਾਂਬੰਦੀ ਸਾਲ 2010-2011, ਹਦਬਸਤ ਨੰ. 263, ਪਿੰਡ ਗਿੱਲ-2, ਗਲੀ ਨੰ. 2, ਸ਼ਾਲੀਮਾਰ ਪਾਰਕ, ਭਾਈ ਹਿੰਮਤ ਸਿੰਘ ਨਗਰ, ਬਲਾਕ-ਬੀ, ਦੁਗਰੀ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ। ਹੱਦਾਂ : ਗਲੀ 20’ ਚੌੜੀ 30’-00”, ਪੱਛਮ : ਗੁਆਂਢ-30’-00”, ਉੱਤਰ ਪਲਾਟ ਨੰ. 29, -45’-00”, ਦੱਖਣ : ਪਲਾਟ ਨੰ. 31-45’-00” | 03.05.2025 | 07.07.2025 | ਸੰਕੇਤਕ ਕਬਜ਼ਾ; ਰੁ. 30,92,033.45/- (ਤੀਹ ਲੱਖ ਬਾਨਵੇਂ ਹਜ਼ਾਰ ਤੇਤੀ ਰੁਪਏ ਪੰਜਤਾਲੀ ਪੈਸੇ ਕੇਵਲ) 30.04.2025 ਨੂੰ ਬਕਾਇਆ, ਜਮ੍ਹਾਂ ਇਸ ਉਪਰ 01.05.2025 ਤੋਂ ਭਵਿੱਖੀ ਵਿਆਜ, ਹੋਰ ਚਾਰਜਿਜ਼ ਅਤੇ ਖਰਚੇ। |

ਮਿਤੀ : 09-07-2025 ਸਥਾਨ : ਲੁਧਿਆਣਾ ਅਧਿਕਾਰਤ ਅਫਸਰ


# ਕਿਰਤ ਕਾਨੂੰਨਾਂ ’ਚ ਕੀਤੀਆਂ ਸੋਧਾਂ ਤੇ ਨਿੱਜੀਕਰਨ ਦੀਆਂ ਨੀਤੀਆਂ ਖਿਲਾਫ ਮੁਜ਼ਾਹਰੇ



**ਸ਼ਾਹਕੋਟ (ਗਿਆਨ ਸੈਦਪੁਰੀ)**-ਕੇਂਦਰੀ ਟ੍ਰੇਡ ਯੂਨੀਅਨਾਂ ਦੇ ਸਾਂਝੇ ਪਲੇਟਫਾਰਮ ਵੱਲੋਂ ਨਿੱਜੀਕਰਨ ਅਤੇ ਚਾਰ ਨਵੇਂ ਕਿਰਤ ਕਾਨੂੰਨਾਂ ਖਿਲਾਫ ਭਾਰਤ ਬੰਦ ਦੇ ਦਿੱਤੇ ਸੱਦੇ ’ਤੇ ਇਲਾਕੇ ਦੀਆਂ ਟ੍ਰੇਡ ਯੂਨੀਅਨਾਂ ਅਤੇ ਮਜ਼ਦੂਰ, ਕਿਸਾਨ ਅਤੇ ਮੁਲਾਜ਼ਮ ਜਥੇਬੰਦੀਆਂ ਨੇ ਸ਼ਾਹਕੋਟ ਤੇ ਨਕੋਦਰ ਵਿਚ ਰੋਹ ਭਰਪੂਰ ਮੁਜ਼ਾਹਰੇ ਕੀਤੇ। ਸ਼ਾਹਕੋਟ ਵਿਖੇ ਆਸ਼ਾ ਵਰਕਰਾਂ, ਡੈਮੋਕ੍ਰੇਟਿਕ ਟੀਚਰਜ਼ ਫਰੰਟ ਅਤੇ ਸਿਹਤ ਵਰਕਰਾਂ ਨੇ ਸਰਕਾਰੀ ਹਸਪਤਾਲ ਵਿਚ ਰੈਲੀ ਕਰਕੇ ਕਸਬੇ ਅੰਦਰ ਮੁਜ਼ਾਹਰਾ ਕੀਤਾ। ਡੀ.ਟੀ.ਐਫ ਦੇ ਜ਼ਿਲ੍ਹਾ ਪ੍ਰਧਾਨ ਕੁਲਵਿੰਦਰ ਸਿੰਘ ਜੋਸਨ, ਬਲਾਕ ਆਗੂ ਅੰਮ੍ਰਿਤਪਾਲ ਸਿੰਘ ਤੇ ਰਾਜਵਿੰਦਰ ਸਿੰਘ ਅਤੇ ਸਿਹਤ ਕਰਮਚਾਰੀ ਅਮਨਦੀਪ ਸਿੰਘ ਨੇ ਰੈਲੀ ਨੂੰ ਸੰਬੋਧਨ ਕੀਤਾ। ਨਕੋਦਰ ਦੇ ਪਾਵਰਕੌਮ ਦੇ ਦਫਤਰ ਵਿਚ ਵੱਖ-ਵੱਖ ਜਥੇਬੰਦੀਆਂ ਵੱਲੋਂ ਲਗਾਏ ਧਰਨੇ ਵਿਚ ਬਿਜਲੀ ਕਾਮਿਆਂ, ਜੰਗਲਾਤ ਵਿਭਾਗ ਦੇ ਕੱਚੇ ਕਾਮਿਆਂ, ਮਜ਼ਦੂਰ ਤੇ ਕਿਸਾਨ ਜਥੇਬੰਦੀਆਂ ਦੇ ਸੈਂਕੜੇ ਵਰਕਰਾਂ ਨੇ ਭਾਗ ਲਿਆ। ਧਰਨੇ ਨੂੰ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ, ਟੈਕਨੀਕਲ ਸਰਵਿਸਿਜ਼ ਯੂਨੀਅਨ ਸਰਕਲ ਕਪੂਰਥਲਾ ਦੇ ਪ੍ਰਧਾਨ ਸੰਜੀਵ ਕੁਮਾਰ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਹਰਮੇਸ਼ ਮਾਲੜੀ, ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਪ੍ਰਧਾਨ ਦਰਸ਼ਨ ਨਾਹਰ, ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਭਾਰਤੀ ਕਿਸਾਨ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਮੋਹਨ ਸਿੰਘ ਬੱਲ, ਜਮਹੂਰੀ ਕਿਸਾਨ ਸਭਾ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਮਨੋਹਰ ਸਿੰਘ ਗਿੱਲ ਅਤੇ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਗੁਰਨਾਮ ਸਿੰਘ ਤੱਗੜ ਨੇ ਸੰਬੋਧਨ ਕੀਤਾ। ਰੈਲੀ ਤੋਂ ਉਪਰੰਤ ਪਾਵਰਕੌਮ ਦੇ ਦਫਤਰ ਤੋਂ ਲੈ ਕੇ ਬੱਸ ਅੱਡੇ ਤੱਕ ਮੁਜ਼ਾਹਰਾ ਕੀਤਾ। ਇਸ ਮੌਕੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾਈ ਆਗੂ ਗਿਆਨ ਸੈਦਪੁਰੀ, ਜਮਹੂਰੀ ਅਧਿਕਾਰ ਸਭਾ ਦੇ ਆਗੂ ਗੁਰਮੀਤ ਸਿੰਘ ਕੋਟਲੀ ਤੇ ਗੁਰਮੇਲ ਸਿੰਘ ਬੋਪਾਰਾਏ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਆਗੂ ਹਰਪਾਲ ਬਿੱਟਾ, ਸੁਖਜਿੰਦਰ ਲਾਲੀ ਤੇ ਸਤਨਾਮ ਉੱਗੀ, ਤਰਕਸ਼ੀਲ ਆਗੂ ਪ੍ਰਿਤਪਾਲ ਬਾਗ਼ਪੁਰੀ, ਰਾਮ ਸਿੰਘ ਕੈਮਵਾਲਾ, ਦਰਸ਼ਪਾਲ ਅਤੇ ਕਿਸਾਨ ਆਗੂ ਮਲਕੀਤ ਸਿੰਘ ਹਾਜ਼ਰ ਸਨ।

# ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ’ਚ ਵਿਦਿਆਰਥੀਆਂ ਨੂੰ ਵਰਦੀਆਂ ਵੰਡੀਆਂ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਬਲਾਕ ਡੇਰਾ ਬਾਬਾ ਨਾਨਕ 1 ਅਧੀਨ ਆਉਂਦੇ ਸਰਕਾਰੀ ਪ੍ਰਾਇਮਰੀ ਸਕੂਲ ਨੰਬਰ 3 ਡੇਰਾ ਬਾਬਾ ਨਾਨਕ ਵਿਖੇ ਪਹਿਲੀ ਜਮਾਤ ਤੋਂ ਪੰਜਵੀਂ ਜਮਾਤ ਵਿੱਚ ਪੜ੍ਹਦੇ 95 ਵਿਦਿਆਰਥੀਆਂ ਨੂੰ ਪੰਜਾਬ ਸਰਕਾਰ ਵੱਲੋਂ ਭੇਜੀਆਂ ਗਈਆਂ ਵਰਦੀਆਂ ਵੰਡੀਆਂ।ਇਸ ਮੌਕੇ ਬਲਾਕ ਡੇਰਾ ਬਾਬਾ ਨਾਨਕ 1 ਦੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਭਾਰਤ ਰਤਨ ਅਤੇ ਜ਼ਿਲ੍ਹਾ ਰਿਸੋਰਸ ਕੋਆਰਡੀਨੇਟਰ ਗੁਰਨਾਮ ਸਿੰਘ ਦੀ ਦੇਖ ਰੇਖ ਹੇਠ ਸਕੂਲ ਇੰਚਾਰਜ ਅਤੇ ਸੈਂਟਰ ਮੁੱਖ ਅਧਿਆਪਕਾ ਮਮਤਾ ਵੱਲੋਂ ਸਕੂਲ ਵਿੱਚ ਪੜ੍ਹਦੇ 95 ਵਿਦਿਆਰਥੀਆਂ ਨੂੰ ਪੰਜਾਬ ਸਰਕਾਰ ਵੱਲੋਂ ਭੇਜੀ ਗਈ 57 ਹਜ਼ਾਰ ਰੁਪਏ ਦੀ ਗ੍ਰਾਂਟ ਰਾਸ਼ੀ ਨਾਲ ਖਰੀਦੀਆਂ ਗਈਆਂ ਵਰਦੀਆਂ ਵੰਡੀਆਂ ਗਈਆਂ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਭਾਰਤ ਰਤਨ ਅਤੇ ਜ਼ਿਲ੍ਹਾ ਰਿਸੋਰਸ ਕੋਆਰਡੀਨੇਟਰ ਗੁਰਨਾਮ ਸਿੰਘ ਨੇ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਨੂੰ ਮਿਡ ਡੇ ਮੀਲ ਤਹਿਤ ਦੁਪਹਿਰ ਦਾ ਖਾਣਾ, ਫ੍ਰੀ ਕਿਤਾਬਾਂ, ਫ੍ਰੀ ਵਰਦੀਆਂ ਅਤੇ ਹੋਰ ਕਈ ਤਰ੍ਹਾਂ ਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।ਇਸ ਮੌਕੇ ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੀ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ ਅਤੇ ਸਰਕਾਰ ਵੱਲੋਂ ਬੱਚਿਆਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਲਾਭ ਉਠਾਉਣ।ਇਸ ਮੌਕੇ ਸੰਦੀਪ ਕੁਮਾਰ ਸ਼ਰਮਾ ਬੀਆਰਸੀ ਦੀਨਾਨਗਰ ਬਲਾਕ ਨੰਬਰ 2, ਲਵਪ੍ਰੀਤ ਸਿੰਘ ਘੁੰਮਣ ਬੀਆਰਸੀ ਡੇਰਾ ਬਾਬਾ ਨਾਨਕ ਬਲਾਕ ਨੰਬਰ 1, ਦਿਲਰਾਜ ਸਿੰਘ ਬੀਪੀਈਓ ਕਲਰਕ, ਅਧਿਆਪਕ ਰਾਜ ਸੁਖਵਿੰਦਰ ਸਿੰਘ, ਮੈਡਮ ਰੁਪਿੰਦਰ ਕੌਰ, ਰਘਬੀਰ ਸਿੰਘ, ਮੋਹਿਤ ਮਲਿਕ, ਮੈਡਮ ਰੀਤੂ ਮਹਾਜਨ, ਮੈਡਮ ਬੱਬਲੀ, ਗੁਰਪ੍ਰੀਤ ਕੌਰ, ਹਰਪ੍ਰੀਤ ਕੌਰ ਅਤੇ ਲਖਵਿੰਦਰ ਕੌਰ ਆਦਿ ਸਕੂਲ ਸਟਾਫ ਹਾਜ਼ਰ ਸੀ।


## ਬੇਦਖਲੀ ਨੋਟਿਸ

ਅਸੀਂ, ਕੁਲਵੀਰ ਸਿੰਘ ਪੁੱਤਰ ਜੰਗ ਸਿੰਘ, ਸਿੰਦਰਪਾਲ ਕੌਰ ਪਤਨੀ ਕੁਲਵੀਰ ਸਿੰਘ, ਪਿੰਡ ਘਨੌਰੀ ਕਲਾਂ (ਸੰਗਰੂਰ) ਆਪਣੇ ਲੜਕੇ ਗਗਨਦੀਪ ਸਿੰਘ ਅਤੇ ਨੂੰਹ ਹਰਮਨਪ੍ਰੀਤ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਨਾਲ ਲੈਣ ਦੇਣ ਕਰਨ ਅਤੇ ਸੰਬੰਧ ਰੱਖਣ ਵਾਲੇ ਖ਼ੁਦ ਜ਼ਿੰਮੇਵਾਰ ਹੋਣਗੇ।

ਮੈਂ ਰਾਮਦਿਆਲ ਪੁੱਤਰ ਬਤਨਾ ਰਾਮ ਵਾਸੀ ਪਿੰਡ ਖਨੌੜਾ ਜਿਲਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪਵਨ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹ ਆਪਣੇ ਕੀਤੇ ਚੰਗੇ ਮਾੜੇ ਕੰਮ, ਕਿਸੇ ਨਾਲ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਦਾ ਖੁਦ ਜੁੰਮੇਵਾਰ ਹੋਵੇਗਾ। ਮੇਰੀ ਕੋਈ ਵੀ ਜੁੰਮੇਵਾਰੀ ਨਹੀ ਹੋਵੇਗੀ।

ਮੈਂ ਕੁਲਵੰਤ ਸਿੰਘ ਪੁੱਤਰ ਧਿਆਨ ਸਿੰਘ ਵਾਸੀ ਪਿੰਡ ਦੇਹੜ ਤਹਿਸੀਲ ਡੇਰਾ ਬਾਬਾ ਨਾਨਕ ਜ਼ਿਲ੍ਹਾ ਗੁਰਦਾਸਪੁਰ ਬਿਆਨ ਹਲਫੀਆ ਕਰਦਾ ਹਾਂ ਕਿ ਮੈ ਆਪਣੇ ਪੁੱਤਰ ਸਾਹਿਬ ਸਿੰਘ ਅਤੇ ਉਸਦੀ ਪਤਨੀ ਗੁਰਜੀਤ ਕੌਰ ਜੋ ਮੇਰੇ ਕਹਿਣੇ ਤੋ ਬਾਹਰ ਸਨ,ਉਨ੍ਹਾਂ ਨੂੰ ਮਿਤੀ 15/07/2021 ਨੂੰ ਪੰਜਾਬੀ ਅਖਬਾਰ ਨਵਾਂ ਜ਼ਮਾਨਾ ਰਾਹੀ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋ ਬੇਦਖਲ ਕੀਤਾ ਸੀ ,ਹੁਣ ਮੇਰਾ ਪੁੱਤਰ ਸਾਹਿਬ ਸਿੰਘ ਅਤੇ ਉਸ ਦੀ ਪਤਨੀ ਗੁਰਜੀਤ ਕੌਰ ਮੇਰੇ ਕਹਿਣੇ ਵਿੱਚ ਹਨ ਤੇ ਮੇਰੀ ਸੇਵਾ ਸੰਭਾਲ ਕਰਦੇ ਹਨ।ਮੈਂ ਆਪਣੀ ਬੇਦਖਲੀ ਵਾਪਿਸ ਲੈਂਦਾ ਹਾਂ ,ਮੇਰਾ ਪੁੱਤਰ ਸਾਹਿਬ ਸਿੰਘ ਅਤੇ ਮੇਰੀ ਨੂੰਹ ਗੁਰਜੀਤ ਕੌਰ ਮੇਰੀ ਚੱਲ-ਅਚੱਲ ਜਾਇਦਾਦ ਦੇ ਕਾਨੂੰਨੀ ਵਾਰਸ ਹੋਣਗੇ ,ਸਬੰਧਤ ਨੋਟ ਕਰਨ ।

ਅਸੀਂ ਦਵਿੰਦਰ ਸਿੰਘ ਪੁੱਤਰ ਬਚਨ ਸਿੰਘ ਅਤੇ ਹਰਜੀਤ ਕੌਰ ਪਤਨੀ ਦਵਿੰਦਰ ਸਿੰਘ ਵਾਸੀ ਮਕਾਨ ਨੰ: ਐੱਸ 15/54 ਏ, ਗਲੀ ਮੀਆਂ ਸਿੰਘ ਚੌਕ ਕਰੋੜੀ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਰਾਜਾ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਅਸੀਂ ਅਤੇ ਸਾਡਾ ਪਰਵਾਰ ਇਸ ਦੇ ਕਿਸੇ ਲੈਣ- ਦੇਣ ਦੇ ਜ਼ਿੰਮੇਵਾਰ ਨਹੀਂ ਹੋਵਾਂਗੇ।

ਮੈਂ, ਸਰਬਜੀਤ ਕੌਰ ਪਤਨੀ ਲੇਟ ਸਤਪਾਲ ਸਿੰਘ ਵਾਸੀ ਹਾਊਸ ਨੰ: 804/07 ਬੇਦੀ ਨਗਰ ਬੈਕ ਸਾਈਡ ਮੰਦਰ ਦੀ ਬੰਦ ਗਲੀ, ਮੋਗਾ, ਤਹਿਸੀਲ ਵਾ ਜ਼ਿਲ੍ਹਾ ਮੋਗਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸੁਖਵਿੰਦਰ ਸਿੰਘ ਅਤੇ ਮੇਰੀ ਨੂੰਹ ਕਮਲਜੀਤ ਕੌਰ ਪਤਨੀ ਸੁਖਵਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਮੇਰੇ ਨਾਲ ਲੜਾਈ-ਝਗੜਾ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਜਸਵੰਤ ਸਿੰਘ ਪੁੱਤਰ ਮੁਕੰਦ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਮੁਖਤਿਆਰ ਪੱਤੀ, ਪਿੰਡ ਜੈਮਲਵਾਲਾ, ਤਹਿਸੀਲ ਬਾਘਾ ਪੁਰਾਣਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮਨਪ੍ਰੀਤ ਸਿੰਘ ਵਾ ਉਸ ਦੀ ਪਤਨੀ ਰੁਪਿੰਦਰ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਸਾਡੇ ਨਾਲ ਲੜਾਈ-ਝਗੜਾ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਲਖਵਿੰਦਰ ਸਿੰਘ ਪੁੱਤਰ ਜਰਨੈਲ ਸਿੰਘ, ਵਾਸੀ ਪਿੰਡ ਸੱਦਾ, ਡਾਕਖਾਨਾ ਮਗਰਮੂਦੀਆ, ਤਹਿਸੀਲ ਦੀਨਾਨਗਰ, ਜ਼ਿਲ੍ਹਾ ਗੁਰਦਾਸਪੁਰ, ਮੇਰਾ ਲੜਕਾ ਗੁਰਵਿੰਦਰ ਸਿੰਘ ਉਰਫ ਪ੍ਰਿੰਸ ਜੋ ਮੇਰੇ ਅਤੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸਰਬਜੀਤ ਕੌਰ ਪਤਨੀ ਲੇਟ ਜਗਜੀਤ ਸਿੰਘ ਵਾਸੀ ਪਿੰਡ ਕਾਲੇ, ਨੇੜੇ ਡੇਰਾ ਬਾਬਾ ਦਰਸ਼ਨ ਸਿੰਘ, ਛੇਹਰਟਾ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਨਿਰਵੈਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਮੈਂ ਇਸ ਨਾਲੋਂ ਸਾਰੇ ਸੰਬੰਧ ਖਤਮ ਕਰ ਰਹੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਵਿਜੇ ਕੁਮਾਰੀ ਪਤਨੀ ਸ੍ਰੀ ਰਾਧੇ ਸ਼ਾਮ, ਵਾਸੀ ਪਹਿਲਾਂ ਡਾਕਖਾਨਾ ਨੰਗਲਾ ਰਾਮ ਸੁੰਦਰ ਗਰਾਮ ਰਾਜਪੁਰ ਤਮੇਰੀ, ਜਸਵੰਤ ਨਗਰ, ਇਟਾਵਾ ਉੱਤਰ ਪ੍ਰਦੇਸ਼, ਹਾਲ ਵਾਸੀ ਮਕਾਨ ਨੰਬਰ ਡੀ-8/139 ਗਲੀ ਨੰਬਰ 5 ਇੰਦਰਪੁਰੀ ਕੋਟ ਖਾਲਸਾ ਖਾਲਸਾ ਕਾਲਜ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸੋਨੂੰ ਕੁਮਾਰ ਉਮਰ ਬਿੱਲਾ (ਕੁਆਰਾ) ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਬਾਕੀ ਪਰਵਾਰਕ ਮੈਂਬਰਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਕਾਲਾ ਪੁੱਤਰ ਬੀਰਾ ਅਤੇ ਭੋਲੀ ਪਤਨੀ ਕਾਲਾ ਵਾਸੀਆਨ ਪਿੰਡ ਸੁਪਾਰੀਵਿੰਡ, ਤਹਿਸੀਲ ਮਜੀਠਾ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਸੰਨੀ ਸਾਡੇ ਕਹਿਣੇ ਤੋਂ ਬਾਹਰ ਹੈ ਤੇ ਸਾਡੇ ਨਾਲ ਲੜਾਈ-ਝਗੜਾ ਕਰਦਾ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਜਸਬੀਰ ਕੌਰ ਪਤਨੀ ਨਿਸ਼ਾਨ ਸਿੰਘ ਵਾਸੀ ਪਿੰਡ ਮਹਿਦੀਪੁਰ, ਖੇਮਕਰਨ, ਮਹਿਦੀਪੁਰ, ਤਰਨ ਤਾਰਨ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਜਸ਼ਮਨਪ੍ਰੀਤ ਸਿੰਘ ਮੇਰੇ ਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ, ਰਣਜੀਤ ਕੌਰ ਪਤਨੀ ਬਲਵਿੰਦਰ ਸਿੰਘ ਵਾਸੀ ਮਕਾਨ ਨੰ: 264, ਨੇੜੇ ਪੰਜ ਪੀਰ, ਨਿਊ ਗੋਲਡਨ ਐਵੀਨਿਊ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਅਵਤਾਰ ਸਿੰਘ (ਸ਼ਾਦੀਸ਼ੁਦਾ) ਮੇਰੇ ਕਹਿਣੇ ਤੋਂ ਬਾਹਰ ਹੈ ਤੇ ਮੇਰੇ ਨਾਲ ਲੜਾਈ-ਝਗੜਾ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਸਰਬਜੀਤ ਕੌਰ ਪਤਨੀ ਚਰਨ ਸਿੰਘ ਵਾਸੀ ਈ 7/771, ਗੁਰੂ ਰਾਮਦਾਸ ਕਾਲੋਨੀ, ਨਰਾਇਣਗੜ੍ਹ, ਛੇਹਰਟਾ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਗੁਰਪਾਲ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਅਤੇ ਮੇਰੇ ਬਾਕੀ ਪਰਵਾਰਕ ਮੈਂਬਰਾਂ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ ਅਰਜਨ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਗਲੀ ਗੁਰਿੰਦਰ ਪ੍ਰਿੰਟਿੰਗ ਪ੍ਰੈਸ ਵਾਲੀ, ਮੁਹੱਲਾ ਜਸਵੰਤ ਸਿੰਘ, ਤਰਨ ਤਾਰਨ ਜਿਲਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਸਤਨਾਮ ਸਿੰਘ ਮੇਰਾ ਲੜਕਾ ਹੈ (ਕੁਆਰਾ) ਮੇਰੇ ਨਾਲ ਲੜਾਈ ਝਗੜੇ ਕਰਦਾ ਹੈ, ਜੋ ਕਿ ਮੇਰੇ ਕਹਿਣੇ ਤੋ ਬਾਹਰ ਹੈ ਅਤੇ ਆਪਣੀ ਮਨਮਰਜੀ ਕਰਦਾ ਹੈ। ਮੈਨੂੰ ਅਤੇ ਮੇਰੇ ਪ੍ਰੀਵਾਰ ਦੇ ਬਾਕੀ ਮੈਂਬਰਾਂ ਨੂੰ ਤੰਗ ਪ੍ਰੇਸ਼ਾਨ ਕਰਦਾ ਰਹਿੰਦਾ ਹੈ। ਮੈਂ ਇਸ ਨੂੰ ਬਹੁਤ ਸਮਝਾਇਆ ਪਰ ਮੇਰੇ ਕਹਿਣੇ ਦੇ ਵਿਚ ਨਹੀ ਰਿਹਾ ਹੈ। ਇਸ ਕਰਕੇ ਮੈਂ ਆਪਣੇ ਲੜਕੇ ਸਤਨਾਮ ਸਿੰਘ ਦੀਆ ਮਾੜੀਆ ਹਰਕਤਾ ਤੋਂ ਦੁਖੀ ਹੋ ਕੇ ਇਸ ਨੂੰ ਆਪਣੀ ਚੱਲ ਅਤੇ ਅਚੱਲ ਹਰ ਕਿਸਮ ਜਾਇਦਾਦ ਅਤੇ ਆਪਣੇ ਨਿੱਜੀ ਪ੍ਰੀਵਾਰਕ ਰਿਸ਼ਤੇ-ਨਾਤੇ ਤੋਂ ਬੇਦਖਲ ਕਰਦਾ ਹਾਂ ਅੱਜ ਤੋਂ ਬਾਅਦ ਇਸ ਦਾ ਮੇਰਾ ਅਤੇ ਮੇਰੇ ਪ੍ਰੀਵਾਰਕ ਮੈਬਰਾ ਦਾ ਇਸ ਦੇ ਨਾਲ ਕੋਈ ਸੰਬੰਧ ਅਤੇ ਰਿਸ਼ਤਾ-ਨਾਤਾ ਨਹੀਂ ਰਿਹਾ ਹੈ।

ਮੈਂ ਸੁਰਿੰਦਰ ਕੁਮਾਰ ਪੁੱਤਰ ਬਚਨਾ ਰਾਮ ਵਾਸੀ ਪਿੰਡ ਬੋਪਾਰਾਏ ਖੁਰਦ, ਤਹਿਸੀਲ ਫਿਲੌਰ, ਜਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਬਲਵਿੰਦਰ ਕੌਰ ਪਤਨੀ ਸੁਖਜਿੰਦਰ ਸਿੰਘ ਉਰਫ ਸੋਨੂੰ ਮੇਰੇ ਕਹਿਣੇ ਕੰਟਰੋਲ ਤੋਂ ਬਾਹਰ ਹੈ। ਮੈਂ ਉਸਨੂੰ ਆਪਣੀ ਚੱਲ ਅੱਚਲ ਜਇਦਾਦ ਤੋਂ ਬੇਦਖ਼ਲ ਕਰਦਾ ਹਾਂ। ਹੁਣ ਮੇਰਾ ਅਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਤਲਕ ਵਾਸਤਾ ਨਹੀਂ ਹੈ।ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਆਪ ਜ਼ਿੰਮੇਵਾਰ ਹੋਵੇਗਾ।

ਮੈਂ ਨਰਿੰਦਰ ਸਿੰਘ ਪੁੱਤਰ ਗੁਰਦੀਪ ਸਿੰਘ ਵਾਸੀ ਪਿੰਡ ਲਾਲੂ ਘੁੰਮਣ ਤਹਿ ਜ਼ਿਲ੍ਹਾ ਤਰਨ ਤਾਰਨ ਦਾ ਰਹਿਣ ਵਾਲਾ ਹਾਂ। ਹੇਠ ਲਿਖਿਆ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਅਮਨਜੋਤਪ੍ਰੀਤ ਕੌਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ, ਮੈਂ ਇਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ।ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਅਸੀਂ ਬਲਜੀਤ ਸਿੰਘ ਬਸੂਟਾ ਪੁੱਤਰ ਕਰਮ ਸਿੰਘ ਅਤੇ ਹਰਜਿੰਦਰ ਕੌਰ ਬਸੂਟਾ ਪਤਨੀ ਬਲਜੀਤ ਸਿੰਘ ਬਸੂਟਾ ਵਾਸੀਆਨ 349, ਗਲੀ ਨੰਬਰ 1, ਵਾਰਡ ਨੰਬਰ 9, ਸੁਭਾਸ਼ ਨਗਰ, ਫਗਵਾੜਾ, ਜ਼ਿਲ੍ਹਾ ਕਪੂਰਥਲਾ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਜਸਪ੍ਰੀਤ ਸਿੰਘ ਵਾ ਉਸਦੀ ਪਤਨੀ ਰਣਦੀਪ ਕੌਰ ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ ਊਸ਼ਾ ਰਾਣੀ ਪਤਨੀ ਪ੍ਰੇਮ ਨਿਵਾਸੀ 553 ਗਲੀ ਨੰਬਰ-1, ਵਾਲਮੀਕ ਨਗਰ, ਆਬਾਦਪੁਰਾ, ਜਲੰਧਰ ਦੀ ਰਹਿਣ ਵਾਲੀ ਹਾਂ ਮੇਰਾ ਪੁੱਤਰ ਰੋਹਿਤ ਗਿੱਲ ਮੇਰੇ ਕਹਿਣੇ ਤੋਂ ਬਾਹਰ ਹੈ ਮੈਂ ਉਸਨੂੰ ਆਪਣੇ ਚਲ-ਅਚਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ

ਮੈਂ, ਤਾਜ ਸਿੰਘ ਪੁੱਤਰ ਅਵਤਾਰ ਸਿੰਘ ਵਾਸੀ ਮਕਾਨ ਨੰਬਰ ਐੱਲ 3/554, ਸੁਲਤਾਨਵਿੰਡ ਰੋਡ, ਬੈਕ ਸਾਈਡ ਤੂਤ ਸਾਹਿਬ ਗੁਰਦੁਆਰਾ, ਜਸਪਾਲ ਨਗਰ ਅੰਮ੍ਰਿਤਸਰ-1, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅੰਸ਼ਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਮੇਰੀ ਕੋਈ ਗੱਲ ਨਹੀਂ ਮੰਨਦਾ ਤੇ ਮੇਰੇ ਨਾਲ ਲੜਾਈ-ਝਗੜਾ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਗੁਰਮੇਜ ਸਿੰਘ ਪੁੱਤਰ ਰੁਲਦਾ ਸਿੰਘ ਵਾਸੀ ਪਿੰਡ ਅਦਲੀਵਾਲ, ਤਹਿਸੀਲ ਲੋਪੋਕੇ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਅਵਤਾਰ ਸਿੰਘ ਅਤੇ ਮੇਰੀ ਨੂੰਹ ਸੁਨੀਤਾ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਇਨ੍ਹਾਂ ਨਾਲ ਲੈਣ- ਦੇਣ ਕਰਨ ਵਾਲੇ ਖੁਦ ਜ਼ਿੰਮੇਵਾਰ ਹੋਣਗੇ।

ਮੈਂ, ਅਜੀਤ ਰਾਜ ਪੁੱਤਰ ਚਰਨ ਦਾਸ ਵਾਸੀ ਕਲੀਚਪੁਰ ਈ., ਡਾਕਖਾਨਾ ਕਲੀਜਪੁਰ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਗੋਲਡੀ ਅਤੇ ਉਸ ਦੀ ਪਤਨੀ ਪੁਸ਼ਪਾ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸੋਹਣ ਸਿੰਘ ਪੁੱਤਰ ਭਗਤ ਰਾਮ, ਵਾਸੀ ਪਿੰਡ ਸਰਿਸ਼ਤਪੁਰ ਕਸਬਾ, ਡਾਕਖਾਨਾ ਮਾਣਕ ਢੇਰੀ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਬਲਵਿੰਦਰ ਸਿੰਘ ਅਤੇ ਉਸ ਦਾ ਲੜਕਾ ਮਨਜੋਤ ਸਿੰਘ ਪੁੱਤਰ ਬਲਵਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ, ਕਿਉਂਕਿ ਮੇਰਾ ਇਨ੍ਹਾਂ ਨਾਲ ਕੋਈ ਸੰਬੰਧ ਵਾਸਤਾ ਨਹੀਂ ਰਿਹਾ। ਸੰਬੰਧਤ ਨੋਟ ਕਰਨ।

10-July-PAGE--8.qxd 7/9/2025 10:45 PM Page 1



## ਅਧਿਕਾਰੀ ਸੇਵਾ ਕੇਦਰਾਂ 'ਚ ਲੋਕਾਂ ਨੂੰ ਮਿਲ ਰਹੀਆਂ ਸੇਵਾਵਾਂ 'ਤੇ ਨਿਗਰਾਨੀ ਰੱਖਣ : ਹਰਜੋਤ ਬੈਂਸ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**
ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ 450 ਸਰਕਾਰੀ ਸੇਵਾਵਾਂ ਸੌਖੇ ਢੰਗ ਨਾਲ ਸਮੇਂ ਸਿਰ ਉਪਲੱਬਧ ਕਰਵਾਉਣ ਲਈ ਜਿਕਰਯੋਗ ਉਪਰਾਲੇ ਕੀਤੇ ਗਏ ਹਨ। 1076 ਸੇਵਾ ਨਾਲ ਲੋਕ ਘਰ ਬੈਠੇ 449 ਸੇਵਾਵਾਂ ਦਾ ਲਾਭ ਹਾਸਲ ਕਰ ਰਹੇ ਹਨ, ਜਦੋਂ ਕਿ ਸੇਵਾ ਕੇਂਦਰਾਂ ਵਿਚ 450 ਸੇਵਾਵਾਂ ਉਪਲੱਬਧ ਹਨ। ਸੇਵਾਂ ਕੇਂਦਰਾਂ ਦੀ ਕਾਰਗੁਜਾਰੀ ਦੀ ਸਮੀਖਿਆ ਕਰਨ ਉਪਰੰਤ ਹਲਕਾ ਵਿਧਾਇਕ ਅਤੇ ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਹਦਾਇਤ ਕੀਤੀ ਹੈ ਕਿ ਪ੍ਰਸ਼ਾਸ਼ਨਿਕ ਅਧਿਕਾਰੀ ਖੁੱਦ ਸੇਵਾ ਕੇਂਦਰਾਂ ਵਿਚ ਜਾ ਕੇ ਉਪਲੱਬਧ ਸੇਵਾਵਾਂ ਅਤੇ ਹਾਜ਼ਰ ਲੋਕਾਂ ਤੋਂ ਜਾਣਕਾਰੀ ਹਾਸਲ ਕਰਨ। ਉਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਬਿਨਾ ਖੱਜਲ ਖੁਆਰੀ ਤੋਂ ਲੋਕਾਂ ਨੂੰ ਜ਼ਰੂਰੀ ਸੇਵਾਵਾ ਉਪਲੱਬਧ ਕਰਵਾ ਰਹੀ ਹੈ। ਇਸ ਦੇ ਲਈ ਵਿਆਪਕ ਉਪਰਾਲੇ ਕੀਤੇ ਹੋਏ ਹਨ।ਇਨ੍ਹਾਂ ਦਿਸ਼ਾ ਨਿਰਦੇਸ਼ਾ ਦੀ ਪਾਲਣਾ ਕਰਦੇ ਹੋਏ ਉਪ ਮੰਡਲ ਮੈਜਿਸਟ੍ਰੇਟ ਜਸਪ੍ਰੀਤ ਸਿੰਘ ਪੀ.ਸੀ.ਐਸ ਨੇ ਸੇਵਾ ਕੇਂਦਰ ਸ੍ਰੀ ਅਨੰਦਪੁਰ ਸਾਹਿਬ ਵਿੱਚ ਆਮ ਲੋਕਾਂ ਨੂੰ ਮਿਲ ਰਹੀਆਂ ਸੇਵਾਵਾਂ ਦਾ ਜਾਇਜ਼ਾ ਲੈਣ ਅਤੇ ਉਥੇ ਪਹੁੰਚੇ ਲੋਕਾਂ ਤੋਂ ਜ਼ਮੀਨੀ ਹਕੀਕਤ ਬਾਰੇ ਜਾਣਕਾਰੀ ਲੈਣ ਮੌਕੇ ਦੱਸਿਆ ਕਿ ਪ੍ਰਸਾਸ਼ਨ ਦੀ ਇਹ ਜਿੰਮੇਵਾਰੀ ਹੈ ਕਿ ਲੋਕਾਂ ਨੂੰ ਸਮੇਂ ਸਿਰ ਬਿਨਾ ਬੇਲੋੜੀ ਖੱਜਲ ਖੁਆਰੀ ਸੇਵਾਵਾਂ ਉਪਲੱਬਧ ਕਰਵਾਈਆਂ ਜਾਣ। ਜ਼ਿਕਰਯੋਗ ਹੈ ਕਿ ਸੇਵਾ ਕੇਂਦਰਾਂ ਵਿੱਚ ਮਿਲਣ ਵਾਲੀਆਂ ਨਾਗਰਿਕ ਸੇਵਾਵਾਂ ਦੀ ਗਿਣਤੀ 450 ਹੋ ਗਈ ਹੈ। ਪੰਜਾਬ ਦੇ ਲੋਕ ਇਕ ਛੱਤ ਥੱਲੇ ਸਾਰੀਆਂ ਸੇਵਾਵਾਂ ਹਾਸਲ ਕਰਨ ਦੇ ਯੋਗ ਹੋਏ ਹਨ। ਸੂਬੇ ਵਿੱਚ ਸੇਵਾ ਕੇਂਦਰਾਂ ਵਿੱਚ 6 ਨਵੀਆਂ ਸੇਵਾਵਾਂ ਸ਼ਾਮਲ ਕੀਤੀਆਂ ਗਈਆਂ। ਇਹਨਾਂ ਵਿੱਚ ਡਿਜਿਟਲ ਫ਼ਰਦ , ਫ਼ਰਦ ਬਦਰ , ਇੰਤਕਾਲ , ਰਪਟ ਅਤੇ ਸਬਸਕ੍ਰਿਪਸ਼ਨ ਸ਼ੁਰੂ ਹੋਈਆਂ ਹਨ।

## ਵਿਦਿਆਰਥੀ ਜੀਵਨ ਤੋਂ ਹੀ ਦਰਖ਼ੱਤਾਂ ਦੇ ਮਹੱਤਵ ਦੀ ਜਾਣਕਾਰੀ ਜ਼ਰੂਰੀ : ਸਰਪੰਚ ਰਿੰਪਲ ਕੁਮਾਰ

**ਫਗਵਾੜਾ (ਡਾ. ਰਮਨ)**- ਗ੍ਰਾਮ ਪੰਚਾਇਤ ਪਿੰਡ ਵਜੀਦੋਵਾਲ ਵਲੋਂ ਸਰਕਾਰੀ ਪ੍ਰਾਇਮਰੀ ਸਕੂਲ ਵਜੀਦੋਵਾਲ ਵਿਖੇ ਸਕੂਲ ਸਟਾਫ ਦੇ ਸਹਿਯੋਗ ਨਾਲ ਫੁੱਲਦਾਰ ਅਤੇ ਛਾਂਅਦਾਰ ਬੂਟੇ ਲਗਾਏ ਗਏ।



ਸਰਪੰਚ ਰਿੰਪਲ ਕੁਮਾਰ ਅਤੇ ਸਕੂਲ ਇੰਚਾਰਜ ਨੀਨਾ ਬਨਿਆਲ ਨੇ ਬੂਟੇ ਲਗਾਉਣ ਦੀ ਆਰੰਭਤਾ ਕਰਵਾਈ। ਉਹਨਾਂ ਕਿਹਾ ਕਿ ਵਿਦਿਆਰਥੀ ਜੀਵਨ ਤੋਂ ਹੀ ਦਰਖ਼ਤਾਂ ਦਾ ਮਹੱਤਵ ਬੱਚਿਆਂ ਨੂੰ ਦੱਸਿਆ ਜਾਣਾ ਚਾਹੀਦਾ ਹੈ ਤਾਂ ਹੀ ਉਹ ਵਾਤਾਵਰਣ ਸੁਰੱਖਿਆ ਦੇ ਪ੍ਰਤੀ ਜਾਗਰੂਕ ਹੋਣਗੇ। ਸਕੂਲੀ ਵਿਦਿਆਰਥੀਆਂ ਨੇ ਬੜੇ ਹੀ ਉਤਸ਼ਾਹ ਨਾਲ ਬੂਟੇ ਲਗਾਉਣ ਦੀ ਮੁਹਿੰਮ ਵਿਚ ਹਿੱਸਾ ਲਿਆ ਅਤੇ ਦੇਖਭਾਲ ਦੀ ਜਿੰਮੇਵਾਰੀ ਵੀ ਸੰਭਾਲੀ। ਇਸ ਮੌਕੇ ਸੋਨੀਆ ਰਾਣੀ, ਪੰਚਾਇਤ ਮੈਂਬਰ ਪੰਡਿਤ ਅਸ਼ੋਕ ਕੁਮਾਰ, ਬਲਿਹਾਰ ਲਾਲ, ਰਵੀ ਦੱਤ, ਕਮਲੇਸ਼ ਰਾਣੀ, ਸੱਤਿਆ ਦੇਵੀ, ਸਰੋਜ ਰਾਣੀ, ਠੇਕੇਦਾਰ ਮਲਕੀਤ ਲਾਲ, ਅਮਾਇਰਾ, ਕ੍ਰਿਸ਼ਨਾ, ਮੁਸਕਾਨ, ਸਿਮਰਨ, ਸਨਾ, ਸ਼ੌਂਕੀ, ਜੁਲਫਾ, ਅਭਿਸ਼ੇਕ, ਬਾਰੋ, ਫਾਰੂਖ, ਫਤਿਹ, ਗੁਰਜੰਟ, ਹਰਸ਼, ਮੰਜੂ, ਨੂਰ ਅਲੀ, ਅਰੂਸ਼ ਢੰਡਾ ਆਦਿ ਹਾਜਰ ਸਨ।

## ਪੁਲਸ ਦੀ ਢਿੱਲੀ ਕਾਰਗੁਜ਼ਾਰੀ ਦੇ ਖਿਲਾਫ ਬਸਪਾ ਪਰਵਾਰਾਂ ਦੇ ਨਾਲ ਖੜ੍ਹੀ : ਐਡਵੋਕੇਟ ਮਾਨਾ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**
ਹਲਕਾ ਚੱਬੇਵਾਲ ਦੇ ਪਿੰਡਾਂ ਫੁਗਲਾਣਾ ਅਤੇ ਖਨੌੜਾ ਦੇ ਨੌਜਵਾਨਾਂ ਦੀ ਮੌਤ ਦਾ ਕਾਰਨ ਹਾਦਸਾ ਹੈ ਜਾਂ ਫੇਰ ਇਕ ਸੋਚੀ ਸਮਝੀ ਸਾਜਿਸ਼ ਦੇ ਤਹਿਤ ਕਤਲ, ਮੇਟਿਆਣਾ ਪੁਲਸ ਦੀ ਢਿੱਲੀ ਕਾਰਗੁਜਾਰੀ ਦੇ ਕਾਰਨ ਇਹ ਤੱਕ ਸਾਬਿਤ ਨਹੀਂ ਹੋ ਸਕਿਆ। ਇਹ ਕਿ ਮਿਤੀ 5-7-2025 ਨੂੰ ਬਹੁਜਨ ਸਮਾਜ ਪਾਰਟੀ ਹਲਕਾ ਚੱਬੇਵਾਲ ਦੇ ਇੰਚਾਰਜ ਐਡਵੋਕੇਟ ਪਲਵਿੰਦਰ ਮਾਨਾ ਅਤੇ ਸਮੁੱਚੀ ਹਲਕੇ ਦੀ ਲੀਡਰ ਸ਼ਿਪ ਪਿੰਡ ਫੁਗਲਾਣਾ ਵਿਖੇ ਪੁਹੰਚੀ ਜਿੱਥੇ ਕੇ ਇਕ 16 ਸਾਲ ਦਾ ਨੌਜਵਾਨ ਤੇ ਇਕ ਪਿੰਡ ਖਨੌੜਾ ਦੇ 16 ਸਾਲਾ ਨੌਜਵਾਨ ਦੀ ਪਿਛਲੇ ਦਿਨੀ ਹੋਈ ਮੌਤ ਦੇ ਸੰਬੰਧ ਵਿਚ ਆਏ ਹੋਏ ਆਗੂਆਂ ਨੇ ਪਰਵਾਰ ਦੇ ਨਾਲ ਦੁੱਖ ਸਾਂਝਾ ਕੀਤਾ ਅਤੇ ਵਿਸ਼ਵਾਸ ਦਿਵਾਇਆ ਕਿ ਇਸ ਦੁੱਖ ਦੀ ਘੜੀ ਵਿਚ ਬਸਪਾ ਪਰਵਾਰਾਂ ਦੇ ਨਾਲ ਖੜੀ ਹ। ਮ੍ਰਿਤਕ ਦੇ ਪਰਵਾਰ ਨੇ ਦੱਸਿਆ ਕਿ ਪੂਰਾ ਯਕੀਨ ਹੈ ਕਿ ਸਾਡੇ ਲੜਕੇ ਦਾ ਕਤਲ ਹੋਇਆ ਹੈ, ਪਰ ਪੁਲਸ ਦੋਸ਼ੀਆਂ ਨੂੰ ਬਚਾ ਰਹੀ ਹੈ। ਐਡਵੋਕੇਟ ਮਾਨਾ ਨੂੰ ਐਸ ਐਚ ਓ ਥਾਣਾ ਮੇਹਟਿਆਣਾ ਨੇ ਦਸਿਆ ਕਿ ਜਦੋਂ ਤੱਕ ਪੋਸਟ ਮਾਰਟਮ ਦੀ



ਸਹੀ ਰਿਪੋਰਟ ਨਹੀਂ ਆਉਂਦੀ ਉਦੋਂ ਤੱਕ ਇਹ ਦਸਣਾ ਮੁਸ਼ਕਿਲ ਹੈ ਕਿ ਇਹ ਕਤਲ ਹੈ ਜਾ ਐਕਸੀਡੈਂਟ। ਇਸ ਮੌਕੇ ਸਤਪਾਲ ਬਡਲਾ ਜਨਰਲ ਸਕੱਤਰ ਹਲਕਾ ਚੱਬੇਵਾਲ, ਸੁਦੇਸ਼ ਭੱਟੀ ਵਾਇਸ ਪ੍ਰਧਾਨ ਬਸਪਾ ਹਲਕਾ ਚੱਬੇਵਾਲ, ਜਸਵਿੰਦਰ ਤਾਜੋਵਾਲ ਸੀਨੀਅਰ ਬਸਪਾ ਆਗੂ, ਹਰਮੇਸ਼ ਫਗਲਾਣਾ ਸੀਨੀਅਰ ਬਸਪਾ ਆਗੂ, ਪ੍ਰਕਾਸ਼ ਸਿੰਘ ਰਾਜਪੁਰ ਭਾਈਆ, ਸੋਹਣ ਸਿੰਘ ਅਤੇ ਜਗਦੀਪ ਕੁਮਾਰ ਮੌਕੇ 'ਤੇ ਹਾਜ਼ਰ ਸਨ।

## ਮਾਸਟਰ ਅਥਲੀਟਾਂ ਨੇ ਕੌਮੀ ਤੇ ਕੌਮਾਂਤਰੀ ਮੁਕਾਬਲਿਆਂ 'ਚ ਮੈਡਲ ਜਿੱਤ ਕੇ ਕੀਤਾ ਸੂਬਾ ਦਾ ਨਾਂਅ ਰੌਸ਼ਨ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੇ ਖੇਡ ਮੰਤਰੀ ਗੌਰਵ ਗੌਤਮ ਨੇ ਕਿਹਾ ਕਿ ਕਿਸੇ ਵੀ ਸੂਬੇ ਤੇ ਦੇਸ਼ ਦੀ ਤਰੱਕੀ ਵਿੱਚ ਉਸ ਦੇ ਸਿਹਤਮੰਦ ਸਰੀਰ ਤੇ ਸਿਹਤਮੰਦ ਮਨ ਦੇ ਲੋਕਾਂ ਦਾ ਅਹਿਮ ਯੋਗਦਾਨ ਹੁੰਦਾ ਹੈ। ਇਸੇ 'ਤੇ ਚਲਦੇ ਹੋਏ ਸੂਬੇ ਦੇ ਮਾਸਟਰ ਅਥਲੀਟਾਂ ਨੇ ਨਾ ਸਿਰਫ ਸੂਬੇ ਨੂੰ ਸਿਹਤਮੰਦ ਰੱਖਿਆ ਸਗੋਂ ਕੌਮੀ ਤੇ ਕੌਮਾਂਤਰੀ ਮਾਸਟਰ ਅਥਲੈਟਿਕਸ ਮੁਕਾਬਲਿਆਂ ਵਿੱਚ ਮੈਡਲ ਜਿੱਤ ਕੇ ਹਰਿਆਣਾ ਦਾ ਮਾਣ ਵੀ ਵਧਾਇਆ ਹੈ। ਸਾਡੇ ਮਾਸਟਰ ਅਥਲੀਟ ਸੂਬੇ ਦੇ ਨੌਜਵਾਨਾਂ ਲਈ ਪ੍ਰੇਰਣਾ ਹਨ ਅਤੇ ਹਰਿਆਣਾ ਨੂੰ ਡਰੱਗ ਫਰੀ ਬਣਾਉਣ ਵਿੱਚ ਇਨ੍ਹਾਂ ਅਥਲੀਟਾਂ ਦਾ ਅਹਿਮ ਯੋਗਦਾਨ ਰਹੇਗਾ।ਮੰਤਰੀ ਅੱਜ ਪੰਚਕੂਲਾ ਵਿੱਚ ਹਰਿਆਣਾ ਮਾਸਟਰ ਅਥਲੈਟਿਕਸ ਐਸੋਸੀਏਸ਼ਨ ਵੱਲੋਂ ਆਯੋਜਿਤ ਵਿਸ਼ਵ ਤੇ ਨੈਸ਼ਨਲ ਮਾਸਟਰ ਅਥਲੈਟਿਕਸ ਚੈਂਪੀਅਨਸ਼ਿਪ ਦੇ ਜੇਤੂ ਖਿਡਾਰੀਆਂ ਦੇ ਸਨਮਾਨ ਸਮਾਰੋਹ ਵਿੱਚ ਬਤੌਰ ਮੁੱਖ ਮਹਿਮਾਨ ਸੰਬੋਧਨ ਕਰ ਰਹੇ ਸਨ। ਮੰਤਰੀ ਗੌਰਵ ਗੌਤਮ ਨੇ ਕਿਹਾ ਕਿ ਹਰਿਆਣਾ ਖੇਡਾਂ ਦਾ ਪਾਵਰ ਹਾਊਸ ਬਣ ਚੁੱਕਾ ਹੈ। ਨੌਜਵਾਨਾਂ ਦੀ ਪ੍ਰਤਿਭਾ ਨੂੰ ਨਿਖਾਰਨ ਲਈ ਸੂਬੇ ਵਿੱਚ 2000 ਖੇਡ ਨਰਸਰੀਆਂ ਖੋਲ੍ਹੀਆਂ ਗਈਆਂ ਹਨ, ਜਿਨ੍ਹਾਂ ਵਿੱਚ 37 ਹਜ਼ਾਰ ਤੋਂ ਵੱਧ ਖਿਡਾਰੀ ਅਭਿਆਸ ਕਰ ਰਹੇ ਹਨ ਅਤੇ ਸਫਲਤਾ ਦੀ ਨਵੀਂ ਕਹਾਣੀ ਲਿਖ ਰਹੇ ਹਨ।ਉਨ੍ਹਾਂ ਕਿਹਾ ਕਿ ਖੇਡ ਮੰਤਰੀ ਨੇ ਖਿਡਾਰੀਆਂ ਨੂੰ ਭਰੋਸਾ ਦਿੱਤਾ ਕਿ ਖੇਡ ਨੀਤੀ ਤਹਿਤ ਉਨ੍ਹਾਂ ਨੂੰ ਵੱਧ ਤੋਂ ਵੱਧ ਪ੍ਰੋਤਸਾਹਨ ਦਿੱਤਾ ਜਾਵੇਗਾ।ਇਸ ਮੌਕੇ ਹਰਿਆਣਾ ਅਥਲੈਟਿਕਸ ਐਸੋਸੀਏਸ਼ਨ ਦੇ ਸੂਬਾ ਚੇਅਰਮੈਨ ਅਜੈ ਮਿੱਤਲ, ਮਹਾਸਕੱਤਰ ਰਾਮਕਿਸ਼ਰ ਸ਼ਰਮਾ ਤੇ ਹੋਰ ਮਾਣਯੋਗ ਲੋਕ ਮੌਜੂਦ ਰਹੇ।

## ਚੋਆਂ/ਦਰਿਆਵਾਂ ਦੇ ਨੇੜੇ ਜਾਣ 'ਤੇ ਪਾਬੰਦੀਆਂ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਮੌਸਮ ਵਿਭਾਗ ਦੀ ਭਾਰੀ ਬਾਰਿਸ਼ ਦੀ ਭਵਿੱਖਬਾਣੀ ਨੂੰ ਧਿਆਨ ਵਿੱਚ ਰੱਖਦੇ ਹੋਏ ਹੁਸ਼ਿਆਰਪੁਰ ਜ਼ਿਲ੍ਹੇ ਦੇ ਚੋਅ/ਦਰਿਆਵਾਂ ਵਿੱਚ ਪਾਣੀ ਦਾ ਪੱਧਰ ਵਧਣ ਦੀ ਉਮੀਦ ਹੈ। ਕਈ ਲੋਕ ਨਦੀਆਂ ਅਤੇ ਚੋਆਂ ਵਿਚ ਨਹਾਉਣ, ਪਸ਼ੂਆਂ ਨੂੰ ਨਹਾਉਣ ਜਾਂ ਵੀਡੀਓ ਸ਼ੂਟਿੰਗ ਦੇ ਲਈ ਇਕੱਠੇ ਹੁੰਦੇ ਹਨ, ਜਿਸ ਕਾਰਨ ਕਈ ਵਾਰ ਅਣਸੁਖਾਵੀਆਂ ਘਟਨਾਵਾਂ ਵਾਪਰੀਆਂ ਹਨ।ਇਸ ਸਥਿਤੀ ਦੀ ਗੰਭੀਰਤਾ ਅਤੇ ਆਮ ਲੋਕਾਂ ਦੀ ਸੁਰੱਖਿਆ ਨੂੰ ਦੇਖਦੇ ਹੋਏ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਮੈਜਿਸਟਰੇਟ ਆਸ਼ਿਕਾ ਜੈਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੁਕਮ ਜਾਰੀ ਕੀਤਾ ਹੈ ਕਿ ਕੋਈ ਵੀ ਵਿਅਕਤੀ ਚੋਆਂ/ਦਰਿਆ ਦੇ ਨੇੜੇ ਨਹੀਂ ਜਾਵੇਗਾ। ਇਸ ਤੋਂ ਇਲਾਵਾ ਕੋਈ ਵੀ ਵਿਅਕਤੀ ਆਪਣੇ ਪਸ਼ੂਆਂ ਨੂੰ ਚੋਆਂ/ਦਰਿਆ ਦੇ ਨੇੜੇ ਨਹੀਂ ਲੈ ਕੇ ਜਾਵੇਗਾ। ਸਾਰੇ ਨਾਗਰਿਕਾਂ ਨੂੰ ਆਪਣੇ ਪਾਲਤੂ ਜਾਨਵਰਾਂ ਨੂੰ ਵੀ ਇਨ੍ਹਾਂ ਪਾਣੀ ਦੇ ਸਰੋਤਾਂ ਤੋਂ ਦੂਰ ਰੱਖਣ। ਇਹ ਹੁਕਮ 8 ਸਤੰਬਰ ਤੱਕ ਲਾਗੂ ਰਹੇਗਾ।

## ਗੁਰ ਪੂਰਨਿਮਾ ਸਾਲਾਨਾ ਭੰਡਾਰਾ ਅੱਜ

**ਕੁਰਾਲੀ (ਮੋਹਨ ਅੱਗਰਵਾਲ)**-ਨਿਹੋਲਕਾ ਰੋਡ ਤੇ ਕੈਲਾਸ਼ ਧਾਮ ਨਦੀ ਪਾਰ ਵਾਲੇ ਸਵਾਮੀ ਜੀ ਦੀ ਕੁਟੀਆ ਕੁਰਾਲੀ ਵਿਖੇ ਗੁਰ ਪੂਰਨਿਮਾ ਮੌਕੇ ਸਾਲਾਨਾ ਭੰਡਾਰਾ 10 ਜੁਲਾਈ ਨੂੰ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਮਾਸਟਰ ਰਣਵੀਰ ਸਿੰਘ, ਮਦਨ ਸ਼ੱਕੀ, ਸੁਰਿੰਦਰ ਛਿੰਦਾ, ਵਰਿੰਦਰ ਵਿੱਕੀ ਅਤੇ ਕੁਲਦੀਪ ਸ਼ਰਮਾ ਦੀਆਂ ਭਜਨ ਮੰਡਲੀਆਂ ਵੱਲੋਂ ਸੁਆਮੀ ਜੀ ਮਹਾਰਾਜ ਦੇ ਗੁਣਗਾਨ ਕੀਤੇ ਜਾਣਗੇ ਤੇ ਆਈਆਂ ਸੰਗਤਾਂ ਨੂੰ ਸਵਾਮੀ ਜੀ ਦੇ ਜੀਵਨ ਸੰਬੰਧੀ ਜਾਣੂ ਕਰਵਾਇਆ ਜਾਵੇਗਾ ਅਤੇ ਪ੍ਰਭ ਨਾਮ ਨਾਲ ਜੋੜਿਆ ਜਾਵੇਗਾ। ਇਸ ਮੌਕੇ ਸੁਰਜੀਤ ਸਿੰਘ ਹਰਨਾਮ ਸਿੰਘ ਨੇ ਪਹੁੰਚਣ ਵਾਲੀਆਂ ਸੰਗਤਾਂ ਦੀ ਸਹੂਲਤ ਲਈ ਸਾਰੇ ਪ੍ਰਬੰਧ ਮੁਕੰਮਲ ਕੀਤੇ ਜਾ ਚੁੱਕੇ ਹਨ। ਇਸ ਮੌਕੇ ਇਸ ਮੌਕੇ ਲੰਗਰ ਅਤੁੱਟ ਵਰਤਾਏ ਜਾਣਗੇ।

## ਸਵੇਰੇ 7 ਤੋਂ ਰਾਤ 9 ਵਜੇ ਤੱਕ ਓਵਰਲੋਡਿਡ ਹੈਵੀ ਵਾਹਨਾਂ ਦੇ ਦਾਖ਼ਲੇ 'ਤੇ ਪਾਬੰਦੀ

**ਸ਼ਹੀਦ ਭਗਤ ਸਿੰਘ ਨਗਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ, ਮਨੋਜ ਲਾਡੀ)**- ਜ਼ਿਲ੍ਹਾ ਮੈਜਿਸਟ੍ਰੇਟ ਅੰਕੁਰਜੀਤ ਸਿੰਘ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਸ਼ਹਿਰ ਨਵਾਂਸ਼ਹਿਰ ਵਿੱਚੋਂ ਸਵੇਰੇ 7 ਵਜੇ ਤੋਂ ਰਾਤ 9 ਵਜੇ ਤੱਕ ਓਵਰਲੋਡਿਡ ਹੈਵੀ ਵਾਹਨਾਂ (ਬੱਜਰੀ, ਸੀਮਿੰਟ, ਰੇਤ, ਮਿੱਟੀ, ਸਰੀਆ, ਓਵਰਲੋਡਡ ਤੂੜੀ/ਫੱਕ ਵਾਲੀਆਂ ਟਰਾਲੀਆਂ/ਟਰੱਕ, ਕਮਰਸ਼ੀਅਲ ਤੌਰ 'ਤੇ ਜਾਣ ਵਾਲਾ ਸਾਮਾਨ ਆਦਿ) ਨੂੰ ਲੰਘਣ/ਦਾਖਲ ਹੋਣ 'ਤੇ ਪਾਬੰਦੀ ਲਗਾ ਦਿੱਤੀ ਹੈ। ਜ਼ਿਲ੍ਹਾ ਮੈਜਿਸਟਰੇਟ ਨੇ ਦੱਸਿਆ ਹੈ ਕਿ ਜ਼ਿਲ੍ਹੇ ਵਿੱਚੋਂ ਗੜ੍ਹਸ਼ੰਕਰ-ਨਵਾਂਸ਼ਹਿਰ ਰੋਡ ਤੋਂ ਰੋਜ਼ਾਨਾ ਦਿਨ ਅਤੇ ਰਾਤ ਸਮੇਂ ਓਵਰਲੋਡਿਡ ਵਾਹਨਾਂ ਦਾ ਆਉਣਾ-ਜਾਣਾ ਲੱਗਿਆ ਰਹਿੰਦਾ ਹੈ, ਜਿਸ ਕਾਰਨ ਸਵੇਰ ਸਮੇਂ ਸਕੂਲ ਜਾ ਰਹੇ ਬੱਚਿਆਂ ਅਤੇ ਦਫ਼ਤਰ ਜਾ ਰਹੇ ਮੁਲਾਜ਼ਮਾਂ/ਆਮ ਵਿਅਕਤੀਆਂ ਨੂੰ ਕਾਫ਼ੀ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਰੋਜ਼ਾਨਾ ਕੋਈ ਨਾ ਕੋਈ ਵੱਡਾ ਹਾਦਸਾ ਵਾਪਰ ਜਾਂਦਾ ਹੈ। ਜਿਸ ਨਾਲ ਜਾਨੀ ਅਤੇ ਮਾਲੀ ਨੁਕਸਾਨ ਹੋ ਸਕਦਾ ਹੈ ਅਤੇ ਟ੍ਰੈਫਿਕ ਸਮੱਸਿਆ ਬਣੀ ਰਹਿੰਦੀ ਹੈ। ਇਸ ਲਈ ਰੋਜ਼ਾਨਾ ਵਾਪਰਨ ਵਾਲੇ ਹਾਦਸਿਆਂ ਨੂੰ ਰੋਕਣ ਲਈ, ਪਬਲਿਕ ਦੇ ਜਾਨ ਤੇ ਮਾਲ ਨੂੰ ਨੁਕਸਾਨ ਤੋਂ ਬਚਾਉਣ ਅਤੇ ਸ਼ਹਿਰ ਵਿਚ ਟ੍ਰੈਫਿਕ ਨਿਰਵਿਘਨ ਅਤੇ ਸੁਚਾਰੂ ਢੰਗ ਨਾਲ ਚਲਾਉਣ ਲਈ ਉਕਤ ਹੁਕਮ ਲਾਗੂ ਕੀਤਾ ਗਿਆ ਹੈ। ਇਹ ਹੁਕਮ 8 ਜਨਵਰੀ 2026 ਤੱਕ ਲਾਗੂ ਰਹੇਗਾ।

## ਡਾ. ਵਿਵੇਕ ਗੁੰਬਰ ਨੇ 61 ਸਾਲ ਦੇ ਵਿਅਕਤੀ ਦੀ ਜਾਨ ਬਚਾਈ

**ਬੰਗਾ (ਅਵਤਾਰ ਕਲੇਰ)**
ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਮੈਡੀਕਲ ਵਿਭਾਗ ਦੇ ਮੁਖੀ ਡਾ. ਵਿਵੇਕ ਗੁੰਬਰ ਨੇ ਦਿਲ ਦੀ ਕਾਰਜ ਪ੍ਰਣਾਲੀ ਫੇਲ੍ਹ ਹੋਣ ਕਰਕੇ ਦਿਲ ਦੀ ਪੰਪ ਕਰਨ ਦੀ



ਸਮਰੱਥਾ ਸਿਰਫ ਵੀਹ ਫੀਸਦੀ ਰਹਿ ਜਾਣ ਵਾਲੇ ਮਰੀਜ਼ ਪਿਆਰਾ ਲਾਲ ਉਮਰ 61 ਸਾਲ ਦੀ ਜਾਨ ਪੰਜ ਦਿਨ ਆਈ ਸੀ ਯੂ ਅਤੇ ਦੋ ਦਿਨ ਐਚ.ਡੀ.ਯੂ. ਵਾਰਡ ਵਿੱਚ ਰੱਖ ਕੇ ਵੈਂਟੀਲੇਟਰ (ਸਾਹ ਦੇਣ ਵਾਲੀ ਮਸ਼ੀਨ) ਦੀ ਮੱਦਦ ਨਾਲ ਮਿਆਰੀ ਇਲਾਜ ਕਰਕੇ ਬਚਾਏ ਜਾਣ ਦਾ ਸਮਾਚਾਰ ਹੈ। ਡਾ. ਵਿਵੇਕ ਗੁੰਬਰ ਨੇ ਦੱਸਿਆ ਕਿ ਉਕਤ ਮਰੀਜ਼ ਪਿਆਰਾ ਲਾਲ ਬਹੁਤ ਮਾੜੀ ਹਾਲਤ ਵਿਚ ਢਾਹਾਂ ਕਲੇਰਾਂ ਹਸਪਤਾਲ ਵਿਖੇ ਇਲਾਜ ਲਈ ਲਿਆਂਦਾ ਗਿਆ ਸੀ। ਮਰੀਜ਼ ਦੇ ਦਿਲ ਦੀ ਕਾਰਜ ਕੁਸ਼ਲਤਾ ਪਹਿਲਾਂ ਹੀ ਘੱਟ ਸੀ ਜਿਸ ਕਾਰਨ ਮਰੀਜ਼ ਨੂੰ ਦਿਲ ਦਾ ਦੌਰਾ ਪਿਆ ਸੀ ਅਤੇ ਸਾਹ ਲੈਣ ਵਿੱਚ ਦਿੱਕਤ ਹੋ ਰਹੀ ਸੀ। ਡਾਕਟਰਾਂ ਦੀ ਟੀਮ ਨੇ ਫੌਰੀ ਤੌਰ 'ਤੇ ਬਲੱਡ ਪਰੈਸ਼ਰ ਵਧਾਉਣ ਲਈ ਇਨਫਿਊਜਨ ਪੰਪ ਦੀ ਮਦਦ ਨਾਲ ਆਈਨੋਟਰੌਪਸ ਸ਼ੁਰੂ ਕੀਤੇ ਗਏ, ਸਾਹ ਲਈ ਵੈਂਟੀਲੇਟਰ ਲਗਾਇਆ ਗਿਆ। ਇਲਾਜ ਉਪਰੰਤ ਮਰੀਜ਼ ਬਿਲਕੁੱਲ ਤੰਦਰੁਸਤ ਹੈ।

## ਕਟਾਰੂਚੱਕ ਵੱਲੋਂ ਈ-ਕੇ ਵਾਈ ਸੀ ਪ੍ਰਕਿਰਿਆ ਨੂੰ ਪੂਰਾ ਕਰਨ ਦੇ ਨਿਰਦੇਸ਼



**ਚੰਡੀਗੜ੍ਹ, (ਗੁਰਜੀਤ ਬਿੱਲਾ)**
ਯੋਗ ਲਾਭਪਾਤਰੀਆਂ ਨੂੰ ਬਿਨਾਂ ਕਿਸੇ ਰੁਕਾਵਟ ਦੇ ਮੁਫਤ ਰਾਸ਼ਨ (ਕਣਕ) ਮਿਲਦੇ ਰਹਿਣ ਨੂੰ ਯਕੀਨੀ ਬਣਾਉਣ ਲਈ ਈ-ਕੇ ਵਾਈ ਸੀ ਪ੍ਰਕਿਰਿਆ ਨੂੰ ਜਲਦ ਤੋਂ ਜਲਦ ਮੁਕੰਮਲ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਜ਼ਿਲ੍ਹਾ ਖੁਰਾਕ ਸਪਲਾਈ ਕੰਟਰੋਲਰਾਂ (ਡੀ ਐਫ ਐਸ ਸੀਜ਼) ਨੂੰ ਆਪਣੇ-ਆਪਣੇ ਅਧਿਕਾਰ ਖੇਤਰਾਂ ਵਿੱਚ ਇਸ ਪ੍ਰਕਿਰਿਆ ਨੂੰ ਜੰਗੀ ਪੱਧਰ 'ਤੇ ਪੂਰਾ ਕਰਨ ਦੇ ਸਖ਼ਤ ਨਿਰਦੇਸ਼ ਜਾਰੀ ਕੀਤੇ ਹਨ।ਡੀ ਐਫ ਐਸ ਸੀਜ਼ ਨਾਲ ਵੀਡੀਓ ਕਾਨਫਰੰਸਿੰਗ ਰਾਹੀਂ ਸਮੀਖਿਆ ਮੀਟਿੰਗ ਦੌਰਾਨ ਕੈਬਨਿਟ ਮੰਤਰੀ ਨੂੰ ਜਾਣੂ ਕਰਵਾਇਆ ਗਿਆ ਕਿ ਰਾਜ ਦੇ ਕੁੱਲ 1.57 ਕਰੋੜ ਲਾਭਪਾਤਰੀਆਂ ਵਿੱਚੋਂ 1.25 ਕਰੋੜ ਲਾਭਪਾਤਰੀਆਂ (1,25,55,621) ਲਈ ਈ-ਕੇਵਾਈਸੀ ਪ੍ਰਕਿਰਿਆ ਪੂਰੀ ਕਰ ਲਈ ਗਈ ਹੈ। ਇਸ ਪ੍ਰਕਿਰਿਆ ਨੂੰ ਮੁਕੰਮਲ ਕਰਨ ਦੀ ਆਖਰੀ ਮਿਤੀ 30 ਜੂਨ, 2025 ਸੀ ਪਰ ਟੀਚੇ ਵੱਲ ਤੇਜ਼ੀ ਨਾਲ ਅੱਗੇ ਵਧਣ ਦੇ ਬਾਵਜੂਦ ਅਜੇ ਵੀ ਕਈ ਲਾਭਪਾਤਰੀ ਦੀ ਈ-ਕੇ ਵਾਈ ਸੀ ਅਜੇ ਬਾਕੀ ਹੈ।ਇਸ ਦਾ ਸਖ਼ਤ ਨੋਟਿਸ ਲੈਂਦੇ ਲੈਂਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਭਾਰਤ ਸਰਕਾਰ ਤੋਂ ਇਸ ਪ੍ਰਕਿਰਿਆ ਲਈ ਆਖਰੀ ਮਿਤੀ 31 ਅਗਸਤ ਤੱਕ ਵਧਾਉਣ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਡੀ ਐਫ ਐਸ ਸੀ ਨੂੰ ਈ-ਕੇ ਵਾਈ ਸੀ ਵਿਧੀ ਨੂੰ ਤੇਜ਼ੀ ਨਾਲ ਨੇਪਰੇ ਚਾੜ੍ਹਨ, ਮਾੜੀ ਕਾਰਗੁਜ਼ਾਰੀ ਵਾਲੇ ਡਿਪੂ ਹੋਲਡਰਾਂ ਦੀ ਪਛਾਣ ਕਰਨ ਅਤੇ ਅਜਿਹੇ ਡਿਪੂ ਹੋਲਡਰਾਂ ਨੂੰ ਸਖ਼ਤ ਚੇਤਾਵਨੀ ਦੇਣ ਲਈ ਕਿਹਾ ਹੈ ਕਿ ਜੇਕਰ ਇਸ ਸਬੰਧ ਵਿੱਚ ਕੋਈ ਵੀ ਲਾਪਰਵਾਹੀ ਪਾਈ ਜਾਂਦੀ ਹੈ ਤਾਂ ਉਨ੍ਹਾਂ ਦੇ ਡਿਪੂ ਰੱਦ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਜੁਲਾਈ-ਅਗਸਤ-ਸਤੰਬਰ ਸਰਕਲ ਵਿੱਚ ਇਹ ਪ੍ਰਕਿਰਿਆ ਪੂਰੀ ਤਰ੍ਹਾਂ ਮੁਕੰਮਲ ਕੀਤੀ ਜਾਵੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਦੇ ਪ੍ਰਮੁੱਖ ਸਕੱਤਰ ਰਾਹੁਲ ਤਿਵਾੜੀ, ਡਾਇਰੈਕਟਰ ਵਰਿੰਦਰ ਕੁਮਾਰ ਸ਼ਰਮਾ, ਵਧੀਕ ਸਕੱਤਰ ਪਨਗ੍ਰੇਨ ਕਮਲ ਕੁਮਾਰ ਗਰਗ ਅਤੇ ਵਧੀਕ ਡਾਇਰੈਕਟਰ ਡਾ. ਅੰਜੁਮਨ ਭਾਸਕਰ ਸ਼ਾਮਲ ਸਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਦੇ ਪ੍ਰਮੁੱਖ ਸਕੱਤਰ ਰਾਹੁਲ ਤਿਵਾੜੀ, ਡਾਇਰੈਕਟਰ ਵਰਿੰਦਰ ਕੁਮਾਰ ਸ਼ਰਮਾ, ਵਧੀਕ ਸਕੱਤਰ ਪਨਗ੍ਰੇਨ ਕਮਲ ਕੁਮਾਰ ਗਰਗ ਅਤੇ ਵਧੀਕ ਡਾਇਰੈਕਟਰ ਡਾ. ਅੰਜੁਮਨ ਭਾਸਕਰ ਸ਼ਾਮਲ ਸਨ।

## ਮੰਡੀ ਬੋਰਡ ਨੇ 15 ਦੁਕਾਨਾਂ ਅਲਾਟੀਆਂ ਨੂੰ ਸੌਂਪੀਆਂ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**-ਪੰਜਾਬ ਮੰਡੀ ਬੋਰਡ ਵਲੋਂ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਫੇਜ਼-11 ਵਿੱਚ ਸਥਿਤ ਮੁੱਖ ਸਬਜ਼ੀ ਅਤੇ ਫ਼ਲ ਮੰਡੀ ਵਿੱਚ ਪਿਛਲੇ ਦਿਨੀਂ ਅਲਾਟ ਕੀਤੀਆਂ ਗਈਆਂ 15 ਡਬਲ ਸਟੋਰੀ ਦੁਕਾਨਾਂ ਅੱਜ ਮਾਰਕੀਟ ਕਮੇਟੀ ਮੋਹਾਲੀ ਦੇ ਚੇਅਰਮੈਨ ਐਡਵੋਕੇਟ ਗੋਵਿੰਦਰ ਮਿੱਤਲ ਵੱਲੋਂ ਅਲਾਟੀਆਂ ਨੂੰ ਸੌਂਪੀਆਂ ਗਈਆਂ। ਇਸ ਮੌਕੇ ਉਨ੍ਹਾਂ ਦੇ ਨਾਲ ਸਕੱਤਰ ਜੈ ਵਿਜੇ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਤੋਂ ਪਹਿਲਾਂ ਮਾਰਕੀਟ ਕਮੇਟੀ, ਮੋਹਾਲੀ ਦੇ ਚੇਅਰਮੈਨ ਐਡਵੋਕੇਟ ਗੋਵਿੰਦਰ ਮਿੱਤਲ ਨੇ ਅਲਾਟੀਆਂ ਨਾਲ ਆਪਣੇ ਦਫ਼ਤਰ ਵਿਖੇ ਮੁਲਾਕਤ ਕੀਤੀ ਅਤੇ ਕਬਜ਼ਾ ਹਾਸਲ ਕਰਨ ਲਈ ਉਹਨਾਂ ਨੂੰ ਮੁਬਾਰਕਬਾਦ ਵੀ ਦਿੱਤੀ। ਚੇਅਰਮੈਨ ਮਿੱਤਲ ਨੇ ਫਲ ਅਤੇ ਸਬਜੀਆਂ ਦੇ ਹੋਲ ਸੇਲ ਵਿਕ੍ਰੇਤਾਵਾਂ ਨੂੰ ਹਰ ਤਰ੍ਹਾਂ ਨਾਲ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਅਤੇ ਆੜ੍ਹਤੀਆਂ ਨੂੰ ਜਲਦ ਤੋਂ ਜਲਦ ਕੰਮ ਸ਼ੁਰੂ ਕਰਨ ਲਈ ਕਿਹਾ। ਉਨ੍ਹਾਂ ਆੜ੍ਹਤੀਆਂ ਨੂੰ ਭਰੋਸਾ ਦਿੰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਇਸ ਮੰਡੀ ਨੂੰ ਚਲਾਉਣ ਲਈ ਵਚਨਬੱਧ ਹੈ ਅਤੇ ਉਨ੍ਹਾਂ ਨੂੰ ਭਵਿੱਖ ਵਿੱਚ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਖੁਦ ਇਸ ਮੰਡੀ ਵਿੱਚ ਇਨਵੈਸਟਮੈਂਟ ਕਰਨ ਲਈ ਟਰਾਈਸਿਟੀ ਦੇ ਆੜ੍ਹਤੀਆਂ ਨਾਲ ਜਾ ਕੇ ਮੀਟਿੰਗਾਂ ਕੀਤੀਆਂ ਸਨ ਅਤੇ ਉਨ੍ਹਾਂ ਨੂੰ ਇੱਥੇ ਕੰਮ ਕਰਨ ਲਈ ਪ੍ਰੇਰਿਤ ਕੀਤਾ ਸੀ।

## ਸਿਵਲ ਸਰਜਨ ਤੇ ਹੋਰ ਡਾਕਟਰ ਬੇਰ ਸਾਹਿਬ ਨਤਮਸਤਕ ਹੋਏ

**ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ)**
ਸਿਵਲ ਸਰਜਨ ਕਪੂਰਥਲਾ ਡਾ. ਹਰਪਾਲ ਸਿੰਘ , ਸਿਵਲ ਹਸਪਤਾਲ ਸੁਲਤਾਨਪੁਰ ਲੋਧੀ ਦੇ ਐਸ.ਐਮ.ਓ. ਡਾ. ਡੀ.ਪੀ. ਸਿੰਘ , ਡਾ. ਰਾਜੀਵ ਪ੍ਰਾਸ਼ਰ , ਡਾ. ਰਣਦੀਪ ਸਿੰਘ ਆਦਿ ਸਾਹਿਬ ਸ੍ਰੀ



ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਭਗਤੀ ਅਸਥਾਨ ਇਤਿਹਾਸਕ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਬੜੀ ਸ਼ਰਧਾ ਨਾਲ ਨਤਮਸਤਕ ਹੋਏ ।ਜਿਨ੍ਹਾਂ ਕੜਾਹ ਪ੍ਰਸ਼ਾਦਿ ਦੀ ਦੇਗ ਚੜ੍ਹਾ ਕੇ ਸਤਿਗੁਰੂ ਜੀ ਦਾ ਸ਼ੁਕਰਾਨਾ ਕੀਤਾ ।ਸਿਵਲ ਸਰਜਨ ਤੇ ਹੋਰ ਡਾਕਟਰਾਂ ਸਤਿਗੁਰੂ ਪਹਿਲੇ ਪਾਤਸ਼ਾਹ ਜੀ ਵੱਲੋਂ ਆਪਣੇ ਹਸਤ ਕਮਲਾਂ ਨਾਲ ਲਗਾਈ ਬੇਰੀ ਸਾਹਿਬ ਦੇ ਵੀ ਦਰਸ਼ਨ ਕੀਤੇ ਤੇ ਭੋਰਾ ਸਾਹਿਬ ਵਿਖੇ ਉਸ ਥੜਾ ਸਾਹਿਬ ਦੇ ਦਰਸ਼ਨ ਕੀਤੇ , ਜਿੱਥੇ ਸਤਿਗੁਰੂ ਜੀ ਨੇ 14 ਸਾਲ, 9 ਮਹੀਨੇ ਤੇ 13 ਦਿਨ ਰੋਜ਼ਾਨਾ ਅੰਮ੍ਰਿਤ ਵੇਲੇ ਅਕਾਲ ਪੁਰਖ ਵਾਹਿਗੁਰੂ ਦੀ ਭਗਤੀ ਕੀਤੀ ।ਗੁਰਦੁਆਰਾ ਬੇਰ ਸਾਹਿਬ ਦੇ ਮੈਨੇਜਰ ਅਵਤਾਰ ਸਿੰਘ ਨੇ ਡਾਕਟਰਾਂ ਦਾ ਸਿਰੋਪਾਓ ਦੇ ਕੇ ਸਨਮਾਨ ਕੀਤਾ । ਇਸ ਸਮੇਂ ਉਨ੍ਹਾਂ ਨਾਲ ਅਮਰਿੰਦਰ ਸਿੰਘ ਫਾਰਮੇਸੀ ਅਫਸਰ , ਸੰਨੀ ਸੁਪਰਡੈਂਟ ਸਿਵਲ ਹਸਪਤਾਲ ਤੇ ਹੋਰ ਹਾਜਰ ਸਨ ।ਸਿਵਲ ਸਰਜਨ ਨੇ ਕਿਹਾ ਕਿ ਸਰਕਾਰੀ ਹਸਪਤਾਲਾਂ ਵਿਚ ਕਿਸੇ ਨੂੰ ਕੋਈ ਪ੍ਰੇਸ਼ਾਨੀ ਨਹੀ ਆਉਣ ਦਿੱਤੀ ਜਾਵੇਗੀ ।ਇਸ ਸਮੇ ਡਾ. ਡੀ.ਪੀ. ਸਿੰਘ ਐਸ.ਐਮ.ਓ. ਸੁਲਤਾਨਪੁਰ ਲੋਧੀ ਦੀ ਅਗਵਾਈ 'ਚ ਸਿਵਲ ਸਰਜਨ ਦਾ ਨਿੱਘਾ ਸਵਾਗਤ ਕੀਤਾ ਗਿਆ ।ਇਸ ਸਮੇ ਡਾ. ਰਾਜੀਵ ਪ੍ਰਾਸ਼ਰ, ਡਾ. ਰਣਦੀਪ ਸਿੰਘ , ਡਾ. ਸੁਖਵਿੰਦਰ ਕੌਰ ਗਾਇਨੀ , ਸਾਹਿਲ ਥਾਪਰ ਡਾਟਾ ਉਪਰੇਟਰ, ਅਮਨਪ੍ਰੀਤ ਕੌਰ ਜੂਨੀਅਰ ਸਹਾਇਕ , ਕੰਚਨ ਆਈ.ਏ. , ਜਸਬੀਰ ਕੌਰ ਕਲਰਕ ,ਦੀਵਾਨ ਸਿੰਘ , ਸੁਨੀਲ ਤੇ ਸ਼ੰਕਰ ਮੌਜੂਦ ਸਨ।

## ਦਵਿੰਦਰ ਸਿੰਘ ਭੂੰਗਰਨੀ ਬਣੇ ਪ੍ਰਧਾਨ



**ਮੇਹਟਿਆਣਾ (ਜਗਤਾਰ ਸਿੰਘ ਭੂੰਗਰਨੀ)**-ਪਿੰਡ ਰਾਜਪੁਰ ਭਾਈਆਂ ਵਿਖੇ ਦੀ ਰਾਜਪੁਰ ਭਾਈਆ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮਟਿਡ ਦੀ ਚੋਣ ਕੀਤੀ ਗਈ।ਦਵਿੰਦਰ ਸਿੰਘ ਭੂੰਗਰਨੀ, ਪ੍ਰਧਾਨ, ਜਸਵੰਤ ਸਿੰਘ ਮੀਤ ਪ੍ਰਧਾਨ, ਤਜਿੰਦਰ ਸਿੰਘ ਕਮੇਟੀ ਮੈਂਬਰ, ਨੰਬਰਦਾਰ ਸੁਖਵਿੰਦਰ ਸਿੰਘ ਕਮੇਟੀ ਮੈਂਬਰ, ਸਰਵਣ ਸਿੰਘ ਕਮੇਟੀ ਮੈਂਬਰ, ਸਤਨਾਮ ਕਮੇਟੀ ਮੈਂਬਰ, ਮਨਜੀਤ ਸਿੰਘ ਕਮੇਟੀ ਮੈਂਬਰ, ਸਤਿੰਦਰ ਕੌਰ ਕਮੇਟੀ ਮੈਂਬਰ, ਰਜਿੰਦਰ ਕੌਰ ਕਮੇਟੀ ਮੈਂਬਰ, ਗੁਰਪ੍ਰੀਤ ਸਿੰਘ ਕਮੇਟੀ ਮੈਂਬਰ, ਹਰਮੇਲ ਸਿੰਘ ਕਮੇਟੀ ਮੈਂਬਰ ਆਦਿ ਨਿਯੁਕਤ ਕੀਤੇ ਗਏ।

## ਸ਼ਾਂਤੀ ਨਗਰ 'ਚ ਮੀਂਹ ਪ੍ਰਭਾਵਿਤ ਪਰਵਾਰਾਂ ਨੂੰ ਰੈੱਡ ਕਰਾਸ ਨੇ ਰਾਹਤ ਸਮੱਗਰੀ ਵੰਡੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**
ਬੀਤੇ ਦਿਨੀ ਜ਼ਿਲ੍ਹੇ ਵਿੱਚ ਭਾਰੀ ਬਾਰਿਸ਼ ਨੇ ਆਮ ਜਨਜੀਵਨ ਨੂੰ ਪ੍ਰਭਾਵਿਤ ਕੀਤਾ। ਕਈ ਇਲਾਕਿਆਂ ਵਿੱਚ ਪਾਣੀ ਭਰ ਗਿਆ, ਜਿਸ ਵਿੱਚੋਂ ਸ਼ਾਂਤੀ ਨਗਰ ਦੇ ਨੇੜੇ ਅਸਲਾਮਾਬਾਦ ਇਲਾਕਾ ਸਭ ਤੋਂ ਵੱਧ ਪ੍ਰਭਾਵਿਤ ਹੋਇਆ। ਘਰਾਂ ਅਤੇ ਗਲੀਆਂ ਵਿੱਚ ਪਾਣੀ ਭਰਨ ਕਾਰਨ ਲੋਕਾਂ ਦਾ ਰੋਜ਼ਾਨਾ ਜੀਵਨ ਪੂਰੀ ਤਰ੍ਹਾਂ ਪ੍ਰਭਾਵਿਤ ਹੋਇਆ ਅਤੇ ਉਨ੍ਹਾਂ ਨੂੰ ਭਾਰੀ ਨੁਕਸਾਨ ਹੋਇਆ। ਇਸ ਸਥਿਤੀ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਆਸ਼ਿਕਾ ਜੈਨ ਦੇ ਨਿਰਦੇਸ਼ਾਂ 'ਤੇ 7 ਜੁਲਾਈ ਨੂੰ ਰੈੱਡ ਕਰਾਸ ਸੁਸਾਇਟੀ ਵੱਲੋਂ ਇੱਕ ਸਰਵੇਖਣ ਮੁਹਿੰਮ ਚਲਾਈ ਗਈ। ਇਸ ਸਰਵੇਖਣ ਵਿੱਚ ਰੈੱਡ ਕਰਾਸ ਵਿਖੇ ਇੰਟਰਨਸ਼ਿਪ ਕਰ ਰਹੇ ਵਲੰਟੀਅਰਾਂ, ਸਟਾਫ਼ ਅਤੇ ਵਿਦਿਆਰਥੀਆਂ ਨੇ ਹਿੱਸਾ ਲਿਆ। ਸਰਵੇਖਣ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਬਾਰਿਸ਼ ਕਾਰਨ ਇਲਾਕੇ ਵਿੱਚ ਆਵਾਜਾਈ ਪੂਰੀ ਤਰ੍ਹਾਂ ਠੱਪ ਹੋ ਗਈ ਸੀ। ਲੋਕਾਂ ਦੇ ਘਰਾਂ ਵਿੱਚ ਪਾਣੀ ਭਰਨ ਕਾਰਨ ਬਿਸਤਰੇ, ਗੱਦੇ, ਕੱਪੜੇ ਅਤੇ ਹੋਰ ਜ਼ਰੂਰੀ ਸਮਾਨ ਤਬਾਹ ਹੋ ਗਿਆ ਸੀ। ਖਾਣ-ਪੀਣ ਦੀਆਂ ਚੀਜ਼ਾਂ ਦੀ ਵੀ ਭਾਰੀ ਘਾਟ ਸੀ।ਰੈੱਡ ਕਰਾਸ ਸੋਸਾਇਟੀ ਦੇ ਸਕੱਤਰ ਮੰਗੇਸ਼ ਸੂਦ ਨੇ ਦੱਸਿਆ ਕਿ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਅਕਸ਼ੈ ਸ਼ਰਮਾ ਅਤੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਤੋਂ ਅਰਿਤਿਕਾ ਧਾਰਾ ਸਮੇਤ ਰੈਡ ਕਰਾਸ ਵਿਚ ਇੰਟਰਨਸ਼ਿਪ ਕਰ ਰਹੇ ਕਈ ਵਲੰਟੀਅਰਾਂ ਵਲੋਂ ਪੀੜਤ ਪਰਵਾਰਾਂ ਦੀ ਸੂਚੀ ਤਿਆਰ ਕੀਤੀ ਗਈ। ਇਸ ਸੂਚੀ ਦੇ ਆਧਾਰ 'ਤੇ ਡਿਪਟੀ ਕਮਿਸ਼ਨਰ ਦੀਆਂ ਹਦਾਇਤਾਂ ਅਨੁਸਾਰ ਰੈੱਡ ਕਰਾਸ ਵੱਲੋਂ ਲੋੜਵੰਦਾਂ ਨੂੰ ਰਾਸ਼ਨ ਕਿੱਟਾਂ, ਗੱਦੇ, ਹਾਈਜੀਨ ਕਿੱਟਾਂ ਅਤੇ ਟਰਟਸ਼ਾਈ ਪ੍ਰਿੰਟ ਮੱਛਰਦਾਨੀ ਆਦਿ ਵਰਗੀਆਂ ਜ਼ਰੂਰੀ ਚੀਜ਼ਾਂ ਵੰਡੀਆਂ ਗਈਆਂ। ਇਸ ਮੌਕੇ ਰੈੱਡ ਕਰਾਸ ਦੇ ਸੰਯੁਕਤ ਸਕੱਤਰ ਆਦਿਤਿਆ ਰਾਣਾ, ਪਿੰਡ ਦੇ ਸਰਪੰਚ ਜਸਵੀਰ ਸਿੰਘ (ਜੱਸੀ), ਸੰਦੀਪ ਚੇਚੀ, ਪਵਨ ਸੈਣੀ ਅਤੇ ਕਈ ਪ੍ਰਭਾਵਿਤ ਪਰਿਵਾਰ ਮੌਜੂਦ ਸਨ। ਸੂਦ ਨੇ ਅੱਗੇ ਕਿਹਾ ਕਿ ਰੈੱਡ ਕਰਾਸ ਸੋਸਾਇਟੀ ਦਾ ਕੰਮ ਜਨਤਕ ਸਹਿਯੋਗ ਅਤੇ ਦਾਨ 'ਤੇ ਅਧਾਰਤ ਹੈ। ਉਨ੍ਹਾਂ ਜ਼ਿਲ੍ਹੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਕੁਦਰਤੀ ਆਫ਼ਤ ਦੌਰਾਨ ਵਿੱਤੀ ਜਾਂ ਕਿਸੇ ਹੋਰ ਤਰ੍ਹਾਂ ਦੀ ਸਹਾਇਤਾ ਪ੍ਰਦਾਨ ਕਰਕੇ ਰੈੱਡ ਕਰਾਸ ਦੇ ਇਸ ਜਨਤਕ ਸੇਵਾ ਕਾਰਜ ਵਿੱਚ ਯੋਗਦਾਨ ਪਾਉਣ। ਚਾਹਵਾਨ ਵਿਅਕਤੀ ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 9:00 ਵਜੇ ਤੋਂ ਸ਼ਾਮ 5:00 ਵਜੇ ਰੈੱਡ ਕਰਾਸ ਦਫ਼ਤਰ, ਜੋਧਾ ਮੇਲ ਰੋਡ, ਸਿਵਲ ਲਾਈਨਜ਼, ਹੁਸ਼ਿਆਰਪੁਰ ਵਿਚ ਸੰਪਰਕ ਕਰ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।



## ਵਾਟਰ ਸਪਲਾਈ ਦੇ ਪਾਈਪ ਪਾਉਣ ਦਾ ਕੰਮ ਸ਼ੁਰੂ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**-ਭੋਗਪੁਰ ਦੇ ਮੁਹੱਲਾ ਰੂਪਨਗਰ ਵਿੱਚ ਵਾਟਰ ਸਪਲਾਈ ਦੇ ਪਾਈਪ ਪਾਉਣ ਦਾ ਕੰਮ ਸ਼ੁਰੂ ਕੀਤਾ ਗਿਆ। ਇਸ ਮੌਕੇ ਵਾਰਡ ਨੰਬਰ 4 ਭੋਗਪੁਰ ਦੇ ਕੌਂਸਲਰ ਸੁਖਦੇਵ ਲਾਲ ਨੇ ਕਿਹਾ ਕਿ ਵਾਟਰ ਸਪਲਾਈ ਦਾ ਕੰਮ ਸ਼ੁਰੂ ਹੋਣ ਤੋਂ ਪਹਿਲਾਂ ਅਰਦਾਸ ਹੋਈ ਅਤੇ ਸ਼ੁੱਭ ਆਰੰਭ ਦੀ ਰਸਮ ਉਪਰੰਤ ਲੱਡੂ ਵੰਡੇ ਗਏ। ਸੁਖਦੇਵ ਲਾਲ ਨੇ ਕਿਹਾ ਕਿ ਵਾਟਰ ਸਪਲਾਈ ਸਹੂਲਤ ਨਾ ਹੋਣ ਕਰਕੇ ਬਹੁਤ ਸਾਰੇ ਲੋਕ ਪੀਣ ਵਾਲੇ ਪਾਣੀ ਦੀ ਮੁੱਢਲੀ ਸਹੂਲਤ ਤੋਂ ਵੀ ਵਾਂਝੇ ਸਨ ਅਤੇ ਲੰਬੇ ਸਮੇਂ ਤੋਂ ਚੱਲੀ ਆ ਰਹੀ ਵਾਟਰ ਸਪਲਾਈ ਦੀ ਸਮੱਸਿਆ ਦਾ ਹੱਲ ਹੋਣ ਜਾ ਰਿਹਾ ਹੈ। ਉਹਨਾਂ ਪੰਜਾਬ ਸਰਕਾਰ ਅਤੇ ਨਗਰ ਕੌਂਸਲ ਭੋਗਪੁਰ ਦਾ ਤਹਿ ਦਿਲੋਂ ਧੰਨਵਾਦ ਕੀਤਾ।



## ਬੈਕਫਿੰਕੋ ਡਾਇਰੈਕਟਰਜ਼ ਨੇ ਅਹੁਦਾ ਸੰਭਾਲਿਆ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਪੰਜਾਬ ਪਛੜੀਆਂ ਸ਼੍ਰੇਣੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ



(ਬੈਕਫਿੰਕੋ) ਦੇ ਬੋਰਡ ਆਫ ਡਾਇਰੈਕਟਰਜ਼ ਦੇ ਨਿਯੁਕਤ ਕੀਤੇ ਗਏ ਨਾਨ-ਆਫਿਸ਼ੀਅਲ ਡਾਇਰੈਕਟਰ ਦਿਨੇਸ਼ ਕੁਮਾਰ ਅਤੇ ਜਸਵੀਰ ਸਿੰਘ ਵੱਲੋਂ ਚੰਡੀਗੜ੍ਹ ਵਿਖੇ ਸਥਿਤ ਬੈਕਫਿੰਕੋ ਮੁੱਖ ਦਫਤਰ ਵਿਖੇ ਚੇਅਰਮੈਨ, ਬੈਕਫਿੰਕੋ ਸੰਦੀਪ ਸੈਣੀ ਦੀ ਹਾਜ਼ਰੀ ਵਿੱਚ ਅਹੁਦਾ ਸੰਭਾਲ ਲਿਆ। ਇਸ ਮੌਕੇ ਇੰਦਰਜੀਤ ਕੌਰ ਮਾਨ, ਐਮ.ਐਲ.ਏ. ਨਕੋਦਰ, ਬੈਕਫਿੰਕੋ ਦੇ ਕਾਰਜਕਾਰੀ ਡਾਇਰੈਕਟਰ ਜੀ.ਐਸ.ਸਹੋਤਾ, ਵਿਕਾਸ ਸੈਣੀ, ਚੇਅਰਮੈਨ, ਮਾਰਕਿਟ ਕਮੇਟੀ ਪਠਾਨਕੋਟ, ਅਨਿਲ ਮਹਾਜਨ, ਮੈਂਬਰ ਪੰਜਾਬ ਵਪਾਰੀ ਮੰਡਲ ਕਮਿਸ਼ਨ ਅਤੇ ਹੋਰ ਪਤਵੰਤੇ ਮੌਜੂਦ ਸਨ।

## ਨਗਰ ਕੌਂਸਲ ਵੱਲੋਂ 15.5 ਕਰੋੜ ਰੁਪਏ ਦੇ ਵਿਕਾਸੀ ਟੈਂਡਰ ਪਾਸ



**ਕੁਰਾਲੀ, (ਮੋਹਣ ਅੱਗਰਵਾਲ)**
ਨਗਰ ਕੌਂਸਲ ਕੁਰਾਲੀ ਦੇ ਪ੍ਰਧਾਨ ਰਣਜੀਤ ਸਿੰਘ ਜੀਤੀ ਪਡਿਆਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੁਰਾਲੀ ਸ਼ਹਿਰ ਦੇ ਹਰ ਕੋਨੇ ਦੀ ਤਰੱਕੀ ਲਈ ਨਗਰ ਕੌਂਸਲ ਵੱਲੋਂ ਲਗਭਗ 15.5 ਕਰੋੜ ਰੁਪਏ ਦੇ ਵਿਕਾਸੀ ਟੈਂਡਰ ਪਾਸ ਕਰਵਾ ਲਏ ਗਏ ਹਨ, ਜਿਨ੍ਹਾਂ 'ਤੇ ਆਉਣ ਵਾਲੇ ਕੁਝ ਦਿਨਾਂ ਵਿੱਚ ਕੰਮ ਸ਼ੁਰੂ ਕਰ ਦਿੱਤੇ ਜਾਣਗੇ। ਪ੍ਰਧਾਨ ਜੀਤੀ ਪਡਿਆਲਾ ਨੇ ਦੱਸਿਆ ਕਿ ਇਨ੍ਹਾਂ ਵਿੱਚ ਸ਼ਹਿਰ ਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਨਵੇਂ ਸੀ.ਸੀ.ਟੀ.ਵੀ. ਕੈਮਰੇ, ਵਾਰਡ ਨੰਬਰ 8 ਵਿੱਚ ਨਵਾਂ ਕਮਿਊਨਿਟੀ ਸੈਂਟਰ ਦੀ ਉਸਾਰੀ ਲਈ, ਪੁਰਾਣੀ ਅਨਾਜ ਮੰਡੀ ਵਿੱਚ ਇੰਟਰਲਾਕਿੰਗ ਟਾਇਲਾਂ ਅਤੇ ਪਾਇਪਾਂ ਲਈ, ਨਿਹੋਲਕਾ ਰੋਡ 'ਤੇ ਸਥਿੱਤ ਸ਼ਮਸ਼ਾਨਘਾਟ ਵਿੱਚ ਸ਼ੈੱਡ ਦੀ ਵਾਧੂ ਉਸਾਰੀ ਲਈ, ਵਾਰਡ ਨੰਬਰ 16 ਵਿੱਚ ਸਥਿੱਤ ਧਰਮਸ਼ਾਲਾ ਦੀ ਮੁਰੰਮਤ ਤੋਂ ਇਲਾਵਾ ਹੋਰ ਵੀ ਕਈ ਛੋਟੇ ਵੱਡੇ ਟੈਂਡਰ ਸ਼ਹਿਰ ਦੇ ਵਿਕਾਸ ਨੂੰ ਧਿਆਨ ਵਿੱਚ ਰੱਖ ਕੇ ਪਾਸ ਕੀਤੇ ਗਏ ਹਨ। ਜੀਤੀ ਪਡਿਆਲਾ ਨੇ ਅਫ਼ਸੋਸ ਜਤਾਉਂਦਿਆਂ ਕਿਹਾ ਕਿ ਇਹ ਸਾਰੇ ਕੰਮ ਨਗਰ ਕੌਂਸਲ ਦੇ ਆਪਣੇ ਮਿਊਂਸਪਲ ਫੰਡਾਂ ਵਿੱਚੋਂ ਹੀ ਪਾਸ ਕੀਤੇ ਗਏ ਹਨ, ਇਸ ਸਬੰਧੀ ਸਰਕਾਰ ਵੱਲੋਂ ਕੋਈ ਫੰਡ ਜਾਰੀ ਨਹੀਂ ਕੀਤੇ ਗਏ। ਉਨ੍ਹਾਂ ਮੌਜੂਦਾ ਵਿਧਾਇਕ ਉੱਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਉਹ ਸਿਰਫ ਸ਼ਹਿਰ ਵਿੱਚ ਮਿਉਂਸਪਲ ਫੰਡ ਨਾਲ ਹੋਏ ਵਿਕਾਸ ਕਾਰਜਾਂ ਦੇ ਹੀ ਉਦਘਾਟਨ ਕਰਕੇ ਵਾਹ ਵਾਹ ਖੱਟ ਰਹੇ ਹਨ । ਉਨ੍ਹਾਂ ਕਿਹਾ ਕਿ ਅਸੀਂ ਵਿਕਾਸ ਦੀ ਰਾਜਨੀਤੀ 'ਚ ਵਿਸ਼ਵਾਸ ਕਰਦੇ ਹਾਂ ਅਤੇ ਲੋਕਾਂ ਦੀ ਭਲਾਈ, ਸੁਵਿਧਾਵਾਂ ਅਤੇ ਸ਼ਹਿਰ ਦੀ ਤਰੱਕੀ ਲਈ ਹਰ ਹਾਲਤ ਵਿੱਚ ਲੜਦੇ ਰਹਾਂਗੇ। ਇਸ ਮੌਕੇ ਉਨਾਂ ਨਾਲ ਸਾਥੀ ਕੌਂਸਲਰ ਜਸਵਿੰਦਰ ਸਿੰਘ ਗੋਲਡੀ, ਰਮਾਕਾਂਤ ਕਾਲੀਆ, ਲਖਵੀਰ ਰਾਣਾ ਲੱਕੀ, ਜੀਤਾ ਤੋਂ ਇਲਾਵਾ ਹੈਪੀ ਧਿਮਾਨ, ਦਿਨੇਸ਼ ਗੌਤਮ, ਦੀਪਕ ਗੌਤਮ ਜੱਗੀ, ਸੰਜੂ ਰਾਣਾ ਅਤੇ ਪਰਮਜੀਤ ਸਿੰਘ ਪੰਮੀ ਵੀ ਹਾਜ਼ਰ ਸਨ।

## ਹੈਰੋਇਨ ਸਮੇਤ ਕਾਬੂ

**ਕਾਲਾ ਸੰਘਿਆਂ (ਮਨਜੀਤ ਮਾਨ)**-ਦਵਿੰਦਰਬੀਰ ਸਿੰਘ, ਮੁੱਖ ਅਫਸਰ, ਪੁਲਸ ਥਾਣਾ ਢਿਲਵਾਂ ਨੇ ਇੱਕ ਵਿਅਕਤੀ ਨੂੰ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਨੇ ਦੱਸਿਆ ਕਿ ਉਹ ਆਪਣੇ ਸਾਥੀ ਕਰਮਚਾਰੀਆਂ ਨਾਲ



ਗਸ਼ਤ 'ਤੇ ਸਨ, ਜਦੋਂ ਉਹ ਢਿਲਵਾਂ ਤੋਂ ਲਗਭਗ ਦੋ ਕਿਲੋਮੀਟਰ ਬੰਨ੍ਹ 'ਤੇ ਪਹੁੰਚੇ ਤਾਂ ਨੇੜੇ ਇੱਕ ਕਮਰੇ ਨਜਦੀਕ ਇੱਕ ਨੌਜਵਾਨ ਨੂੰ ਦੇਖਿਆ ਗਿਆ, ਜੋ ਪੁਲਸ ਨੂੰ ਦੇਖ ਕੇ ਇੱਕ ਦਰੱਖਤ ਪਿੱਛੇ ਲੁਕ ਗਿਆ। ਸ਼ੱਕ ਦੇ ਆਧਾਰ 'ਤੇ ਉਸਨੂੰ ਫੜ ਲਿਆ ਗਿਆ ਅਤੇ ਜਦੋਂ ਉਸ ਦਾ ਨਾਂਅ ਅਤੇ ਪਤਾ ਪੁੱਛਿਆ ਗਿਆ ਤਾਂ ਉਸਨੇ ਆਪਣੀ ਪਛਾਣ ਗੁਰਵਿੰਦਰ ਸਿੰਘ ਉਰਫ ਜੋਤੀ ਪੁੱਤਰ ਹਰਜਿੰਦਰ ਸਿੰਘ ਵਾਸੀ ਨਵੀਂ ਆਬਾਦੀ ਬਿਆਸ, ਥਾਣਾ ਬਿਆਸ, ਜ਼ਿਲ੍ਹਾ ਅੰਮ੍ਰਿਤਸਰ ਵਜੋਂ ਦੱਸੀ। ਤਲਾਸ਼ੀ ਦੌਰਾਨ ਉਸ ਪਾਸੋਂ 7 ਗ੍ਰਾਮ ਹੈਰੋਇਨ ਬਰਾਮਦ ਹੋਈ,ਉਪਰੋਕਤ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਐਨ ਡੀ ਪੀ ਐਸ ਐਕਟ ਤਹਿਤ ਥਾਣਾ ਢਿਲਵਾਂ ਵਿੱਚ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

## ਤਰਕਸ਼ੀਲ ਸੁਸਾਇਟੀ ਵੱਲੋਂ ਦੋ ਮਾਸਿਕ ਮੈਗਜ਼ੀਨ ਤੇ 6ਵੀਂ ਚੇਤਨਾ ਪਰਖ ਪ੍ਰੀਖਿਆ ਕਰਾਉਣ ਲਈ ਤਿਆਰੀ ਮੁਕੰਮਲ


**ਜਲੰਧਰ (ਕੇਸਰ)**-ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਜਲੰਧਰ ਵੱਲੋਂ ਸਥਾਨਿਕ ਦੇਸ਼ ਭਗਤ ਯਾਦਗਾਰ ਮੀਟਿੰਗ ਕੀਤੀ ਗਈ। ਤਰਕਸ਼ੀਲ ਸੁਸਾਇਟੀ ਵੱਲੋਂ ਆਪਣੇ ਅਹਿਮ ਕਾਰਜਾਂ 'ਚੋਂ ਜੋ ਕਾਰਜ ਕੀਤਾ ਜਾਂਦਾ ਹੈ ਉਹ ਹੈ ਚੇਤਨਾ ਪਰਖ ਪ੍ਰੀਖਿਆ। ਇਸ ਵਾਰ ਛੇਵੀਂ ਪ੍ਰੀਖਿਆ ਸਕੂਲੀ ਬੱਚਿਆਂ ਤੋਂ ਲਈ ਜਾਵੇਗੀ। ਤਰਕਸ਼ੀਲ ਸੁਸਾਇਟੀ ਦੇ



ਅਹੁਦੇਦਾਰਾਂ ਨੇ ਕਿਹਾ ਕਿ ਚੇਤਨਾ ਪਰਖ ਪ੍ਰੀਖਿਆ ਦੀਆਂ ਕਿਤਾਬਾਂ ਬੱਚਿਆਂ ਨੂੰ ਸਰਬਪੱਖੀ ਗਿਆਨ ਪ੍ਰਦਾਨ ਕਰਦੀਆਂ ਨੇ। ਇਹ ਪ੍ਰੀਖਿਆ ਵਿੱਚ ਦੋ ਵਰਗਾਂ ਵਿੱਚ ਲਈ ਜਾਵੇਗੀ ਮਿਡਲ ਤੇ ਸੈਕੰਡਰੀ। ਇਸ ਮੌਕੇ ਨਾਮਵਰ ਸ਼ਖਸ਼ੀਅਤ ਲਾਹੌਰੀ ਰਾਮ ਦੇ ਸਰਧਾਂਜ਼ਲੀ ਸਮਾਗਮ ਨੂੰ ਸਮਰਪਿਤ ਤੇ ਸਾਥੀ ਸੋਮਨਾਥਲਈ ਸੋਗ ਮਤੇ ਪੜ੍ਹੇ ਗਏ। ਸੁਸਾਇਟੀ ਵੱਲੋਂ ਨਵੇਂ ਸਾਥੀਆਂ ਦੀ ਸ਼ਮੂਲੀਅਤ ਕਰਵਾਈ ਗਈ ਤੇ ਖਾਸ ਕਰਕੇ ਔਰਤਾਂ ਨੂੰ ਤਰਕਸ਼ੀਲ ਸੁਸਾਇਟੀ ਵਿੱਚ ਆਉਣ ਲਈ ਜ਼ੋਰਦਾਰ ਅਪੀਲ ਕੀਤੀ। ਇਸ ਮੌਕੇ ਪ੍ਰਧਾਨ ਪਰਮਜੀਤ ਕਿਰਤੀ, ਵਿੱਤ ਮੁੱਖੀ ਸਾਬਕਾ ਡੀ ਓ ਜਰਨੈਲ ਸਿੰਘ, ਵਿਜੈ ਰਾਹੀਂ, ਮੀਡੀਆ ਇੰਚਾਰਜ ਨਸੀਬ ਚੰਦ ਬੱਬੀ, ਅਸ਼ੋਕ, ਸੱਭਿਆਚਾਰਕ ਮੁੱਖੀ ਅਰੁਣ, ਪਰਮਜੀਤ ਨਾਰੰਗਪੁਰ, ਨਵੇਂ ਮੈਂਬਰ ਸੁਰਿੰਦਰ ਕੁਮਾਰ ਰਾਜਾ ਹਾਜ਼ਰ ਸਨ।

## ਸ੍ਰੀ ਸ਼ਿਵ ਮਹਾਂਪੁਰਾਣ ਕਥਾ ਦਾ ਪੋਸਟਰ ਗੁਰਪ੍ਰਤਾਪ ਸਿੰਘ ਪਡਿਆਲਾ ਵੱਲੋਂ ਜਾਰੀ

**ਕੁਰਾਲੀ, (ਮੋਹਣ ਅੱਗਰਵਾਲ)**- ਸ੍ਰੀ ਗੌਰੀ ਸ਼ੰਕਰ ਧਾਮ ਵਲੋਂ ਸਥਾਨਕ ਵਾਰਡ ਨੰਬਰ 14 ਵਿੱਚ 15 ਜੁਲਾਈ ਤੋਂ ਲੈ ਕੇ 23 ਜੁਲਾਈ ਤੱਕ ਕਰਵਾਈ ਜਾ ਰਹੀ ਸ੍ਰੀ ਸ਼ਿਵ ਮਹਾਂਪੁਰਾਣ ਕਥਾ ਦਾ ਪੋਸਟਰ ਸੀਨੀਅਰ ਕਾਂਗਰਸੀ ਆਗੂ



ਗੁਰਪ੍ਰਤਾਪ ਸਿੰਘ ਪਡਿਆਲਾ ਜਨਰਲ ਸਕੱਤਰ (ਕਿਸਾਨ ਕਾਂਗਰਸ ਪੰਜਾਬ) ਵੱਲੋਂ ਕੀਤਾ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਡਿਆਲਾ ਨੇ ਦੱਸਿਆ ਕਿ ਸ੍ਰੀ ਗੌਰੀ ਸ਼ੰਕਰ ਧਾਮ ਵਲੋਂ ਹਰ ਸਾਲ ਦੀ ਤਰਾਂ ਇਸ ਸਾਲ ਵੀ ਸ੍ਰੀ ਸ਼ਿਵ ਮਹਾਂਪੁਰਾਣ ਕਥਾ ਕਰਵਾਈ ਜਾ ਰਹੀ ਹੈ। ਜਿਸ ਵਿੱਚ ਪੰਡਿਤ ਜਗਦੀਸ਼ ਚੰਦ ਸ਼ਾਸਤਰੀ ਚਿਤਰਕੂਟ ਵਾਲੇ ਸੰਗਤਾਂ ਨੂੰ ਸ੍ਰੀ ਸ਼ਿਵ ਮਹਾਂਪੁਰਾਣ ਕਥਾ ਸਰਵਣ ਕਰਵਾਉਣਗੇ। ਉਹਨਾਂ ਦੱਸਿਆ ਕਿ 15 ਜੁਲਾਈ ਨੂੰ ਕਲਸ਼ ਯਾਤਰਾ ਕੀਤੀ ਜਾਵੇਗੀ ਅਤੇ 21 ਜੁਲਾਈ ਨੂੰ ਮਾਂ ਦੁਰਗਾ ਜੀ ਦੀ ਮੂਰਤੀ ਸਥਾਪਨਾ ਕੀਤੀ ਜਾਵੇਗੀ। ਇਸ ਮੌਕੇ ਪ੍ਰਧਾਨ ਸਨੀ ਭਸੀਨ, ਮੁਕੇਸ਼ ਰਾਣਾ ਸਾਬਕਾ ਕੌਂਸਲਰ, ਕੁਲਵਿੰਦਰ ਸਿੰਘ ਨਗਲੀਆਂ ਸਾਬਕਾ ਸਰਪੰਚ, ਨੀਟਾ ਜੱਸਲ, ਗੋਲਡੀ ਸ਼ੁਕਲਾ, ਸੰਜੂ ਚਨਾਲੋਂ, ਲਖਵਿੰਦਰ ਲੱਖਾ, ਸੂਰਜ ਵਰਮਾ ਸਮੇਤ ਹੋਰ ਪਤਵੰਤੇ ਹਾਜ਼ਰ ਸਨ।

## ਸਿਹਤ ਕੇਂਦਰਾਂ 'ਚ ਆ ਰਹੇ ਸਾਰੇ ਓ ਪੀ ਡੀ ਮਰੀਜ਼ਾਂ ਦੇ ਆਭਾ ਅਕਾਊਂਟ ਬਣਾਏ ਜਾਣ : ਡਾ. ਗੀਤਾਂਜਲੀ ਸਿੰਘ



**ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)**
ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮੁੱਢਲਾ ਸਿਹਤ ਕੇਂਦਰ ਮੁਜ਼ੱਫਰਪੁਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਗੀਤਾਂਜਲੀ ਸਿੰਘ ਦੀ ਯੋਗ ਰਹਿਨੁਮਾਈ ਹੇਠ ਸਿਹਤ ਵਿਭਾਗ ਆਮ ਲੋਕਾਂ ਨੂੰ ਬਿਹਤਰ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਯਤਨਸ਼ੀਲ ਹੈ।ਇਸੇ ਕੜੀ ਤਹਿਤ ਸੀਨੀਅਰ ਮੈਡੀਕਲ ਅਫਸਰ ਡਾ. ਗੀਤਾਂਜਲੀ ਸਿੰਘ ਨੇ ਸ਼ਨਿੱਚਰਵਾਰ ਨੂੰ ਆਯੂਸ਼ਮਾਨ ਆਰੋਗਿਆ ਕੇਂਦਰ ਗੁੱਜਰਪੁਰ ਤੇ ਜੱਬੋਵਾਲ ਦਾ ਦੌਰਾ ਕੀਤਾ ਅਤੇ ਆਮ ਲੋਕਾਂ ਨੂੰ ਮੁਹੱਈਆ ਕਰਵਾਈਆਂ ਜਾ ਰਹੀਆਂ ਸਿਹਤ ਸਹੂਲਤਾਂ ਤੇ ਸਾਫ-ਸਫਾਈ ਪ੍ਰਬੰਧਾਂ ਦਾ ਨਿਰੀਖਣ ਕੀਤਾ। ਉਨ੍ਹਾਂ ਦਵਾਈਆਂ ਦੀ ਉਪਲੱਬਧਤਾ, ਲੋਕਾਂ ਦੇ ਆਭਾ ਅਕਾਊਂਟ ਬਣਾਉਣ ਦੇ ਨਿਰਧਾਰਤ ਟੀਚੇ ਨੂੰ ਪ੍ਰਾਪਤ ਕਰਨ ਤੇ ਵੈਕਸੀਨ ਦੇ ਰੱਖ-ਰਖਾਵ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਹਦਾਇਤ ਕਰਦੇ ਹੋਏ ਕਿਹਾ ਕਿ ਆਭਾ ਆਈ.ਡੀ. ਦੀ ਗਿਣਤੀ ਨੂੰ ਵਧਾਉਣ ਲਈ ਹਰੇਕ ਮੈਡੀਕਲ ਅਤੇ ਪੈਰਾਮੈਡੀਕਲ ਸਟਾਫ ਰੋਜ਼ਾਨਾ ਘੱਟੋ-ਘੱਟ ਪੰਜ ਆਭਾ ਆਈ.ਡੀ. ਬਣਾਉਣ ਦਾ ਟੀਚਾ ਪੂਰਾ ਕਰੇ। ਸਿਹਤ ਕੇਂਦਰਾਂ ਵਿੱਚ ਆ ਰਹੇ ਓ.ਪੀ.ਡੀ. ਮਰੀਜ਼ਾਂ ਦੇ ਆਭਾ ਅਕਾਊਂਟ ਬਣਾਏ ਜਾਣ। ਹਰ ਸਟਾਫ ਮੈਂਬਰ ਦੁਆਰਾ ਆਪਣੇ ਪਰਵਾਰ ਅਤੇ ਰਿਸ਼ਤੇਦਾਰਾਂ ਦੀ ਆਭਾ ਆਈ.ਡੀ. ਬਣਾਈ ਜਾਏ। ਇਸ ਕਾਰਜ ਦੀ ਰੋਜ਼ਾਨਾ ਮੋਨੀਟਰਿੰਗ ਕੀਤੀ ਜਾਵੇ।ਇਸ ਮੌਕੇ ਡਾ. ਗੀਤਾਂਜਲੀ ਸਿੰਘ ਨੇ ਸਿਹਤ ਕੇਂਦਰ ਵਿੱਚ ਆਏ ਮਰੀਜ਼ਾਂ ਨੂੰ ਆਪਣੇ ਆਭਾ ਅਕਾਊਂਟ ਬਣਾਉਣ ਲਈ ਪ੍ਰੇਰਿਤ ਕੀਤਾ।ਉਨ੍ਹਾਂ ਇਹ ਹਦਾਇਤ ਕੀਤੀ ਕਿ ਲੋਕਾਂ ਨੂੰ ਸਰਕਾਰੀ ਸਿਹਤ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਮੁਹੱਈਆ ਕਰਵਾਇਆ ਜਾਵੇ।

## ਲਾਲਜੀਤ ਸਿੰਘ ਭੁੱਲਰ ਨੇ 12 ਨਵ-ਨਿਯੁਕਤ ਜੇਲ੍ਹ ਮੁਲਾਜ਼ਮਾਂ ਨੂੰ ਨਿਯੁਕਤੀ ਪੱਤਰ ਸੌਂਪੇ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**-ਪੰਜਾਬ ਦੇ ਜੇਲ੍ਹ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ ਸਥਿਤ ਆਪਣੇ ਦਫ਼ਤਰ ਵਿਖੇ ਕਰਵਾਏ ਗਏ ਇੱਕ ਰਸਮੀ ਸਮਾਰੋਹ ਦੌਰਾਨ ਨਵੇਂ ਭਰਤੀ ਹੋਏ 12 ਜੇਲ੍ਹ ਕਰਮਚਾਰੀਆਂ ਨੂੰ ਨਿਯੁਕਤੀ ਪੱਤਰ ਸੌਂਪੇ। ਇਸ ਮੌਕੇ ਉਨ੍ਹਾਂ ਨਾਲ ਆਤਮ ਨਗਰ ਲੁਧਿਆਣਾ ਤੋਂ ਵਿਧਾਇਕ ਕੁਲਵੰਤ ਸਿੰਘ ਸਿੱਧੂ ਅਤੇ ਏ ਡੀ ਜੀ ਪੀ ਜੇਲ੍ਹਾਂ ਸ੍ਰੀ ਅਰੁਣ ਪਾਲ ਸਿੰਘ ਵੀ ਮੌਜੂਦ ਸਨ।ਉਨ੍ਹਾਂ ਦੱਸਿਆ ਕਿ ਨਵ-ਨਿਯੁਕਤ ਮੁਲਾਜ਼ਮਾਂ ਵਿੱਚ 5 ਜੇ.ਬੀ.ਟੀ. ਅਧਿਆਪਕ ਵੀ ਸ਼ਾਮਲ ਹਨ, ਜੋ ਕੈਦੀਆਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਸਿੱਖਿਆ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ, ਜਿਸ ਦੇ ਨਤੀਜੇ ਵਜੋਂ ਉਨ੍ਹਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਜੋੜਨ ਅਤੇ ਉਨ੍ਹਾਂ ਦੇ ਮੁੜ-ਵਸੇਬੇ ਦਾ ਰਾਹ ਸੁਖਾਲਾ ਹੋਵੇਗਾ। ਇਸ ਤੋਂ ਇਲਾਵਾ 3 ਕਲਰਕ, 1 ਵਾਰਡਰ ਅਤੇ 3 ਗਰੁੱਪ-ਡੀ ਅਧਿਕਾਰੀ ਵੀ ਨਿਯੁਕਤ ਕੀਤੇ ਗਏ।ਉਨ੍ਹਾਂ ਕਿਹਾ ਕਿ ਮਾਨ ਸਰਕਾਰ ਜੇਲ੍ਹ ਵਿਭਾਗ ਵਿੱਚ ਲਗਾਤਾਰ ਰੈਗੂਲਰ ਭਰਤੀਆਂ ਕਰ ਰਹੀ ਹੈ। ਲਾਲਜੀਤ ਸਿੰਘ ਭੁੱਲਰ ਨੇ ਐਲਾਨ ਕੀਤਾ ਕਿ ਜੇਲ੍ਹ ਵਿਭਾਗ ਵਿੱਚ ਵੱਖ-ਵੱਖ ਕਾਡਰਾਂ 'ਚ 1,220 ਅਸਾਮੀਆਂ ਨੂੰ ਬਹਾਲ ਕੀਤਾ ਜਾ ਰਿਹਾ ਹੈ, ਜਿਸ ਲਈ ਭਰਤੀ ਪ੍ਰਕਿਰਿਆ ਜਲਦੀ ਹੀ ਸ਼ੁਰੂ ਹੋਣ ਵਾਲੀ ਹੈ।ਭੁੱਲਰ ਨੇ ਕਿਹਾ ਕਿ ਸੂਬਾ ਸਰਕਾਰ ਨੇ ਹੁਣ ਤੱਕ ਰੈਗੂਲਰ ਆਧਾਰ 'ਤੇ ਲਗਭਗ 55,000 ਸਰਕਾਰੀ ਨੌਕਰੀਆਂ ਸਫਲਤਾਪੂਰਵਕ ਪ੍ਰਦਾਨ ਕੀਤੀਆਂ ਹਨ।

## ਸਰਕਾਰੀ ਸਕੂਲਾਂ ਦਾ ਪੱਧਰ ਉੱਚਾ ਚੁੱਕਣ ਲਈ ਸ਼ਿੱਦਤ ਨਾਲ ਕੰਮ ਜਾਰੀ : ਡਾ. ਇਸ਼ਾਂਕ

**ਮਾਹਿਲਪੁਰ, ਹੁਸ਼ਿਆਰਪੁਰ/ਚੱਬੇਵਾਲ, (ਸਫਰੀ, ਬਲਵੀਰ ਸਿੰਘ ਸੈਣੀ)**
ਵਿਧਾਨ ਸਭਾ ਹਲਕਾ ਚੱਬੇਵਾਲ ਤੋਂ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਦੱਸਿਆ ਕਿ ਹਲਕੇ ਦੇ 17 ਸਰਕਾਰੀ ਪ੍ਰਾਇਮਰੀ, ਇਕ ਸਰਕਾਰੀ ਹਾਈ ਸਕੂਲ ਅਤੇ ਤਿੰਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੇ ਵਿਕਾਸ ਲਈ ਪੰਜਾਬ ਸਰਕਾਰ ਵੱਲੋਂ 82 ਲੱਖ 80 ਹਜ਼ਾਰ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ, ਜਿਸ ਨਾਲ ਸਰਕਾਰੀ ਸਕੂਲਾਂ ਦੀ ਕਾਇਆ ਕਲਪ ਕੀਤੀ ਜਾਵੇਗੀ। ਇਸ ਦੇ ਪ੍ਰਤੀ ਡਾ. ਇਸ਼ਾਂਕ ਕੁਮਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ ਹੈ। ਇਸ ਦੌਰਾਨ ਸੰਤ ਨਰਾਇਣ ਦਾਸ ਬਲਾਇੰਡ ਐਂਡ ਹੈਡੀਕੈਂਪਡ ਸਕੂਲ ਮਾਹਿਲਪੁਰ ਦੇ ਬੱਚੇ ਪ੍ਰਿੰਸੀਪਲ ਅਤਰ ਸਿੰਘ ਦੀ ਅਗਵਾਈ ਹੇਠ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੂੰ ਮਿਲੇ। ਇਸ ਮੌਕੇ ਡਾ. ਚੱਬੇਵਾਲ ਨੇ ਵਿਦਿਆਰਥੀਆਂ ਦੀ ਕਾਮਯਾਬੀ ਲਈ ਸਕੂਲ ਪ੍ਰਬੰਧਨ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਕੁਝ ਮਹੀਨੇ ਪਹਿਲਾ ਸ਼ੁਰੂ ਹੋਏ ਵਿੱਦਿਅਕ ਸੈਸ਼ਨ ਵਿਚ ਮਾਪਿਆਂ ਵੱਲੋਂ ਵੱਡੀ ਗਿਣਤੀ ਵਿਚ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਤੋਂ ਸਰਕਾਰੀ ਸਕੂਲਾਂ ਵਿਚ ਲਿਆਉਣਾ ਦਰਸਾਉਂਦਾ ਹੈ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿਚ ਚੁੱਕੇ ਗਏ ਕਦਮਾਂ ਨਾਲ ਲੋਕ ਵੀ ਕਦਮ ਮਿਲਾਉਣ ਲੱਗ ਪਏ ਹਨ। ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਚੱਬੇਵਾਲ ਹਲਕੇ ਦੇ ਜਿਨ੍ਹਾਂ ਸਕੂਲਾਂ ਵਿੱਚ ਵਿਕਾਸ 'ਤੇ ਖ਼ਰਚ ਕੀਤਾ ਜਾਣਾ ਹੈ, ਉਨ੍ਹਾਂ ਵਿਚ ਸਰਕਾਰੀ ਸਕੂਲ ਭਾਮ, ਫੁਗਲਾਣਾ, ਸੈਦੋ ਪੱਟੀ, ਸਾਹਰੀ, ਨੌਗਰਾਵਾਂ, ਤਨੂਲੀ, ਮਹਿਨਾ, ਸਸੋਲੀ, ਟੋਹਲੀਆ, ਹੁੱਕੜਾ, ਮਾਨਾ, ਭੱਟੀਆ ਬ੍ਰਾਹਮਣਾਂ, ਬਡਿਆਲ, ਸਿੰਬਲੀ, ਮੋਨਾ ਖੁਰਦ, ਅੱਛਰਵਾਲ, ਲਕਸੀਹਾ (ਸਾਰੇ ਸਰਕਾਰੀ ਪ੍ਰਾਈਮਰੀ ਸਕੂਲ), ਸਰਕਾਰੀ ਹਾਈ ਸਕੂਲ ਬਿਹਾਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੰਬੇਲੀ, ਕੋਟਫਤੂਹੀ ਅਤੇ ਈਸਪੁਰ ਸ਼ਾਮਲ ਹਨ। ਆਖਰ ਵਿਚ ਡਾ. ਇਸ਼ਾਂਕ ਕੁਮਾਰ ਨੇ ਉਨ੍ਹਾਂ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ, ਜਿਨ੍ਹਾਂ ਨੂੰ ਫੰਡ ਜਾਰੀ ਕੀਤੇ ਗਏ ਹਨ, ਕਿ ਵਿਕਾਸ ਕਾਰਜ ਕਰਵਾਉਣ ਸਮੇਂ ਗੁਣਵੱਤਾ ਨਾਲ ਕਿਸੇ ਤਰ੍ਹਾਂ ਦਾ ਵੀ ਸਮਝੌਤਾ ਨਾ ਕੀਤਾ ਜਾਵੇ।

## ਪੁਲਸ ਨੇ ਸੂਬੇ ਭਰ 'ਚ 180 ਬੱਸ ਅੱਡਿਆਂ 'ਤੇ ਤਲਾਸ਼ੀ ਮੁਹਿੰਮ ਚਲਾਈ

**ਚੰਡੀਗੜ੍ਹ, ( ਗੁਰਜੀਤ ਬਿੱਲਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਚਲਾਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' 129ਵੇਂ ਦਿਨ ਵਿੱਚ ਦਾਖਲ ਹੋ ਗਈ, ਜਿਸ ਦੌਰਾਨ ਪੰਜਾਬ ਪੁਲਸ ਨੇ ਸੂਬੇ ਭਰ ਦੇ 180 ਬੱਸ ਅੱਡਿਆਂ 'ਤੇ ਘੇਰਾਬੰਦੀ ਅਤੇ ਤਲਾਸ਼ੀ ਮੁਹਿੰਮ ਚਲਾਈ।ਇਹ ਮੁਹਿੰਮ ਡਾਇਰੈਕਟਰ ਜਨਰਲ ਆਫ਼ ਪੁਲਸ ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸਾਰੇ 28 ਪੁਲਸ ਜ਼ਿਲ੍ਹਿਆਂ ਵਿੱਚ ਚਲਾਈ ਗਈ।ਇਸ ਰਾਜ ਪੱਧਰੀ ਕਾਰਵਾਈ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰ ਰਹੇ ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਸ (ਸਪੈਸ਼ਲ ਡੀਜੀਪੀ) ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦੱਸਿਆ ਕਿ ਸਾਰੇ ਸੀਪੀ/ਐਸਐਸਪੀ ਨੂੰ ਇਸ ਕਾਰਵਾਈ ਨੂੰ ਸਫਲ ਬਣਾਉਣ ਲਈ ਸੁਪਰਡੈਂਟ ਆਫ਼ ਪੁਲਿਸ (ਐਸਪੀ) ਰੈਂਕ ਦੇ ਅਧਿਕਾਰੀਆਂ ਦੀ ਨਿਗਰਾਨੀ ਹੇਠ ਭਾਰੀ ਪੁਲਸ ਫੋਰਸ ਤਾਇਨਾਤ ਕਰਨਾ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ।ਉਨ੍ਹਾਂ ਕਿਹਾ ਕਿ ਸੂਬੇ ਦੇ ਸਾਰੇ ਬੱਸ ਅੱਡਿਆਂ 'ਤੇ ਚਲਾਈ ਗਈ ਮੁਹਿੰਮ ਦੌਰਾਨ ਸ਼ੱਕੀ ਵਿਅਕਤੀਆਂ ਦੀ ਜਾਂਚ ਕੀਤੀ ਗਈ।ਇਸ ਤੋਂ ਇਲਾਵਾ ਪੁਲਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ ਜਾਰੀ ਰੱਖਦਿਆਂ 458 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਤਹਿਤ ਸੂਬੇ ਭਰ ਵਿੱਚ 84 ਐਫਆਈਆਰਜ਼ ਦਰਜ ਕਰਨ ਤੋਂ ਬਾਅਦ 111 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਨਾਲ 129 ਦਿਨਾਂ ਦੇ ਅੰਦਰ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 21,026 ਹੋ ਗਈ ਹੈ।ਸਪੈਸ਼ਲ ਡੀਜੀਪੀ ਨੇ ਕਿਹਾ ਕਿ ਛਾਪੇਮਾਰੀ ਉਪਰੰਤ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 41.3 ਕਿਲੋਗ੍ਰਾਮ ਹੈਰੋਇਨ, 1.7 ਕਿਲੋਗ੍ਰਾਮ ਅਫੀਮ ਅਤੇ 23,980 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ।ਦੱਸਣਯੋਗ ਹੈ ਕਿ ਪੰਜਾਬ ਪੁਲਸ ਵੱਲੋਂ ਜੇਲ੍ਹਾਂ ਵਿੱਚ ਕਿਸੇ ਵੀ ਗੈਰ-ਕਾਨੂੰਨੀ ਗਤੀਵਿਧੀ ਨੂੰ ਰੋਕਣ ਲਈ ਛੇ ਜ਼ਿਲ੍ਹਿਆਂ ਬਠਿੰਡਾ, ਮਾਨਸਾ, ਬਰਨਾਲਾ, ਪਟਿਆਲਾ, ਸੰਗਰੂਰ ਅਤੇ ਐਸ.ਏ.ਐਸ.ਨਗਰ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਵੀ ਤਲਾਸ਼ੀ ਮੁਹਿੰਮ ਚਲਾਈ ਗਈ ਹੈ।

10-July-PAGE-9.qxd 7/9/2025 10:44 PM Page 1



# ਕੇਂਦਰ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਲਈ ਲਾਏ ਜਾ ਰਹੇ ਹਨ ਮੁਫਤ ਕੈਂਪ : ਲੱਕੀ



**ਬਲਾਚੌਰ (ਜਸਵਿੰਦਰ ਬੈਂਸ)**- ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਐਸ.ਬੀ.ਐਸ. ਨਗਰ ਵੱਲੋਂ ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ ਦੀ ਅਗਵਾਈ ਹੇਠ ਪਿੰਡ ਜੀਤਪੁਰ ਬਲਾਕ ਸੜੋਆ ਵਿਖੇ ਇਕ ਵਿਸ਼ਾਲ ਸਮਾਜਿਕ ਭਲਾਈ ਕੈਂਪ ਆਯੋਜਿਤ ਕੀਤਾ ਗਿਆ। ਇਸ ਕੈਂਪ ਦਾ ਉਦੇਸ਼ ਕੇਂਦਰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਲੋਕ-ਹਿਤੈਸ਼ੀ ਸਕੀਮਾਂ ਨੂੰ ਲਾਗੂ ਕਰਨਾ ਅਤੇ ਆਮ ਜਨਤਾ ਤੱਕ ਉਸਦੇ ਲਾਭ ਪਹੁੰਚਾਉਣਾ ਸੀ। ਕੈਂਪ ਦੌਰਾਨ ਵੱਡੀ ਗਿਣਤੀ ਵਿੱਚ ਲੋਕਾਂ ਨੇ ਸ਼ਮੂਲੀਅਤ ਕੀਤੀ, ਜਿੱਥੇ ਹੇਠ ਲਿਖੀਆਂ ਸਕੀਮਾਂ ਤਹਿਤ ਜਮੀਨੀ ਪੱਧਰ 'ਤੇ ਲਾਭ ਦਿੱਤੇ ਗਏ। ਆਯੁਸ਼ਮਾਨ ਭਾਰਤ ਯੋਜਨਾ ਕੈਂਪ ਦੌਰਾਨ 125 ਆਯੁਸ਼ਮਾਨ ਕਾਰਡ ਬਣਾਏ ਗਏ, ਜਿਸ ਰਾਹੀਂ ਲਾਭਪਾਤਰੀ ਹੁਣ 5 ਲੱਖ ਰੁਪਏ ਤੱਕ ਮੁਫ਼ਤ ਇਲਾਜ ਦੀ ਸਹੂਲਤ ਪ੍ਰਾਪਤ ਕਰ ਸਕਣਗੇ। ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ 45 ਕਿਸਾਨਾਂ ਨੇ ਕਰਵਾਈ, ਜੋ ਉਨ੍ਹਾਂ ਨੂੰ ਰੁਪਏ 6 ਹਜ਼ਾਰ ਸਾਲਾਨਾ ਦੀ ਆਰਥਿਕ ਰਾਸ਼ੀ ਲੈਣ ਯੋਗ ਬਣਾਉਂਦੀ ਹੈ। ਮਹਿਲਾਵਾਂ ਲਈ ਟੂਲ ਕਿੱਟ ਯੋਜਨਾ ਤਹਿਤ 31 ਮਹਿਲਾਵਾਂ ਨੇ ਟੂਲ ਕਿੱਟ ਲਈ ਫਾਰਮ ਭਰਵਾਏ, ਜੋ ਉਨ੍ਹਾਂ ਦੇ ਸਵੈਰੋਜ਼ਗਾਰ ਨੂੰ ਉਤਸ਼ਾਹਿਤ ਕਰਨ ਵਿੱਚ ਮਦਦਗਾਰ ਸਾਬਤ ਹੋਵੇਗਾ। ਈ-ਸ਼੍ਰਮ ਕਾਰਡ ਕਈ ਅਸੰਗਠਿਤ ਖੇਤਰਾਂ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਨੇ ਵੀ ਆਪਣੇ ਈ-ਸ਼੍ਰਮ ਕਾਰਡ ਬਣਵਾਏ, ਜਿਸ ਨਾਲ ਉਹ ਭਵਿੱਖ ਵਿੱਚ ਸਰਕਾਰੀ ਲਾਭਾਂ ਦੇ ਹੱਕਦਾਰ ਬਣਨਗੇ। ਉਨ੍ਹਾਂ ਨੇ ਕਿਹਾ ਕਿ ਇਹ ਯੋਜਨਾਵਾਂ ਕੇਵਲ ਦਸਤਾਵੇਜੀ ਨਹੀਂ, ਸਗੋਂ ਲੋਕਾਂ ਦੀ ਜ਼ਿੰਦਗੀ ਵਿੱਚ ਅਸਲੀ ਬਦਲਾਅ ਲਿਆ ਰਹੀਆਂ ਹਨ। ਲੱਕੀ ਨੇ ਕਿਹਾ ਕਿ ਭਾਜਪਾ ਦੇ ਵਰਕਰ ਪਿੰਡ ਪਿੰਡ ਜਾ ਕੇ ਇਹ ਯੋਜਨਾਵਾਂ ਲੋਕਾਂ ਤੱਕ ਪਹੁੰਚਾ ਰਹੇ ਹਨ, ਜਦਕਿ ਆਮ ਆਦਮੀ ਪਾਰਟੀ ਅਤੇ ਕਾਂਗਰਸ ਨੇ ਸਿਰਫ ਵਾਅਦੇ ਕੀਤੇ, ਉਨ੍ਹਾਂ ਨੂੰ ਲਾਗੂ ਕਰਨ ਦੀ ਕੋਈ ਮਨਸ਼ਾ ਨਹੀਂ ਸੀ। ਉਨ੍ਹਾਂ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਭਾਜਪਾ ਹਮੇਸ਼ਾ ਜਨ-ਸੇਵਾ ਨੂੰ ਆਪਣਾ ਧਰਮ ਮੰਨਦੀ ਹੈ, ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਇਸ ਤਰ੍ਹਾਂ ਦੇ ਕੈਂਪ ਹਰ ਪਿੰਡ ਪੱਧਰ 'ਤੇ ਲਗਾਏ ਜਾਣਗੇ। ਇਸ ਮੌਕੇ ਇਲਾਕੇ ਭਾਰਤਵਾਸ ਐਡਵੋਕੇਟ ਜ਼ਿਲ੍ਹਾ ਜਨਰਲ ਸਕੱਤਰ, ਅਸ਼ੋ ਕਟਾਰੀਆ ਖੁਰਦਾਂ, ਸੁਖਦੇਵ ਲਾਲ ਬੈਂਸ ਮੰਡਲ ਪ੍ਰਧਾਨ ਸੜੋਆ, ਐਡਵੋਕੇਟ ਅਮਨ ਰਾਣਾ ਜ਼ਿਲ੍ਹਾ ਜਨਰਲ ਸਕੱਤਰ, ਪੰਕਜ ਕੁਮਾਰ ਪ੍ਰਧਾਨ ਯੂਥ, ਕੌਮਤੀ ਲਾਲ ਅਤੇ ਸੈਂਕੜੇ ਦੀ ਗਿਣਤੀ ਵਿੱਚ ਪਿੰਡ ਵਸਨੀਕ ਮੌਜੂਦ ਰਹੇ ਵੀ ਮੁੱਖ ਤੌਰ 'ਤੇ ਹਾਜਰ ਰਹੇ।

# ਅਲਾਇੰਸ ਕਲੱਬ ਇੰਟਰਨੈਸ਼ਨਲ ਡਿਸਟ੍ਰਿਕ-119 ਦੀ ਦੂਸਰੀ ਤਿਮਾਹੀ ਦੀ ਹੋਈ ਪਲੈਨਿੰਗ ਮੀਟਿੰਗ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਇੱਥੇ ਅਲਾਇੰਸ ਕਲੱਬ ਇੰਟਰਨੈਸ਼ਨਲ ਡਿਸਟ੍ਰਿਕ-119 ਦੀ ਪਹਿਲੀ ਤਿਮਾਹੀ ਅਪ੍ਰੈਲ-ਮਈ-ਜੂਨ ਦੇ ਰੀਵਿਊ ਅਤੇ ਦੂਸਰੀ ਤਿਮਾਹੀ ਜੁਲਾਈ-ਅਗਸਤ-ਸਿਤੰਬਰ ਦੀ ਪਲੈਨਿੰਗ ਮੀਟਿੰਗ ਹੋਟਲ




ਸਿਰਾਜ ਰਿਜੈਂਸੀ ਵਿਖੇ ਡਿਸਟ੍ਰਿਕ ਗਵਰਨਰ ਐਲੀ ਵਿਵੇਕ ਸਾਹਨੀ ਦੀ ਪ੍ਰਧਾਨਗੀ ਹੇਠ ਕੀਤੀ ਗਈ। ਇਸ ਮੌਕੇ ਡਿਸਟ੍ਰਿਕ-119 ਦੇ ਗਾਈਡ ਐਲੀ ਰਮੇਸ਼ ਕੁਮਾਰ, ਅਲਾਇੰਸ ਕਲੱਬ ਇੰਟਰਨੈਸ਼ਨਲ ਦੇ ਐਡਵਾਈਜ਼ਰ ਐਲੀ ਐਡਵੋਕੇਟ ਐਸ.ਪੀ.ਰਾਣਾ ਅਤੇ ਡਾਇਰੈਕਟਰ ਐਲੀ ਅਸ਼ੋਕ ਪੁਰੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਡਿਸਟ੍ਰਿਕ ਐਡਵਾਈਜ਼ਰੀ ਮੀਟਿੰਗ ਵਿੱਚ ਕਾਲ-ਟਿਨ-ਆਰਡਰ ਕਰਨ ਉਪਰੰਤ ਡਿਸਟ੍ਰਿਕ ਗਵਰਨਰ ਐਲੀ ਵਿਵੇਕ ਸਾਹਨੀ ਨੇ ਵਿਸ਼ੇਸ਼ ਮਹਿਮਾਨਾਂ ਅਤੇ ਡਿਸਟ੍ਰਿਕ ਦੇ ਨੁਮਾਇੰਦਿਆਂ ਨੂੰ ਜੀ ਆਇਆਂ ਆਖਿਆ। ਇਸ ਮੌਕੇ ਡਿਸਟ੍ਰਿਕ ਗਾਈਡ ਐਲੀ ਰਮੇਸ਼ ਕੁਮਾਰ ਨੇ ਦੱਸਿਆ ਕਿ 1 ਅਪ੍ਰੈਲ ਤੋਂ ਹੁਣ ਤੱਕ ਅਲਾਇੰਸ ਕਲੱਬ ਹੁਸ਼ਿਆਰਪੁਰ ਯੂਨੀਕ ਨੇ ਕਲੱਬ ਦੇ ਪ੍ਰਧਾਨ ਪ੍ਰੋ.ਦਲਜੀਤ ਅਤੇ ਅਲਾਇੰਸ ਕਲੱਬ ਹੁਸ਼ਿਆਰਪੁਰ ਗ੍ਰੇਟਰ ਦੇ ਪ੍ਰਧਾਨ ਐਲੀ ਅਜੇ ਸ਼ਾਰਧਾ ਨੇ ਆਪਣੀ-ਆਪਣੀ ਟੀਮ ਨਾਲ ਸੰਤੋਸ਼ਜਨਕ ਕੰਮ ਕੀਤਾ ਹੈ ਅਤੇ ਡਿਸਟ੍ਰਿਕ ਵੱਲੋਂ ਤਿੰਨ ਮੀਟਿੰਗਾਂ ਵਿੱਚ ਵੈਟਰਨ ਦੱਤਾ, ਡਿਸਟ੍ਰਿਕ ਪ੍ਰੀਵਿਊ ਅਤੇ ਡਿਸਟ੍ਰਿਕ ਪਲੈਨਿੰਗ ਦੀਆਂ ਮੀਟਿੰਗਾਂ ਕਰਕੇ ਅਲਾਇੰਸ ਕਲੱਬ ਦੇ ਸਨਮਾਨ ਨੂੰ ਉੱਚਾ ਕੀਤਾ ਹੈ। ਇਸ ਮੌਕੇ ਅੰਤਰਰਾਸ਼ਟਰੀ ਐਡਵਾਈਜ਼ਰ ਅਤੇ ਅੰਤਰਰਾਸ਼ਟਰੀ ਨਿਰਦੇਸ਼ਕ ਅਸ਼ੋਕ ਪੁਰੀ ਨੇ ਦੱਸਿਆ ਕਿ ਇੰਟਰਨੈਸ਼ਨਲ ਬੋਰਡ ਦੀ ਮੀਟਿੰਗ ਜੋ ਕਿ 12 ਜੁਲਾਈ ਨੂੰ ਚੰਡੀਗੜ੍ਹ ਵਿਖੇ ਹੋ ਰਹੀ ਹੈ, ਵਿੱਚ ਨਾਰਥ ਇੰਡੀਆ ਦੇ ਅਲਾਇੰਸ ਕਲੱਬ ਦੇ ਨੁਮਾਇੰਦੇ ਬੜੀ ਉਤਸੁਕਤਾ ਨਾਲ ਭਾਗ ਲੈਣ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ 13 ਜੁਲਾਈ ਨੂੰ ਸਵੇਰੇ ਮਲਟੀਪਲ ਦੀ ਮੀਟਿੰਗ ਵਿੱਚ ਨਾਰਥ ਦੇ ਚੇਅਰਮੈਨ ਐਲੀ ਰਾਕੇਸ਼ ਕੁਮਾਰ, ਡਿਸਟ੍ਰਿਕ ਗਵਰਨਰ ਐਲੀ ਵਿਵੇਕ ਸਾਹਨੀ ਅਤੇ ਵਾਈਸ ਡਿਸਟ੍ਰਿਕ ਗਵਰਨਰ ਐਲੀ ਹਰਜੀਤ ਸਿੰਘ ਮਠਾਰੂ ਭਾਗ ਲੈਣ ਲਈ ਜਾਣਗੇ।ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਐਲੀ ਵਿਕਰਮਪ੍ਰੀਤ ਸਿੰਘ, ਐਲੀ ਰਿਤੂ ਹੰਸ ਅਤੇ ਐਲੀ ਰਿਹਾਨਾ ਦਾ ਵਿਸ਼ੇਸ਼ ਯੋਗਦਾਨ ਰਿਹਾ।

# ਭਾਰਤ ਵਿਕਾਸ ਪ੍ਰੀਸ਼ਦ ਵਿਵੇਕਾਨੰਦ ਦੀ ਮਹੀਨਾਵਾਰ ਮੀਟਿੰਗ



**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਭਾਰਤ ਵਿਕਾਸ ਪ੍ਰੀਸ਼ਦ ਵਿਵੇਕਾਨੰਦ ਡੇਰਾਬੱਸੀ ਦੀ ਮਹੀਨਾਵਾਰ ਮੀਟਿੰਗ ਪ੍ਰੀਸ਼ਦ ਦੇ ਪ੍ਰਧਾਨ ਡਾਕਟਰ ਬਰਖਾ ਰਾਮ ਦੀ ਅਗਵਾਈ ਹੇਠ ਹੋਈ ਜਿਸ ਵਿਚ ਜੁਲਾਈ ਮਹੀਨੇ ਦੇ ਪ੍ਰੋਜੈਕਟਾਂ ਬਾਰੇ ਵਿਸਥਾਰ ਨਾਲ ਵਿਚਾਰ ਚਰਚਾ ਕੀਤੀ ਗਈ। ਪ੍ਰੀਸ਼ਦ ਦੇ ਸਕੱਤਰ ਉਪੇਸ਼ ਬੰਸਲ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਪ੍ਰੀਸ਼ਦ ਦੇ ਸਥਾਪਨਾ ਦਿਵਸ ਮੌਕੇ 10 ਜੁਲਾਈ ਨੂੰ ਪਿੰਡ ਖੇੜੀ ਗੁੱਜਰਾਂ ਵਿਚ ਮੁਫ਼ਤ ਸਿਲਾਈ ਸੈਂਟਰ ਦੀ ਸ਼ੁਰੂਆਤ ਕਰਨ ਦਾ ਫੈਸਲਾ ਕੀਤਾ ਗਿਆ ਹੈ ਜਿਸ ਵਿਚ ਲੋੜਵੰਦ ਕੁੜੀਆਂ ਨੂੰ ਸਿਖਲਾਈ ਦਿੱਤੀ ਜਾਵੇਗੀ। ਇਸੇ ਤਰ੍ਹਾਂ ਸਕੂਲਾਂ ਦੇ ਬੱਚਿਆਂ ਨੂੰ ਮੁਫ਼ਤ ਪੁਸਤਕਾਂ ਸਮੇਤ ਸਿੱਖਿਆ ਸਮੱਗਰੀ ਮੁਫ਼ਤ ਵੰਡੀ ਜਾਵੇਗੀ। ਉਨ੍ਹਾਂ ਦੱਸਿਆ ਕਿ ਪ੍ਰੀਸ਼ਦ ਵੱਲੋਂ ਹਰ ਸਾਲ ਦੀ ਤਰ੍ਹਾਂ ਵਣ ਮਹਾਂਉਤਸਵ ਦੌਰਾਨ ਵੱਖ-ਵੱਖ ਥਾਵਾਂ 'ਤੇ 1300 ਬੂਟੇ ਲਗਾਏ ਗਏ ਹਨ। ਇਹ ਮੁਹਿਮ ਅੱਗੇ ਵੀ ਜਾਰੀ ਰਹੇਗੀ। ਇਸੇ ਤਰ੍ਹਾਂ ਬੱਚਿਆਂ ਵੱਲੋਂ ਤਿਆਰ ਕੀਤੀਆਂ ਗਲੋਬਲ ਵਿਜ਼ਡਮ ਸਕੂਲ ਵਿਖੇ ਮਨਾਇਆ ਜਾਵੇਗਾ। ਹਸਪਤਾਲਾਂ ਦੀ ਮੰਗ 'ਤੇ ਛੇਤੀ ਹੀ ਖੂਨਦਾਨ ਕੈਂਪ ਲਗਾਇਆ ਜਾਵੇਗਾ। ਮਹੀਨੇ ਦੇ ਅਖੀਰ ਵਿਚ ਲੰਗਰ ਦਾ ਆਯੋਜਨ ਕਰਨ ਦਾ ਵੀ ਫੈਸਲਾ ਕੀਤਾ ਗਿਆ। ਡਾਕਟਰ ਬਰਖਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਵਾਤਾਵਰਣ ਦੀ ਸ਼ੁੱਧਤਾ ਲਈ ਇਲਾਕੇ ਅੰਦਰ ਵੱਧ ਤੋਂ ਵੱਧ ਬੂਟੇ ਲਗਾਏ ਜਾਣ। ਇਸ ਮੌਕੇ ਡਾ. ਬਰਖਾ ਨੇ ਪ੍ਰੀਸ਼ਦ ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਹਰਭਜਨ ਸਿੰਘ, ਨਿਤਿਨ ਜਿੰਦਲ, ਰਿਸ਼ੀ ਜਿੰਦਲ, ਕਰਮ ਸਿੰਘ, ਅਸ਼ਵਨੀ ਸ਼ਰਮਾ, ਪ੍ਰਮੋਦ ਜੈਨ, ਮਲਕੀਤ ਸਿੰਘ, ਅਮਰੀਕ ਸਿੰਘ, ਸਾਧਨਾ ਸੰਗਰ, ਰਜਤ ਕੁਮਾਰ, ਜੇ.ਪੀ. ਧੀਮਾਨ, ਜੱਗੀ ਸੈਦਪੁਰਾ ਸਮੇਤ ਹੋਰ ਮੈਂਬਰ ਮੌਜੂਦ ਸਨ।

# ਡਾ. ਰਵਜੋਤ ਸਿੰਘ ਨੇ ਦਸੂਹਾ-ਹਾਜੀਪੁਰ ਮਾਰਗ 'ਤੇ ਹੋਏ ਸੜਕ ਹਾਦਸੇ 'ਤੇ ਡੂੰਘਾ ਦੁੱਖ ਜਤਾਇਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਦਸੂਹਾ-ਹਾਜੀਪੁਰ ਸੜਕ 'ਤੇ ਸੋਮਵਾਰ ਸਵੇਰੇ ਹੋਏ ਦਰਦਨਾਕ ਸੜਕ ਹਾਦਸੇ ਵਿਚ 9 ਲੋਕਾਂ ਦੀ ਮੌਤ 'ਤੇ ਸਥਾਨਕ ਸਰਕਾਰਾਂ ਮੰਤਰੀ ਪੰਜਾਬ ਡਾ. ਰਵਜੋਤ ਸਿੰਘ ਨੇ ਡੂੰਘਾ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਇਸ ਘਟਨਾ ਨੂੰ ਬਹੁਤ ਹੀ ਮੰਦਭਾਗਾ ਦੱਸਿਆ ਅਤੇ ਦੁਖੀ ਪਰਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਇਸ ਹਾਦਸੇ ਨੇ ਪੂਰੇ ਖੇਤਰ ਨੂੰ ਡੂੰਘਾ ਦੁੱਖ ਪਹੁੰਚਾਇਆ ਹੈ। ਉਨ੍ਹਾਂ ਮ੍ਰਿਤਕਾਂ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕੀਤੀ ਅਤੇ ਜ਼ਖਮੀਆਂ ਦੇ ਜਲਦੀ ਠੀਕ ਹੋਣ ਦੀ ਕਾਮਨਾ ਕੀਤੀ। ਕੈਬਨਿਟ ਮੰਤਰੀ ਨੇ ਕਿਹਾ ਕਿ ਇਸ ਦੁੱਖ ਦੀ ਘੜੀ ਵਿਚ ਪੰਜਾਬ ਸਰਕਾਰ ਪੂਰੀ ਤਰ੍ਹਾਂ ਪੀੜਤ ਪਰਵਾਰਾਂ ਦੇ ਨਾਲ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸਰਕਾਰ ਵੱਲੋਂ ਮੁੱਖ ਮੰਤਰੀ ਰਾਹਤ ਫੰਡ ਵਿਚੋਂ ਹਰੇਕ ਮ੍ਰਿਤਕ ਦੇ ਪਰਿਵਾਰਾਂ ਨੂੰ 2-2 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਜ਼ਖਮੀਆਂ ਨੂੰ ਨਿਯਮਾਂ ਅਨੁਸਾਰ ਮੁਆਵਜ਼ਾ ਵੀ ਦਿੱਤਾ ਜਾਵੇਗਾ ਅਤੇ ਉਨ੍ਹਾਂ ਦਾ ਇਲਾਜ ਪੂਰੀ ਤਰ੍ਹਾਂ ਮੁਫਤ ਕੀਤਾ ਜਾਵੇਗਾ।ਡਾ. ਰਵਜੋਤ ਸਿੰਘ ਨੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿਹਤ ਵਿਭਾਗ ਵੱਲੋਂ ਤੁਰੰਤ ਰਾਹਤ ਕਾਰਜਾਂ ਵਿਚ ਦਿਖਾਈ ਗਈ ਮੁਸਤੈਦੀ ਦੀ ਵੀ ਸ਼ਲਾਘਾ ਕੀਤੀ।ਉਨ੍ਹਾਂ ਕਿਹਾ ਕਿ ਟ੍ਰੈਫਿਕ ਨਿਯਮਾਂ ਦੀ ਅਣਦੇਖੀ ਅਕਸਰ ਅਜਿਹੇ ਹਾਦਸਿਆਂ ਦਾ ਕਾਰਨ ਬਣਦੀ ਹੈ ਅਤੇ ਇਸ ਦਿਸ਼ਾ ਵਿਚ ਜਾਗਰੂਕਤਾ ਦੇ ਨਾਲ-ਨਾਲ ਸਖ਼ਤੀ ਵੀ ਜ਼ਰੂਰੀ ਹੈ। ਉਨ੍ਹਾਂ ਨੇ ਟਰਾਂਸਪੋਰਟ ਵਿਭਾਗ ਨੂੰ ਹਦਾਇਤ ਕੀਤੀ ਹੈ ਕਿ ਉਹ ਤੇਜ਼ ਰਫ਼ਤਾਰ ਅਤੇ ਲਾਪਰਵਾਹੀ ਨਾਲ ਚੱਲਣ ਵਾਲੇ ਵਾਹਨਾਂ 'ਤੇ ਵਿਸ਼ੇਸ਼ ਨਜ਼ਰ ਰੱਖਣ।

# ਸ਼ਿਵ ਮੰਦਰ ਪੱਕਾ ਬਾਗ ਵਿਖੇ ਲਗਾਇਆ ਫਰੀ ਆਯੁਰਵੈਦਿਕ ਕੈਂਪ



**ਫਗਵਾੜਾ (ਡਾ. ਰਮਨ)**- ਦਯਾਵੰਤੀ ਆਯੂਕੇਅਰ ਚੈਰੀਟੇਬਲ ਡਿਸਪੈਂਸਰੀ, ਬੰਸੀ ਲਾਲ ਮਾਰਕੀਟ ਬੰਗਾ ਰੋਡ ਫਗਵਾੜਾ ਵਲੋਂ ਫਾਊਂਡੇਸ਼ਨ ਦੇ ਚੇਅਰਮੈਨ ਸਤੀਸ਼ ਕੁਮਾਰ ਬੱਤਰਾ (ਫਰੰਟੀਅਰ ਕਲਾਥ ਹਾਊਸ) ਦੇ ਨਿਰਦੇਸ਼ਾਂ ਅਨੁਸਾਰ ਸ਼ਿਵ ਮੰਦਰ, ਪੱਕਾ ਬਾਗ ਸਟਾਰਚ ਮਿੱਲ ਫਗਵਾੜਾ ਵਿਖੇ ਫਰੀ ਕੈਂਪ ਲਗਾਇਆ ਗਿਆ। ਫਾਊਂਡੇਸ਼ਨ ਦੇ ਮੈਨੇਜਰ ਪਰਮਜੀਤ ਸਿੰਘ ਚੱਗਰ ਦੀ ਨਿਗਰਾਨੀ ਹੇਠ ਆਯੋਜਿਤ ਇਸ ਕੈਂਪ ਦਾ ਉਦਘਾਟਨ ਮਲਕੀਅਤ ਸਿੰਘ ਰਘਬੋਤਰਾ ਪ੍ਰਧਾਨ ਬਲੱਡ ਬੈਂਕ ਅਤੇ ਸਕੱਤਰ ਦਇਆਵੰਤੀ ਫਾਊਂਡੇਸ਼ਨ ਨੇ ਕੀਤਾ। ਉਨ੍ਹਾਂ ਦਯਾਵੰਤੀ ਫਾਊਂਡੇਸ਼ਨ ਦੇ ਯਤਨਾਂ ਦੀ ਭਰਪੂਰ ਪ੍ਰਸ਼ੰਸਾ ਕਰਦਿਆਂ ਉਨ੍ਹਾਂ ਕਿਹਾ ਕਿ ਆਯੁਰਵੈਦਿਕ ਦਵਾਈਆਂ ਵਿੱਚ ਹਰ ਤਰ੍ਹਾਂ ਦੀਆਂ ਬਿਮਾਰੀਆਂ ਨੂੰ ਖਤਮ ਕਰਨ ਦੀ ਸ਼ਕਤੀ ਹੈ। ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਬਰਸਾਤ ਦੇ ਮੌਸਮ ਦੌਰਾਨ ਮੱਛਰਾਂ ਦੁਆਰਾ ਫੈਲਣ ਵਾਲੀਆਂ ਡੇਂਗੂ ਅਤੇ ਮਲੇਰੀਆ ਵਰਗੀਆਂ ਬਿਮਾਰੀਆਂ ਤੋਂ ਆਪਣੇ ਆਪ ਨੂੰ ਬਚਾਉਣ। ਮੌਸਮੀ ਫਲਾਂ ਅਤੇ ਹਰੀਆਂ ਸਬਜ਼ੀਆਂ ਦਾ ਸੇਵਨ ਵੀ ਲਾਭਦਾਇਕ ਹੈ। ਕੈਂਪ ਦੌਰਾਨ ਡਾ. ਵਿਕਾਸ ਕੁਮਾਰ (ਬੀ ਏ ਐਮ ਐਸ) ਅਤੇ ਸਹਾਇਕ ਪਰਮਿੰਦਰ ਸਿੰਘ ਦੀ ਅਗਵਾਈ ਵਾਲੀ ਟੀਮ ਨੇ ਲੋੜਵੰਦ ਲੋਕਾਂ ਦੀਆਂ ਵੱਖ-ਵੱਖ ਬਿਮਾਰੀਆਂ ਦੀ ਜਾਂਚ ਕੀਤੀ ਅਤੇ ਉਨ੍ਹਾਂ ਦੀ ਲੋੜ ਅਨੁਸਾਰ ਦਵਾਈਆਂ ਬਿਲਕੁਲ ਮੁਫਤ ਦਿੱਤੀਆਂ। ਲੋੜਵੰਦਾਂ ਨੂੰ ਇੱਕ ਹਫ਼ਤੇ ਲਈ ਮੁਫਤ ਦਵਾਈਆਂ ਦਿੱਤੀਆਂ ਗਈਆਂ ਅਤੇ ਲੋੜ ਪੈਣ 'ਤੇ ਬੰਗਾ ਰੋਡ 'ਤੇ ਸਥਿਤ ਡਿਸਪੈਂਸਰੀ ਤੋਂ ਵਾਧੂ ਦਵਾਈਆਂ ਲੈਣ ਦੀ ਹਦਾਇਤ ਕੀਤੀ ਗਈ। ਅੰਤ ਵਿੱਚ ਫਾਊਂਡੇਸ਼ਨ ਮੈਨੇਜਰ ਪਰਮਜੀਤ ਸਿੰਘ ਚੱਗਰ ਨੇ ਸਾਰਿਆਂ ਦਾ ਸਹਿਯੋਗ ਲਈ ਧੰਨਵਾਦ ਕੀਤਾ। ਇਸ ਮੌਕੇ ਮੰਦਰ ਕਮੇਟੀ ਦੇ ਸਕੱਤਰ ਇੰਦਰਜੀਤ ਕਾਲੜਾ, ਮੋਹਨ ਲਾਲ ਤਨੇਜਾ, ਵਿਸ਼ਵਾਮਿੱਤਰ ਸ਼ਰਮਾ, ਸੰਦੀਪ ਸ਼ਰਮਾ, ਸੋਨੀ ਵਰਮਾ, ਦਵਿੰਦਰ ਕੁਮਾਰ ਬਿੱਲਾ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਲੈਂਡ ਪੂਲਿੰਗ ਨੀਤੀ ਵਿਰੁੱਧ ਹਰ ਤਰ੍ਹਾਂ ਦੀ ਕਾਨੂੰਨੀ ਲੜਾਈ ਲੜਾਂਗੇ : ਕਾਹਲੋਂ

**ਜਲੰਧਰ (ਰਾਜੇਸ ਥਾਪਾ)** ਐਡਵੋਕੇਟਸ ਫਾਰ ਫਾਰਮਰਜ ਐਂਡ ਲੇਬਰਰਜ, ਜਲੰਧਰ ਦੀ ਇੱਕ ਹੰਗਾਮੀ ਮੀਟਿੰਗ ਪ੍ਰਧਾਨ ਐਡਵੋਕੇਟ ਗੁਰਜੀਤ ਸਿੰਘ ਕਾਹਲੋਂ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸਰਵਸੰਮਤੀ ਨਾਲ ਇਹ ਫੈਸਲਾ ਲਿਆ ਗਿਆ ਕਿ ਪੰਜਾਬ ਸਰਕਾਰ ਵੱਲੋ ਜੋ ਲੈਂਡ ਪੂਲਿੰਗ ਨੀਤੀ ਲਾਗੂ ਕੀਤੀ ਜਾ ਰਹੀ ਹੈ , ਇਸਦਾ ਸੰਸਥਾ ਡੱਟ ਕੇ ਵਿਰੋਧ ਕਰੇਗੀ। ਕੇਂਦਰ ਸਰਕਾਰ ਕਾਰਪੋਰੇਟਰ ਪੱਖੀ ਸਰਕਾਰ ਹੈ ਅਤੇ ਜਿੰਨੇ ਵੀ ਕਾਨੂੰਨ ਬਣਾਏ ਜਾ ਰਹੇ ਹਨ, ਉਹ ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਉਣ ਵਾਲੇ ਹਨ। ਇਸ ਲਈ ਕਿਸਾਨ, ਮਜਦੂਰ ਅਤੇ ਸਾਡਾ ਵਕੀਲ ਭਾਈਚਾਰਾ ਕੇਂਦਰ ਸਰਕਾਰ ਦੇ ਖਿਲਾਫ 9 ਜੁਲਾਈ ਨੂੰ ਹੜਤਾਲ ਕਰਕੇ ਜਵਾਬ ਦੇ ਰਹੇ ਹਨ। ਸੰਸਥਾ ਦੇ ਜ. ਸਕੱਤਰ ਐਡਵੋਕੇਟ ਰਾਜੂ ਅੰਬੇਡਕਰ ਨੇ ਕਿਹਾ ਕਿ ਪਬਲਿਕ ਸੈਕਟਰ ਨੂੰ ਕੇਂਦਰ ਸਰਕਾਰ ਧੜਾਧੜ ਕੁੱਝ ਖਾਸ ਪੂੰਜੀਪਤੀਆਂ ਨੂੰ ਕੌਡੀਆਂ ਦੇ ਭਾਅ ਵੇਚ ਰਹੀ ਹੈ, ਜਿਸ ਵਿੱਚ ਪੰਜਾਬ ਸਰਕਾਰ ਵੀ ਪੂਰੀ ਤਰ੍ਹਾਂ ਸ਼ਾਮਲ ਹੈ ਅਤੇ ਜੋ ਇਹ ਗੈਰ ਕਾਨੂਨੀ ਲੈਂਡ ਪੂਲਿੰਗ ਨੀਤੀ ਲਾਗੂ ਕੀਤੀ ਜਾ ਰਹੀ ਹੈ, ਇਸ



ਵਿਰੁੱਧ ਅਸੀਂ ਹਰ ਤਰ੍ਹਾਂ ਦੀ ਕਾਨੂੰਨੀ ਲੜਾਈ ਲੜਣ ਲਈ ਤਿਆਰ ਹਾਂ। ਇਸ ਮੌਕੇ ਐਡਵੋਕੇਟ ਰਜਿੰਦਰ ਸਿੰਘ ਮੰਡ ਨੇ ਕਿਹਾ ਕਿ ਜਿਹੜੀ ਸਰਕਾਰ ਪਬਲਿਕ ਟਰਾਂਸਪੋਰਟ, ਜਿਵੇਂ ਕਿ ਰੋਡਵੇਜ, ਰੇਲਵੇਜ, ਏਅਰਪੋਰਟ ਅਤੇ ਇਸਦੇ ਨਾਲ ਉਪਜਾਊ ਖੇਤੀ ਜਮੀਨਾਂ ਨੂੰ ਵੀ ਕਾਰਪੋਰੇਟ ਘਰਾਣਿਆਂ ਵਾਸਤੇ ਕਬਜੇ ਵਿੱਚ ਲੈ ਰਹੀ ਹੈ, ਜਿਸਦਾ ਕਿਸਾਨ ਮਜਦੂਰ ਤੇ ਲੋਕ ਹਿਤੈਸ਼ੀ ਸੰਸਥਾਵਾਂ ਵਿਰੋਧ ਕਰ ਰਹੀਆਂ ਹਨ। ਉਹਨਾਂ ਨੇ ਕਿਹਾ ਕਿ 9 ਜੁਲਾਈ ਨੂੰ ਸਾਡੀ ਸੰਸਥਾ ਦੇਸ਼ ਵਿਆਪੀ ਹੜਤਾਲ ਵਿੱਚ ਸਸ਼ਮਲ ਹੋਵੇਗੀ। ਇਸ ਮੌਕੇ 'ਤੇ ਐਡਵੋਕੇਟ ਰਾਜੂ ਅੰਬੇਡਕਰ, ਐਡਵੋਕੇਟ ਅਮਨਦੀਪ ਸਿੰਘ ਜੰਮੂ, ਐਡਵੋਕੇਟ ਕਰਨਜੀਤ ਸਿੰਘ ਰੰਧਾਵਾ, ਐਡਵੋਕੇਟ ਦਲੀਪ ਕੁਮਾਰ, ਐਡਵੋਕੇਟ ਗੁਰਪ੍ਰੀਤ ਕੌਰ, ਐਡਵੋਕੇਟ ਟੀਨਾ, ਐਡਵੋਕੇਟ ਲਵਪ੍ਰੀਤ ਸੁਮਨ, ਐਡਵੋਕੇਟ ਡੋਲੀ ਹੀਰ ਅਤੇ ਐਡਵੋਕੇਟ ਬਖਸ਼ੋ ਆਦਿ ਹਾਜਰ ਸਨ।

# ਕਮਿਸ਼ਨਰੇਟ ਪੁਲਸ ਨੇ ਬੱਸ ਸਟੈਂਡ 'ਤੇ ਵਿਸ਼ੇਸ਼ ਕਾਸੋ ਅਪ੍ਰੇਸ਼ਨ ਚਲਾਇਆ



**ਜਲੰਧਰ (ਸ਼ੈਲੀ ਐਲਬਰਟ, ਇਕਬਾਲ ਸਿੰਘ ਉੱਭੀ)**- ਕਮਿਸ਼ਨਰੇਟ ਪੁਲਸ ਜਲੰਧਰ ਨੇ ਖੇਤਰ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਗੈਰ-ਕਾਨੂੰਨੀ ਗਤੀਵਿਧੀਆਂ ਵਿਰੁੱਧ ਚੱਲ ਰਹੀ ਮੁਹਿੰਮ ਦੇ ਹਿੱਸੇ ਵਜੋਂ ਬੱਸ ਸਟੈਂਡ ਜਲੰਧਰ ਵਿਖੇ ਇੱਕ ਕਾਸੋ ਆਪ੍ਰੇਸ਼ਨ ਕੀਤਾ। ਇਸ ਆਪ੍ਰੇਸ਼ਨ ਦੀ ਅਗਵਾਈ ਹਰਿੰਦਰ ਸਿੰਘ ਗਿੱਲ, ਏ.ਡੀ.ਸੀ.ਪੀ-॥ ਅਤੇ ਸ੍ਰੀਮਤੀ ਰੂਪਦੀਪ ਕੌਰ, ਏ.ਸੀ.ਪੀ ਮਾਡਲ ਟਾਊਨ ਨੇ ਕੀਤੀ। ਇਸ ਆਪ੍ਰੇਸ਼ਨ ਵਿੱਚ ਮੁੱਖ ਅਫਸਰ ਥਾਣਾ ਡਵੀਜ਼ਨ ਨੰਬਰ 6 ਦੀ ਟੀਮ ਅਤੇ ਏ.ਆਰ.ਪੀ ਟੀਮ ਸ਼ਾਮਲ ਸਨ। ਇਸ ਆਪ੍ਰੇਸ਼ਨ ਦਾ ਮੁੱਖ ਉਦੇਸ਼ ਖੇਤਰ ਵਿੱਚ ਗੈਰ-ਕਾਨੂੰਨੀ ਗਤੀਵਿਧੀਆਂ ਦਾ ਮੁਕਾਬਲਾ ਕਰਨਾ ਸੀ। ਨਸ਼ੀਲੇ ਪਦਾਰਥਾਂ ਦੀ ਗੈਰ-ਕਾਨੂੰਨੀ ਢੋਆ-ਢੁਆਈ ਲਈ ਬੱਸ ਸਟੇਸ਼ਨ ਨੂੰ ਇੱਕ ਟ੍ਰਾਂਜ਼ਿਟ ਹੱਬ ਵਜੋਂ ਵਰਤਣ ਵਾਲੇ ਡਰੱਗ ਕੋਰੀਅਰਾਂ ਨੂੰ ਰੋਕਣ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਪੁਲਸ ਟੀਮਾਂ ਨੇ ਯਾਤਰੀਆਂ, ਉਨ੍ਹਾਂ ਦੇ ਸਮਾਨ ਅਤੇ ਬੱਸ ਸਟੈਂਡ ਦੇ ਵੱਖ-ਵੱਖ ਹਿੱਸਿਆਂ ਦੀ ਵਿਸਤ੍ਰਿਤ ਤਲਾਸ਼ੀ ਲਈ। ਸਾਰੀਆਂ ਆਉਣ ਵਾਲੀਆਂ ਅਤੇ ਜਾਣ ਵਾਲੀਆਂ ਬੱਸਾਂ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ। ਬੱਸ ਸਟੇਂਡ ਦੇ ਆਲੇ-ਦੁਆਲੇ ਪਾਰਕਿੰਗ ਖੇਤਰਾਂ ਅਤੇ ਹੋਰ ਥਾਵਾਂ ਦੀ ਪੂਰੀ ਤਰ੍ਹਾਂ ਜਾਂਚ ਕੀਤੀ ਗਈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੋਈ ਗੈਰ-ਕਾਨੂੰਨੀ ਗਤੀਵਿਧੀਆਂ ਨਹੀਂ ਹੋ ਰਹੀਆਂ ਹਨ ਅਤੇ ਸਾਰੇ ਨਿਯਮਾਂ ਦੀ ਪਾਲਣਾ ਕੀਤੀ ਜਾ ਰਹੀ ਹੈ।

# ਧਾਰਮਿਕ ਪ੍ਰੀਖਿਆ 'ਚ ਮੱਲਾਂ ਮਾਰਨ ਵਾਲੇ ਵਿਦਿਆਰਥੀ ਸਨਮਾਨਤ



**ਕਪੂਰਥਲਾ (ਹਨੀ)**- ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵੱਲੋਂ 2024-25 ਦੀ ਪ੍ਰੀਖਿਆ ਵਿੱਚ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਰੇਲ ਕੋਚ ਫੈਕਟਰੀ ਦੇ ਵਿਦਿਆਰਥੀਆਂ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਸਬੰਧੀ ਸਕੂਲ ਦੇ ਪ੍ਰਿੰਸੀਪਲ ਪ੍ਰਭਦੀਪ ਕੌਰ ਮੋਂਗਾ ਨੇ ਦੱਸਿਆ ਕਿ ਧਾਰਮਿਕ ਪ੍ਰੀਖਿਆ ਵਿਚ ਭਾਗ ਲੈਣ ਵਾਲੇ ਸਾਰੇ ਹੀ ਵਿਦਿਆਰਥੀਆਂ ਦਾ ਪ੍ਰਦਰਸ਼ਨ ਸ਼ਾਨਦਾਰ ਰਿਹਾ । ਉਨ੍ਹਾਂ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ ਪਹਿਲੇ ਗਰੁੱਪ ਵਿੱਚੋਂ ਗੁਰਕੀਰਤ ਸਿੰਘ ਨੇ 75 ਫੀਸਦੀ ਅਤੇ ਅਰਮਾਨਦੀਪ ਸਿੰਘ ਨੇ 60 ਫੀਸਦੀ ਅੰਕ ਪ੍ਰਾਪਤ ਕੀਤੇ, ਦੂਜੇ ਗਰੁੱਪ ਵਿੱਚ ਜਸ਼ਨਪ੍ਰੀਤ ਕੌਰ ਨੇ 89 ਫੀਸਦੀ, ਸ਼ੁਭਮਨਪ੍ਰੀਤ ਕੌਰ ਨੇ 87 ਫੀਸਦੀ, ਜਸਪ੍ਰੀਤ ਕੌਰ ਨੇ 70 ਫੀਸਦੀ, ਗੁਰਲੀਨ ਕੌਰ ਨੇ 69 ਫੀਸਦੀ, ਗੁਰਸੀਰਤ ਕੌਰ ਨੇ 68 ਫੀਸਦੀ ਤਰਨਦੀਪ ਕੌਰ ਨੇ 65 ਫੀਸਦੀ, ਪੂਰਵੀ ਨੇ 62 ਫੀਸਦੀ, ਜਸਲੀਨ ਕੌਰ ਨੇ 61 ਫੀਸਦੀ, ਐਸ਼ਮੀਤ ਕੌਰ ਨੇ 60 ਫੀਸਦੀ ਅਤੇ ਗੁਰਦਿੱਤ ਸਿੰਘ ਨੇ 60 ਫੀਸਦੀ ਅੰਕ ਪ੍ਰਾਪਤ ਕੀਤੇ । ਧਾਰਮਿਕ ਪ੍ਰੀਖਿਆ ਵਿਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕਰਨ ਲਈ ਸੰਖੇਪ ਸਮਾਗਮ ਦਾ ਆਯੋਜਨ ਕੀਤਾ ਗਿਆ । ਜਿਸ ਵਿਚ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਸਿੱਖ ਮਿਸ਼ਨਰੀ ਕਾਲਜ ਅਤੇ ਅਦਾਰੇ ਵੱਲੋਂ ਸਨਮਾਨਤ ਕੀਤਾ ਗਿਆ ।

# ਸੰਜੀਵਨੀ ਸ਼ਰਨਮ ਦੇ ਸਥਾਪਨਾ ਦਿਵਸ 'ਤੇ 'ਮਿਸਟਿਕ ਮਿਊਜ਼ਿਕ ਮੌਰਨਿੰਗ'

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸੰਜੀਵਨੀ ਸ਼ਰਨਮ ਦੇ ਸਥਾਪਨਾ ਦਿਵਸ ਮੌਕੇ 'ਮਿਸਟਿਕ ਮਿਊਜ਼ਿਕ ਮੌਰਨਿੰਗ' ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਲੋਟਸ ਹਾਲ ਵਿਖੇ ਆਯੋਜਿਤ ਸ਼ਾਨਦਾਰ ਸਮਾਰੋਹ ਦੌਰਾਨ ਸੰਜੀਵਨੀ ਰੇਕੀ ਹੀਲਰਜ਼ ਦੇ ਨਾਲ-ਨਾਲ ਸ਼ਰਨਮਾਈਟਸ ਅਤੇ ਹੋਰ ਉੱਘੇ ਨਾਗਰਿਕਾਂ ਨੇ ਸ਼੍ਰੀਮਤੀ ਮਿੱਤਲ ਨੂੰ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ। ਜ਼ਿਕਰਯੋਗ ਹੈ ਕਿ ਹਰ ਸਾਲ ਉੱਘੀ ਅਧਿਆਤਮਕ ਮਾਰਗਦਰਸ਼ਕ, ਦੂਰਦਰਸ਼ੀ ਅਤੇ ਸਮਾਜ ਸੇਵੀ ਸ਼੍ਰੀਮਤੀ ਸੰਗੀਤਾ ਮਿੱਤਲ ਦੇ ਜਨਮ ਦਿਨ ਨੂੰ ਸਮਰਪਿਤ ਸੰਜੀਵਨੀ ਸ਼ਰਨਮ ਦਾ ਸਥਾਪਨਾ ਦਿਵਸ ਮਨਾਇਆ ਜਾਂਦਾ ਹੈ।



ਸੋਨਾਲੀਕਾ ਗਰੁੱਪ ਆਫ ਇੰਡਸਟਰੀਜ਼ ਦੇ ਵਾਈਸ ਚੇਅਰਮੈਨ ਅੰਮ੍ਰਿਤ ਸਾਗਰ ਮਿੱਤਲ ਦੀ ਮੌਜੂਦਗੀ ਨੇ ਦਿਨ ਨੂੰ ਹੋਰ ਵੀ ਆਕਰਸ਼ਕ ਬਣਾ ਦਿੱਤਾ। ਸਮਾਗਮ ਦੌਰਾਨ ਮਿੱਤਲ ਪਰਵਾਰ ਦੀ ਵੱਡੀ ਧੀ, ਪ੍ਰਸਿੱਧ ਸਾਊਂਡ ਹੀਲਰ ਸਾਗਰਿਕਾ ਮਿੱਤਲ ਨੇ ਇਸ ਮੌਕੇ ਕਿਹਾ ਕਿ ਪ੍ਰਮਾਤਮਾ ਵੱਲੋਂ ਸ਼੍ਰੀਮਤੀ ਮਿੱਤਲ ਨੂੰ ਸਮਾਜ ਭਲਾਈ ਦੇ ਕੰਮਾਂ ਰਾਹੀਂ ਖੁਸ਼ੀਆਂ ਫੈਲਾਉਣ ਦੀ ਦਿੱਤੀ ਗਈ ਯੋਗਤਾ 'ਤੇ ਸਾਰਿਆਂ ਨੂੰ ਮਾਣ ਹੈ ਅਤੇ ਇਸ ਕਿਰਪਾ ਲਈ ਪ੍ਰਮਾਤਮਾ ਦੇ ਅਤਿਅੰਤ ਸ਼ੁਕਰਗੁਜ਼ਾਰ ਹਨ। ਸੋਨਾਲੀਕਾ ਗਰੁੱਪ ਦੇ ਡਾਇਰੈਕਟਰ ਸੁਸ਼ਾਂਤ ਸਾਗਰ ਮਿੱਤਲ, ਸ਼੍ਰੀਮਤੀ ਆਕਾਂਕਸ਼ਾ ਮਿੱਤਲ, ਡਾ. ਗੀਤਿਕਾ ਮਿੱਤਲ ਤੋਂ ਇਲਾਵਾ ਮਿੱਤਲ ਪਰਵਾਰ ਦੇ ਨਜ਼ਦੀਕੀ ਪਰਿਵਾਰਕ ਮੈਂਬਰਾਂ ਅਤੇ ਦੋਸਤਾਂ ਨੇ ਇਸ ਜੋਸ਼ ਭਰੇ ਜਸ਼ਨ ਵਿੱਚ ਸ਼ਿਰਕਤ ਕੀਤੀ। ਅੰਮ੍ਰਿਤਸਰ ਦੇ ਮਸ਼ਹੂਰ ਸੰਗੀਤ ਅਤੇ ਗਾਇਕ ਗਰੁੱਪ ਅਨੁਜ-ਮੀਨੂੰ ਬੈਂਡ ਨੇ ਪੁਰਾਣੇ ਬਾਲੀਵੁੱਡ ਗੀਤ ਗਾ ਕੇ ਮਾਹੌਲ ਨੂੰ ਰੰਗੀਨ ਬਣਾ ਦਿੱਤਾ। ਸ਼ਬਦ ਗਾਇਨ ਦੌਰਾਨ ਕੇਕ ਕੱਟਣ ਦੀ ਰਸਮ ਵੀ ਅਦਾ ਕੀਤੀ ਗਈ। ਅੰਤ ਵਿੱਚ ਹਾਜ਼ਰ ਸਮੂਹ ਲੋਕਾਂ ਨੂੰ ਸੁਆਦੀ ਪਕਵਾਨਾਂ ਦੇ ਪੈਕੇਟ ਵੀ ਭੇਟ ਕੀਤੇ ਗਏ, ਜਿਨ੍ਹਾਂ ਦਾ ਉਨ੍ਹਾਂ ਖੂਬ ਆਨੰਦ ਮਾਣਿਆ।



# ਅਵਾਰਾ ਪਸ਼ੂਆਂ ਕਾਰਨ ਸੜਕਾਂ 'ਤੇ ਵਧ ਰਹੇ ਹਾਦਸੇ ਚਿੰਤਾ ਦਾ ਵਿਸ਼ਾ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- ਡੇਰਾਬੱਸੀ ਅਤੇ ਆਸ ਪਾਸ ਦੇ ਇਲਾਕਿਆਂ ਵਿੱਚ ਸੜਕਾਂ 'ਤੇ ਆਵਾਰਾ ਪਸ਼ੂਆਂ ਦੀ ਵਧ ਰਹੀ ਗਿਣਤੀ ਗੰਭੀਰ ਚਿੰਤਾ ਦਾ ਵਿਸ਼ਾ ਬਣ ਗਈ ਹੈ। ਇਨ੍ਹਾਂ ਜਾਨਵਰਾਂ ਕਾਰਨ ਹਰ ਰੋਜ਼ ਸੜਕ ਹਾਦਸੇ ਹੋ ਰਹੇ ਹਨ, ਜਿਸ ਨਾਲ ਜਾਨ-ਮਾਲ ਦਾ ਨੁਕਸਾਨ ਹੋ ਰਿਹਾ ਹੈ। ਇਹ ਅਵਾਰਾ ਪਸ਼ੂ ਸਥਾਨਕ ਨਿਵਾਸੀਆਂ ਅਤੇ ਡਰਾਈਵਰਾਂ ਲਈ ਇੱਕ ਵੱਡਾ ਖ਼ਤਰਾ ਬਣ ਗਏ ਹਨ। ਗਾਵਾਂ ਅਤੇ ਹੋਰ ਆਵਾਰਾ ਜਾਨਵਰ ਵੀ ਅਕਸਰ ਅਚਾਨਕ ਸੜਕਾਂ 'ਤੇ ਆ ਜਾਂਦੇ ਹਨ, ਜਿਸ ਨਾਲ ਤੇਜ਼ ਰਫ਼ਤਾਰ ਵਾਹਨਾਂ ਨੂੰ ਕਾਬੂ ਕਰਨਾ ਮੁਸ਼ਕਲ ਹੋ ਜਾਂਦਾ ਹੈ। ਰਾਤ ਨੂੰ ਵੀ ਇਨ੍ਹਾਂ ਜਾਨਵਰਾਂ ਨੂੰ ਦੇਖਣਾ ਹੋਰ ਵੀ ਮੁਸ਼ਕਲ ਹੋ ਜਾਂਦਾ ਹੈ, ਜਿਸ ਨਾਲ ਹਾਦਸਿਆਂ ਦੀ ਸੰਭਾਵਨਾ ਵਧ ਜਾਂਦੀ ਹੈ।ਸੜਕ ਹਾਦਸਿਆਂ ਵਿੱਚ ਕਈ ਆਵਾਰਾ ਪਸ਼ੂ ਵੀ ਆਪਣੀ ਜਾਨ ਗੁਆ ਦਿੰਦੇ ਹਨ।ਸੜਕਾਂ ਦੇ ਕਿਨਾਰੇ ਕੂੜੇ ਦੇ ਢੇਰ ਜਾਨਵਰਾਂ ਨੂੰ ਆਕਰਸ਼ਿਤ ਕਰਦੇ ਹਨ, ਜਿਸ ਕਾਰਨ ਉਹ ਰਿਹਾਇਸ਼ੀ ਖੇਤਰਾਂ ਅਤੇ ਸੜਕਾਂ 'ਤੇ ਘੁੰਮਦੇ ਰਹਿੰਦੇ ਹਨ।ਡੇਰਾਬੱਸੀ ਦੇ ਵਸਨੀਕਾਂ ਨੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਗੰਭੀਰ ਮੁੱਦੇ ਵੱਲ ਤੁਰੰਤ ਧਿਆਨ ਦੇਣ ।

# ਦੋਆਬਾ ਸਾਹਿਤ ਤੇ ਸਮਾਜਿਕ ਕੇਂਦਰ ਵੱਲੋਂ ਬੂਟੇ ਲਗਾਉਣ ਦੀ ਮੁਹਿੰਮ ਸ਼ੁਰੂ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਉਸਾਰੂ ਸਾਹਿਤ ਅਤੇ ਸਾਫ-ਸੁਥਰੇ ਸਮਾਜ ਲਈ ਕਾਰਜਸ਼ੀਲ ਦੋਆਬਾ ਸਾਹਿਤ ਅਤੇ ਸਮਾਜਿਕ ਕੇਂਦਰ ਫਗਵਾੜਾ ਵਲੋਂ ਪ੍ਰਧਾਨ ਰਵਿੰਦਰ ਸਿੰਘ ਰਾਏ ਅਤੇ ਉੱਪ ਚੇਅਰਮੈਨ ਤਰਸੇਮ ਸਿੰਘ ਗੌਂਸਪੁਰ ਦੀ ਸਾਂਝੀ ਅਗਵਾਈ ਹੇਠ ਇਤਿਹਾਸਕ ਗੁਰਦੁਆਰਾ ਸ੍ਰੀ ਸੁਖਚੈਨਆਣਾ ਸਾਹਿਬ ਵਿਖੇ ਫੁੱਲਦਾਰ ਤੇ ਛਾਂਦਾਰ ਬੂਟੇ ਲਗਾ ਕੇ ਬਰਸਾਤੀ ਮੌਸਮ 'ਚ ਬੂਟੇ ਲਗਾਉਣ ਦੀ ਮੁਹਿਮ ਦਾ ਸ਼ਾਨਦਾਰ ਆਗਾਜ਼ ਕੀਤਾ ਗਿਆ। ਕੇਂਦਰ ਦੇ ਪ੍ਰਧਾਨ ਰਵਿੰਦਰ ਸਿੰਘ ਰਾਏ ਨੇ ਦੱਸਿਆ ਕਿ ਗੁਰਦੁਆਰਾ ਸ੍ਰੀ ਸੁਖਚੈਨਆਣਾ ਸਾਹਿਬ ਦੀ ਧਰਤੀ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੀ ਚਰਨ ਛੋਹ ਪ੍ਰਾਪਤ ਪਵਿੱਤਰ ਧਰਤੀ



ਹੈ। ਇਸ ਲਈ ਗੁਰੂ ਸਾਹਿਬ ਦੇ ਆਮਦ ਪੁਰਬ ਮੌਕੇ ਹਰ ਸਾਲ ਦੀ ਤਰ੍ਹਾਂ ਬੂਟੇ ਲਗਾਉਣ ਦੀ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ। ਰਵਿੰਦਰ ਸਿੰਘ ਰਾਏ ਦੇ ਨਾਲ ਕੇਂਦਰ ਦੇ ਚੇਅਰਮੈਨ ਜਤਿੰਦਰ ਸਿੰਘ ਖਾਲਸਾ ਨੇ ਵੀ ਕਿਹਾ ਕਿ ਵੱਡੀ ਪੱਧਰ 'ਤੇ ਹੋ ਰਹੇ ਸ਼ਹਿਰੀਕਰਨ, ਉਦਯੋਗਾਂ ਦੇ ਵੱਧਣ ਕਾਰਨ ਦਰਖ਼ਤਾਂ ਦੀ ਬੇਸ਼ੁਮਾਰ ਕਟਾਈ ਕੀਤੀ ਜਾ ਰਹੀ ਹੈ। ਜਿਸ ਨਾਲ ਵਾਤਾਵਰਣ ਖਤਰੇ 'ਚ ਆ ਗਿਆ ਹੈ। ਵਾਤਾਵਰਣ ਦੀ ਸੁਰੱਖਿਆ ਲਈ ਵੱਧ ਤੋਂ ਵੱਧ ਬੂਟੇ ਲਗਾਉਣਾ ਸਮੇਂ ਦੀ ਲੋੜ ਹੈ।ਇਸ ਮੌਕੇ ਡਾ. ਸਾਗਰ ਸਿੰਘ, ਲਵਪ੍ਰੀਤ ਸਿੰਘ ਰਾਏ, ਪ੍ਰਿੰਸੀਪਲ ਗੁਰਨਾਮ ਸਿੰਘ, ਤਰਸੇਮ ਸਿੰਘ ਗੌਂਸਪੁਰ, ਖੁਸ਼ਪ੍ਰੀਤ ਕੌਰ ਰਾਏ, ਕਰਮਵੀਰ ਪਾਲ ਹੈਪੀ, ਜਗਨਨਾਥ ਤੋਂ ਇਲਾਵਾ ਹੋਰ ਪਤਵੰਤੇ ਵੀ ਹਾਜਰ ਸਨ।

# ਗੁਰੂ ਅਰਜਨ ਦੇਵ ਜੀ ਦੇ ਵਿਆਹ ਪੁਰਬ ਮੌਕੇ ਸੰਗਤਾਂ ਨੂੰ ਵਧਾਈਆਂ ਦਿੱਤੀਆਂ ਤੇ ਬੂਟੇ ਵੰਡੇ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਹਲਕਾ ਨਕੋਦਰ ਵਿੱਚ ਗੁਰੂ ਅਰਜਨ ਦੇਵ ਜੀ ਦੇ ਵਿਆਹ ਪੁਰਬ ਮੌਕੇ ਸੰਗਤਾਂ ਨੂੰ ਵਧਾਈਆਂ ਦਿੱਤੀਆਂ ਅਤੇ ਅਕਾਲ ਤਖਤ ਸਾਹਿਬ ਦੇ ਹੁਕਮ



ਅਨੁਸਾਰ ਪੰਜਾਬ ਨੂੰ ਹਰਾ ਭਰਾ ਬਣਾਉਣ ਲਈ ਮਹਿਮ ਨੂੰ ਅਮਲ ਵਿੱਚ ਲਿਆਉਣ ਲਈ ਬੀਬੀ ਰਾਜਵਿੰਦਰ ਕੌਰ ਭੁੱਲਰ ਸਾਬਕਾ ਵਿਧਾਇਕ ਅਤੇ ਐਡਵੋਕੇਟ ਰਾਜਕਮਲ ਸਿੰਘ ਦੀ ਅਗਵਾਈ ਵਿੱਚ ਬੂਟੇ ਵੰਡੇ ਗਏ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਪਰਮਿੰਦਰ ਸਿੰਘ ਸ਼ਾਮਪੁਰ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਬਿਲਗਾ, ਰਵਿੰਦਰ ਸਿੰਘ ਪਵਾਦੜਾ, ਸਰਕਲ ਪ੍ਰਧਾਨ ਪਿਆਰਾ ਸਿੰਘ ਕੈਂਥ, ਪਿਆਰਾ ਸਿੰਘ ਸੰਘੇੜਾ, ਹਰਬੰਸ ਸਿੰਘ ਦਰਦੀ, ਹਰਜਿੰਦਰ ਸਿੰਘ ਜਹਾਂਗੀਰ ਅਤੇ ਲੰਬੜਦਾਰ ਹਰਬਲਜੀਤ ਸਿੰਘ ਲੱਦੜ, ਰਣਜੀਤ ਸਿੰਘ ਕਾਦੀਆਂ ਲੰਬੜਦਾਰ ਹੋਰ ਆਗੂ ਮੌਕੇ 'ਤੇ ਮੌਜੂਦ ਸਨ।

# ਸਰਕਾਰੀ ਆਈ ਟੀ ਆਈ ਤਲਵਾੜਾ ਵਿਖੇ ਪਲੇਸਮੈਂਟ ਕੈਂਪ ਅੱਜ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫਸਰ ਰਮਨਦੀਪ ਕੋਰ ਨੇ ਦੱਸਿਆ ਕਿ 10 ਜੁਲਾਈ ਨੂੰ ਸਰਕਾਰੀ ਆਈ.ਟੀ.ਆਈ. ਤਲਵਾੜਾ ਵਿਖੇ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਪਲੇਸਮੈਂਟ ਕੈਂਪ ਵਿੱਚ 18 ਉਦਯੋਗਿਕ ਇਕਾਈਆਂ ਜਿਵੇਂ ਕਿ ਸੋਨਾਲੀਕਾ ਟ੍ਰੈਕਟਰ ਕੰਪਨੀ ਹੁਸ਼ਿਆਰਪੁਰ, ਉੱਨਤੀ ਕੋ-ਓਪਰੇਟਿਵ ਕੰਪਨੀ ਤਲਵਾੜਾ, ਜੀ.ਐਨ.ਏ. ਲਿਮਟਿਡ ਮੇਹਟੀਆਣਾ, ਵਰਧਮਾਨ ਯਾਰਨਜ਼ ਐਂਡ ਥਰੈਡਜ਼, ਐਸ.ਐਸ.ਕੇ. ਟੈਰਸ, ਸੈਂਚਰੀ ਪਲਾਈਵੁਡ ਕੰਪਨੀ, ਡੀ.ਜੀ. ਸਰਵਿਸ ਸੈਂਟਰ, ਐਚ.ਐਮ. ਆਟੋਮੋਬਾਇਲ, ਜ਼ੈਦਾਰ ਇਨੋਵੇਸ਼ਨ, ਇੰਡੀਅਨ ਸ਼ੁਕਰੋਜ਼ ਸ਼ੂਗਰ ਮਿੱਲ, ਏ.ਬੀ. ਸ਼ੂਗਰ ਮਿੱਲ, ਐਮਸਨ ਗੀਅਰਜ਼ ਲਿਮਟਿਡ, ਡਿਸਟਿਲ ਐਜੂਕੇਸ਼ਨ ਅਤੇ ਟੈਕਨੋਲਾਜੀ, ਉਸ਼ਾ ਮਾਰਿਟਿਨ, ਜੀ.ਐਨ.ਏ. ਐਂਟਰਪ੍ਰਾਈਜਜ਼, ਬੱਗਾ ਇੰਜੀਨੀਅਰ ਵਰਕਸ ਅਤੇ ਅਮਰ ਫੀਲਡ ਸੰਧਵਾਲ ਆਦਿ ਕੰਪਨੀਆਂ ਵੱਲੋਂ ਵੱਖ-ਵੱਖ ਅਸਾਮੀਆਂ ਲਈ ਇੰਟਰਵਿਊ ਕੀਤੀ ਜਾਵੇਗੀ। ਇਸ ਪਲੇਸਮੈਂਟ ਕੈਂਪ ਵਿੱਚ ਅੱਠਵੀਂ, 10ਵੀਂ, 12ਵੀਂ, ਆਈ.ਟੀ.ਆਈ ਅਤੇ ਡਿਪਲੋਮਾ (ਸਾਰੇ ਟ੍ਰੇਡਜ਼) ਅਤੇ ਗ੍ਰੈਜੂਏਸ਼ਨ ਆਦਿ ਵਿਦਿਅਕ ਯੋਗਤਾ ਵਾਲੇ ਪ੍ਰਾਰਥੀਆਂ (ਲੜਕੇ ਅਤੇ ਲੜਕੀਆਂ ਦੋਵੇਂ) ਦੀ ਭਰਤੀ ਕੀਤੀ ਜਾਵੇਗੀ। ਚਾਹਵਾਨ ਯੋਗ ਪ੍ਰਾਰਥੀ 10 ਜੁਲਾਈ ਨੂੰ ਸਵੇਰੇ 10:00 ਵਜੇ ਸਰਕਾਰੀ ਆਈ.ਟੀ.ਆਈ. ਤਲਵਾੜਾ ਵਿਖੇ ਆਪਣੇ ਰਜ਼ਿਊਮ ਦੀਆਂ 2-3 ਕਾਪੀਆਂ ਲੈ ਕੇ ਇਸ ਪਲੇਸਮੈਂਟ ਕੈਂਪ ਦਾ ਲਾਭ ਪ੍ਰਾਪਤ ਕਰ ਸਕਦੇ ਹਨ।

# ਪਾਣੀ ਦੀ ਨਿਕਾਸੀ ਦੇ ਪੱਕੇ ਹੱਲ ਤੱਕ ਸੰਘਰਸ਼ ਜਾਰੀ ਰਹੇਗਾ : ਰਾਜਵਿੰਦਰ ਸਿੰਘ/ ਰਾਮਜੀ ਦਾਸ

**ਫਿਲੌਰ (ਨਿਰਮਲ)**- ਡੇਰਾ ਮਈਆ ਭਗਵਾਨ ਦੇ ਗੇਟ ਸਾਹਮਣੇ ਪੈਂਦੇ ਗੰਦੇ ਪਾਣੀ ਦੀ ਨਿਕਾਸੀ ਦੇ ਹੱਲ ਲਈ ਬੀ ਡੀ ਪੀ ਓ ਦਫਤਰ ਫਿਲੌਰ ਸਾਹਮਣੇ ਪੱਕਾ ਧਰਨਾ ਸ਼ੁਰੂ ਕੀਤਾ ਗਿਆ, ਜਿਸ ਵਿੱਚ ਦੂਸਰੇ ਦਿਨ ਵੱਖ ਵੱਖ ਭਰਾਤਰੀ ਜਥੇਬੰਦੀਆਂ, ਕਲੱਬਾਂ, ਪੰਚਾਇਤਾਂ



ਦੇ ਆਗੂਆਂ ਤੇ ਵਰਕਰਾਂ ਆਦਿ ਨੇ ਹਿੱਸਾ ਲਿਆ। ਇਸ ਮੌਕੇ ਧਰਨੇ ਦੀ ਅਗਵਾਈ ਲੋਕ ਇਨਸਾਫ਼ ਮੰਚ ਦੇ ਪ੍ਰਧਾਨ ਜਰਨੈਲ ਫਿਲੌਰ ਨੇ ਕੀਤੀ। ਇਸ ਮੌਕੇ ਲੋਕ ਇਨਸਾਫ਼ ਮੰਚ ਦੇ ਆਗੂਆਂ ਜਰਨੈਲ ਫਿਲੌਰ, ਪ੍ਰਸ਼ੋਤਮ ਫਿਲੌਰ, ਮਾਸਟਰ ਹੰਸ ਰਾਜ, ਐਡਵੋਕੇਟ ਸੰਜੀਵ ਕੁਮਾਰ ਭੌਰਾ, ਡਾਕਟਰ ਸੰਦੀਪ ਕੁਮਾਰ, ਲਾਡੀ ਮਹਿਸਮਪੁਰ, ਡਾਕਟਰ ਅਸ਼ੋਕ ਕੁਮਾਰ, ਹਨੀ ਸੰਤੋਖਪੁਰਾ, ਰਾਮਜੀ ਦਾਸ ਗੰਨਾ ਪਿੰਡ, ਰਾਜਵਿੰਦਰ ਸਿੰਘ ਮੁਠੱਡਾ, ਜਸਵੰਤ ਬੋਧ ਆਦਿ ਆਗੂਆਂ ਨੇ ਸੰਬੋਧਨ ਵਿੱਚ ਕਿਹਾ ਕਿ ਜਦੋਂ ਤੱਕ ਮਸਲਾ ਹੱਲ ਨਹੀਂ ਹੁੰਦਾ, ਇਹ ਧਰਨਾ ਪੱਕੇ ਤੌਰ 'ਤੇ ਚਲਦਾ ਰਹੇਗਾ ਅਤੇ 15 ਜੁਲਾਈ ਨੂੰ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਵੱਡਾ ਇਕੱਠ ਕੀਤਾ ਜਾਵੇਗਾ ।ਇਸ ਮੌਕੇ ਰਣਜੀਤ ਸਿੰਘ ਸਿੱਧੂ ਪ੍ਰਧਾਨ ਟਰੱਕ ਯੂਨੀਅਨ, ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਬਾਬਾ ਸਰੂਪ ਸਿੰਘ, ਹੰਸ ਰਾਜ ਰਾਣਾ ਗੜ੍ਹਾ, ਸਾਬਕਾ ਸਰਪੰਚ ਸਰਬਜੀਤ ਸਬੀ, ਗੁਰਮੇਲ ਮੁਠੱਡਾ, ਤਰਸੇਮ ਲਾਲ ਗੰਨਾ ਪਿੰਡ ਬਲਾਕ ਪ੍ਰਧਾਨ ਆਮ ਆਦਮੀ ਪਾਰਟੀ, ਸੁਰਿੰਦਰ ਪਾਲ ਸਿੰਘ ਲੰਬਰਦਾਰ, ਸੰਦੀਪ ਭਟਿਆਰਾ, ਅਜੇ ਹਮਸਰ,ਪਿੰਡ ਬੁਰਜ਼, ਸੋਮਨਾਥ ਸਖੂਪੁਰ, ਮਨਜੀਤ ਰਾਮਗੜ, ਸੰਦੀਪ ਕੁਮਾਰੀ ਸਰਪੰਚ ਰਾਮਗੜ੍ਹ, ਸ਼ਮੀ ਕਪੂਰ ਬਾਈ, ਸੁਰਿੰਦਰ ਪਾਲ ਮੀਆਂਵਾਲ, ਬਲਜਿੰਦਰ ਕੁਮਾਰ ਰਾਮਗੜ, ਤਰਲੋਚਨ ਸਿੰਘ ਲਸਾੜਾ, ਰਾਜੇਸ਼ ਕੁਮਾਰ ਸੈਫਬਦ, ਸੁਰਿੰਦਰ ਕੌਰ, ਗਿਆਨੋ, ਸਾਬਕਾ ਸਰਪੰਚ ਪਿਆਰੀ, ਕਮਲਾ ਆਦਿ ਹਾਜ਼ਰ ਸਨ।

# ਰਿਆਤ ਬਾਹਰਾ ਇੰਟਰਨੈਸ਼ਨਲ ਸਕੂਲ ਵਿਖੇ ਜਾਗਰੂਕਤਾ ਸੈਮੀਨਾਰ




**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਰਿਆਤ ਬਾਹਰਾ ਇੰਟਰਨੈਸ਼ਨਲ ਸਕੂਲ ਵਿਖੇ ਐਸਐਸਪੀ ਸੰਦੀਪ ਕੁਮਾਰ ਮਲਿਕ ਦੇ ਦਿਸ਼ਾ-ਨਿਰਦੇਸ਼ਾਂ ਹੇਠ ਇੱਕ ਵਿਸ਼ੇਸ਼ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਦਾ ਸੰਚਾਲਨ ਟ੍ਰੈਫਿਕ ਐਜੂਕੇਸ਼ਨ ਸੈੱਲ ਵੱਲੋਂ ਐਲ/ਏਐਸਆਈ ਤਜਿੰਦਰ ਕੌਰ ਅਤੇ ਏਐਸਆਈ ਮਨੋਹਰ ਚੰਦ ਨੇ ਕੀਤਾ। ਸੈਮੀਨਾਰ ਵਿੱਚ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ, ਖਾਸ ਕਰਕੇ ਨਵੇਂ ਟ੍ਰੈਫਿਕ ਕਾਨੂੰਨ, 18 ਸਾਲ ਤੋਂ ਘੱਟ ਉਮਰ ਦੇ ਵਿਦਿਆਰਥੀਆਂ ਨੂੰ ਗੇਅਰ ਵਾਲੇ ਵਾਹਨ ਨਾ ਚਲਾਉਣ ਦੀਆਂ ਹਦਾਇਤਾਂ, ਅਤੇ ਏਂਜਲ ਸਕੀਮ 2024 ਤਹਿਤ ਸੜਕ ਹਾਦਸਿਆਂ ਵਿੱਚ ਜ਼ਖਮੀਆਂ ਨੂੰ ਤੁਰੰਤ ਮੁੱਢਲੀ ਸਹਾਇਤਾ ਅਤੇ ਹਸਪਤਾਲ ਵਿੱਚ ਭਰਤੀ ਕਰਨ ਦੀ ਪ੍ਰਕਿਰਿਆ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਸਾਈਬਰ ਅਪਰਾਧ ਤਹਿਤ ਧੋਖਾਧੜੀ ਤੋਂ ਬਚਣ ਲਈ ਜਾਗਰੂਕ ਹੋਣ ਦੀ ਅਪੀਲ ਕੀਤੀ ਗਈ ਅਤੇ ਦੱਸਿਆ ਗਿਆ ਕਿ ਸੋਸ਼ਲ ਮੀਡੀਆ ਅਤੇ ਔਨਲਾਈਨ ਮਾਧਿਅਮਾਂ ਰਾਹੀਂ ਧੋਖਾਧੜੀ ਦੀਆਂ ਘਟਨਾਵਾਂ ਕਿਵੇਂ ਵੱਧ ਰਹੀਆਂ ਹਨ। ਇਸ ਦੇ ਨਾਲ ਹੀ, ਨਸ਼ਾ ਛੁਡਾਊ ਲਈ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਮੁਫਤ ਸਹੂਲਤਾਂ ਬਾਰੇ ਜਾਣਕਾਰੀ ਵੀ ਸਾਂਝੀ ਕੀਤੀ ਗਈ। ਸੈਮੀਨਾਰ ਵਿੱਚ ਸਕੂਲ ਬੱਸ ਡਰਾਈਵਰਾਂ ਨੂੰ ਵੀ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਬਾਰੇ ਜਾਗਰੂਕ ਕੀਤਾ ਗਿਆ, ਤਾਂ ਜੋ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ। ਇਸ ਮੌਕੇ ਸਕੂਲ ਦੇ ਸਾਰੇ ਅਧਿਆਪਕ ਮੌਜੂਦ ਸਨ।

# ਰਾਜੇਵਾਲ ਨੇ ਸੁਖਦੇਵ ਸਿੰਘ ਕੰਸਾਲਾ ਨਾਲ ਪੁੱਤਰ ਦੀ ਮੌਤ ਦਾ ਦੁੱਖ ਕੀਤਾ ਸਾਂਝਾ

**ਕੁਰਾਲੀ, (ਮੋਹਣ ਅੱਗਰਵਾਲ)**-ਲੋਕ ਹਿੱਤ ਮਿਸ਼ਨ ਬੀ ਕੇ ਯੂ ਪੰਜਾਬ ਦੇ ਪ੍ਰਧਾਨ ਸੁਖਦੇਵ ਸਿੰਘ ਸੁੱਖਾ ਕੰਸਾਲਾ ਦੇ ਨੌਜਵਾਨ ਪੁੱਤਰ ਦੇ ਦੇਹਾਂਤ 'ਤੇ ਕਿਸਾਨ ਆਗੂ ਬਲਵੀਰ ਸਿੰਘ ਰਾਜੇਵਾਲ ਨੇ ਉਨ੍ਹਾਂ ਦੇ ਗ੍ਰਹਿ ਪੁੱਜ ਕੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ। ਉਨ੍ਹਾਂ ਪਰਵਾਰ ਨਾਲ ਦੁੱਖ ਦਾ ਪ੍ਰਗਟਾਵਾਂ ਕਰਦਿਆਂ ਕਿਹਾ ਕਿ ਸੁਖਦੇਵ ਸਿੰਘ ਕੰਸਾਲਾ ਜੋ ਆਪਣੀ ਜਥੇਬੰਦੀ ਰਾਹੀਂ ਹੋਰ ਕਿਸਾਨ



ਜਥੇਬੰਦੀਆਂ ਨਾਲ ਮਿਲ ਕੇ ਕਿਸਾਨੀ ਮੰਗਾਂ ਸਬੰਧੀ ਹਿੱਸਾ ਪਾ ਰਹੇ ਹਨ ਅਤੇ ਇਲਾਕੇ ਅੰਦਰ ਸਮਾਜ ਸੁਧਾਰ ਦੇ ਕੰਮ ਕਰਦੇ ਹਨ, ਉਨ੍ਹਾਂ ਦੇ 22 ਸਾਲਾ ਪੁੱਤਰ ਦੀ ਮੌਤ ਨੇ ਹਰ ਇੱਕ ਨੂੰ ਝੰਜੋੜ ਕੇ ਰੱਖ ਦਿੱਤਾ। ਉਨ੍ਹਾਂ ਕਿਹਾ ਕਿ ਇਸ ਦੁੱਖ ਦੀ ਘੜੀ ਵਿੱਚ ਉਨ੍ਹਾਂ ਦੀ ਜਥੇਬੰਦੀ ਪਰਵਾਰ ਨਾਲ ਹਰ ਸਮੇਂ ਡਟ ਕੇ ਖੜ੍ਹੀ ਹੈ। ਇਸ ਮੌਕੇ ਉਨ੍ਹਾਂ ਨਾਲ ਪਰਮਿੰਦਰ ਸਿੰਘ ਚਲਾਕੀ, ਕ੍ਰਿਪਾਲ ਸਿੰਘ ਸਿਆਊਂ, ਪਰਮਦੀਪ ਸਿੰਘ ਬੈਦਵਾਨ, ਰਵਿੰਦਰ ਸਿੰਘ ਬਜੀਦਪੁਰ, ਦਰਸ਼ਨ ਸਿੰਘ ਨਾਗਰਾ ਖੇੜਾ ਤੇ ਗੁਰਪ੍ਰੀਤ ਸਿੰਘ ਪਲਹੇੜੀ ਆਦਿ ਕਿਸਾਨ ਆਗੂ ਵੀ ਹਾਜ਼ਰ ਸਨ।

# ਹੱਡਾਰੋੜੀ, ਪਸ਼ੂਆਂ ਦੇ ਮਾਸ ਦਾ ਕਾਰਖਾਨਾ ਤੁਰੰਤ ਹਟਾਉਣ ਲਈ ਪਿੰਡਾਂ ਦੇ ਲੋਕ ਐੱਸ ਡੀ ਐੱਮ ਨੂੰ ਮਿਲੇ

**ਫਗਵਾੜਾ (ਡਾ. ਰਮਨ)** ਪਿੰਡ ਖਾਟੀ, ਖੁਰਮਪੁਰ, ਢੱਡੇ, ਚੱਕ ਪ੍ਰੇਮਾ, ਗੁਲਾਬਗੜ੍ਹ, ਅੰਬੇਦਕਰ ਨਗਰ ਢੱਡੇ, ਵੀਰ ਢੰਡੋਲੀ, ਢੰਡੋਲੀ, ਰਾਵਲਪਿੰਡੀ, ਸੀਕਰੀ, ਭੋਗਪੁਰ, ਜੀ.ਐਨ.ਏ. ਯੂਨਿਵਰਸਿਟੀ, ਵਰਿਆਂਹ, ਗੁਲਾਬਗੜ੍ਹ ਤੇ ਲੱਖਪੁਰ ਦੇ ਪਤਵੰਤਿਆਂ ਅਤੇ ਸਰਪੰਚਾਂ , ਪੰਚਾਂ ਨੇ ਐਸ. ਡੀ.ਐਮ. ਫਗਵਾੜਾ ਨੂੰ ਮੰਮੋਰੰਡਮ ਦਿੱਤਾ ਗਿਆ,



ਜਿਸ ਵਿੱਚ ਹੱਡਾ ਰੋੜੀ ਖਾਟੀ, ਹੁਸ਼ਿਆਰਪੁਰ ਰੋਡ ਤੇ ਇੱਕ ਵੱਡਾ ਪਸ਼ੂਆਂ ਦੇ ਮਾਸ ਦਾ ਕਾਰਖਾਨਾ ਬਣਾ ਦਿੱਤਾ ਗਿਆ ਹੈ ਅਤੇ ਦੁਆਬਾ ਪਾਈਪ ਫੈਕਟਰੀ ਖਾਟੀ ਦੇ ਨਜ਼ਦੀਕ ਹੈ, ਬੇਹੱਦ ਪ੍ਰਦੂਸ਼ਣ ਪੈਦਾ ਕਰਦਾ ਹੈ, ਨੂੰ ਉੱਥੋਂ ਹਟਾਉਣ ਬਾਰੇ ਮੰਗ ਕੀਤੀ ਗਈ। ਇਲਾਕੇ ਦੇ ਲੋਕਾਂ ਨੇ ਕਿਹਾ ਕਿ ਹੱਡਾ ਰੋੜੀ ਇਸ ਇਲਾਕੇ ਦੇ ਲੋਕਾਂ ਦੀ ਸਿਹਤ ਖ਼ਰਾਬ ਕਰਦੀ ਹੈ, ਵਾਤਾਵਰਣ ਪ੍ਰਦੂਸ਼ਿਤ ਕਰਦੀ ਹੈ। ਕਦੇ ਇਹ ਸਿਰਫ਼ ਸਧਾਰਨ ਹੱਡਾ ਰੋੜੀ ਸੀ, ਜੋ ਗੈਰ-ਕਾਨੂੰਨੀ ਢੰਗ ਨਾਲ ਪਸ਼ੂਆਂ ਦੇ ਮਾਸ ਦਾ ਕਾਰਖਾਨਾ ਬਣਾ ਦਿੱਤੀ ਗਈ ਹੈ। ਇਥੇ ਵੱਡੀ ਗਿਣਤੀ 'ਚ ਕੁੱਤੇ ਇਕੱਠੇ ਹੋਏ ਘੁੰਮਦੇ ਹਨ ਜੋ ਰਾਹਗੀਰਾਂ ਲਈ ਵੱਡਾ ਖ਼ਤਰਾ ਪੈਦਾ ਕਰਦੇ ਹਨ ਅਤੇ ਇਹਨਾ ਕਾਰਨ ਸੜਕੀ ਹਾਦਸੇ ਹੋ ਰਹੇ ਹਨ, ਕਿਉਂਕਿ ਇਹ ਹੱਡਾ ਰੋੜੀ ਹੁਸ਼ਿਆਰਪੁਰ ਰੋਡ ਮੁੱਖ ਸੜਕ 'ਤੇ ਸਥਿਤ ਹੈ। ਜਦੋਂ ਇਸ ਕਾਰਖਾਨੇ 'ਚ ਇਥੇ ਮੀਟ ਕੜਾਹਿਆਂ 'ਚ ਉਬਾਲਿਆ ਜਾਂਦਾ ਹੈ ਤਾਂ ਉਸ ਦੀ ਬਦਬੂ ਕਾਰਨ ਆਲੇ-ਦੁਆਲੇ ਦੀ ਪੂਰੀ ਅਬਾਦੀ ਪ੍ਰੇਸ਼ਾਨ ਹੋ ਉੱਠਦੀ ਹੈ । ਇਸ ਲਈ ਪਬਲਿਕ ਹਿੱਤ ਵਿੱਚ ਇਹ ਹੱਡਾ ਰੋੜੀ ਇਥੋਂ ਚੁੱਕੀ ਜਾਵੇ। ਇਹ ਮੰਗ ਪੱਤਰ ਦੇਣ ਸਮੇਂ ਹੋਰਨਾਂ ਤੋਂ ਇਲਾਵਾ ਜੋਗਾ ਸਿੰਘ ਢੱਬੇ, ਗੁਰਦੇਵ ਸਿੰਘ ਪੰਚ, ਕੁਲਵੰਤ ਸਿੰਘ, ਜਸਪ੍ਰੀਤ ਸਿੰਘ ਸਰਪੰਚ ਖਾਟੀ, ਸਰਬਜੀਤ ਸਿੰਘ ਸਰਪੰਚ ਖੁਰਮਪੁਰ, ਰੂਪ ਲਾਲ ਸਰਪੰਚ, ਡਾ. ਅੰਬੇਦਕਰ ਨਗਰ ਢੱਬੇ, ਪ੍ਰਕਾਸ਼ ਰਾਮ ਸਰਪੰਚ ਬੀੜ ਢੰਡੋਲੀ, ਮਨਜੀਤ ਕੌਰ ਪੰਚ ਖਾਟੀ, ਮਮਤਾ ਰਾਣੀ ਸਰਪੰਚ ਸੀਕਰੀ ਆਦਿ ਹਾਜ਼ਰ ਸਨ। ਹਾਜ਼ਰ ਲੋਕਾਂ ਨੇ ਇਹ ਚਿਤਾਵਨੀ ਦਿੱਤੀ ਕਿ ਜੇਕਰ ਇਹ ਪਸ਼ੂਆਂ ਦੇ ਮਾਸ ਦਾ ਕਾਰਖਾਨਾ ਇਥੋਂ ਤੁਰੰਤ ਨਾ ਚੁੱਕਿਆ ਗਿਆ ਤਾਂ ਵੱਡਾ ਸੰਘਰਸ਼ ਕੀਤਾ ਜਾਵੇਗਾ।

# ਜ਼ਿਲ੍ਹੇ ਭਰ ਦੇ ਸਿਹਤ ਕਾਮੇ ਤਨਖ਼ਾਹ ਲਈ ਤਰਸੇ

● ਜਲਦ ਤਨਖ਼ਾਹ ਨਾ ਜਾਰੀ ਕੀਤੀ ਤਾਂ ਕੀਤਾ ਜਾਵੇਗਾ ਤਿੱਖਾ ਸੰਘਰਸ਼ : ਵਿਰਦੀ



**ਹੁਸ਼ਿਆਰਪੁਰ (ਬਲਵੀਰ ਸੈਣੀ)**- ਤਾਲਮੇਲ ਕਮੇਟੀ ਪੈਰਾ-ਮੈਡੀਕਲ ਅਤੇ ਸਿਹਤ ਕਰਮਚਾਰੀ ਪੰਜਾਬ, ਜ਼ਿਲ੍ਹਾ ਹੁਸ਼ਿਆਰਪੁਰ ਦੇ ਆਗੂ ਮਨੋਹਰ ਸਿੰਘ ਸੈਣੀ, ਕਰਮਜੀਤ ਸਿੰਘ, ਬਲਜੀਤ ਸਿੰਘ ਵੱਲੋਂ ਜਾਰੀ ਕੀਤੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਸਿਹਤ ਮੁਲਾਜ਼ਮਾਂ ਨੂੰ ਅਜੇ ਤੱਕ ਜੂਨ ਮਹੀਨੇ ਦੀ ਤਨਖ਼ਾਹ ਨਸੀਬ ਨਹੀਂ ਹੋਈ, ਜਦੋਂ ਕਿ ਉਨ੍ਹਾਂ ਦੇ ਬਿੱਲ ਸਬਮਿੱਟ ਹੋ ਚੁੱਕੇ ਹਨ। ਜਥੇਬੰਦੀ ਦੇ ਸੂਬਾ ਆਗੂ ਇੰਦਰਜੀਤ ਵਿਰਦੀ ਨੇ ਸਰਕਾਰ 'ਤੇ ਦੋਸ਼ ਲਗਾਉਂਦਿਆਂ ਕਿਹਾ ਕਿ ਜਿੱਥੇ ਸਰਕਾਰਾਂ ਵੱਲੋਂ ਆਪਣੇ ਨਾਗਰਿਕਾਂ ਨੂੰ ਚੰਗੀ ਜ਼ਿੰਦਗੀ ਜਿਊਣ ਦੇਣਾ ਮੁਢਲਾ ਫਰਜ਼ ਹੁੰਦਾ ਹੈ, ਉੱਥੇ ਹੀ ਸਰਕਾਰ ਦੀਆਂ ਸਿਹਤ ਸਹੂਲਤਾਂ ਨੂੰ ਲੋਕਾਂ ਤੱਕ ਪਹੁੰਚਾਉਣ ਵਾਲੇ ਸਿਹਤ ਮੁਲਾਜ਼ਮਾਂ ਨੂੰ ਤਨਖ਼ਾਹ ਨਾ ਮਿਲਣਾ ਇੱਕ ਗੰਭੀਰ ਮਸਲਾ ਹੈ। ਉਨ੍ਹਾ ਕਿਹਾ ਕਿ ਮੁਲਾਜ਼ਮ ਵਰਗ ਨੂੰ ਹਰ ਮਹੀਨੇ ਕਈ ਤਰ੍ਹਾਂ ਦੇ ਲੋਨ ਦੀਆਂ ਕਿਸ਼ਤਾਂ, ਬੱਚਿਆਂ ਦੀਆਂ ਫੀਸਾਂ, ਘਰਾਂ ਦੇ ਖ਼ਰਚ ਆਦਿ ਲਈ ਆਰਥਿਕ ਲੋੜ ਹੁੰਦੀ ਹੈ, ਤਨਖ਼ਾਹ ਵਿੱਚ ਦੇਰੀ ਕਾਰਨ ਉਹਨਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਜਥੇਬੰਦੀ ਵਲੋਂ ਸਰਕਾਰ ਤੋਂ ਸਿਹਤ ਕਾਮਿਆਂ ਦੀ ਤਨਖਾਹ ਤੁਰੰਤ ਜਾਰੀ ਕਰਨ ਦੀ ਮੰਗ ਕੀਤੀ ਗਈ ਹੈ। ਯੂਨੀਅਨ ਨੇ ਚੇਤਾਵਨੀ ਦਿੱਤੀ ਕਿ ਜੇਕਰ ਮੰਗ ਪੂਰੀ ਨਾ ਕੀਤੀ ਗਈ ਤਾਂ ਜਥੇਬੰਦੀ ਮੀਟਿੰਗ ਕਰਕੇ ਤੁਰੰਤ ਸੰਘਰਸ਼ ਕਰਨ ਲਈ ਮਜ਼ਬੂਰ ਹੋਵੇਗੀ, ਜਿਸ ਦੀ ਜ਼ਿੰਮੇਵਾਰੀ ਸਰਕਾਰ ਅਤੇ ਖਜ਼ਾਨਾ ਅਧਿਕਾਰੀਆਂ ਦੀ ਹੋਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਣਜੀਤ ਸਿੰਘ, ਗੁਰਦੇਵ ਸਿੰਘ, ਸੁਰਜੀਤ ਸਿੰਘ, ਜਤਿੰਦਰ ਖੱਖ, ਇੰਦਰਜੀਤ ਸਿੰਘ, ਗੁਰਜੋਤ ਸਿੰਘ, ਜਰਨੈਲ ਸਿੰਘ, ਗੁਰਮੇਲ ਸਿੰਘ, ਬਲਰਾਜ ਸਿੰਘ, ਗੋਪਾਲ ਮਲਹੋਤਰਾ, ਸੁਖਦੇਵ ਸਿੰਘ, ਹਰਭਿੰਦਰ ਸਿੰਘ, ਨੀਲਾਂ ਰਾਣੀ, ਤਰਸੇਮ ਸਿੰਘ, ਦੀਪਾਂਜਲੀ ਭੱਟੀ, ਆਦਿ ਆਗੂ ਵੀ ਹਾਜ਼ਰ ਸਨ।

# ਸ੍ਰੀ ਅਕਾਲ ਤਖਤ ਸਾਹਿਬ ਦੀ ਮਹਾਨਤਾ ਤੇ ਸਰਬਉੱਚਤਾ ਨੂੰ ਚੁਣੌਤੀ ਦੇਣ ਦੀ ਗੁਸਤਾਖੀ ਨਾ ਕੀਤੀ ਜਾਵੇ : ਸਿੰਗੜੀਵਾਲਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਬੇਸ਼ੱਕ ਸਿੱਖ ਕੌਮ ਦੇ ਪੰਜੇ ਤਖਤ ਸਾਹਿਬਾਨ ਅਤਿ ਸਤਿਕਾਰਤ ਅਤੇ ਪ੍ਰਵਾਨਿਤ ਹਨ। ਇਸ ਵਿਚ ਵੀ ਕੋਈ ਸ਼ੱਕ ਨਹੀ ਕਿ ਪੰਜੇ ਤਖਤ ਸਾਹਿਬਾਨ ਦੇ ਜਥੇਦਾਰ ਸਾਹਿਬਾਨ ਦੀ ਸਮੁੱਚੀ ਸਹਿਮਤੀ ਨਾਲ ਹੀ ਖਾਲਸਾ ਪੰਥ ਲਈ ਹੁਕਮਨਾਮੇ ਅਤੇ ਕੌਮ ਪੱਖੀ ਫੈਸਲੇ ਹੁੰਦੇ ਹਨ। ਪਰ ਸਿੱਖ ਅਤੇ ਕੌਮੀ ਰਵਾਇਤਾਂ ਅਨੁਸਾਰ ਇਹ ਹੁਕਮਨਾਮੇ ਕੇਵਲ ਤੇ ਕੇਵਲ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਹੀ ਕਾਇਮ ਮੁਕਾਮ ਜਥੇਦਾਰ ਸਾਹਿਬ ਵੱਲੋਂ ਹੀ ਸਮੁੱਚੀ ਸਿੱਖ ਕੌਮ ਲਈ ਸਦੀਆਂ ਤੋਂ ਜਾਰੀ ਹੁੰਦੇ ਆ ਰਹੇ ਹਨ। ਅਜਿਹੇ ਹੁਕਮਨਾਮਿਆਂ ਅੱਗੇ ਸਮੁੱਚੀ ਸਿੱਖ ਕੌਮ ਤੇ ਹਰ ਗੁਰੂ ਨਾਨਕ ਨਾਮ ਲੇਵਾ ਸੀਸ ਝੁਕਾਉਂਦਾ ਹੈ। ਪਰ ਕੁਝ ਸਮੇਂ ਤੋਂ ਬੀ ਜੇ ਪੀ-ਆਰ.ਐਸ.ਐਸ ਤੇ ਹੋਰ ਫਿਰਕੂ ਸੰਗਠਨਾਂ ਤੇ ਜਮਾਤਾਂ ਵੱਲੋਂ ਤਖਤ ਸ੍ਰੀ ਹਜ਼ੂਰ ਸਾਹਿਬ ਅਤੇ ਤਖਤ ਸ੍ਰੀ ਪਟਨਾ ਸਾਹਿਬ ਦੇ ਪ੍ਰਬੰਧ ਉਤੇ ਹਕੂਮਤੀ ਅਜਾਰੇਦਾਰੀ ਕਾਇਮ ਕਰਨ ਹਿੱਤ ਅਤੇ ਖਾਲਸਾ ਪੰਥ ਦੇ ਕੌਮੀ ਫੈਸਲਿਆਂ ਵਿਚ ਦਖਲ ਦੇਣ ਦੇ ਹਕੂਮਤੀ ਦੁਖਦਾਇਕ ਅਮਲ ਹੁੰਦੇ ਆ ਰਹੇ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਨਾਮ ਸਿੰਘ ਸਿੰਗੜੀਵਾਲਾ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਤਖਤ ਸ੍ਰੀ ਪਟਨਾ ਸਾਹਿਬ ਤੋਂ ਪੰਜ ਪਿਆਰੇ ਸਾਹਿਬਾਨ ਵੱਲੋਂ ਕਿਸੇ ਸਾਜਿਸ਼ ਅਧੀਨ ਜਾਰੀ ਹੋ ਰਹੇ ਹੁਕਮਨਾਮਿਆਂ ਦਾ ਸਖਤ ਨੋਟਿਸ ਲੈਂਦਿਆਂ ਹੋਇਆਂ ਕੀਤਾ। ਇਸ ਸਮੇਂ ਸਿੰਗੜੀਵਾਲਾ ਨੇ ਕਿਹਾ ਕਿ ਇਸ ਸਭ ਲਈ ਐਸ ਜੀ ਪੀ ਸੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਦਮਦਮੀ ਟਕਸਾਲ ਦੇ ਮੁਖੀ ਹਰਨਾਮ ਸਿੰਘ ਧੁੰਮਾ ਅਤੇ ਉਹਨਾਂ ਦੀਆਂ ਸਹਿਯੋਗੀ ਜਥੇਬੰਦੀਆਂ ਵੀ ਕਿਸੇ ਹੱਦ ਤੱਕ ਜ਼ਿੰਮੇਵਾਰ ਹਨ ਜਿਨ੍ਹਾਂ ਨੇ 6 ਜੂਨ ਨੂੰ ਸਾਜਿਸ਼ ਕਰਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਆਪਣਾ ਸੰਦੇਸ਼ ਦੇਣ ਤੋਂ ਰੋਕ ਕੇ ਇਤਿਹਾਸਿਕ ਗਲਤੀ ਕੀਤੀ ਤੇ ਪੰਥ ਵਿਰੋਧੀ ਸ਼ਕਤੀਆਂ ਨੂੰ ਅਜਿਹੀਆਂ ਗੁਸਤਾਖੀਆਂ ਕਰਨ ਲਈ ਉਤਸ਼ਾਹਤ ਕੀਤਾ। ਉਹਨਾਂ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਮਹਾਨਤਾ ਅਤੇ ਸਰਬਉੱਚਤਾ ਨੂੰ ਚੁਣੌਤੀ ਦੇਣ ਵਾਲੀਆਂ ਕਾਰਵਾਈਆਂ ਤੁਰੰਤ ਬੰਦ ਕੀਤੀਆਂ ਜਾਣ ਕਿਉਂਕਿ ਸਿੱਖ ਕੌਮ ਇਸ ਨੂੰ ਬਿਲਕੁਲ ਬਰਦਾਸ਼ਤ ਨਹੀਂ ਕਰੇਗੀ।

# ਬਿਕਰਮ ਮਜੀਠੀਆ 'ਤੇ ਇਲਜ਼ਾਮ ਲਾਉਣੇ ਗਲ਼ਤ : ਪ੍ਰਨੀਤ ਕੌਰ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਪੰਜਾਬ ਸਰਕਾਰ ਨੇ ਜੋ ਬਿਕਰਮ ਮਜੀਠੀਆ 'ਤੇ ਇਲਜ਼ਾਮ ਲਗਾਏ ਹਨ, ਜੇਕਰ ਪੁਰਾਣੇ ਇਲਜ਼ਾਮ ਹਨ ਤਾਂ ਸੁਪਰੀਮ ਕੋਰਟ ਨੇ ਉਨ੍ਹਾਂ ਨੂੰ ਬਰੀ ਕੀਤਾ ਹੋਇਆ ਹੈ। ਪੁਰਾਣੇ ਇਲਜ਼ਾਮ ਲਾਉਣਾ ਬਿਲਕੁਲ ਗਲਤ ਹੈ।ਜੇਕਰ ਕੋਈ ਨਵੀਂ ਗੱਲ ਹੈ, ਮੈਨੂੰ ਉਸ ਬਾਰੇ ਕੁਝ ਵੀ ਪਤਾ ਨਹੀਂ। ਇਹ ਵਿਚਾਰ ਬਿਕਰਮ ਮਜੀਠੀਆ ਦੀ ਗ੍ਰਿਫ਼ਤਾਰੀ ਸਬੰਧੀ ਸਾਬਕਾ ਵਿਦੇਸ਼ ਰਾਜ ਮੰਤਰੀ ਮਹਾਰਾਣੀ ਪਰਨੀਤ ਕੌਰ ਨੇ ਉਨ੍ਹਾਂ ਦੇ ਹੱਕ ਵਿੱਚ ਬੋਲਣ ਸਮੇਂ ਪ੍ਰਗਟਾਏ। ਪਰਨੀਤ ਕੌਰ ਨਾਭਾ 'ਚ ਸਾਬਕਾ ਨਗਰ ਕੌਂਸਲ ਦੇ ਪ੍ਰਧਾਨ ਰਜਨੀਸ਼ ਮਿੱਤਲ ਸ਼ੈਂਟੀ ਦੀ ਮੌਤ 'ਤੇ ਉਨ੍ਹਾਂ ਦੇ ਘਰ ਪਰਵਾਰ ਨਾਲ ਦੁੱਖ ਸਾਂਝਾ ਕਰਨ ਲਈ ਪਹੁੰਚੇ ਸਨ।ਉਨ੍ਹਾਂ ਕਿਹਾ ਕਿ ਰਜਨੀਸ਼ ਮਿੱਤਲ ਸ਼ੈਂਟੀ ਦਾ ਬੇਵਕਤ ਦੁਨੀਆ ਤੋਂ ਚਲੇ ਜਾਣਾ ਪਰਵਾਰ ਦੇ ਨਾਲ ਨਾਲ ਉਸ ਦੇ ਚਾਹੁਣ ਵਾਲਿਆਂ ਨੂੰ ਵੱਡਾ ਘਾਟਾ ਹੈ ਜੋ ਕਦੇ ਪੂਰਾ ਨਹੀਂ ਹੋ ਸਕਦਾ।ਉਨ੍ਹਾਂ ਕਿਹਾ ਕਿ ਮੈਨੂੰ ਪੂਰਾ ਯਕੀਨ ਹੈ ਕਿ ਬਿਕਰਮ ਸੰਬੰਧੀ ਕੋਰਟ ਸਹੀ ਫੈਸਲਾ ਕਰੇਗਾ।ਪੰਜਾਬ ਸਰਕਾਰ ਵੱਲੋਂ ਬੇਅਦਬੀ ਦੀਆਂ ਲਗਾਤਾਰ ਵਾਪਰ ਰਹੀਆਂ ਘਟਨਾਵਾਂ ਨੂੰ ਲੈ ਕੇ ਸਖ਼ਤ ਕਾਨੂੰਨ ਬਣਾਉਣ 'ਤੇ ਪ੍ਰਨੀਤ ਕੌਰ ਨੇ ਕਿਹਾ ਕਿ ਭਾਵੇਂ ਕਿ ਸਰਕਾਰ ਇਹ ਕਾਨੂੰਨ ਤਾਂ ਬਣਾ ਰਹੀ ਹੈ ਗਰਾਊਂਡ ਜ਼ੀਰੋ ਤੇ ਇਨ੍ਹਾਂ ਦੀ ਕੋਈ ਕਾਰਗੁਜ਼ਾਰੀ ਨਹੀਂ ਹੈ, ਸੜਕਾਂ ਟੁੱਟੀਆਂ ਪਈਆਂ ਹਨ ਤੇ ਕਿਸੇ ਤਰ੍ਹਾਂ ਦੀ ਗ੍ਰਾਂਟ ਪਿੰਡਾਂ ਸ਼ਹਿਰਾਂ 'ਚ ਨਹੀਂ ਦਿੱਤੀ ਗਈ। ਇਨ੍ਹਾਂ ਵੱਲੋਂ ਕਿਸੇ ਤਰਾਂ ਦੀ ਕੋਈ ਤਰੱਕੀ ਨਹੀਂ ਕੀਤੀ ਗਈ।ਇਹ ਤਾਂ ਸਿਰਫ ਢੌਂਗ ਰਚਾ ਕੇ ਫੋਟੋਆਂ ਖਿਚਾਉਣ ਜੋਗੇ ਹੀ ਰਹਿ ਗਏ ਹਨ। ਪਰਨੀਤ ਕੌਰ ਨੇ ਡਰੇਨਾਂ ਦੀ ਸਫਾਈ ਨੂੰ ਲੈ ਕੇ 'ਆਪ' ਸਰਕਾਰ 'ਤੇ ਵਾਰ ਕਰਦਿਆਂ ਕਿਹਾ ਕਿ ਜੇਕਰ ਰੱਬ ਨਾ ਕਰੇ ਪੰਜਾਬ ਵਿੱਚ ਫਲੱਡ ਆ ਜਾਂਦੇ ਹਨ ਤਾਂ ਵੱਡੀ ਤਬਾਹੀ ਹੋ ਸਕਦੀ ਹੈ।ਡਰੇਨਾਂ ਦੀ ਕੋਈ ਵੀ ਸਫਾਈ ਨਹੀਂ ਕਰਾਈ ਗਈ।ਪਹਿਲਾਂ ਵੀ ਘੱਗਰ ਦਰਿਆ ਦੇ ਨਾਲ ਤਬਾਹੀ ਆਈ ਸੀ, ਉਸ ਨਾਲ ਘਰਾਂ ਦੇ ਘਰ ਤਬਾਹ ਹੋ ਗਏ ਸੀ ਤੇ ਭਗਵੰਤ ਮਾਨ ਕਹਿੰਦਾ ਸੀ ਕਿ ਅਸੀਂ ਬੱਕਰੀ ਦਾ ਵੀ ਮੁਆਵਜ਼ਾ ਦੇਵਾਂਗੇ, ਪਰ ਗਰਾਊਂਡ ਲੈਵਲ 'ਤੇ ਕੁਝ ਨਹੀਂ ਕੀਤਾ।ਅਬੋਹਰ ਵਿਖੇ ਕੱਪੜਾ ਵਪਾਰੀ ਦੇ ਕਤਲ ਦੇ ਮਾਮਲੇ 'ਤੇ ਪਰਨੀਤ ਕੌਰ ਨੇ ਪੰਜਾਬ ਸਰਕਾਰ ਨੂੰ ਘੇਰਦਿਆ ਕਿਹਾ ਕਿ ਪੰਜਾਬ ਵਿੱਚ ਕਾਨੂੰਨ ਵਿਵਸਥਾ ਦੀ ਸਥਿਤੀ ਬਿਲਕੁਲ ਵਿਗੜ ਚੁੱਕੀ ਹੈ ਤੇ ਹਰ ਰੋਜ਼ ਨਵੀਆਂ ਘਟਨਾਵਾਂ ਵਾਪਰ ਰਹੀਆਂ ਹਨ।



# ਪੰਜਾਬ ਸਟੇਟ ਫੂਡ ਕਮਿਸ਼ਨ ਦੇ ਮੈਂਬਰ ਪ੍ਰੀਤੀ ਚਾਵਲਾ ਵੱਲੋਂ ਸਕੂਲਾਂ ਤੇ ਆਂਗਣਵਾੜੀ ਕੇਂਦਰਾਂ ਦੀ ਅਚਨਚੇਤ ਚੈਕਿੰਗ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਪੰਜਾਬ ਸਟੇਟ ਫੂਡ ਕਮਿਸ਼ਨ ਦੇ ਮੈਂਬਰ ਪ੍ਰੀਤੀ ਚਾਵਲਾ ਨੇ ਅੱਜ ਆਂਗਣਵਾੜੀ ਕੇਂਦਰ ਆਲਮਪੁਰ, ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਰਾਮਪੁਰ ਕਲੇਰਾਂ, ਸਰਕਾਰੀ ਐਲੀਮੈਂਟਰੀ ਸਕੂਲ ਜੈ ਸਿੰਘ ਵਾਲਾ, ਸਰਕਾਰੀ ਮਿਡਲ ਸਕੂਲ ਜੈ ਸਿੰਘ ਵਾਲਾ, ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਸਿਕੰਦਰਪੁਰ ਅਤੇ ਆਂਗਣਵਾੜੀ ਕੇਂਦਰ ਨਾਨੋਵਾਲ ਵਿੱਚ ਨੈਸ਼ਨਲ ਫੂਡ ਸੁਰੱਖਿਆ ਐਕਟ-2013 ਅਧੀਨ ਦਿੱਤੇ ਜਾਂਦੇ ਪੌਸ਼ਟਿਕ ਆਹਾਰ ਸਬੰਧੀ ਅਚਨਚੇਤ ਚੈਕਿੰਗ ਕੀਤੀ। ਉਨ੍ਹਾਂ ਆਂਗਣਵਾੜੀ ਕੇਂਦਰਾਂ ਤੇ ਸਰਕਾਰੀ ਸਕੂਲਾਂ ਵਿੱਚ ਮਿਡ ਡੇਅ ਮੀਲ ਅਧੀਨ ਦਿੱਤੀ ਜਾ ਰਹੀ ਖੁਰਾਕ ਦੀ ਗੁਣਵੱਤਾ ਯਕੀਨੀ ਬਣਾਉਣ ਦੇ ਆਦੇਸ਼ ਵੀ ਦਿੱਤੇ। ਉਨ੍ਹਾਂ ਮਿਡ ਡੇਅ ਮੀਲਾ ਤਿਆਰ ਕਰਨ ਵਾਲੇ ਸਟਾਫ ਨੂੰ ਹਦਾਇਤ ਕੀਤੀ ਕਿ ਖਾਣਾ ਤਿਆਰ ਕਰਨ ਵਾਲੇ ਸਟਾਫ ਮੈਂਬਰ ਰਸੋਈ ਵਿੱਚ ਸਾਫ ਸਫਾਈ ਯਕੀਨੀ ਬਣਾਉਣ ਅਤੇ ਚਾਵਲ ਤਿਆਰ ਕਰਨ ਸਮੇਂ ਖੁਰਾਕ ਦੇ ਪੌਸ਼ਟਿਕ ਤੱਤਾਂ ਨੂੰ ਬਰਕਰਾਰ ਰੱਖਣ ਦੀ ਹਦਾਇਤ ਵੀ ਕੀਤੀ। ਚਾਵਲਾ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਕੂਲਾਂ ਵਿੱਚ ਮਿਡ ਡੇਅ ਮੀਲ ਤਿਆਰ ਕਰਨ ਵਾਲਿਆਂ ਦੀ ਨਿਯਮਤ ਸਿਹਤ ਜਾਂਚ ਕਰਵਾਈ ਜਾਵੇ ਅਤੇ ਰਸੋਈਏ ਦੀ ਨਿੱਜੀ ਸਫਾਈ ਦੀ ਰੋਜ਼ਾਨਾ ਨਿਗਰਾਨੀ ਕੀਤੀ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਬੱਚਿਆਂ ਦੀ ਨਿਯਮਤ ਮੈਡੀਕਲ ਜਾਂਚ ਕਰਵਾਈ ਜਾਵੇ। ਉਨ੍ਹਾਂ ਹਦਾਇਤ ਕੀਤੀ ਕਿ ਛੋਟੇ ਬੱਚਿਆਂ ਤੇ ਗਰਭਵਤੀ ਔਰਤਾਂ ਨੂੰ ਸਿਹਤਮੰਦ ਰੱਖਣ ਲਈ ਖਾਣ ਪੀਣ ਦੇ ਸਮਾਨ ਦੇ ਮਿਆਰ ਵਿੱਚ ਕਿਸੇ ਕਿਸਮ ਦੀ ਅਣਗਹਿਲੀ ਨਾ ਵਰਤੀ ਜਾਵੇ। ਪੰਜਾਬ ਸਟੇਟ ਫੂਡ ਕਮਿਸ਼ਨ ਦੇ ਮੈਂਬਰ ਸ਼੍ਰੀਮਤੀ ਚਾਵਲਾ ਨੇ ਸਕੂਲਾਂ ਅਤੇ ਆਂਗਣਵਾੜੀ ਕੇਂਦਰਾਂ 'ਚ ਪਰੋਸੀ ਜਾ ਰਹੀ ਖਾਣ ਪੀਣ ਦੀ ਸਮੱਗਰੀ ਦੇ ਮਿਆਰ ਦੀ ਸ਼ਲਾਘਾ ਕੀਤੀ।ਮੈਂਬਰ ਪੰਜਾਬ ਸਟੇਟ ਫੂਡ ਕਮਿਸ਼ਨ ਵਲੋਂ ਲਾਭਪਾਤਰੀਆ ਨੂੰ ਕਮਿਸ਼ਨ ਦੇ ਹੈਲਪਲਾਈਨ ਨੰਬਰ 98767-64545 ਅਤੇ ਈਮੇਲ ਦੀ ਜਾਣਕਾਰੀ ਦਿੱਤੀ ਗਈ।



# ਨਸ਼ਾ ਤਸਕਰ ਵੱਲੋਂ ਗੈਰ-ਕਾਨੂੰਨੀ ਤਰੀਕੇ ਨਾਲ ਬਣਾਈ ਇਮਾਰਤ 'ਤੇ ਚੱਲਿਆ ਬੁਲਡੋਜ਼ਰ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**- 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਵਿੱਚ ਨਸ਼ਾ ਤਸਕਰਾਂ ਦੇ ਖਿਲਾਫ ਕਾਰਵਾਈ ਲਗਾਤਾਰ ਜਾਰੀ ਹੈ। ਇਸੇ ਲੜੀ ਤਹਿਤ ਸ੍ਰੀ ਮੁਕਤਸਰ ਸਾਹਿਬ ਸ਼ਹਿਰ ਵਿੱਚ ਇੱਕ ਨਸ਼ਾ ਤਸਕਰ ਵੱਲੋਂ ਗੈਰ ਕਾਨੂੰਨੀ ਤਰੀਕੇ ਨਾਲ ਬਣਾਈ ਗਈ ਇਮਾਰਤ ਨੂੰ ਢਾਹਿਆ ਗਿਆ। ਇਸ ਮੌਕੇ ਨਗਰ ਕੌਂਸਲ ਦੇ ਕਾਰਜ ਸਾਧਕ ਅਫ਼ਸਰ ਵਰੁਣ ਕੁਮਾਰ ਸਹੋਤਾ ਨੇ ਦੱਸਿਆ ਕਿ ਪੁਲਸ ਥਾਣਾ ਸਿਟੀ ਤਹਿਤ ਆਉਂਦੇ ਇਲਾਕੇ ਵਿੱਚ ਮੰਨਜੂਰਾ ਦੇਵੀ ਪਤਨੀ ਰਸੀਦ ਖਾਨ ਵਾਸੀ ਆਦਰਸ਼ ਨਗਰ ਗਲੀ ਨੰਬਰ 4 ਸ੍ਰੀ ਮੁਕਤਸਰ ਸਾਹਿਬ ਵੱਲੋਂ ਕਬਰਾਂ ਦੇ ਨਜ਼ਦੀਕ ਗੈਰ ਕਾਨੂੰਨੀ ਤਰੀਕੇ ਨਾਲ ਇੱਕ ਇਮਾਰਤ ਬਣਾਈ ਗਈ ਸੀ। ਉਨ੍ਹਾਂ ਕਿਹਾ ਕਿ ਇਸ ਸਬੰਧੀ ਸਮਰੱਥ ਅਥਾਰਟੀ ਤੋਂ ਇਸ ਨੂੰ ਢਾਹੁਣ ਦੀਆਂ ਹਦਾਇਤਾਂ ਪ੍ਰਾਪਤ ਕਰਕੇ ਇਸ ਗੈਰ ਕਾਨੂੰਨੀ ਇਮਾਰਤ ਨੂੰ ਅੱਜ ਢਾਹਿਆ ਗਿਆ।ਇਸ ਮਾਮਲੇ ਵਿੱਚ ਐਸ.ਐਸ.ਪੀ ਸ੍ਰੀ ਮੁਕਤਸਰ ਸਾਹਿਬ ਡਾ. ਅਖਿਲ ਚੌਧਰੀ ਨੇ ਦੱਸਿਆ ਕਿ ਮੰਨਜੂਰਾ ਦੇਵੀ ਉੱਪਰ ਪਹਿਲਾਂ ਤੋਂ ਹੀ ਨਸ਼ਾ ਤਸਕਰੀ ਦੇ 03 ਮੁੱਕਦਮੇ ਤੇ ਹੋਰ ਧਰਾਵਾਂ ਤਹਿਤ 3 ਮੁਕਦਮੇ ਕੁੱਲ 6 ਮੁੱਕਦਮੇ ਦਰਜ ਹਨ ।ਡਾ. ਅਖਿਲ ਚੌਧਰੀ ਐਸ.ਐਸ.ਪੀ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਜੋ ਕੋਈ ਵੀ ਨਸ਼ੇ ਵੇਚ ਕੇ ਜਾਇਦਾਦ ਬਣਾਏਗਾ ਉਸ ਨੂੰ ਅਟੈਚ ਕਰਵਾਇਆ ਜਾਵੇਗਾ। ਉਹਨਾਂ ਨੇ ਇਸ ਮੌਕੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਜੇਕਰ ਕੋਈ ਨਸ਼ੇ ਵੇਚਦਾ ਹੈ ਤਾਂ ਇਸ ਦੀ ਸੂਚਨਾ ਪੁਲਸ ਨੂੰ ਨਿਡਰ ਹੋ ਕੇ ਦਿੱਤੀ ਜਾਵੇ। ਸੂਚਨਾ ਦੇਣ ਵਾਲੇ ਦੀ ਪਛਾਣ ਗੁਪਤ ਰੱਖਦੇ ਹੋਏ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।ਇਸ ਮੌਕੇ ਸ੍ਰੀ ਮਨਮੀਤ ਸਿੰਘ ਐਸ.ਪੀ (ਡੀ), . ਨਵੀਨ ਕੁਮਾਰ ਡੀ.ਐਸ.ਪੀ ਸ੍ਰੀ ਮੁਕਤਸਰ ਸਾਹਿਬ, ਸੈਨਟਰੀ ਇੰਸਪੈਕਟਰ ਪਰਮਜੀਤ ਸਿੰਘ, ਵਿਜੇ ਕੁਮਾਰ ਜੂਨੀਅਰ ਇੰਨਜੀਨੀਅਰ ਅਤੇ ਇੰਸਪੈਕਟਰ ਜਸਕਰਨਦੀਪ ਸਿੰਘ ਐਸ.ਐਚ.ਓ ਥਾਣਾ ਸਿਟੀ ਸ੍ਰੀ ਮੁਕਤਸਰ ਸਾਹਿਬ ਵੀ ਹਾਜ਼ਰ ਸਨ।



# ਸੰਗਤ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਕਾਤਰੋਂ ਨੂੰ ਦੋ ਏ ਸੀ ਹੋਰ ਭੇਟ



**ਸ਼ੇਰਪੁਰ (ਰਵੀ ਟਿੱਬਾ)**- ਸਰਕਾਰੀ ਪ੍ਰਾਇਮਰੀ ਸਕੂਲ ਕਾਤਰੋਂ ਦੇ ਸਮੂਹ ਸਟਾਫ ਵੱਲੋਂ ਸਕੂਲ ਮੁਖੀ ਕੁਲਵਿੰਦਰ ਸਿੰਘ ਦੀ ਅਗਵਾਈ ਵਿੱਚ ਸ੍ਰੀਮਾਨ ਬਾਬਾ ਬੂਟਾ ਸਿੰਘ ਜੀ ਡੇਰਾ ਸਾਹਿਬ ਕਾਤਰੋਂ ਵਾਲਿਆਂ ਨੂੰ ਬੇਨਤੀ ਕੀਤੀ ਸੀ ਕਿ ਅੱਜਕੱਲ੍ਹ ਦੇ ਵਿੱਚ ਹੁੰਮਸ ਭਰੀ ਗਰਮੀ ਕਾਰਨ ਵਿਦਿਆਰਥੀ ਨੂੰ ਪੜ੍ਹਨ ਵਿੱਚ ਬਹੁਤ ਵੱਡੀ ਦਿੱਕਤ ਆ ਰਹੀ ਹੈ ਤਾਂ ਤੁਰੰਤ ਬਾਬਾ ਜੀ ਨੇ ਡੇਰਾ ਸਾਹਿਬ ਦੀ ਸਮੂਹ ਸੰਗਤ ਦੇ ਸਹਿਯੋਗ ਨਾਲ ਦੋ ਦਿਨ ਪਹਿਲਾਂ ਇੱਕ ਏ ਸੀ ਸਰਕਾਰੀ ਪ੍ਰਾਇਮਰੀ ਸਕੂਲ ਕਾਤਰੋਂ ਵਿਖੇ ਲਗਵਾ ਦਿੱਤਾ ਗਿਆ ਸੀ, ਪਰੰਤੂ ਵਿਦਿਆਰਥੀਆਂ ਦੀ ਗਿਣਤੀ ਨੂੰ ਦੇਖਦੇ ਹੋਏ ਅੱਜ ਡੇਰਾ ਸਾਹਿਬ ਦੀ ਸਮੂਹ ਸੰਗਤ ਵੱਲੋਂ ਦੋ ਹੋਰ ਏ ਸੀ ਸਰਕਾਰੀ ਪ੍ਰਾਇਮਰੀ ਸਕੂਲ ਕਾਤਰੋਂ ਦੇ ਵਿਦਿਆਰਥੀਆਂ ਲਈ ਭੇਟ ਕੀਤੇ ਗਏ। ਹੁਣ ਸਿਰਫ ਪ੍ਰੀ ਪ੍ਰਾਇਮਰੀ ਜਮਾਤਾਂ ਦੇ ਵਿਦਿਆਰਥੀਆਂ ਨੂੰ ਵਿਦਿਆਰਥੀਆਂ ਨੂੰ ਇੱਕ ਹੋਰ ਏ ਸੀ ਦੀ ਜ਼ਰੂਰਤ ਹੈ, ਸੋ ਸਾਰੇ ਦਾਨੀ ਸੱਜਣ ਨੂੰ ਬੇਨਤੀ ਹੈ ਕਿ ਸਕੂਲ ਦੇ ਸਭ ਤੋਂ ਛੋਟੀ ਉਮਰ ਦੇ ਵਿਦਿਆਰਥੀਆਂ ਲਈ ਇੱਕ ਹੋਰ ਏ ਸੀ ਦਾਨ ਕਰਨ ਦੀ ਕ੍ਰਿਪਾ ਕੀਤੀ ਜਾਵੇ। ਇਸ ਮੌਕੇ ਸ੍ਰੀਮਤੀ ਅਮਨਦੀਪ ਕੌਰ, ਬਲਜੀਤ ਕੌਰ, ਸਤਵੰਤ ਕੌਰ, ਰਾਜਿੰਦਰ ਕੌਰ ਅਤੇ ਵਿਦਿਆਰਥੀ ਹਾਜ਼ਰ ਸਨ।

# ਸ੍ਰੀ ਕਲਿਆਣਾਨੰਦ ਮਹਾਰਾਜ ਦੀ ਪਾਲਕੀ ਯਾਤਰਾ ਕੱਢੀ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**- ਸ੍ਰੀ ਕਲਿਆਣ ਕਮਲ ਗੁਰੂ ਪੂਜਾ ਮਹੋਤਸਵ ਤਹਿਤ ਬੁੱਧਵਾਰ ਨੂੰ ਸਵੇਰੇ 6:30 ਵਜੇ ਟਿੱਬੀ ਸਾਹਿਬ ਰੋਡ ਸਥਿਤ ਸ੍ਰੀ ਰਾਮ ਭਵਨ ਤੋਂ ਤਪੱਸਵੀ ਸਦਗੁਰੂ ਦੇਵ ਸਵਾਮੀ ਸ੍ਰੀ ਕਲਿਆਣਾਨੰਦ ਗਿਰੀ ਜੀ ਮਹਾਰਾਜ ਦੀ ਪਾਲਕੀ ਯਾਤਰਾ ਕੱਢੀ ਗਈ। ਇਹ ਯਾਤਰਾ ਦੇਵਭੂਮੀ ਹਰਿਦੁਆਰ ਦੇ ਅਨੰਤ ਸ੍ਰੀ ਵਿਭੂਸ਼ਿਤ 1008 ਮਹਾਂਮੰਡਲੇਸ਼ਵਰ ਸਵਾਮੀ ਕਮਲਾਨੰਦ ਗਿਰੀ ਮਹਾਰਾਜ ਦੀ ਪ੍ਰਧਾਨਗੀ ਹੇਠ ਅਤੇ 108 ਸਵਾਮੀ ਸ੍ਰੀ ਸੁਸ਼ਾਂਤਾਨੰਦ ਗਿਰੀ ਜੀ ਮਹਾਰਾਜ ਦੀ ਮੌਜੂਦਗੀ ਵਿੱਚ ਕੱਢੀ ਗਈ ਸੀ। ਸ਼ਰਧਾਲੂਆਂ ਨੇ ਸਵਾਮੀ ਸ੍ਰੀ ਕਮਲਾਨੰਦ ਗਿਰੀ ਜੀ ਮਹਾਰਾਜ ਅਤੇ ਸਵਾਮੀ ਸ੍ਰੀ ਸੁਸ਼ਾਂਤਾਨੰਦ ਗਿਰੀ ਜੀ ਮਹਾਰਾਜ ਦੀ ਵੀ ਪੂਜਾ ਕੀਤੀ ਅਤੇ ਉਨ੍ਹਾਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ।ਇਸ ਦੇ ਨਾਲ ਹੀ ਦੋ ਦਿਨਾਂ ਗੁਰੂ ਪੂਜਾ ਮਹੋਤਸਵ ਦੀ ਸ਼ੁਰੂਆਤ ਬਹੁਤ ਧੂੰਮਧਾਮ ਨਾਲ ਹੋ ਗਈ ਹੈ । ਇਸ ਦੇ ਨਾਲ ਹੀ ਸਵੇਰੇ 9:15 ਵਜੇ ਤੋਂ ਸ੍ਰੀ ਰਾਮਚਰਿਤ ਮਾਨਸ ਪਾਠ ਹੋਏ।ਮੰਦਰ ਕਮੇਟੀ ਦੇ ਪ੍ਰਧਾਨ ਹੰਸਰਾਜ ਦਬੜਾ, ਨਰਿੰਦਰ ਗੁਪਤਾ ਅਤੇ ਨੰਬੂ ਰਾਮ ਗੋਇਲ ਨੇ ਕਿਹਾ ਕਿ ਇਸ ਵਾਰ ਮੁਕਤਸਰ ਵਿੱਚ ਗੁਰੂ ਪੂਜਾ ਮਹੋਤਸਵ ਵੱਡੇ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਇਹ ਉਤਸਵ 10 ਜੁਲਾਈ ਨੂੰ ਸਵੇਰੇ 6:15 ਵਜੇ ਮੁਕਤੀਸਰ ਰਿਜ਼ੋਰਟ ਵਿਖੇ ਸ੍ਰੀ ਸਦਗੁਰੂ ਅਤੇ ਸੰਤ ਪੂਜਾ ਸ਼ੁਰੂ ਹੋ ਜਾਵੇਗਾ। ਸਵੇਰੇ 7 ਵਜੇ ਤੋਂ ਨਿਰੰਤਰ ਭੋਜਨ ਭੰਡਾਰਾ ਵੀ ਚੱਲਦਾ ਰਹੇਗਾ ਤੇ ਬ੍ਰਹਮੀਸ਼ੇਕ, ਜਲਜੀਰਾ, ਨਮਕੀਨ ਲੱਸੀ ਤੇ ਗੰਨੇ ਦੇ ਰਸ ਦੀਆਂ ਛਬੀਲਾਂ ਵੀ ਚੱਲਦੀਆਂ ਰਹਿਣਗੀਆਂ।



# ਹਿਮਾਂਸ਼ੂ ਸ਼ਰਮਾ ਦੀ ਯਾਦ 'ਚ ਮੁਫ਼ਤ ਸਿਲਾਈ-ਕਢਾਈ ਸੈਂਟਰ ਖੋਲ੍ਹਣਾ ਸ਼ਲਾਘਾਯੋਗ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਸੱਤਿਆਵਤੀ ਹਿਮਾਂਸ਼ੂ ਸ਼ਰਮਾ ਮੈਮੋਰੀਅਲ ਫਾਊਂਡੇਸ਼ਨ ਵੱਲੋਂ ਯੂਥ ਫੈਡਰੇਸ਼ਨ ਆਫ਼ ਇੰਡੀਆ ਤੇ ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਹਿਯੋਗ ਨਾਲ ਰਿਟਾਇਰ ਐਸ ਡੀ ਓ ਬਿਜਲੀ ਬੋਰਡ ਵਿਨੇ ਸ਼ਰਮਾ ਵੱਲੋਂ ਆਪਣੇ ਸਵ: ਬੇਟੇ ਹਿਮਾਂਸ਼ੂ ਸ਼ਰਮਾ ਦੀ ਨਿੱਘੀ ਯਾਦ 'ਚ 35 ਲੋੜਵੰਦ ਔਰਤਾਂ ਅਤੇ ਲੜਕੀਆਂ ਲਈ ਫਰੀ ਸਿਲਾਈ ਕਢਾਈ ਸੈਂਟਰ ਪਿੰਡ ਕਰੋਜੀਵਾਲਾ ਵਿਖੇ ਖੋਲਿਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਰਿਟਾਇਰ ਐਸ ਡੀ ਓ ਬਿਜਲੀ ਬੋਰਡ ਵਿਨੇ ਸ਼ਰਮਾ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਮੈਂਬਰ ਵਿਮਨ ਕੌਂਸਲਿੰਗ ਸੈੱਲ ਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ। ਸਿਲਾਈ-ਕਢਾਈ ਸੈਂਟਰ ਦੀ ਟੀਚਰ ਕਰਮਜੀਤ ਕੌਰ ਵੱਲੋਂ ਸਾਰੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ। ਵਿਸ਼ੇਸ਼ ਤੌਰ 'ਤੇ ਐਸ ਪੀ ਪਰਾਸ਼ਰ, ਭੁਪਿੰਦਰ ਕਰੋਜੀਵਾਲਾ, ਸਟੇਟ ਐਵਾਰਡੀ ਰੁਪਿੰਦਰ ਕੌਰ, ਰੁਦਰਪ੍ਰਤਾਪ ਸਿੰਘ, ਲੱਕੀ ਹਰਦਾਸਪੁਰ, ਹਰਮਨਜੀਤ ਸਿੰਘ ਰੰਧਾਵਾ, ਭਿੰਦਰ ਜਲਵੇੜਾ, ਗੁਰਲੀਨ ਕੌਰ ਨੇ ਵੀ ਸ਼ਮੂਲੀਅਤ ਕੀਤੀ। ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਸਤਿਆਵਤੀ ਹਿਮਾਂਸ਼ੂ ਸ਼ਰਮਾ ਮੈਮੋਰੀਅਲ ਫਾਊਂਡੇਸ਼ਨ ਦੇ ਪ੍ਰਧਾਨ ਰਿਟਾਇਰ ਐਸ ਡੀ ਓ ਬਿਜਲੀ ਬੋਰਡ ਵਿਨੇ ਸ਼ਰਮਾ ਵੱਲੋਂ ਆਪਣੇ ਸਵ: ਬੇਟੇ ਹਿਮਾਂਸ਼ੂ ਸ਼ਰਮਾ ਦੀ ਨਿੱਘੀ ਯਾਦ ਵਿੱਚ ਲੋੜਵੰਦ ਔਰਤਾਂ ਤੇ ਲੜਕੀਆਂ ਲਈ ਫਰੀ ਸਿਲਾਈ ਕਢਾਈ ਸੈਂਟਰ ਖੋਲਣਾ ਸ਼ਲਾਘਾਯੋਗ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਔਰਤਾਂ ਤੇ ਲੜਕੀਆਂ ਇਸ ਸਿਲਾਈ-ਕਢਾਈ ਸੈਂਟਰ ਵਿੱਚੋਂ ਸਿਖਲਾਈ ਲੈ ਕੇ ਆਪਣਾ ਸਵੈ ਰੋਜ਼ਗਾਰ ਚਲਾ ਸਕਦੀਆਂ ਹਨ।



# ਜੋਗਿੰਦਰ ਜਿੰਦੂ ਤੇ ਸਤਪਾਲ ਸਿੰਘ ਦੀ ਨਿਯੁਕਤੀ ਨਾਲ ਅਕਾਲੀ ਵਰਕਰਾਂ 'ਚ ਉਤਸ਼ਾਹ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**: ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਪਾਰਟੀ ਹਾਈ ਕਮਾਂਡ ਵੱਲੋਂ ਸੀਨੀਅਰ ਆਗੂ ਤੇ ਸਾਬਕਾ ਵਿਧਾਇਕ ਜੋਗਿੰਦਰ ਸਿੰਘ ਜਿੰਦੂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਪੀਸੀ) ਦੇ ਮੈਂਬਰ ਜਥੇਦਾਰ ਸਤਪਾਲ ਸਿੰਘ ਤਲਵੰਡੀ ਭਾਈ ਨੂੰ ਪਾਰਟੀ ਦੀ ਵਰਕਿੰਗ ਕਮੇਟੀ ਦਾ ਮੈਂਬਰ ਨਿਯੁਕਤ ਕੀਤੇ ਜਾਣ ਦੇ ਫੈਸਲੇ ਨੇ ਇਲਾਕੇ, ਹਲਕੇ ਤੇ ਜ਼ਿਲ੍ਹੇ ਭਰ ਦੇ ਅਕਾਲੀ ਵਰਕਰਾਂ ਵਿੱਚ ਭਾਰੀ ਉਤਸ਼ਾਹ ਪੈਦਾ ਕੀਤਾ ਹੈ। ਇਸ ਮੌਕੇ ਅਕਾਲੀ ਆਗੂਆਂ ਤੇ ਵਰਕਰਾਂ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਨਵੇਂ ਨਿਯੁਕਤ ਮੈਂਬਰਾਂ ਨੂੰ ਵਧਾਈਆਂ ਦਿੱਤੀਆਂ। ਇਸ ਮੌਕੇ ਸੀਨੀਅਰ ਅਕਾਲੀ ਆਗੂ ਸੁਖਵਿੰਦਰ ਸਿੰਘ ਬਰਾੜ (ਕਾਕਾ ਬਰਾੜ), ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਤਲਵੰਡੀ ਭਾਈ, ਸਾਬਕਾ ਪ੍ਰਧਾਨ ਮੁੱਦਕੀ ਗੁਰਮੀਤ ਸਿੰਘ ਬਰਾੜ, ਜਗਸੀਰ ਸਿੰਘ ਗਿੱਲ (ਸੋਢੀ), ਸਾਬਕਾ ਸੀਨੀਅਰ ਮੀਤ ਪ੍ਰਧਾਨ ਨਗਰ ਪੰਚਾਇਤ ਮੁੱਦਕੀ, ਸਰਪੰਚ ਬਲਦੇਵ ਸਿੰਘ ਚੰਦੜ, ਅਕਾਲੀ ਆਗੂ ਚਰਨਜੀਤ ਸਿੰਘ ਸਾਮਾ ਚੰਦੜ, ਜਤਿੰਦਰ ਸਿੰਘ ਘਾਲ੍ਹੀ, ਸੇਵਾ ਮੁਕਤ ਐਸ.ਡੀ.ਓ. ਮਹਾਂਬੀਰ ਸਿੰਘ ਧਾਲੀਵਾਲ, ਸਮਾਜ ਸੇਵੀ ਸੁਰਿੰਦਰ ਕੁਮਾਰ ਚਾਵਲਾ, ਬਿੱਟੂ ਚਾਵਲਾ, ਹੰਸ ਰਾਜ ਚਾਵਲਾ, ਹਰੀਸ਼ ਚਾਵਲਾ, ਸਰਪੰਚ ਮਹਾਂਵੀਰ ਸਿੰਘ ਸੰਧੂ (ਭੁੱਚੋਕਾ), ਬਲਵਿੰਦਰ ਸਿੰਘ ਬਰਾੜ, ਛਿੰਦਰ ਚੌਧਰੀ, ਸੁਖਬੀਰ ਸਿੰਘ, ਸੁਖਦੇਵ ਸਿੰਘ, ਵੀਰ ਸਿੰਘ ਬਰਾੜ ਲੋਹਾਮ ਸਮੇਤ ਹੋਰ ਅਕਾਲੀ ਵਰਕਰਾਂ ਨੇ ਇਸ ਨਿਯੁਕਤੀ 'ਤੇ ਖੁਸ਼ੀ ਜ਼ਾਹਰ ਕੀਤੀ। ਆਗੂਆਂ ਨੇ ਕਿਹਾ ਕਿ ਵਰਕਰ ਹੁਣ ਪਹਿਲਾਂ ਨਾਲੋਂ ਵੱਧ ਜੋਸ਼ ਨਾਲ ਲਾਮਬੰਦ ਹੋਣਗੇ, ਜਿਸ ਨਾਲ ਪਾਰਟੀ ਨਵੀਆਂ ਬੁਲੰਦੀਆਂ ਨੂੰ ਛੂਹੇਗੀ।



# ਜਟਾਣਾ ਤੇ ਚੰਨੀ ਦੀ ਯਾਦ 'ਚ ਧਾਰਮਿਕ ਸਮਾਗਮ ਅੱਜ

**ਮੋਗਾ (ਇਕਬਾਲ ਸਿੰਘ ਖਹਿਰਾ)**- ਵਾਰਿਸ ਪੰਜਾਬ ਤੇ ਅਕਾਲੀ ਦਲ ਵਾਰਿਸ ਪੰਜਾਬ ਵੱਲੋਂ ਪਾਣੀਆਂ ਦੇ ਰਾਖੇ ਐੱਸ.ਵਾਈ.ਐੱਲ. ਨਾ ਬਣਵਾਉਣ ਵਾਲੇ ਸ਼ਹੀਦ ਭਾਈ ਬਲਵਿੰਦਰ ਸਿੰਘ ਜਟਾਣਾ ਤੇ ਚਰਨਜੀਤ ਸਿੰਘ ਚੰਨੀ ਦੀ ਯਾਦ ਵਿੱਚ ਧਾਰਮਿਕ ਸਮਾਗਮ 10 ਜੁਲਾਈ ਨੂੰ ਕਰਵਾਇਆ ਜਾ ਰਿਹਾ ਹੈ, ਜਿਸ ਦੌਰਾਨ ਪਾਣੀਆਂ ਦੇ ਰਾਖੇ ਐਵਾਰਡ ਨਾਲ ਸਨਮਾਨਤ ਕੀਤਾ ਜਾਵੇਗਾ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜਥੇਦਾਰ ਭਾਈ ਧਿਆਨ ਸਿੰਘ ਮੰਡ, ਦੀਪ ਸਿੰਘ ਸਿੱਧੂ ਦੇ ਭਰਾਤਾ ਮਨਦੀਪ ਸਿੰਘ ਸਿੱਧੂ ਦੱਸਿਆ ਕਿ ਅੱਜ ਪੰਜਾਬ ਵਿੱਚ ਨੌਜਵਾਨੀ ਨੂੰ ਚਾਰੇ ਪਾਸਿਆ ਤੋਂ ਘੇਰਿਆ ਜਾ ਰਿਹਾ ਹੈ।ਪੰਜਾਬ ਸਰਕਾਰ ਯੁੱਧ ਨਸ਼ਿਆ ਵਿਰੁੱਧ ਸ਼ੁਰੂ ਕੀਤੀ ਮੁਹਿੰਮ ਵਿੱਚ ਫੇਲ੍ਹ ਸਾਬਿਤ ਹੋਈ ਹੈ।ਜਥੇਦਾਰ ਭਾਈ ਮੰਡ ਨੇ ਕਿਹਾ ਕਿ ਪੰਜਾਬ ਦੇ ਮਹਾਨ ਸ਼ਹੀਦਾਂ ਦੀ ਬੇਮਿਸਾਲ ਕੁਰਬਾਨੀ ਨੂੰ ਯਾਦ ਕਰਨ ਤੇ ਨਵੀਂ ਪੀੜ੍ਹੀ ਨੂੰ ਉਨ੍ਹਾਂ ਦੇ ਬਲਿਦਾਨਾਂ ਤੋਂ ਪ੍ਰੇਰਿਤ ਕਰਨ ਲਈ ਵਾਰਸ ਪੰਜਾਬ ਤੇ ਅਕਾਲੀ ਦਲ ਵਾਰਸ ਪੰਜਾਬ ਵੱਲੋਂ ਇੱਕ ਵਿਸ਼ਾਲ ਧਾਰਮਿਕ ਸਮਾਗਮ ਸ਼ਹੀਦ ਭਾਈ ਬਲਵਿੰਦਰ ਸਿੰਘ ਜਟਾਣਾ ਤੇ ਸ਼ਹੀਦ ਭਾਈ ਚਰਨਜੀਤ ਸਿੰਘ ਚੰਨੀ ਦੀ ਯਾਦ ਨੂੰ ਸਮਰਪਤ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਪਾਣੀਆਂ ਦੇ ਰਾਖੇ ਐਵਾਰਡ ਨਾਲ ਸਨਮਾਨਤ ਕੀਤਾ ਜਾਵੇਗਾ।ਇਸ ਮੌਕੇ ਦਵਿੰਦਰ ਸਿੰਘ ਹਰੀਏਵਾਲਾ ਨੇ ਦੱਸਿਆ ਇਹ ਧਾਰਮਿਕ ਸਮਾਗਮ 10 ਜੁਲਾਈ ਨੂੰ ਗੁਰਦੁਆਰਾ ਚਰਨ ਕਮਲ ਸਾਹਿਬ (ਬਾਬਾ ਮੁਸਤਾਨ ਸਿੰਘ) ਮੋਗਾ ਰੋਡ ਬਾਬਾ ਪੁਰਾਣਾ ਵਿਖੇ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਨਿਰਧਾਰਤ ਕੀਤਾ ਗਿਆ ਹੈ, ਜਿਸ ਵਿੱਚ ਸ਼੍ਰੋਮਣੀ ਰਾਗੀਆਂ ਤੇ ਪ੍ਰਚਾਰਕਾਂ ਵੱਲੋਂ ਕੀਰਤਨ, ਕਥਾ ਤੇ ਸਾਖੀਆਂ ਰਾਹੀਂ ਸੰਗਤ ਨੂੰ ਗੁਰੂ ਮਰਿਆਦਾ ਤੇ ਪੰਥਕ ਇਤਿਹਾਸ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਭਾਈ ਸਰਬਜੀਤ ਸਿੰਘ ਖਾਲਸਾ ਐੱਮ ਪੀ ਫਰੀਦਕੋਟ ਤੇ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਐੱਮ ਪੀ ਦੇ ਪਿਤਾ ਬਾਪੂ ਤਰਸੇਮ ਸਿੰਘ ਇਨ੍ਹਾਂ ਸਾਰੇ ਸਿੱਖ ਆਗੂਆਂ ਤੇ ਧਾਰਮਿਕ ਸ਼ਖਸੀਅਤਾਂ ਵੱਲੋਂ ਸਮਾਗਮ ਵਿੱਚ ਆ ਕੇ ਸ਼ਹੀਦਾਂ ਦੀਆਂ ਯਾਦਾਂ ਨੂੰ ਸਨਮਾਨ ਦਿੱਤਾ ਜਾਵੇਗਾ।

# ਡੀ ਸੀ ਐੱਮ ਸਕੂਲ ਦੇ ਚਾਰ ਵਿਦਿਆਰਥੀ ਬਣੇ ਚਾਰਟਡ ਅਕਾਊਂਟੈਂਟ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**- ਸਿੱਖਿਆ ਦੇ ਖੇਤਰ ਵਿੱਚ ਕੀਰਤੀਮਾਨ ਸਥਾਪਤ ਕਰਨ ਵਾਲੇ ਡੀਸੀਐੱਮ ਇੰਟਰਨੈਸ਼ਨਲ ਸਕੂਲ ਦੇ ਚਾਰ ਵਿਦਿਆਰਥੀਆਂ ਨੇ ਚਾਰਟਡ ਅਕਾਊਂਟੈਂਟ ਬਣ ਕੇ ਸਕੂਲ, ਜ਼ਿਲ੍ਹੇ ਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਵਿਦਿਆਰਥੀਆਂ ਨੇ ਆਪਣੀ ਸਫਲਤਾ ਦਾ ਸਿਹਰਾ ਸਕੂਲ ਦੇ ਮਿਹਨਤੀ ਸਟਾਫ, ਪ੍ਰਬੰਧਕੀ ਟੀਮ ਤੇ ਮਾਪਿਆਂ ਨੂੰ ਦਿੱਤਾ ਹੈ, ਜਿਨ੍ਹਾਂ ਦੀ ਬਦੌਲਤ ਉਨ੍ਹਾਂ ਨੇ ਇਹ ਮੁਕਾਮ ਹਾਸਲ ਕੀਤਾ। ਡੀਸੀਐੱਮ ਇੰਟਰਨੈਸ਼ਨਲ ਸਕੂਲ ਵਿੱਚ ਵਿਦਿਆਰਥੀਆਂ ਨੂੰ ਸੀਏ ਬਨਣ ਲਈ ਸੀਪੀਟੀ ਦੀ ਪ੍ਰੀਖਿਆ ਦੀ ਤਿਆਰੀ ਕਰਵਾਈ ਜਾਂਦੀ ਹੈ। ਵਿਦਿਆਰਥੀਆਂ ਨੂੰ ਬੈਂਕਿੰਗ ਤੇ ਬੀਮਾ ਖੇਤਰ ਵਿੱਚ ਰੁਜ਼ਗਾਰ ਦੇ ਵਧੀਆ ਮੌਕੇ ਮੁਹੱਈਆ ਕਰਵਾਉਣ ਲਈ ਤਜਰਬੇਕਾਰ ਅਧਿਆਪਕਾਂ ਦੁਆਰਾ ਉੱਚ-ਪੱਧਰੀ ਸਿੱਖਿਆ ਦਿੱਤੀ ਜਾਂਦੀ ਹੈ। ਵਿਦਿਆਰਥੀਆਂ ਨੂੰ ਸਮੇਂ-ਸਮੇਂ 'ਤੇ ਅਰਥਸ਼ਾਸਤਰੀਆਂ, ਬੈਂਕ ਮੈਨੇਜਰਾਂ ਤੇ ਬੀਮਾ ਮਾਹਰਾਂ ਨੂੰ ਬੁਲਾ ਕੇ ਲੈਕਚਰ ਦਿਵਾਏ ਜਾਂਦੇ ਹਨ ਅਤੇ ਉਨ੍ਹਾਂ ਨੂੰ ਬੈਂਕ ਤੇ ਬੀਮਾ ਸੈਕਟਰ ਦਾ ਦੌਰਾ ਵੀ ਕਰਵਾਇਆ ਜਾਂਦਾ ਹੈ, ਤਾਂ ਜੋ ਉਹ ਵਿਹਾਰਕ ਰੂਪ ਵਿੱਚ ਕੰਮ ਨੂੰ ਸਮਝਣ ਦੇ ਨਾਲ-ਨਾਲ ਸਿੱਖ ਸਕਣ। ਪ੍ਰਿੰਸੀਪਲ ਅਨੁਰਾਧਾ ਚੰਦੇਲ ਨੇ ਦੱਸਿਆ ਕਿ ਸਕੂਲ ਦੇ ਐਲੂਮਨਾਈ ਗੀਤੇਸ਼ ਸਿੰਗਲ, ਵਾਸੂ ਗੁਲਾਟੀ, ਜੂਹੀ ਤੇ ਤਨੀਸ਼ਾ ਸਿੰਗਲਾ ਨੇ ਸੀਏ ਦੀ ਪ੍ਰੀਖਿਆ ਪਾਸ ਕਰਕੇ ਨਾਮ ਰੌਸ਼ਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਗੀਤੇਸ਼ ਸਿੰਗਲ ਨੇ ਪੂਰੀ ਸਿੱਖਿਆ ਡੀਸੀਐੱਮ ਦੇ ਸਕੂਲਾਂ ਤੋਂ ਹਾਸਲ ਕੀਤੀ ਹੈ ਤੇ ਉਸ ਦੇ ਪਿਤਾ ਸੰਦੀਪ ਸਿੰਗਲ ਵਪਾਰੀ ਤੇ ਮਾਤਾ ਸੁਮਨ ਸਿੰਗਲਾ ਗ੍ਰਹਿਣੀ ਹਨ। ਵਾਸੂ ਗੁਲਾਟੀ ਦੀ ਮਾਤਾ ਮੰਜੂ ਗੁਲਾਟੀ ਡੀਸੀਐੱਮ ਵਿੱਚ ਹੀ ਅਧਿਆਪਕ ਹਨ ਤੇ ਪਿਤਾ ਸੰਜੇ ਅਰੋੜਾ ਵਪਾਰੀ ਹਨ। ਪ੍ਰਿੰਸੀਪਲ ਨੇ ਦੱਸਿਆ ਕਿ ਜੂਹੀ ਦੇ ਪਿਤਾ ਅਸ਼ੋਕ ਕੁਮਾਰ ਦੁਕਾਨਦਾਰ ਹਨ ਤੇ ਮਾਤਾ ਮਮਤਾ ਗ੍ਰਹਿਣੀ ਹਨ। ਤਨੀਸ਼ਾ ਸਿੰਗਲਾ ਦੇ ਪਿਤਾ ਅਮਿਤ ਅਗਰਵਾਲ ਵਪਾਰੀ ਹਨ ਤੇ ਮਾਤਾ ਸਰਿਤਾ ਸਿੰਗਲਾ ਗ੍ਰਹਿਣੀ ਹਨ। ਸਾਰੇ ਸੀਏ ਨੇ ਕਿਹਾ ਕਿ ਉਹ ਦੇਸ਼ ਦੀ ਆਰਥਿਕ ਸਥਿਤੀ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਵਿਸ਼ਵ ਵਿੱਚ ਦੇਸ਼ ਦਾ ਨਾਮ ਰੌਸ਼ਨ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਣਗੇ।



# ਜ਼ਿਲ੍ਹੇ 'ਚ ਪ੍ਰੇਗਾਬਾਲੀਨ 75 ਐਮ ਜੀ ਤੋਂ ਵੱਧ ਮਾਤਰਾ ਦੇ ਕੈਪਸੂਲ ਦੀ ਵਿਕਰੀ 'ਤੇ ਮੁਕੰਮਲ ਪਾਬੰਦੀ ਦੇ ਹੁਕਮ

**ਸੰਗਰੂਰ** : ਵਧੀਕ ਜ਼ਿਲ੍ਹਾ ਮੈਜਿਸਟਰੇਟ ਸੰਗਰੂਰ ਰਾਜੇਸ਼ ਸ਼ਰਮਾ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ (ਬੀ.ਐਨ.ਐਸ.ਐਸ.), 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਸੰਗਰੂਰ ਵਿੱਚ ਪ੍ਰੇਗਾਬਾਲੀਨ 75 ਐਮ ਜੀ ਤੋਂ ਵੱਧ ਮਾਤਰਾ ਦੇ ਕੈਪਸੂਲ ਦੀ ਵਿਕਰੀ ਉਤੇ ਮੁਕੰਮਲ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਕੈਮਿਸਟ ਵੱਲੋਂ ਦਵਾਈ ਦੇਣ ਸਮੇਂ ਪ੍ਰੀਸਕ੍ਰਿਪਸ਼ਨ ਸਲਿੱਪ ਉਤੇ ਆਪਣੀ ਮੋਹਰ ਲਗਾਈ ਜਾਵੇਗੀ ਅਤੇ ਦਵਾਈ ਦੇਣ ਦੀ ਮਿਤੀ ਦਰਜ ਕੀਤੀ ਜਾਵੇਗੀ।ਹੁਕਮਾਂ ਵਿੱਚ ਦਰਜ ਹੈ ਕਿ ਸਿਵਲ ਸਰਜਨ ਵੱਲੋਂ ਆਪਣੇ ਪੱਤਰ ਰਾਹੀਂ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਪ੍ਰੇਗਾਬਾਲੀਨ ਕੰਟੇਨਿੰਗ 300 ਐਮ ਜੀ ਕੈਪਸੂਲ ਦੀ ਆਮ ਲੋਕਾਂ ਵੱਲੋਂ ਗਲਤ ਵਰਤੋਂ ਕੀਤੀ ਜਾ ਰਹੀ ਹੈ ਅਤੇ ਕਈ ਲੋਕਾਂ ਵੱਲੋਂ ਇਸ (ਸਿਗਨੇਚਰ ਦੇ ਨਾਮ ਨਾਲ ਵੀ ਜਾਣੀ ਜਾਂਦੀ ਹੈ) ਨੂੰ ਨਸ਼ੇ ਦੇ ਤੌਰ 'ਤੇ ਵਰਤਿਆ ਜਾ ਰਿਹਾ ਹੈ। ਸਿਵਲ ਸਰਜਨ ਵੱਲੋਂ ਜ਼ਿਲ੍ਹਾ ਸੰਗਰੂਰ ਵਿੱਚ ਇਸ ਦੀ ਵਿਕਰੀ ਉਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਗਈ ਹੈ।ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜਾਰੀ ਇਹ ਪਾਬੰਦੀ ਹੁਕਮ 9 ਸਤੰਬਰ ਤੱਕ ਲਾਗੂ ਰਹਿਣਗੇ।

# ਪੀਰ ਬਾਬਾ ਬਹਾਦਰ ਸ਼ਾਹ ਵਾਲੀ ਦਾ ਸਾਲਾਨਾ ਮੇਲਾ ਸੰਪੰਨ

**ਫ਼ਿਰੋਜ਼ਪੁਰ (ਗੁਰਬਚਨ ਸਿੰਘ)** ਪਿੰਡ ਖਾਈ ਫੇਮੇ ਕੀ ਵਿਖੇ ਪੀਰ ਬਾਬਾ ਬਹਾਦਰ ਸ਼ਾਹ ਵਾਲੀ ਦਾ ਸਾਲਾਨਾ ਮੇਲਾ 24 ਹਾੜ ਨੂੰ ਵੱਡੀ ਧੂਮਧਾਮ ਨਾਲ ਮਨਾਇਆ ਗਿਆ। ਦਰਗਾਹ 'ਤੇ ਹਜ਼ਾਰਾਂ ਸੰਗਤਾਂ ਨੇ ਹਾਜ਼ਰੀ ਭਰੀ ਤੇ ਬਾਬਾ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਮੇਲੇ ਦੀ ਸ਼ੁਰੂਆਤ ਪ੍ਰਸਿੱਧ ਗਾਇਕ ਗੁਰਜੰਟ ਭੁੱਲਰ ਤੇ ਬੀਬਾ ਅਮਨ ਜੋਤ ਦੇ ਧਾਰਮਿਕ ਗੀਤਾਂ ਨਾਲ ਹੋਈ, ਜਿਨ੍ਹਾਂ ਨੇ ਆਪਣੀ ਮਨਮੋਹਕ ਗਾਇਕੀ ਨਾਲ ਸੰਗਤਾਂ ਨੂੰ ਮੰਤਰਮੁਗਧ ਕਰ ਦਿੱਤਾ। ਇਸ ਤੋਂ ਬਾਅਦ ਗਾਇਕ ਅਮਨਜੀਤ ਨੇ ਆਪਣੇ ਨਵੇਂ ਅਤੇ ਪੁਰਾਣੇ ਗੀਤਾਂ ਨਾਲ ਮੇਲੇ ਵਿੱਚ ਆਏ ਸ਼ਰਧਾਲੂਆਂ ਦਾ ਮਨੋਰੰਜਨ ਕੀਤਾ ਤੇ ਮਾਹੌਲ ਨੂੰ ਧਾਰਮਿਕ ਰੰਗ ਵਿਚ ਰੰਗਿਆ।ਮੇਲੇ ਦੌਰਾਨ ਸਾਰਾ ਦਿਨ ਅਤੁੱਟ ਲੰਗਰ ਵੀ ਜਾਰੀ ਰਿਹਾ, ਜਿਸ ਵਿਚ ਸੰਗਤਾਂ ਨੇ ਸੇਵਾ ਤੇ ਸਤਿਕਾਰ ਨਾਲ ਲੰਗਰ ਛਕਿਆ।ਪਿੰਡ ਵਾਸੀਆਂ ਤੇ ਦੂਰ-ਨੇੜਿਓਂ ਆਈਆਂ ਸੰਗਤਾਂ ਨੇ ਬਾਬਾ ਜੀ ਦੀ ਦਰਗਾਹ 'ਤੇ ਨਤਮਸਤਕ ਹੋ ਕੇ ਅਸ਼ੀਰਵਾਦ ਪ੍ਰਾਪਤ ਕੀਤਾ।



# ਪੰਜਾਬੀ ਸਾਹਿਤ ਸਭਾ ਪਟਿਆਲਾ ਵੱਲੋਂ ਸਾਹਿਤਕ ਸਮਾਗਮ 13 ਨੂੰ

**ਪਟਿਆਲਾ** : ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ 13 ਜੁਲਾਈ ਨੂੰ ਸਵੇਰੇ 9.30 ਵਜੇ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਦੇ ਲੈਕਚਰ ਹਾਲ ਵਿਖੇ ਸਾਹਿਤਕ ਸਮਾਗਮ ਆਯੋਜਿਤ ਕੀਤਾ ਜਾ ਰਿਹਾ ਹੈ। ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ 'ਆਸ਼ਟ' ਅਤੇ ਜਨਰਲ ਸਕੱਤਰ ਦਵਿੰਦਰ ਪਟਿਆਲਵੀ ਨੇ ਦੱਸਿਆ ਕਿ ਇਸ ਸਮਾਗਮ ਦੀ ਪ੍ਰਧਾਨਗੀ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਪੰਜਾਬੀ ਵਿਭਾਗ ਦੇ ਪ੍ਰੋਫ਼ੈਸਰ ਅਤੇ ਮੁਖੀ ਡਾ. ਯੋਗਰਾਜ ਅੰਗਰਿਸ਼ ਕਰਨਗੇ ਅਤੇ ਮੁੱਖ ਮਹਿਮਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਯੁਵਕ ਭਲਾਈ ਵਿਭਾਗ ਅਤੇ ਵਿਸ਼ਵ ਪੰਜਾਬੀ ਕੇਂਦਰ ਦੇ ਡਾਇਰੈਕਟਰ ਡਾ. ਭੀਮ ਇੰਦਰ ਸਿੰਘ ਹੋਣਗੇ। ਇਸ ਸਮਾਗਮ ਦੇ ਵਿਸ਼ੇਸ਼ ਮਹਿਮਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਵਿਭਾਗ ਦੇ ਮੁਖੀ ਅਤੇ ਸਟੇਟ ਐਵਾਰਡੀ ਡਾ. ਰਾਜਵੰਤ ਕੌਰ ਪੰਜਾਬੀ, ਪੰਜਾਬੀ ਰਿਸਾਲੇ 'ਅਣੂ' (ਲੁਧਿਆਣਾ) ਦੇ ਸੰਪਾਦਕ ਸੁਰਿੰਦਰ ਕੈਲੇ, ਪ੍ਰਸਿੱਧ ਨਾਟਕਕਾਰ ਸਤਿੰਦਰ ਸਿੰਘ ਨੰਦਾ, ਪ੍ਰਸਿੱਧ ਸਿੱਖਿਆ ਸ਼ਾਸਤਰੀ ਡਾ. ਐਨ.ਡੀ.ਕੌਸ਼ਲ ਅਤੇ ਸੰਤੋਖ ਸਿੰਘ ਫੋਰਮੈਨ ਹੋਣਗੇ। ਇਸ ਸਮਾਗਮ ਵਿਚ ਪ੍ਰਸਿੱਧ ਲੇਖਕ ਰਘਬੀਰ ਸਿੰਘ ਮਹਿਮੀ ਦੀ ਸਵੈ ਜੀਵਨੀ 'ਅੰਗਰੇਜੋ ਦਾ ਲਾਡਲਾ' ਦਾ ਲੋਕ ਅਰਪਣ ਕੀਤਾ ਜਾਵੇਗਾ। ਇਸ ਪੁਸਤਕ ਉਪਰ ਮੁੱਖ ਪੇਪਰ ਪ੍ਰਸਿੱਧ ਕਵੀ, ਆਲੋਚਕ ਤੇ ਰੰਗਕਰਮੀ ਅਤੇ ਭਾਸ਼ਾ ਵਿਭਾਗ ਪੰਜਾਬ ਦੇ ਸਾਬਕਾ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਸੁਰਜੀਤ ਸਿੰਘ ਖ਼ੁਰਮਾ ਪੜ੍ਹਨਗੇ ਜਦੋਂ ਕਿ ਡਾ. ਸੰਤੋਖ ਸਿੰਘ ਸੁੱਖੀ, ਡਾ. ਹਰਪ੍ਰੀਤ ਸਿੰਘ ਰਾਣਾ, ਬਾਬੂ ਸਿੰਘ ਰੈਹਲ, ਕਰਮਵੀਰ ਸਿੰਘ ਸੂਰੀ, ਡਾ.ਜਗਜੀਤ ਸਿੰਘ ਮਹਿਮੀ ਅਤੇ ਸਰੂਪ ਸਿੰਘ ਚੌਧਰੀ ਮਾਜਰਾ ਆਦਿ ਲੇਖਕ ਪੁਸਤਕ ਚਰਚਾ ਵਿਚ ਭਾਗ ਲੈਣਗੇ। ਸਭਾ ਦੇ ਵਿੱਤ ਸਕੱਤਰ ਬਲਬੀਰ ਸਿੰਘ ਦਿਲਦਾਰ ਅਤੇ ਨਵਦੀਪ ਸਿੰਘ ਮੁੰਡੀ ਆਦਿ ਸਮੇਤ ਸਮੁੱਚੀ ਕਾਰਜਕਾਰਨੀ ਨੇ ਲੇਖਕਾਂ ਨੂੰ ਸਮਾਗਮ ਵਿਚ ਪੁੱਜਣ ਦੀ ਅਪੀਲ ਕੀਤੀ ਹੈ।

# ਚੋਣ ਕਮਿਸ਼ਨ ਦੀਆਂ ਹਦਾਇਤਾਂ ਤਹਿਤ ਵਿਸ਼ੇਸ਼ ਟ੍ਰੇਨਿੰਗ ਪ੍ਰੋਗਰਾਮ

**ਰਾਏਕੋਟ (ਇਕਬਾਲ ਸਿੰਘ ਫੇਰੂਰਾਈਂ)**- ਚੋਣ ਕਮਿਸ਼ਨ ਦੀਆਂ ਹਦਾਇਤਾਂ ਤਹਿਤ ਐਸ.ਡੀ.ਐਮ ਦਫਤਰ ਵਿਖੇ ਨੈਸ਼ਨਲ ਟ੍ਰੇਨਿੰਗ ਪ੍ਰੋਗਰਾਮ ਤਹਿਤ ਰਾਏਕੋਟ ਹਲਕੇ ਦੇ ਬੀ.ਐਲ.ਓਜ਼ ਨੂੰ ਟ੍ਰੇਨਿੰਗ ਦੇਣ ਲਈ ਐਮ ਡੀ ਐਮ ਮੈਡਮ ਉਪਿੰਦਰਜੀਤ ਕੌਰ ਬਰਾੜ ਦੀ ਅਗਵਾਈ ਤੇ ਤਹਿਸੀਲਦਾਰ ਵਿਸ਼ਾਲ ਵਰਮਾ ਤੇ ਨਾਇਬ ਤਹਿਸੀਲਦਾਰ ਸ੍ਰੀਮਤੀ ਰੁਪਿੰਦਰ ਕੌਰ ਦੀ ਦੇਖ-ਰੇਖ ਹੇਠ ਵਿਸ਼ੇਸ਼ ਟ੍ਰੇਨਿੰਗ ਪ੍ਰੋਗਰਾਮ ਕਰਾਇਆ ਜਾ ਰਿਹਾ ਹੈ, ਜੋ 10 ਜੁਲਾਈ ਤੱਕ ਚੱਲੇਗਾ। ਟ੍ਰੇਨਿੰਗ ਪ੍ਰੋਗਰਾਮ ਸਬੰਧੀ ਐਸ.ਡੀ.ਐਮ ਮੈਡਮ ਉਪਿੰਦਰਜੀਤ ਕੌਰ ਬਰਾੜ ਨੇ ਦੱਸਿਆ ਕਿ ਇਸ ਟ੍ਰੇਨਿੰਗ ਸੈਸ਼ਨ ਦੌਰਾਨ ਰਾਏਕੋਟ ਹਲਕੇ ਦੇ ਕੁੱਲ 188 ਬੀ.ਐਲ.ਓਜ਼ ਨੂੰ ਵਿਸ਼ੇਸ਼ ਟ੍ਰੇਨਿੰਗ ਦਿੱਤੀ ਜਾਵੇਗੀ, ਜਿਸ ਤਹਿਤ ਹੁਣ ਤੱਕ 74 ਬੀ.ਐੱਲ.ਓਜ਼ ਭਾਗ ਲੈ ਕੇ ਟ੍ਰੇਨਿੰਗ ਹਾਸਲ ਕਰ ਚੁੱਕੇ ਹਨ ਤੇ 10 ਜੁਲਾਈ ਤੱਕ ਹਲਕੇ ਦੇ ਸਾਰੇ ਬੀ.ਐਲ.ਓਜ਼ ਨੂੰ ਟ੍ਰੇਨਿੰਗ ਦਿੱਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਇਸ ਟ੍ਰੇਨਿੰਗ ਦਾ ਮੁੱਖ ਮੰਤਵ ਚੋਣ ਕਮਿਸ਼ਨ ਵੱਲੋਂ ਵੋਟ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਚਲਾਉਣਾ ਹੈ।ਇਸ ਟ੍ਰੇਨਿੰਗ ਵਿੱਚ ਮਾਸਟਰ ਟ੍ਰੇਨਰਾਂ ਵੱਲੋਂ ਵੋਟ ਬਣਾਉਣ ਤੋਂ ਲੈ ਕੇ ਵੋਟ ਕੱਟਣ ਤੱਕ, ਫਾਰਮ ਨੰਬਰ-6, 7, 8 ਬਾਰੇ ਤੇ ਬੀ.ਐਲ.ਓ ਐਪ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਦਿਸ਼ਾ-ਨਿਰਦੇਸ਼ ਦਿੱਤੇ ਗਏ ਤਾਂ ਜੁ ਕੋਈ ਵੀ ਯੋਗ ਵੋਟਰ ਵੋਟ ਬਣਾਉਣ ਤੋਂ ਵਾਂਝਾ ਨਾ ਰਹਿ ਜਾਵੇ ਤੇ ਮ੍ਰਿਤਕ ਵੋਟਰਾਂ ਨੂੰ ਵੋਟਰ ਸੂਚੀ ਵਿੱਚੋਂ ਡਿਲੀਟ ਕਰ ਦਿੱਤਾ ਜਾਵੇ।ਇਸ ਤੋਂ ਇਲਾਵਾ ਸਮੂਹ ਬੀ.ਐਲ.ਓਜ਼ ਨੂੰ ਵਧੀਆ ਢੰਗ ਨਾਲ ਡਿਊਟੀ ਨਿਭਾਉਣ ਲਈ ਸਰਟੀਫਿਕੇਟ ਤੇ ਮਾਣਯੋਗ ਚੋਣ ਕਮਿਸ਼ਨਰ ਵੱਲੋਂ ਜਾਰੀ ਕੀਤੇ ਆਈ.ਡੀ ਕਾਰਡ ਵੀ ਦਿੱਤੇ ਜਾਣਗੇ।



# ਅਸ਼ਵਨੀ ਸ਼ਰਮਾ ਨੂੰ ਪੰਜਾਬ ਭਾਜਪਾ ਕਾਰਜਕਾਰੀ ਪ੍ਰਧਾਨ ਬਣਾਉਣ ਦੀ ਖ਼ੁਸ਼ੀ 'ਚ ਲੱਡੂ ਵੰਡੇ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**- ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਤੇ ਵਿਧਾਇਕ ਅਸ਼ਵਨੀ ਸ਼ਰਮਾ ਨੂੰ ਪੰਜਾਬ ਭਾਜਪਾ ਦਾ ਨਵਾਂ ਸੂਬਾ ਕਾਰਜਕਾਰੀ ਪ੍ਰਧਾਨ ਨਿਯੁਕਤ ਕਰਨ 'ਤੇ ਪਾਰਟੀ ਵਰਕਰਾਂ 'ਚ ਖੁਸ਼ੀ ਦੀ ਲਹਿਰ ਵੇਖੀ ਗਈ।ਇਸ ਖੁਸ਼ੀ ਨੂੰ ਮਨਾਉਂਦਿਆਂ ਧੂਰੀ ਵਿਖੇ ਕੱਕੜਵਾਲ ਪੁਲ 'ਤੇ ਭਾਜਪਾ ਆਗੂ ਰਣਦੀਪ ਦਿਓਲ ਦੀ ਅਗਵਾਈ ਹੇਠ ਲੱਡੂ ਵੰਡ ਕੇ ਜਸ਼ਨ ਮਨਾਇਆ ਗਿਆ।ਭਾਜਪਾ ਆਗੂ ਰਣਦੀਪ ਦਿਓਲ ਨੇ ਕਿਹਾ ਕਿ ਅਸ਼ਵਨੀ ਸ਼ਰਮਾ ਦੇ ਲੰਮੇ ਰਾਜਨੀਤਕ ਤਜਰਬੇ ਤੇ ਨਿੱਜੀ ਇਮਾਨਦਾਰੀ ਕਾਰਨ ਉਨ੍ਹਾਂ ਨੂੰ ਇਹ ਮਹੱਤਵਪੂਰਨ ਜ਼ਿੰਮੇਵਾਰੀ ਸੌਂਪੀ ਗਈ ਹੈ।ਉਨ੍ਹਾਂ ਕਿਹਾ ਕਿ ਸ਼ਰਮਾ ਦੀ ਅਗਵਾਈ ਹੇਠ ਪੰਜਾਬ ਭਾਜਪਾ ਹੋਰ ਮਜ਼ਬੂਤੀ ਨਾਲ ਲੋਕਾਂ ਤੱਕ ਪਹੁੰਚੇਗੀ ਤੇ ਰਾਜ 'ਚ ਪਾਰਟੀ ਨੂੰ ਨਵੀਂ ਦਿਸ਼ਾ ਮਿਲੇਗੀ।ਉਨ੍ਹਾਂ ਇਹ ਵੀ ਜੋੜਿਆ ਕਿ ਅਸ਼ਵਨੀ ਸ਼ਰਮਾ ਨੇ ਸਦੀਵ ਲੋਕਾਂ ਦੀ ਆਵਾਜ਼ ਨੂੰ ਮਜ਼ਬੂਤੀ ਨਾਲ ਉਭਾਰਿਆ ਹੈ ਅਤੇ ਪਾਰਟੀ ਪ੍ਰਤੀ ਵਫਾਦਾਰੀ ਨਾਲ ਕੰਮ ਕੀਤਾ ਹੈ।



# ਪੰਜਾਬ ਅੰਦਰ ਚਲਾਈ ਸਿੱਖਿਆ ਕ੍ਰਾਂਤੀ ਰੰਗ ਲਿਆਈ : ਵਿਧਾਇਕ



**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਸਰਕਾਰੀ ਐਲੀਮੈਂਟਰੀ ਸਕੂਲ ਕੋਟਲਾ ਜੱਟਾਂ ਵਿਖੇ ਵਿਧਾਇਕ ਲਖਬੀਰ ਸਿੰਘ ਰਾਏ ਵੱਲੋਂ ਨਵੇਂ ਕਰਾਏ ਕਾਰਜਾਂ ਦਾ ਉਦਘਾਟਨ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਉਕਤ ਸਕੂਲ ਵਿੱਚ ਕਰੀਬ 24 ਲੱਖ ਰੁਪਏ ਦੀ ਲਾਗਤ ਨਾਲ ਕੰਮ ਕਰਾਇਆ ਗਿਆ ਹੈ, ਜਿਸ ਵਿੱਚ ਕਮਰਿਆਂ ਦੀ ਉਸਾਰੀ, ਪਲੇਅ ਗਰਾਊਂਡ ਦਾ ਕੰਮ, ਬਾਥਰੂਮਾਂ ਦੀ ਰਿਪੇਅਰ ਵਰਗੇ ਕੰਮ ਸ਼ਾਮਲ ਹਨ। ਵਿਧਾਇਕ ਲਖਬੀਰ ਸਿੰਘ ਰਾਏ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਮਾਨ ਸਰਕਾਰ ਵੱਲੋਂ ਸਿੱਖਿਆ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ। ਸਿੱਖਿਆ ਕ੍ਰਾਂਤੀ ਚਲਾ ਕੇ ਇੱਕ ਨਵੀਂ ਮੁਹਿੰਮ ਦਾ ਆਗਾਜ਼ ਕੀਤਾ ਗਿਆ ਸੀ, ਜਿਸ ਦੀ ਬਦੌਲਤ ਭਾਰਤ ਭਰ ਦੇ ਸਕੂਲਾਂ 'ਚੋਂ ਪੰਜਾਬ ਦੇ ਸਕੂਲ ਪਹਿਲੇ ਨੰਬਰ 'ਤੇ ਆਏ ਹਨ।ਇਸ ਤੋਂ ਪਹਿਲਾਂ 2017 ਦੇ ਵਿੱਚ ਸਰਵੇ ਹੋਇਆ ਸੀ, ਉਸ ਸਮੇਂ ਪੰਜਾਬ ਦਾ ਸਥਾਨ 29ਵਾਂ ਸੀ।ਇਸ ਖਿਤਾਬ ਦੇ ਲਈ ਜਿੱਥੇ ਅਸੀਂ ਮਾਨ ਸਰਕਾਰ ਦਾ ਧੰਨਵਾਦ ਕਰਦੇ ਹਾਂ, ਉਥੇ ਹੀ ਉਹਨਾਂ ਮਿਹਨਤੀ ਅਧਿਆਪਕਾਂ ਨੂੰ ਵੀ ਵਧਾਈ ਦੇਣੀ ਚਾਹਾਂਗੇ, ਜਿਨ੍ਹਾਂ ਦੀ ਬਦੌਲਤ ਇਹ ਰੈਂਕ ਪ੍ਰਾਪਤ ਹੋਇਆ ਹੈ। ਉਨ੍ਹਾਂ ਕਿਹਾ ਕਿ ਜਦੋਂ ਆਮ ਆਦਮੀ ਪਾਰਟੀ ਚੋਣਾਂ ਵਿੱਚ ਉੱਤਰੀ ਸੀ, ਉਦੋਂ ਆਮ ਲੋਕਾਂ ਦੇ ਨਾਲ ਵਾਅਦਾ ਕੀਤਾ ਗਿਆ ਸੀ ਕਿ ਸਿੱਖਿਆ ਤੇ ਸਿਹਤ ਸਹੂਲਤਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ।

# ਐਡਵੋਕੇਟ ਜਸਵਿੰਦਰ ਸਿੰਘ ਜੱਸ ਨੂੰ ਗਹਿਰਾ ਸਦਮਾ, ਸਹੁਰਾ ਸਾਹਿਬ ਦਾ ਦੇਹਾਂਤ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**- ਹਲਕਾ ਰਾਮਪੁਰਾ ਫੂਲ ਦੇ ਸੀਨੀਅਰ ਕਾਂਗਰਸੀ ਆਗੂ ਤੇ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਜਸਵਿੰਦਰ ਸਿੰਘ ਜੱਸ ਨੂੰ ਓਸ ਵੇਲੇ ਗਹਿਰਾ ਸਦਮਾ ਲੱਗਾ ਜਦੋਂ ਉਹਨਾਂ ਦੇ ਸਹੁਰਾ ਸਾਹਿਬ ਡਾਕਟਰ ਗੁਰਸੇਵਕ ਸਿੰਘ ਮਰਾੜ ਕੋਠਾ ਗੁਰੂ ਦਾ ਦੇਹਾਂਤ ਹੋ ਗਿਆ। ਡਾਕਟਰ ਗੁਰਸੇਵਕ ਸਿੰਘ ਮਰਾੜ ਨੇ ਸਿਹਤ ਵਿਭਾਗ ਵਿੱਚ ਲੰਮੇ ਸਮੇਂ ਤੱਕ ਕੰਮ ਕੀਤਾ ਤੇ ਰਿਟਾਇਰਡ ਹੋਏ ਸਨ। ਉਹ ਇੱਕ ਨੇਕ ਇਨਸਾਨ ਸਨ। ਤਕਰੀਬਨ ਪਿਛਲੇ ਦੋ ਸਾਲਾਂ ਤੋਂ ਉਹ ਬਿਮਾਰ ਚੱਲ ਰਹੇ ਸਨ। ਇਸ ਮੌਕੇ ਜਿੱਥੇ ਪਿੰਡ ਵਾਸੀਆਂ ਵੱਲੋਂ ਉਨ੍ਹਾਂ ਦੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ ਉਥੇ ਹੀ ਇਸ ਦੁੱਖ ਦੀ ਘੜੀ ਵਿੱਚ ਪੰਜਾਬ ਪ੍ਰਧਾਨ ਰਾਜਾ ਵੜਿੰਗ , ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਸੁਖਪਾਲ ਖਹਿਰਾ ਵਿਧਾਇਕ, ਕੈਪਟਨ ਸੰਦੀਪ ਸੰਧੂ ਸਾਬਕਾ ਵਿਧਾਇਕ ਪ੍ਰੀਤਮ ਕੋਟਭਾਈ, ਜ਼ਿਲ੍ਹਾ ਪ੍ਰਧਾਨ ਖੁਸਬਾਜ ਜਟਾਣਾ, ਸਾਬਕਾ ਵਿਧਾਇਕ ਗੁਰਾ ਤੁੰਗਵਾਲੀ, ਲੱਖਾ ਸਿਧਾਣਾ, ਕੁਲਵੰਤ ਮਲੂਕਾ, ਪ੍ਰਗਟ ਭੋਡੀਪੁਰਾ ਤੇ ਹੋਰ ਆਗੂਆਂ ਤੋ ਇਲਾਵਾ ਹਲਕਾ ਕੋਆਰਡੀਨੇਟਰ ਰਾਜਵਿੰਦਰ ਸਿੰਘ ਸੀਤਲ ਨੇ ਵੀ ਜੱਸ ਬੱਜੋਆਣਾ ਨਾਲ ਦੁੱਖ ਸਾਂਝਾ ਕੀਤਾ।



# ਸਰਪੰਚ ਯੂਨੀਅਨ ਦੀ ਮੀਟਿੰਗ ਹੋਈ



**ਨਾਭਾ (ਵਰਿੰਦਰ ਵਰਮਾ)** ਸਰਪੰਚ ਯੂਨੀਅਨ ਦੀ ਬੈਠਕ ਪ੍ਰਧਾਨ ਅਮਨਦੀਪ ਸਿੰਘ ਤੇ ਯੂਨੀਅਨ ਦੇ ਸਰਪ੍ਰਸਤ ਮੇਜਰ ਸਿੰਘ ਤੁੰਗਾਂ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸਰਪੰਚਾਂ ਦੀਆਂ ਸਮੱਸਿਆਵਾਂ ਸਬੰਧੀ ਕਈ ਮਤੇ ਪਾਸ ਕੀਤੇ ਗਏ। ਮਾਰਕੀਟ ਵਿੱਚ ਮਟੀਰੀਅਲ ਦੇ ਜ਼ਿਆਦਾ ਰੇਟ ਹੋਣ 'ਤੇ ਡੀ.ਸੀ ਰੇਟ ਘੱਟ ਹੋਣ ਕਾਰਨ ਸਰਪੰਚਾਂ ਨੂੰ ਆ ਰਹੀਆਂ ਵਿਕਾਸ ਕਾਰਜਾਂ ਵਿੱਚ ਮੁਸ਼ਕਲਾਂ ਸਬੰਧੀ ਮਤਾ ਪਾਸ ਕੀਤਾ ਗਿਆ ਤੇ ਯੁੱਧ ਨਸ਼ਿਆਂ ਵਿਰੁੱਧ ਜੋ ਮੁਹਿੰਮ ਪੰਜਾਬ ਸਰਕਾਰ ਨੇ ਵਿੱਢੀ ਹੋਈ ਹੈ। ਸਰਪੰਚ ਕੰਮਾਂ ਕਾਰਨ ਦੇਰ ਰਾਤ ਤੱਕ ਘਰ ਵਾਪਸ ਨਹੀਂ ਆਉਂਦੇ ਹਨ, ਸ਼ਰਾਰਤੀ ਅਨਸਰਾਂ ਤੋਂ ਹਮੇਸ਼ਾ ਖਤਰਾ ਬਣਿਆ ਰਹਿੰਦਾ ਹੈ।ਉਨ੍ਹਾਂ ਸਰਕਾਰ ਤੇ ਪ੍ਰਸ਼ਾਸਨ ਨੂੰ ਬੇਨਤੀ ਹੈ ਕਿ ਆਤਮ ਰੱਖਿਆ ਲਈ ਸਾਨੂੰ ਅਸਲਾ ਲਾਇਸੰਸ ਪਹਿਲ ਦੇ ਆਧਾਰ ਉੱਤੇ ਮੁਹੱਇਆ ਕਰਾਏ ਜਾਣ।ਉਨ੍ਹਾਂ ਕਿਹਾ ਕਿ ਆ ਰਹੀਆਂ ਮੁਸ਼ਕਲਾਂ ਸਬੰਧੀ ਕਮੇਟੀ ਵੱਲੋਂ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੂੰ ਮਿਲ ਕੇ ਆਪਣੀਆਂ ਸਮੱਸਿਆਵਾਂ ਨੂੰ ਜਾਣੂ ਕਰਾਇਆ ਜਾਵੇਗਾ। ਇਸ ਸਬੰਧੀ ਮਤਾ ਪਾਸ ਕੀਤਾ ਗਿਆ। ਸਾਰੀ ਸਰਪੰਚ ਯੂਨੀਅਨ ਐਮ ਐਲ ਏ ਗੁਰਦੇਵ ਸਿੰਘ ਦੇਵ ਮਾਨ ਦੇ ਨਾਲ ਹਮੇਸ਼ਾ ਮੋਢੇ ਨਾਲ ਮੋਢਾ ਲਾ ਕੇ ਹਲਕਾ ਨਾਭਾ ਨੂੰ ਤਰੱਕੀ ਦੀਆਂ ਰਾਹਾਂ ਵੱਲ ਲਿਜਾਇਆ ਜਾਵੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹਲਕਾ ਵਿਧਾਇਕ ਦੇਵ ਮਾਨ ਵੱਲੋਂ ਪਿੰਡਾਂ ਵਿੱਚ ਵੱਡੇ ਪੱਧਰ 'ਤੇ ਵਿਕਾਸ ਕਾਰਜ ਕਰਾਏ ਜਾ ਰਹੇ ਹਨ ਤਾਂ ਜੁ ਪਿੰਡਾਂ ਦੀ ਨੁਹਾਰ ਬਦਲੀ ਜਾ ਸਕੇ।

# ਬਿਨਾਂ ਬਿੱਲ ਤੋਂ ਖਾਦ, ਦਵਾਈ ਜਾਂ ਬੀਜ ਵੇਚਣ ਵਾਲਿਆਂ ਵਿਰੁੱਧ ਹੋਵੇਗੀ ਕਾਨੂੰਨੀ ਕਾਰਵਾਈ : ਮੁੱਖ ਖੇਤੀਬਾੜੀ ਅਫ਼ਸਰ

**ਮਾਨਸਾ (ਆਤਮਾ ਸਿੰਘ ਪਮਾਰ)** ਬਿਨਾਂ ਬਿੱਲ ਤੋਂ ਖਾਦ, ਦਵਾਈ ਜਾਂ ਬੀਜ ਵੇਚਣ ਵਾਲੇ ਦੁਕਾਨਦਾਰਾਂ ਵਿਰੁੱਧ ਕੰਟਰੋਲ ਆਰਡਰ 1985 ਤਹਿਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮੁੱਖ ਖੇਤੀਬਾੜੀ ਅਫ਼ਸਰ ਡਾ. ਹਰਪ੍ਰੀਤ ਪਾਲ ਕੌਰ ਨੇ ਖਾਦ, ਕੀਟਨਾਸ਼ਕ, ਬੀਜਾਂ ਦੀਆਂ ਦੁਕਾਨਾਂ ਤੇ ਸਹਿਕਾਰੀ ਸਭਾਵਾਂ ਦੀ ਪੜਤਾਲ ਦੌਰਾਨ ਕੀਤਾ । ਮੁੱਖ ਖੇਤੀਬਾੜੀ ਅਫ਼ਸਰ ਨੇ ਕਿਹਾ ਕਿ ਕਿਸਾਨਾਂ ਨੂੰ ਸਰਕਾਰ ਵੱਲੋਂ ਨਿਰਧਾਰਤ ਮੁੱਲ 'ਤੇ ਖੇਤੀ ਸਮੱਗਰੀ, ਖਾਸ ਕਰਕੇ ਖਾਦਾਂ ਉਪਲਬਧ ਕਰਾਉਣ ਲਈ ਚਲਾਈ ਜਾ ਰਹੀ ਮੁਹਿੰਮ ਤਹਿਤ ਜ਼ਿਲ੍ਹਾ ਤੇ ਬਲਾਕ ਪੱਧਰੀ ਟੀਮਾਂ ਵੱਲੋਂ ਖਾਦ ਵਿਕਰੇਤਾਵਾਂ ਨਾਲ ਸਬੰਧਤ ਦੁਕਾਨਾਂ ਤੇ ਗੁਦਾਮਾਂ ਦੀ ਚੈਕਿੰਗ ਤੋਂ ਇਲਾਵਾ ਕਾਗ਼ਜ਼ਾਤ ਦੀ ਵੀ ਦੇਖੇ ਜਾ ਰਹੇ ਹਨ। ਉਨ੍ਹਾਂ ਖਾਦ ਵਿਕਰੇਤਾਵਾਂ ਨੂੰ ਹਦਾਇਤ ਕੀਤੀ ਕਿ ਪੀ.ਓ.ਐਸ. ਮਸ਼ੀਨਾਂ ਵਿੱਚ ਵੇਚੀ ਗਈ ਖਾਦ ਦਾ ਸਟਾਕ ਨਿੱਲ ਕੀਤਾ ਜਾਵੇ ਤੇ ਇਹ ਯਕੀਨੀ ਬਣਾਇਆ ਜਾਵੇ ਕਿ ਪੀ.ਓ.ਐਸ. ਮਸ਼ੀਨਾਂ ਅਤੇ ਦੁਕਾਨ 'ਤੇ ਅਣਵਿਕੀ ਖਾਦ ਦਾ ਸਟਾਕ ਇਕਸਾਰ ਹੋਵੇ। ਉਨ੍ਹਾਂ ਸਮੂਹ ਡੀਲਰਾਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਲਾਇਸੰਸ ਤੇ ਹੋਰ ਜ਼ਰੂਰੀ ਦਸਤਾਵੇਜ਼ ਪੂਰੇ ਕਰਕੇ ਰੱਖਣ ਤੇ ਇਸ ਵਿੱਚ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਨਾ ਵਰਤੀ ਜਾਵੇ। ਸਟਾਕ ਬੋਰਡ 'ਤੇ ਰੋਜ਼ਾਨਾ ਖਾਦ ਦਾ ਸਟਾਕ ਤੇ ਰੇਟ ਲਿਖਿਆ ਜਾਵੇ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਖਾਦ, ਕੀਟਨਾਸ਼ਕ ਰਸਾਇਣ ਜਾਂ ਬੀਜ ਖਰੀਦਣ ਸਮੇਂ ਦੁਕਾਨਦਾਰ ਤੋਂ ਬਿੱਲ ਜ਼ਰੂਰ ਲੈਣ ਤੇ ਜੇਕਰ ਕੋਈ ਦੁਕਾਨਦਾਰ ਬਿੱਲ ਦੇਣ ਤੋਂ ਇਨਕਾਰ ਕਰਦਾ ਹੈ ਜਾਂ ਯੂਰੀਆ ਖਾਦ ਦੇ ਨਾਲ ਜਬਰੀ ਹੋਰ ਖੇਤੀ ਸਮੱਗਰੀ ਦਿੰਦਾ ਹੈ ਤਾਂ ਉਸ ਦੀ ਸ਼ਿਕਾਇਤ ਲਿਖ਼ਤੀ ਤੌਰ 'ਤੇ ਸਬੰਧਤ ਖੇਤੀਬਾੜੀ ਅਧਿਕਾਰੀ ਜਾਂ ਮੁੱਖ ਖੇਤੀਬਾੜੀ ਅਫ਼ਸਰ ਨੂੰ ਵੀ ਕੀਤੀ ਜਾ ਸਕਦੀ ਹੈ ।



# ਪੁਲਸ ਵੱਲੋਂ ਵਿਸ਼ੇਸ਼ ਚੈਕਿੰਗ, ਨਸ਼ਾ ਤਸਕਰਾਂ ਤੇ ਸ਼ਰਾਰਤੀ ਅਨਸਰਾਂ ਖਿਲਾਫ ਨਿਰੰਤਰ ਕਾਰਵਾਈ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**- ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿੱਚ ਨਸ਼ਿਆਂ ਅਤੇ ਸ਼ਰਾਰਤੀ ਤੱਤਾਂ ਵਿਰੁੱਧ ਜੰਗ ਨੂੰ ਹੋਰ ਤੇਜ਼ੀ ਦੇਣ ਦੇ ਉਦੇਸ਼ ਨਾਲ ਡਾ. ਅਖਿਲ ਚੌਧਰੀ, ਐਸ.ਐਸ.ਪੀ. ਸ੍ਰੀ ਮੁਕਤਸਰ ਸਾਹਿਬ ਦੀ ਸਿੱਧੀ ਨਿਗਰਾਨੀ ਹੇਠ ਸ਼ਾਮ 4 ਵਜੇ ਤੋਂ ਰਾਤ 8 ਵਜੇ ਤੱਕ ਇਕ ਵਿਸ਼ੇਸ਼ ਸੀਲਿੰਗ ਨਾਕਾਬੰਦੀ ਚੈਕਿੰਗ ਅਭਿਆਨ ਚਲਾਇਆ ਜਾ ਰਿਹਾ ਹੈ।ਇਸ ਦੌਰਾਨ ਸਿਟੀ ਖੇਤਰ ਵਿੱਚ ਥਾਣਾ ਵਾਇਜ਼ ਕੁੱਲ 22 ਨਾਕੇ ਲਗਾਏ ਗਏ, ਜਦਕਿ ਜ਼ਿਲ੍ਹਾ ਸਰਹੱਦੀ ਇਲਾਕਿਆਂ ਵਿੱਚ 12 ਨਾਕੇ ਤਾਇਨਾਤ ਕਰਕੇ ਪੂਰੇ ਜ਼ਿਲ੍ਹੇ ਨੂੰ ਸੀਲ ਕਰ ਦਿੱਤਾ ਗਿਆ। ਹਰ ਨਾਕੇ 'ਤੇ ਆਵਾਜਾਈ ਕਰਨ ਵਾਲੇ ਵਾਹਨਾਂ ਅਤੇ ਵਿਅਕਤੀਆਂ ਦੀ ਵਿਸ਼ੇਸ਼ ਜਾਂਚ ਕੀਤੀ ਗਈ, ਜਿਸ ਦਾ ਮਕਸਦ ਸ਼ੱਕੀ ਵਿਅਕਤੀਆਂ, ਸ਼ਰਾਰਤੀ ਅੰਸਰਾਂ ਅਤੇ ਨਸ਼ਾ ਤਸਕਰਾਂ ਨੂੰ ਕਾਬੂ ਕਰਨਾ ਹੈ।ਇਹ ਚੈਕਿੰਗ ਪੀ ਏ ਐਲ ਐਸ ਐਪ ਰਾਹੀਂ ਵਿਅਕਤੀਆਂ ਦੀ ਪਛਾਣ ਅਤੇ ਉਨ੍ਹਾਂ ਦੇ ਕ੍ਰਿਮੀਨਲ ਪਿਛੋਕੜ ਦੀ ਜਾਂਚ ਕਰਨ ਲਈ ਕੀਤੀ ਗਈ। ਨਾਲ ਹੀ ਵੀ ਈ ਐਚ ਆਈ ਸੀ ਐਲ ਦੀ ਮਦਦ ਨਾਲ ਸਾਰੇ ਵਾਹਨਾਂ ਦੀ ਜਾਂਚ ਕੀਤੀ ਗਈ। ਇਸ ਸੀਲਿੰਗ ਮੁਹਿੰਮ ਦੀ ਨਿਗਰਾਨੀ ਐਸ.ਐਸ.ਪੀ . ਡਾ. ਅਖਿਲ ਚੌਧਰੀ ਵੱਲੋਂ ਕੀਤੀ ਗਈ, ਜਦਕਿ ਮੌਕੇ 'ਤੇ ਨਿਗਰਾਨੀ ਅਤੇ ਸਹਿਯੋਗ ਲਈ ਮਨਮੀਤ ਸਿੰਘ ਢਿੱਲੋਂ (ਐਸ.ਪੀ.ਡੀ.), ਇਕਬਾਲ ਸਿੰਘ (ਡੀ.ਐਸ.ਪੀ. ਮਲੋਟ), ਅਵਤਾਰ ਸਿੰਘ (ਡੀ.ਐਸ.ਪੀ. ਗਿੱਦੜਬਾਹਾ), ਰਮਨਪ੍ਰੀਤ ਸਿੰਘ ਗਿੱਲ (ਡੀ.ਐਸ.ਪੀ. ਡੀ.) ਨਵੀਨ ਕੁਮਾਰ (ਡੀ.ਐਸ.ਪੀ.) ਤੋਂ ਇਲਾਵਾ ਮੁੱਖ ਅਫਸਰ ਅਤੇ ਇਸ ਮੁਹਿੰਮ ਵਿੱਚ ਕੁੱਲ 200 ਤੋਂ ਵੱਧ ਪੁਲਸ ਅਧਿਕਾਰੀ ਅਤੇ ਕਰਮਚਾਰੀ ਅਧਿਕਾਰੀ ਮੌਜੂਦ ਰਹੇ।



# ਮਜ਼ਦੂਰਾਂ, ਕਿਸਾਨਾਂ ਤੇ ਮੁਲਾਜ਼ਮਾਂ ਵੱਲੋਂ ਕੇਂਦਰ ਸਰਕਾਰ ਦੀਆਂ ਗਰੀਬ ਮਾਰੂ ਨੀਤੀਆਂ ਖਿਲਾਫ ਪ੍ਰਦਰਸ਼ਨ



ਤਰਨ ਤਾਰਨ, ਝਬਾਲ (ਪ੍ਰਿਤਪਾਲ ਸਿੰਘ/ਹਰਜਿੰਦਰ ਸਿੰਘ ਸੋਨੀ)–ਕੇਂਦਰੀ ਟਰੇਡ ਯੂਨੀਅਨਾਂ ਦੇ ਦੇਸ਼ ਵਿਆਪੀ ਹੜਤਾਲ ਦੇ ਸੱਦੇ ਤੇ ਸਥਾਨਕ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ ਨੇ ਆਪੋ ਆਪਣੇ ਕੰਮ ਛੱਡ ਕੇ ਸਥਾਨਕ ਗਾਂਧੀ ਪਾਰਕ ਵਿਖੇ ਰੈਲੀ ਕਰਕੇ ਸ਼ਹਿਰ ਵਿੱਚ ਕੇਂਦਰ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਵਿਰੁੱਧ ਮੁਜ਼ਾਹਰਾ ਕੀਤਾ।ਇਸ ਰੋਸ ਪ੍ਰਦਰਸ਼ਨ ਦੀ ਅਗਵਾਈ ਕਰਦਿਆਂ ਏਟਕ, ਸੀਟੂ, ਇਫਟੂ, ਸੀਟੂ ਪੰਜਾਬ ਤੇ ਸਯੁੰਕਤ ਕਿਸਾਨ ਮੋਰਚਾ ਦੇ ਆਗੂਆਂ ਪਰਗਟ ਸਿੰਘ ਜਾਮਾਰਾਏ, ਦਵਿੰਦਰ ਸੋਹਲ, ਨਛੱਤਰ ਸਿੰਘ, ਤਰਸੇਮ ਸਿੰਘ ਲੁਹਾਰ, ਇੰਦਰਜੀਤ ਸਿੰਘ ਮਹਾਣਾ, ਦਲਵਿੰਦਰ ਸਿੰਘ ਪੰਨੂ, ਕੰਵਲਪ੍ਰੀਤ ਸਿੰਘ ਪੰਨੂ, ਗੁਰਪ੍ਰੀਤ ਸਿੰਘ ਗੰਡੀਵਿੰਡ, ਹੀਰਾ ਸਿੰਘ, ਪ੍ਰਤਾਪ ਸਿੰਘ, ਨਰਿੰਦਰ ਕੌਰ, ਸੀਮਾ ਸੋਹਲ ਨੇ ਕਿਹਾ ਕਿ ਮੌਜੂਦਾ ਕੇਂਦਰ ਦੀ ਭਾਜਪਾ ਸਰਕਾਰ ਅਮਰੀਕਾ ਸਾਮਰਾਜ ਦੇ ਬੋਝੋ ਲੱਗੀ ਹੋਈ ਹੈ।ਦੇਸ਼ ਵਿੱਚ ਵੀ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ ਤੇ ਆਮ ਕਾਰੋਬਾਰੀਆਂ ਦੇ ਹੱਕ ਮਾਰਕੇ ਕਾਰਪੋਰੇਟ ਘਰਾਣਿਆਂ ਦੇ ਘਰ ਭਰ ਰਹੀ ਹੈ।ਮਜ਼ਦੂਰਾਂ ਤੇ ਮੁਲਾਜ਼ਮਾਂ ਦੇ ਹੱਕ ਦੇ ਕਾਨੂੰਨ ਖਤਮ ਕਰਕੇ ਉਨ੍ਹਾਂ ਨੂੰ ਚਾਰ ਕੋਡਾਂ ਵਿੱਚ ਬਦਲ ਦਿੱਤਾ।ਕੰਮ ਦਿਹਾੜੀ ਸਮਾਂ 12 ਘੰਟੇ ਕੀਤਾ ਜਾ ਰਿਹਾ ਹੈ।ਕਿਸਾਨਾਂ ਨੂੰ ਐੱਮਐੱਸਪੀ ਨਹੀਂ ਦਿੱਤੀ ਜਾ ਰਹੀ। ਖਾਦਾਂ, ਕੀਟਨਾਸ਼ਕ ਦਵਾਈਆਂ ਤੇ ਖੇਤੀ ਦਾ ਹੋਰ ਸਾਮਾਨ ਦਿਨ ਦਿਨ ਮਹਿੰਗਾ ਕੀਤਾ ਜਾ ਰਿਹਾ ਹੈ।ਬੇਰੁਜ਼ਗਾਰੀ ਸਾਰੇ ਹੱਦਾਂ ਬੰਨੇ ਟੱਪ ਗਈ ਹੈ।ਆਮ ਲੋਕ ਰੋਟੀ ਤੋਂ ਆਤਰ ਹੋ ਰਹੇ ਹਨ।ਬੇਰੁਜ਼ਗਾਰ ਨੌਜਵਾਨਾਂ ਨੂੰ ਨਸ਼ਿਆਂ ਤੇ ਹੋਰ ਗ਼ਲਤ ਕੰਮਾਂ ਵਿੱਚ ਧੱਕਿਆ ਜਾ ਰਿਹਾ ਹੈ। ਵਪਾਰੀ ਨਿੱਤ ਦਿਨ ਗੋਲੀਆਂ ਦਾ ਸ਼ਿਕਾਰ ਬਣ ਰਹੇ ਹਨ। ਗੈਂਗਸਟਰ ਫ਼ਿਰੌਤੀਆਂ ਵਸੂਲ ਰਹੇ ਹਨ।ਉਨ੍ਹਾਂ ਮੰਗ ਕੀਤੀ ਕਿ ਹਰ ਬੇਰੁਜ਼ਗਾਰ ਲਈ ਕੰਮ ਦੀ ਗਰੰਟੀ ਕੀਤੀ ਜਾਵੇ।ਘੱਟੋ ਘੱਟ ਮਿਹਨਤਾਨਾ 30000 ਰੁਪਏ ਦਿੱਤਾ ਜਾਵੇ।ਆਸ਼ਾ ਵਰਕਰਾਂ, ਮਿਡ ਡੇ ਮੀਲ, ਆਂਗਣਵਾੜੀ ਵਰਕਰਾਂ, ਠੇਕਾ ਅਧਾਰਿਤ ਮੁਲਾਜ਼ਮਾਂ ਤੇ ਆਊਟਸੋਰਸ ਕਾਮਿਆਂ ਨੂੰ ਪੱਕੇ ਕੀਤਾ ਜਾਵੇ।ਮੁਲਾਜ਼ਮ ਲਈ ਪੁਰਾਣੀ ਪੈਨਸ਼ਨ ਸਕੀਮ ਦਿੱਤੀ ਜਾਵੇ।ਬਿਜਲੀ ਬੋਰਡ ਤੇ ਹੋਰ ਅਦਾਰਿਆਂ ਦਾ ਨਿੱਜੀਕਰਨ ਰੋਕਿਆ ਜਾਵੇ। ਬਿਜਲੀ ਬਿੱਲ 2003 ਵਾਪਸ ਲਿਆ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਕਾਰ ਸਿੰਘ ਵਲਟੋਹਾ, ਸੁਖਦੇਵ ਸਿੰਘ ਗੋਹਲਵੜ, ਜਸਵਿੰਦਰ ਸਿੰਘ ਮਾਨੋਚਾਹਲ, ਮਨਜੀਤ ਸਿੰਘ ਬੱਗੂ, ਬਲਜਿੰਦਰ ਸਿੰਘ ਦੋਬਲੀਆਂ, ਨਰਿੰਦਰ ਬੇਦੀ, ਪੂਰਨ ਦਾਸ, ਗੁਰਪ੍ਰੀਤ ਮਾੜੀਮੇਘਾ, ਰਜਵੰਤ ਸਿੰਘ ਬਾਗੜੀਆਂ, ਰਾਜ ਕੌਰ, ਅਮਰਦੀਪ ਸਿੰਘ, ਮੇਜਰ ਸਿੰਘ ਮੱਲੀਆਂ, ਲਖਬੀਰ ਸਿੰਘ ਸੰਧੂ, ਬਲਜਿੰਦਰ ਕੌਰ, ਸੁਲੱਖਣ ਸਿੰਘ ਗੰਡੀਵਿੰਡ ਨੇ ਵੀ ਆਪਣੇ ਵਿਚਾਰ ਰੱਖੇ।

# ਪੰਜਾਬ ਸਰਕਾਰ ਵੱਲੋਂ 65 ਲੱਖ ਪਰਿਵਾਰਾਂ ਲਈ ਯੂਨੀਵਰਸਲ ਹੈਲਥ ਕਵਰ ਦਾ ਐਲਾਨ

ਗੁਰਦਾਸਪੁਰ (ਜਨਕ ਮਹਾਜਨ)–ਆਮ ਆਦਮੀ ਪਾਰਟੀ ਦੀ ਸੂਬਾ ਸਰਕਾਰ ਨੇ ਆਮ ਲੋਕਾਂ ਦੀ ਬਾਂਹ ਫੜਦਿਆਂ ਸੂਬੇ ਦੇ 65 ਲੱਖ ਪਰਿਵਾਰਾਂ ਲਈ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦਾ ਐਲਾਨ ਕੀਤਾ ਹੈ।ਇਸ ਯੋਜਨਾ ਦੇ ਲਾਗੂ ਹੋਣ ਨਾਲ ਹਰੇਕ ਕਵਰ ਪਰਿਵਾਰ ਨੂੰ ਸਾਲਾਨਾ 10 ਲੱਖ ਰੁਪਏ ਤੱਕ ਦੇ ਮੁਫ਼ਤ ਤੇ ਵਧੀਆ ਇਲਾਜ ਦੀ ਸਹੂਲਤ ਮਿਲੇਗੀ।



ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਇਸ ਯੋਜਨਾ ਦਾ ਐਲਾਨ ਪੰਜਾਬ ਸਰਕਾਰ ਵੱਲੋਂ ਆਪਣੇ 2025-26 ਦੇ ਬਜਟ ਵਿੱਚ ਕੀਤਾ ਗਿਆ ਸੀ ਅਤੇ ਇਸ ਦੇ ਲਈ 778 ਕਰੋੜ ਰੁਪਏ ਦੀ ਰਕਮ ਅਲਾਟ ਕੀਤੀ ਗਈ ਸੀ। ਇਸ ਦੇ ਤਹਿਤ ਹਰ ਪਰਿਵਾਰ ਨੂੰ ਪ੍ਰਤੀ ਸਾਲ 10 ਲੱਖ ਰੁਪਏ ਦਾ ਸਿਹਤ ਕਵਰ ਪ੍ਰਦਾਨ ਕੀਤਾ ਜਾਵੇਗਾ। ਰਮਨ ਬਹਿਲ ਨੇ ਕਿਹਾ ਕਿ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦਾ ਉਦੇਸ਼ ਰਾਜ ਦੇ ਕਿਸੇ ਵੀ ਸਰਕਾਰੀ ਜਾਂ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਨਕਦੀ ਰਹਿਤ ਅਤੇ ਕਾਗਜ਼ ਰਹਿਤ ਇਲਾਜ ਨੂੰ ਯਕੀਨੀ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਸੂਬਾ ਪੰਜਾਬ 10 ਲੱਖ ਰੁਪਏ ਦਾ ਯੂਨੀਵਰਸਲ ਸਿਹਤ ਬੀਮਾ ਕਵਰ ਵਾਲਾ ਪਹਿਲਾ ਰਾਜ ਬਣ ਜਾਵੇਗਾ। ਉਨ੍ਹਾਂ ਕਿਹਾ ਕਿ ਮੁੜ-ਨਿਰਮਾਣ ਕੀਤੀ ਗਈ ਮੁੱਖ ਮੰਤਰੀ ਸਰਬੱਤ ਸਿਹਤ ਬੀਮਾ ਯੋਜਨਾ ਸਾਰੇ ਨਿਵਾਸੀਆਂ ਅਤੇ ਇੱਥੋਂ ਤੱਕ ਕਿ ਸੇਵਾ ਮੁਕਤ ਸਰਕਾਰੀ ਕਰਮਚਾਰੀਆਂ 'ਤੇ ਵੀ ਲਾਗੂ ਹੋਵੇਗੀ।

ਰਮਨ ਬਹਿਲ ਨੇ ਕਿਹਾ ਕਿ ਪੰਜਾਬ ਤੋਂ ਬਾਹਰ ਹਸਪਤਾਲਾਂ ਵਿੱਚ ਵਿਸ਼ੇਸ਼ ਇਲਾਜ ਦੀ ਮੰਗ ਕਰਨ ਵਾਲੇ ਲੋਕ ਵੀ ਇਸ ਬੀਮੇ ਦੇ ਘੇਰੇ ਵਿੱਚ ਆਉਣਗੇ, ਬਸ਼ਰਤੇ ਉਹ ਆਯੁਸ਼ਮਾਨ ਭਾਰਤ ਯੋਜਨਾ ਦੇ ਤਹਿਤ ਸੂਚੀਬੱਧ ਹਸਪਤਾਲਾਂ ਵਿੱਚ ਇਲਾਜ ਕਰਵਾਉਣ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਇਹ ਬਹੁਤ ਵੱਡੀ ਉਪਲਬਧੀ ਹੈ ਅਤੇ ਹੁਣ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਕਵਰ ਵਿਅਕਤੀਆਂ ਨੂੰ ਆਪਣੇ ਇਲਾਜ ਲਈ ਕੋਈ ਪੈਸਾ ਖਰਚ ਨਹੀਂ ਕਰਨਾ ਪਵੇਗਾ।

ਉਨ੍ਹਾਂ ਕਿਹਾ ਕਿ ਅਕਸਰ ਹੀ ਬਿਮਾਰੀ ਦੀ ਸੂਰਤ ਵਿੱਚ ਲੋੜਵੰਦ ਪਰਿਵਾਰਾਂ ਦੀ ਸਾਰੀ ਜਮ੍ਹਾ ਪੂੰਜੀ ਇਲਾਜ ਉਪਰ ਹੀ ਖ਼ਰਚ ਹੋ ਜਾਂਦੀ ਸੀ ਪਰ ਹੁਣ ਇਹ ਰਾਸ਼ੀ ਲੋਕ ਆਪਣੇ ਪਰਿਵਾਰਾਂ ਦੀ ਬਿਹਤਰੀ ਲਈ ਖ਼ਰਚ ਸਕਣਗੇ।

# ਸੰਯੁਕਤ ਕਿਸਾਨ ਮੋਰਚੇ ਵੱਲੋਂ ਦੇਸ਼ ਵਿਆਪੀ ਹੜਤਾਲ ਦੇ ਹੱਕ 'ਚ ਰੋਸ ਰੈਲੀ

*** ਮੋਦੀ ਸਰਕਾਰ ਦੀ ਕੋਈ ਵੀ ਨੀਤੀ ਮਿਹਨਤਕਸ਼ ਜਮਾਤ ਤੇ ਦੇਸ਼ ਦੇ ਬਹੁਗਿਣਤੀ ਲੋਕਾਂ ਦੇ ਪੱਖ 'ਚ ਨਹੀਂ : ਬਖਤਪੁਰਾ**

ਬਟਾਲਾ (ਤਰਲੋਕ ਬੱਗਾ)–ਭਾਰਤ ਪੱਧਰ ਦੀ ਹੜਤਾਲ ਦੇ ਸਮੇਂ ਇੱਥੇ ਦੀਆਂ ਟਰੇਡ ਯੂਨੀਅਨਾਂ ਅਤੇ ਉਨ੍ਹਾਂ ਦੀ ਹਮਾਇਤ 'ਚ ਆਏ ਸੰਯੁਕਤ ਕਿਸਾਨ ਮੋਰਚੇ ਵੱਲੋਂ ਸੁੱਖਾ ਸਿੰਘ ਮਹਿਤਾਬ ਸਿੰਘ ਪਾਰਕ ਵਿੱਚ ਰੈਲੀ ਕੀਤੀ ਗਈ ਅਤੇ ਸ਼ਹਿਰ ਵਿੱਚ ਪ੍ਰਦਰਸ਼ਨ ਕੀਤਾ ਗਿਆ। ਰੈਲੀ ਵਿੱਚ ਸ਼ਮਸ਼ੇਰ ਸਿੰਘ ਨਵਾਂਪਿੰਡ, ਰਣਬੀਰ ਸਿੰਘ ਵਿਰਕ, ਗੁਲਜਾਰ ਸਿੰਘ ਭੁੰਬਲੀ, ਜਰਨੈਲ ਸਿੰਘ ਅਤੇ ਗੁਰਮੀਤ ਸਿੰਘ ਬੱਖਤਪੁਰਾ ਨੇ ਬੋਲਦਿਆਂ ਕਿਹਾ ਕਿ ਦੇਸ਼ ਭਰ ਵਿੱਚ ਵੱਖ-ਵੱਖ ਕਿੱਤਿਆਂ ਨਾਲ ਜੁੜੇ ਕਰੋੜਾਂ ਮਜ਼ਦੂਰਾਂ, ਮੁਲਾਜ਼ਮ ਅਤੇ ਹੋਰ ਮਿਹਨਤਕਸ਼ ਲੋਕਾਂ ਵੱਲੋਂ ਕੀਤੀ ਗਈ ਹੜਤਾਲ ਰਾਹੀਂ ਮੋਦੀ ਸਰਕਾਰ ਉਪਰ ਦੋਸ਼ ਲਾਏ ਜਾ ਰਹੇ ਹਨ ਕਿ ਪਿਛਲੇ 11 ਸਾਲਾਂ ਤੋਂ ਮੋਦੀ ਸਰਕਾਰ ਮਿਹਨਤਕਸ਼ ਜਮਾਤ ਅਤੇ ਦੇਸ਼ ਦੇ ਬਹੁਗਿਣਤੀ ਲੋਕਾਂ ਵਿਰੋਧੀ ਕੰਮ ਕਰ ਰਹੀ ਹੈ। ਦੇਸ਼ ਅੰਦਰ ਪੂਰੀ ਤਰ੍ਹਾਂ ਨਿੱਜੀਕਰਨ, ਉਦਾਰੀਕਰਨ ਅਤੇ ਵਿਸ਼ਵੀਕਰਨ ਦੀਆਂ ਨੀਤੀਆਂ ਨੂੰ ਲਾਗੂ ਕਰਦਿਆਂ ਕਾਰਪੋਰੇਟ ਘਰਾਣਿਆਂ ਦੀ ਲੁੱਟ ਨੂੰ ਮਜ਼ਬੂਤ ਕੀਤਾ ਗਿਆ ਹੈ ਜਿਸ ਕਾਰਨ ਦੇਸ਼ ਵਿਚ ਲੱਖਾਂ ਛੋਟੇ ਅਤੇ ਦਰਮਿਆਨੇ ਕਾਰਖਾਨੇ ਬੰਦ ਹੋ ਗਏ ਹਨ ਅਤੇ ਕਰੋੜਾਂ ਲੋਕਾਂ ਦੇ ਰੁਜ਼ਗਾਰ ਖੁੱਸ ਗਏ ਹਨ। ਮੋਦੀ ਸਰਕਾਰ ਵੱਲੋਂ ਦੇਸ਼ ਤੇ ਮਜ਼ਦੂਰਾਂ ਨੂੰ ਕਨੂੰਨੀ ਤੌਰ 'ਤੇ ਨਿਹੱਥੇ ਕਰਨ ਲਈ ਲੰਬੀਆਂ ਕੁਰਬਾਨੀਆਂ ਤੋਂ ਬਾਅਦ ਮਜ਼ਦੂਰਾਂ ਵੱਲੋਂ ਹਾਸਿਲ ਕੀਤੇ ਗਏ ਕਿਰਤ ਕਾਨੂੰਨਾਂ ਨੂੰ ਖਤਮ ਕੀਤਾ ਜਾ ਰਿਹਾ ਹੈ। ਆਗੂਆਂ ਪੰਜਾਬ ਦੀ ਅਮਨ ਕਨੂੰਨ ਦੀ ਹਾਲਤ ਨੂੰ ਇਤਿਹਾਸ ਦੀ ਸਭ ਤੋਂ ਬਦਤਰ ਦਸਦਿਆਂ ਕਿਹਾ ਕਿ ਮਾਨ ਸਰਕਾਰ ਹਰ ਫਰੰਟ ਉਪਰ ਨਾਕਾਮ ਸਾਬਤ ਹੋਈ ਹੈ।



ਇਸ ਸਮੇਂ ਦਲਬੀਰ ਭੋਲਾ, ਰਾਜਗੁਰਵਿੰਦਰ ਸਿੰਘ, ਲਖਵਿੰਦਰ ਸਿੰਘ ਮਜਿਆਂਵਾਲੀ, ਸੁਰਿੰਦਰ ਸਿੰਘ ਮੁਰੀਦਕੇ, ਕੁਲਦੀਪ ਸਿੰਘ ਦਾਦੂਯੋਧ, ਰਘਬੀਰ ਸਿੰਘ ਪਕੀਵਾਂ, ਜਗੀਰ ਸਿੰਘ ਕਿਲਾ ਲਾਲ ਸਿੰਘ, ਫੌਜੀ ਬਲਵਿੰਦਰ ਸਿੰਘ, ਬਲਦੇਵ ਸਿੰਘ ਖਹਿਰਾ, ਜਨਕ ਰਾਜ, ਮੁਲਾਜ਼ਮ ਆਗੂ ਗੁਰਪਰੀਤ ਸਿੰਘ ਰੰਗੀਲਪੁਰ, ਸੋਮ ਸਿੰਘ, ਪੈਨਸ਼ਨਰ ਆਗੂ ਮਹੇਸ਼ ਤੇ ਗੁਰਦੀਪ ਸਿੰਘ ਘੋੜੇਵਾਹ ਸ਼ਾਮਲ ਸਨ।

# ਰੇਲਵੇ ਸਟੇਸ਼ਨ ਬਟਾਲਾ ਵਿਖੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਕੀਤਾ ਲਾਮਬੰਦ

ਬਟਾਲਾ (ਡਾ. ਮਲਵਿੰਦਰ ਸਿੰਘ)-ਪੰਜਾਬ ਸਰਕਾਰ ਵੱਲੋ 'ਯੁੱਧ ਨਸ਼ਿਆਂ ਵਿਰੁੱਧ' ਚਲਾਈ ਮੁਹਿੰਮ ਤਹਿਤ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੀ ਅਗਵਾਈ ਹੇਠ ਜ਼ਿਲ੍ਹੇ ਅੰਦਰ ਅੰਦਰ ਚੱਲ ਰਹੀ ਹੈ।ਕਮਿਸ਼ਨਰ ਨਗਰ ਨਿਗਮ ਬਟਾਲਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਰੇਲਵੇ ਸਟੇਸ਼ਨ ਬਟਾਲਾ ਵਿਖੇ ਜਾਗਰੂਕਤਾ ਕੈਂਪ ਲਗਾਇਆ ਗਿਆ।



ਇਸ ਮੌਕੇ ਨਗਰ ਨਿਗਮ ਬਟਾਲਾ ਦੀ 'ਯੁੱਧ ਨਸ਼ਿਆ ਵਿਰੁੱਧ' ਟੀਮ ਵੱਲੋ ਲੋਕਾਂ ਨੂੰ ਨਸ਼ਿਆ ਨਾਲ ਹੋਣ ਵਾਲੇ ਨੁਕਸਾਨ ਅਤੇ ਬਿਮਾਰੀਆਂ ਆਦਿ ਸਬੰਧੀ ਵਿਸਥਾਰ ਵਿੱਚ ਜਾਣਕਾਰੀ ਦਿੱਤਾ।ਉਨਾਂ ਦੱਸਿਆ ਕਿ ਨਸ਼ਾ ਪੀੜਤਾਂ ਦਾ ਨਸ਼ਾ ਛੁਡਾਊ ਕੇਂਦਰਾਂ ਵਿੱਚ ਮੁਫਤ ਇਲਾਜ ਕਰਵਾਇਆ ਜਾਂਦਾ ਹੈ।ਇਸ ਮੌਕੇ ਮੁੱਖ ਮੰਤਰੀ ਪੰਜਾਬ ਵੱਲੋਂ ਜਾਰੀ ਵਟਸ ਐਪ ਨੰਬਰ (97791-00200 ਬਾਰੇ ਜਾਣਕਾਰੀ ਦਿੱਤੀ ਗਈ ਕਿ ਇਸ ਨੰਬਰ 'ਤੇ ਨਸ਼ਿਆਂ ਵਿਰੁੱਧ ਜਾਣਕਾਰੀ ਦਿੱਤੀ ਜਾ ਸਕਦੀ ਹੈ ਅਤੇ ਜਾਣਕਾਰੀ ਦੇਣ ਵਾਲੇ ਦੀ ਪਹਿਚਾਣ ਗੁਪਤ ਰੱਖੀ ਜਾਵੇਗੀ।ਇਸ ਮੌਕੇ ਲੋਕਾਂ ਵਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੀ ਸਰਾਹਨਾ ਕਰਦਿਆਂ ਕਿਹਾ ਕਿ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਨਸ਼ਿਆਂ ਨੂੰ ਖਤਮ ਕਰਨ ਲਈ ਸਹਿਯੋਗ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਯੁੱਧ ਨਸ਼ਿਆ ਵਿਰੁੱਧ ਮੁਹਿੰਮ ਤਹਿਤ ਅਗਲਾ ਕੈਂਪ 14 ਜੁਲਾਈ ਨੂੰ ਡੀਏਵੀ ਸਕੂਲ ਮੁਰਗੀ ਮੁਹੱਲਾ ਬਟਾਲਾ ਵਿਖੇ ਲਗਾਇਆ ਜਾਵੇਗਾ।ਕੈਂਪ ਵਿੱਚ ਰੇਲਵੇ ਵਿਭਾਗ ਦੇ ਕਰਮਚਾਰੀ, ਸੁਪਰਡੈਂਟ ਪਲਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਰਾਜਬੀਰ ਡੋਗਰਾ, ਰਾਜਬੀਰ ਕੌਰ, ਧਰਮਜੀਤ ਸਿੰਘ, ਰਜੇਸ਼ ਮਸੀਹ ਤੇ ਲੋਕ ਵੱਡੀ ਗਿਣਤੀ ਵਿੱਚ ਮੌਜੂਦ ਸਨ।

# ਬਾਬਾ ਕਰਮ ਸ਼ਾਹ ਦਾਤਾ ਦਾ ਸਾਲਾਨਾ ਜੋੜ ਮੇਲਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ


ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)– ਇਤਿਹਾਸਕ ਕਸਬਾ ਫਤਿਹਾਬਾਦ ਵਿਖੇ ਬਾਬਾ ਕਰਮ ਸ਼ਾਹ ਦਾਤਾ ਦਾ ਸਾਲਾਨਾ ਮੇਲਾ ਬੜੀ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਮੌਕੇ ਵੱਡੀ ਗਿਣਤੀ ਵਿਚ ਸ਼ਰਧਾਲੂਆਂ ਵੱਲੋਂ ਬਾਬਾ ਜੀ ਦੇ ਦਰਬਾਰ ਅਤੇ ਗੁਰਦੁਆਰਾ ਸਾਹਿਬ ਵਿਖੇ ਹਾਜ਼ਰੀ ਭਰੀ।ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ ਜਿਸ ਵਿੱਚ ਭਾਈ ਕਰਮ ਸਿੰਘ ਸਾਹਨੀ ਦੇ ਜੱਥੇ ਵੱਲੋਂ ਗੁਰਬਾਣੀ ਦਾ ਰਸਭਿੰਨਾ ਕੀਰਤਨ ਕੀਤਾ ਗਿਆ।ਇਸ ਮੌਕੇ ਪੰਥ ਪ੍ਰਸਿੱਧ ਢਾਡੀ ਭਾਈ ਭਾਈ ਕਰਨੈਲ ਸਿੰਘ ਕੋਮਲ ਦੇ ਢਾਡੀ ਜੱਥੇ ਨੇ ਗੁਰੂ ਇਤਿਹਾਸ ਦੇ ਪ੍ਰਸੰਗ ਸੁਣਾ ਸੰਗਤਾਂ ਨੂੰ ਨਿਹਾਲ ਕੀਤਾ।ਕਵੀਸ਼ਰੀ ਜਥੇ ਭਾਈ ਹਰਭਜਨ ਸਿੰਘ ਦਾਦੂਪੁਰ, ਭਾਈ ਰਣਜੀਤ ਸਿੰਘ ਬਾਬਾ ਬਕਾਲਾ, ਭਾਈ ਦਲੇਰਜੀਤ ਸਿੰਘ ਭੰਗੂ ਕਵੀਸ਼ਰ, ਬੀਬੀ ਸੁਖਵਿੰਦਰ ਕੌਰ ਫੇਰੂਮਾਨ, ਭਾਈ ਰਣਜੀਤ ਸਿੰਘ ਪਖੋਪੁਰ, ਸਾਹਿਲ, ਭਾਈ ਗੁਰਪ੍ਰੀਤ ਸਿੰਘ ਭੱਠਲ, ਲਖਵਿੰਦਰ ਸਿੰਘ ਗੋਇੰਦਵਾਲ, ਭਾਈ ਮਨਦੀਪ ਸਿੰਘ, ਬੀਬੀ ਸੁਖਵਿੰਦਰ ਕੌਰ ਫੇਰੂਮਾਨ, ਰਣਜੀਤ ਸਿੰਘ ਮੁਸਾਫਰ, ਗੁਰਪ੍ਰੀਤ ਸਿੰਘ ਭੱਠਲ, ਸੁਖਦੇਵ ਸਿੰਘ ਬਹਿਲਾ ਆਦਿ ਜੱਥਿਆਂ ਨੇ ਧਾਰਮਿਕ ਦੀਵਾਨ ਵਿਚ ਸੰਗਤਾਂ ਸਨਮੁੱਖ ਹਾਜ਼ਰੀ ਲਵਾਈ।ਇਸ ਮੌਕੇ ਲੋਕ ਗਾਇਕ ਸੁਰਿੰਦਰ ਮਾਣਕ ਅਤੇ ਹੋਰਨਾਂ ਵੱਲੋਂ ਧਾਰਮਿਕ ਗੀਤ ਪੇਸ਼ ਕੀਤੇ ਗਏ।ਇਸ ਮੌਕੇ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਨੇ ਦਾਤਾ ਕਰਮਸ਼ਾਹ ਦੇ ਦਰਬਾਰ ਤੇ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰੀ।ਉਨ੍ਹਾਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਗੁਰੂਆਂ ਪੀਰਾਂ ਦੇ ਮੇਲੇ ਪੰਜਾਬ ਦੇ ਸ਼ਾਨਦਾਰ ਸੱਭਿਆਚਾਰ ਦੀ ਨਿਸ਼ਾਨੀ ਹੈ ਜਿਨ੍ਹਾਂ ਨੂੰ ਪਿਆਰ ਤੇ ਸਤਿਕਾਰ ਨਾਲ ਮਨਾਉਂਦੇ ਰਹਿਣਾ ਚਾਹੀਦਾ ਹੈ।



ਇਸ ਮੌਕੇ ਪ੍ਰਬੰਧਕਾਂ ਸਰਪੰਚ ਡਾ. ਜਗਵਿੰਦਰ ਸਿੰਘ ਮਣਕੂ, ਮਹਿੰਦਰ ਸਿੰਘ ਕੰਬੋਜ, ਨੰਬਰਦਾਰ ਸੁਖਦੇਵ ਸਿੰਘ ਤੇ ਹੋਰਨਾਂ ਵੱਲੋਂ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਤੇ ਹੋਰ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ।ਮੇਲਾ ਪ੍ਰਬੰਧਕ ਕਮੇਟੀ ਵੱਲੋਂ ਆਈਆਂ ਸੰਗਤਾਂ ਲਈ ਅਤੁੱਟ ਲੰਗਰ ਅਤੇ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਵਰਤਾਈਆਂ ਗਈਆਂ।

# ਟੀ ਐੱਸ ਯੂ ਨੇ ਹੜਤਾਲ ਕਰਕੇ ਕੀਤੀ ਰੋਹ ਭਰਪੂਰ ਗੇਟ ਰੈਲੀ

ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਨਿੱਜੀਕਰਨ ਦੀਆਂ ਨੀਤੀਆਂ ਦੇ ਵਿਰੋਧ ਅਤੇ ਹੋਰ ਮੰਗਾਂ ਨੂੰ ਲੈ ਕੇ ਕੇਂਦਰੀ ਟਰੇਡ ਯੂਨੀਅਨਾਂ ਵੱਲੋਂ ਦਿੱਤੇ ਸੱਦੇ ਨਾਲ ਇੱਕਮੁੱਠਤਾ ਪ੍ਰਗਟ ਕਰਦਿਆਂ ਟੈਕਨੀਕਲ ਸਰਵਿਸਜ਼ ਯੂਨੀਅਨ ਵੱਲੋਂ 9 ਜੁਲਾਈ ਦੀ ਇੱਕ ਰੋਜ਼ਾ ਦੇਸ਼ ਵਿਆਪੀ ਹੜਤਾਲ ਕਰਕੇ ਬਿਜਲੀ ਘਰ ਹਰਸ਼ਾ ਛੀਨਾ ਵਿਖੇ ਡੇਗੂ ਰੈਲੀ ਕੀਤੀ ਗਈ। ਰੈਲੀ ਸਮੇਂ ਵੱਖ-ਵੱਖ ਆਗੂਆਂ ਨੇ ਵਿਚਾਰ ਰੱਖਦੇ ਹੋਏ ਕਿਹਾ ਕਿ ਸਾਮਰਾਜੀ ਦਿਸ਼ਾ ਨਿਰਦੇਸ਼ਤ ਆਰਥਿਕ ਤੇ ਸਨਅਤੀ ਨੀਤੀਆਂ ਨੂੰ ਲਾਗੂ ਕਰਦਿਆਂ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਆਰਥਿਕ ਸੁਧਾਰਾਂ ਦੇ ਦੰਭੀ ਐਲਾਨ ਹੇਠ ਕਾਰਪੋਰੇਟ ਘਰਾਣਿਆਂ ਵੱਲੋਂ ਪਹਿਲਾਂ ਕੀਤੀ ਜਾਂਦੀ ਲੁੱਟ 'ਚ ਵਾਧਾ ਕਰਨ ਲਈ ਨਿੱਜੀਕਰਨ ਕੀਤਾ ਜਾ ਰਿਹਾ ਹੈ। ਲੋਕ ਵਿਰੋਧੀ ਨਿੱਜੀਕਰਨ ਦੀ ਨੀਤੀ ਲਾਗੂ ਕਰਨ ਲਈ ਸਾਰੀਆਂ ਹਾਕਮ ਜਮਾਤੀ ਪਾਰਲੀਮਾਨੀ ਪਾਰਟੀਆਂ ਇਕਮੱਤ ਹਨ। ਸਾਮਰਾਜੀ ਦਿਸ਼ਾ ਨਿਰਦੇਸ਼ਤ ਨਿੱਜੀਕਰਨ ਦੀਆਂ ਨੀਤੀਆਂ ਤਹਿਤ ਹੀ ਪੰਜਾਬ ਸਰਕਾਰ ਵੱਲੋਂ ਬਿਜਲੀ ਐਕਟ 2003 ਅਤੇ 2022 ਲਾਗੂ ਕਰਦਿਆਂ ਬਿਜਲੀ ਕਾਰਪੋਰੇਸ਼ਨ ਦੇ ਨਿੱਜੀਕਰਨ ਦਾ ਹੱਲ ਤੇਜ਼ ਕੀਤਾ ਹੋਇਆ ਹੈ। ਆਗੂਆਂ ਨੇ ਪੰਜਾਬ ਦੇ ਸਮੂਹ ਲੋਕਾਂ ਨੂੰ ਅਪੀਲ ਕੀਤੀ ਕਿ ਨਿੱਜੀਕਰਨ ਦੇ ਇਸ ਤਬਾਹਕੁੰਨ ਹੱਲੇ ਵਿਰੁੱਧ ਵਿਸ਼ਾਲ, ਸਾਂਝੇ, ਲੰਬੇ ਅਤੇ ਤਿੱਖੇ ਸੰਘਰਸ਼ ਦੀਆਂ ਜ਼ੋਰਦਾਰ ਤਿਆਰੀਆਂ ਵਿੱਚ ਜੁਟਣ ਦੀ ਲੋੜ ਹੈ, ਕਿਉਂਕਿ ਪੰਜਾਬ ਸਰਕਾਰ ਪਿਛਲੇ ਦਿਨਾਂ ਤੋਂ ਜਿਸ ਕਿਸਮ ਦੇ ਕਦਮ ਲੈ ਰਹੀ ਹੈ ਉਨ੍ਹਾਂ ਤੋਂ ਸਪੱਸ਼ਟ ਹੈ ਕਿ ਉਹ ਕਾਰਪੋਰੇਟ ਘਰਾਣਿਆਂ ਦੀ ਸੇਵਾ ਲਈ ਜਲਦੀ ਹੀ ਬਿਜਲੀ ਕਾਰਪੋਰੇਸ਼ਨ ਦਾ ਭੋਗ ਪਾਉਣ ਦੀਆਂ ਤਿਆਰੀਆਂ ਵਿੱਚ ਜੁਟੀ ਹੋਈ ਹੈ। ਲਾਲੜੂ ਅਤੇ ਖਰੜ ਡਵੀਜ਼ਨ ਦੀ ਨਿੱਜੀਕਰਨ ਦੀ ਵਿਉਂਤ ਇਸ ਅਮਲ ਨੂੰ ਤੇਜ਼ ਕਰਨ ਦੀ ਇੱਕ ਉਦਾਹਰਨ ਸਾਡੇ ਸਾਹਮਣੇ ਹੈ।



ਉਨ੍ਹਾਂ ਕਿਹਾ ਕਿ ਅਜਿਹਾ ਖਪਤਕਾਰਾਂ ਅਤੇ ਬਿਜਲੀ ਮੁਲਾਜ਼ਮਾਂ ਨੂੰ ਇੱਕ ਦੂਸਰੇ ਵਿਰੁੱਧ ਉਕਸਾ ਕੇ ਖੜ੍ਹੇ ਕਰਨਾ ਹੈ, ਜਿਸ ਨੂੰ ਅਸਫਲ ਬਣਾ ਕੇ ਨਿੱਜੀਕਰਨ ਵਿਰੁੱਧ ਸੰਘਰਸ਼ ਨੂੰ ਸਫਲ ਬਣਾਉਣ ਦੀ ਲੋੜ ਹੈ।

ਆਗੂਆਂ ਨੇ ਕਿਹਾ ਕਿ ਇਸ ਹਾਲਤ ਵਿੱਚ ਸਮੁੱਚੇ ਬਿਜਲੀ ਮੁਲਾਜ਼ਮਾਂ, ਕਿਸਾਨ, ਮਜ਼ਦੂਰ ਜਥੇਬੰਦੀਆਂ ਨੂੰ ਅਪੀਲ ਹੈ ਕਿ ਨਿਜੀਕਰਣ ਦੇ ਇਸ ਤਬਾਹਕੁੰਨ ਹੱਲੇ ਤੋਂ ਆਪਣੇ ਹਿੱਤਾਂ ਨੂੰ ਬਚਾਉਣ ਲਈ ਸਾਂਝੇ ਸੰਘਰਸ਼ ਦੀ ਉਸਾਰੀ ਸਮੇਂ ਦੀ ਪ੍ਰਮੁੱਖ ਲੋੜ ਹੈ। ਰੈਲੀ ਨੂੰ ਸਰਕਲ ਪ੍ਰਧਾਨ ਮਲਕੀਅਤ ਸਿੰਘ ਸੈਂਸਰਾ, ਸਬ ਡਵੀਜ਼ਨ ਪ੍ਰਧਾਨ ਜੁਗਰਾਜ ਸਿੰਘ ਛੀਨਾ, ਜਰਨੈਲ ਸਿੰਘ ਸੈਂਸਰਾ ਸਿੰਘ, ਦਵਿੰਦਰ ਸਿੰਘ ਲੁਹਾਰਕਾ, ਲਖਵਿੰਦਰ ਸਿੰਘ ਨਾਗ, ਨਰਿੰਦਰ ਕੁਮਾਰ, ਚਾਂਦ ਕੁਮਾਰ ਅਤੇ ਗਗਨਦੀਪ ਸਿੰਘ ਨੇ ਸੰਬੋਧਨ ਕੀਤਾ।


# ਆਰ ਡੀ ਖੋਸਲਾ ਸਕੂਲ ਦੇ ਵਿਦਿਆਰਥੀਆਂ ਨੇ ਮਿਊਜ਼ਿਕ ਡੇ ਚੈਲੇਂਜ ਮੁਕਾਬਲਾ ਜਿੱਤਿਆ



**ਬਟਾਲਾ ( ਡਾ, ਮਲਵਿੰਦਰ ਸਿੰਘ)**-ਇੰਟੈਕ ਵੱਲੋਂ ਆਯੋਜਿਤ ਮੁਕਾਬਲੇ ਵਿੱਚ ਸਕੂਲ ਦੇ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੇ ਪਹਿਲਾ ਅਤੇ ਦੂਜਾ ਸਥਾਨ ਪ੍ਰਾਪਤ ਕੀਤਾ ਇੰਟੈਕ ਵੱਲੋਂ ਆਯੋਜਿਤ ਮਿਊਜ਼ਿਕ ਡੇ ਚੈਲੇਂਜ ਮੁਕਾਬਲੇ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਇੱਕ ਵਾਰ ਫਿਰ ਆਪਣੀ ਪ੍ਰਤਿਭਾ ਦਾ ਸਬੂਤ ਦਿੱਤਾ ਅਤੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਪਹਿਲਾ ਅਤੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸ ਮੁਕਾਬਲੇ ਵਿੱਚ ਦੇਸ਼ ਭਰ ਦੇ ਕਈ ਨਾਮਵਰ ਸਕੂਲਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ ਜਿਸ ਵਿੱਚ ਆਰ.ਡੀ. ਖੋਸਲਾ ਡੀ. ਏ. ਵੀ. ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਦੇ ਵਿਦਿਆਰਥੀਆਂ ਕੁੰਵਰਦੀਪ ਸਿੰਘ ਅਤੇ ਸੁਖਮਨਜੋਤ ਕੌਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਇਸ਼ਮੀਤ ਕੌਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ।ਵਿਦਿਆਰਥੀਆਂ ਨੇ ਆਪਣੀ ਕਲਾ, ਆਵਾਜ਼ ਅਤੇ ਰਚਨਾਤਮਕਤਾ ਨਾਲ ਜੱਜਾਂ ਅਤੇ ਦਰਸ਼ਕਾਂ ਨੂੰ ਮੰਤਰਮੁਗਧ ਕਰ ਦਿੱਤਾ।ਇਸ ਮਿਊਜ਼ਿਕ ਚੈਲੇਂਜ ਦਾ ਉਦੇਸ਼ ਸੰਗੀਤ ਰਾਹੀਂ ਰਚਨਾਤਮਕਤਾ ਅਤੇ ਪ੍ਰਗਟਾਵੇ ਦੀ ਆਜ਼ਾਦੀ ਨੂੰ ਉਤਸ਼ਾਹਿਤ ਕਰਨਾ ਸੀ।ਮੁਕਾਬਲੇ ਵਿੱਚ, ਭਾਗੀਦਾਰਾਂ ਨੇ ਆਵਾਜ਼ ਅਤੇ ਤਾਲ ਦੇ ਸੰਗਮ ਨੂੰ ਇੱਕ ਵਿਲੱਖਣ ਰੂਪ ਵਿੱਚ ਪੇਸ਼ ਕੀਤਾ।

ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ ਅਤੇ ਪ੍ਰਿੰਸੀਪਲ ਡਾ. ਬਿੰਦੂ ਭੱਲਾ ਨੇ ਵਿਦਿਆਰਥੀਆਂ ਦੀ ਇਸ ਪ੍ਰਾਪਤੀ ਤੇ ਖੁਸ਼ੀ ਪ੍ਰਗਟ ਕੀਤੀ ਅਤੇ ਜੇਤੂ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾ ਏਕਾਂਤੀ ਸਰੀਨ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਸਾਡੇ ਸਕੂਲ ਲਈ ਬਹੁਤ ਮਾਣ ਵਾਲਾ ਪਲ ਹੈ।ਅਸੀਂ ਇੰਟੈਕ ਦਾ ਧੰਨਵਾਦ ਕਰਦੇ ਹਾਂ ਜਿਸਨੇ ਅਜਿਹੇ ਰਚਨਾਤਮਕ ਮੁਕਾਬਲੇ ਦਾ ਆਯੋਜਨ ਕਰਕੇ ਵਿਦਿਆਰਥੀਆਂ ਨੂੰ ਇੱਕ ਪਲੇਟਫਾਰਮ ਪ੍ਰਦਾਨ ਕੀਤਾ।

# ਹੈੱਡ ਟੀਚਰ ਤੋਂ ਸੈਂਟਰ ਹੈੱਡ ਟੀਚਰ ਤਰੱਕੀਆਂ ਨਿਯਮਾਂ ਅਨੁਸਾਰ ਕੀਤੀਆਂ ਜਾਣ: ਭੁੰਬਲੀ



ਧਾਰੀਵਾਲ (ਮਨਦੀਪ ਸਿੰਘ ਵਿੱਕੀ)– ਐੱਸਸੀਬੀਸੀ ਅਧਿਆਪਕ ਯੂਨੀਅਨ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਰਸ਼ਪਾਲ ਸਿੰਘ ਭੁੰਬਲੀ, ਪਰਮਿੰਦਰ ਸਿੰਘ, ਪ੍ਰਿੰਸੀਪਲ ਅਜੀਤ ਰਾਮ, ਪਵਨ ਕੁਮਾਰ ਅਤੇ ਯਸ਼ਪਾਲ ਨੇ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਪਰਮਜੀਤ ਨਾਲ ਮੀਟਿੰਗ ਕੀਤੀ। ਮੀਟਿੰਗ ਵਿੱਚ ਹੈੱਡ ਟੀਚਰ ਤੋਂ ਸੈਂਟਰ ਹੈੱਡ ਟੀਚਰ ਤਰੱਕੀਆਂ ਵਿੱਚ ਐੱਸ ਸੀ ਅਧਿਆਪਕਾਂ ਦੇ ਬਣਦੇ ਬੈਕਲਾਗ ਨੂੰ ਪਹਿਲ ਦੇ ਆਧਾਰ ਤੇ ਭਰਨ ਦੀ ਮੰਗ ਕੀਤੀ। ਵਫਦ ਨੇ ਕਿਹਾ ਕਿ ਰਿਜ਼ਰਵੇਸ਼ਨ ਪਾਲਿਸੀ ਅਨੁਸਾਰ ਹੀ ਤਰੱਕੀਆਂ ਕੀਤੀਆਂ ਜਾਣ ਕਿਉਂਕਿ ਨਿਯਮਾਂ ਅਨੁਸਾਰ ਸੀਨੀਆਰਤਾ ਸੂਚੀ/ਮੈਰਿਟ ਵਿੱਚ ਆਉਣ ਵਾਲੇ ਐੱਸ ਸੀ ਅਧਿਆਪਕਾਂ ਨੂੰ ਵੀ ਰਿਜ਼ਰਵੇਸ਼ਨ ਵਿਚ ਗਿਣ ਕੇ ਨਿਯਮਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ। ਆਗੂਆਂ ਨੇ ਸਿੰਗਲ ਟੀਚਰ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਪੜ੍ਹਾਈ ਨੂੰ ਧਿਆਨ ਵਿੱਚ ਰੱਖਦਿਆਂ ਆਰਜ਼ੀ ਐਡਜਸਟਮੈਂਟ ਲਾਉਣ, ਜ਼ਿਲ੍ਹਾ ਪੱਧਰ 'ਤੇ ਬਕਾਇਆ ਰਾਸ਼ੀ ਬਲਾਕਾਂ ਨੂੰ ਭੇਜਣ, ਗੈਰ ਵਿੱਦਿਅਕ ਕੰਮਾਂ ਨੂੰ ਵਾਪਿਸ ਲੈਣ, ਤਰਸ ਦੇ ਆਧਾਰ ਤੇ ਨਿਯੁਕਤੀਆਂ ਜਲਦ ਕਰਨ ਦੀ ਮੰਗ ਕਰਨ ਤੋਂ ਇਲਾਵਾ ਅਧਿਆਪਕਾਂ ਵੱਲੋਂ ਆਪਣੇ ਜਮ੍ਹਾ ਜੀ. ਪੀ. ਫੰਡ ਵਿੱਚੋਂ ਆਪਣੀਆਂ ਘਰੇਲੂ ਲੋੜਾਂ ਲਈ ਮੰਗੇ ਗਏ ਜੀ. ਪੀ. ਫੰਡ ਨੂੰ ਤੁਰੰਤ ਜਾਰੀ ਕਰਨ ਦੀ ਮੰਗ ਵੀ ਕੀਤੀ ਗਈ। ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਨੇ ਭਰੋਸਾ ਦਿੱਤਾ ਕਿ ਜਲਦੀ ਹੀ ਨਿਯਮਾਂ ਅਨੁਸਾਰ ਸਾਰੇ ਮਸਲੇ ਹੱਲ ਕਿਤੇ ਜਾਣਗੇ। ਇਸ ਮੌਕੇ ਜਥੇਬੰਦੀ ਦੇ ਜ਼ਿਲ੍ਹਾ ਪ੍ਰੈੱਸ ਸਕੱਤਰ ਪਵਨ ਕੁਮਾਰ, ਹੈੱਡ ਟੀਚਰ ਸੰਜੀਵ ਕੁਮਾਰ ਆਦਿ ਤੋਂ ਇਲਾਵਾ ਦਫਤਰ ਵੱਲੋਂ ਅਮਨਦੀਪ ਕੌਰ, ਨਵਜੋਤ ਕੌਰ ਅਤੇ ਜਸਬੀਰ ਸਿੰਘ ਹਾਜ਼ਰ ਸਨ।

# ਜ਼ੋਨ ਪ੍ਰਧਾਨ ਕੁਲਵੰਤ ਸਿੰਘ ਦੀ ਅਗਵਾਈ 'ਚ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ



ਚੋਹਲਾ ਸਾਹਿਬ (ਰਮਨ ਚੱਢਾ)-ਜ਼ੋਨ ਬਾਬਾ ਗੁਰਦਿੱਤ ਸਿੰਘ ਕਾਮਗਾਟਾਮਾਰੂ ਸਰਹਾਲੀ ਕਲਾਂ ਵੱਲੋਂ ਜ਼ੋਨ ਪ੍ਰਧਾਨ ਕੁਲਵੰਤ ਸਿੰਘ ਦੀ ਅਗਵਾਈ ਹੇਠਾਂ ਲੋਕ ਮਾਰੂ ਨੀਤੀਆਂ ਦੇ ਵਿਰੋਧ ਵਿੱਚ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ।

ਇਸ ਸਮੇਂ ਪ੍ਰਧਾਨ ਕੁਲਵੰਤ ਸਿੰਘ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ੋਨ ਗੁਰਦਾਸਪੁਰ ਵਿੱਚ ਕਿਸਾਨਾਂ ਦੀਆਂ ਜ਼ਮੀਨਾਂ ਦਾ ਮੁਆਵਜ਼ਾ ਦਿੱਤੇ ਬਿਨਾਂ ਹਥਿਆਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਕਿਸਾਨਾਂ ਨੂੰ ਪ੍ਰੇਸ਼ਾਨ ਕਰ ਰਿਹਾ ਹੈ ਜਿਸ ਕਾਰਨ ਪੂਰਾ ਕਿਸਾਨ ਵਰਗ ਪ੍ਰਸ਼ਾਸਨ ਤੋਂ ਦੁਖੀ ਹੈ। ਉਨ੍ਹਾਂ ਕਿਹਾ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਵੱਲ ਜਲਦ ਧਿਆਨ ਨਾ ਦਿੱਤਾ ਗਿਆ ਤਾਂ ਉਹ ਵੱਡੇ ਪੱਧਰ ਤੇ ਸੰਘਰਸ਼ ਵਿੱਢਣ ਲਈ ਮਜਬੂਰ ਹੋਣਗੇ। ਇਸ ਮੌਕੇ ਅੰਗਰੇਜ਼ ਸਿੰਘ, ਰਣਜੀਤ ਸਿੰਘ, ਦਿਲਬਾਗ ਸਿੰਘ, ਗੁਰਨਾਮ ਸਿੰਘ, ਜਸਬੀਰ ਸਿੰਘ, ਸਰਬਜੀਤ ਸਿੰਘ, ਤਰਸੇਮ ਸਿੰਘ, ਸੁਖਰਾਜ ਸਿੰਘ, ਰਾਜਵਿੰਦਰ ਸਿੰਘ, ਬਲਦੇਵ ਸਿੰਘ, ਬਲਜੀਤ ਸਿੰਘ, ਹਰਜਿੰਦਰ ਸਿੰਘ, ਰਘਬੀਰ ਸਿੰਘ, ਜਗੀਰ ਸਿੰਘ, ਸੰਦੀਪ ਪਾਠਕ, ਰਾਜਵਿੰਦਰ ਸਿੰਘ, ਬਲਕਾਰ ਸਿੰਘ, ਪ੍ਰਤਾਪ ਸਿੰਘ, ਬਲਰਾਜ ਸਿੰਘ, ਮੇਜਰ ਸਿੰਘ, ਬਲਵਿੰਦਰ ਸਿੰਘ, ਬਲਵਿੰਦਰ ਸਿੰਘ, ਗੁਰਚਰਨ ਸਿੰਘ, ਪਰਮਜੀਤ ਕੌਰ, ਲਖਵਿੰਦਰ ਕੌਰ, ਕੁਲਵਿੰਦਰ ਕੌਰ, ਸੁਮਿਤਰਾ ਕੌਰ, ਰਜਵੰਤ ਕੌਰ, ਸੁੱਖੀ ਕੌਰ ਆਦਿ ਆਗੂ ਹਾਜ਼ਰ ਸਨ।

# ਵੱਖ-ਵੱਖ ਸੰਘਰਸ਼ੀ ਜਥੇਬੰਦੀਆਂ ਵੱਲੋਂ ਹੜਤਾਲ ਨੂੰ ਸਮਰਥਨ

ਪੱਟੀ (ਬਲਦੇਵ ਸਿੰਘ ਸੰਧੂ)-ਵੱਖ-ਵੱਖ ਜਥੇਬੰਦੀਆਂ ਦੇ ਆਗੂ ਕਾਰਜ ਸਿੰਘ ਕੈਰੋਂ ਟਰੇਡ ਯੂਨੀਅਨ, ਧਰਮ ਸਿੰਘ ਪੱਟੀ ਸੀਟੀਯੂ, ਜਗੀਰ ਸਿੰਘ ਗੰਡੀਵਿੰਡ ਜਮਹੂਰੀ ਕਿਸਾਨ ਸਭਾ, ਸਰਬਜੀਤ ਕੌਰ ਆਸ਼ਾ ਵਰਕਰ, ਦਿਆਲ ਸਿੰਘ ਦਿਹਾਤੀ ਮਜ਼ਦੂਰ ਸਭਾ, ਜੈਮਲ ਸਿੰਘ ਬਾਠ ਆਗੂ ਰਿਟਾਇਰਡ ਬਿਜਲੀ ਮੁਲਾਜ਼ਮ, ਪ੍ਰੀਤਮ ਸਿੰਘ ਕੁਲਹਿੰਦ ਕਿਸਾਨ ਸਭਾ, ਨਰਿੰਦਰ ਕੌਰ ਔਰਤ ਮੁਕਤੀ ਮੋਰਚਾ, ਆਸ਼ਾ ਵਰਕਰ ਯੂਨੀਅਨ ਦੇ ਏਟਕ ਗਰੁੱਪ ਦੀ ਜ਼ਿਲ੍ਹਾ ਪ੍ਰਧਾਨ ਮਨਜਿੰਦਰ ਕੌਰ ਹਰੀਕੇ, ਗੁਰਮੀਤ ਕੌਰ ਚੀਮਾ ਮਿਡ ਡੇ ਮੀਲ ਯੂਨੀਅਨ, ਅੰਮ੍ਰਿਤਪਾਲ ਸਿੰਘ ਟੀਚਰ ਯੂਨੀਅਨ, ਹਰਜਿੰਦਰ ਸਿੰਘ ਜੰਡ ਪੈਨਸ਼ਨਰ ਐਸੋਸੀਏਸ਼ਨ, ਦੇਵੀ ਕੁਮਾਰੀ ਪੰਜਾਬ ਖੇਤ ਮਜ਼ਦੂਰ ਯੂਨੀਅਨ, ਦਿਦਾਰ ਸਿੰਘ ਰੋਡਵੇਜ਼ ਯੂਨੀਅਨ, ਅਵਤਾਰ ਸਿੰਘ ਬਹੁਜਨ ਸਮਾਜ ਮੁਕਤੀ ਮੋਰਚਾ, ਬਲਵੰਤ ਰਾਏ ਮਿਊਂਸੀਪਲ ਕਮੇਟੀ ਮੁਲਾਜ਼ਮ ਯੂਨੀਅਨ, ਹਰਜੀਤ ਸਿੰਘ ਰਵੀ ਕਿਸਾਨ ਸੰਘਰਸ਼ ਕਮੇਟੀ, ਸਰਬਜੀਤ ਕੌਰ ਜਵੰਦਾ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਆਦਿ ਦੀ ਅਗਵਾਈ ਵਿੱਚ ਕਿਰਤੀ ਲੋਕਾਂ ਦਾ ਭਾਰੀ ਇਕੱਠ ਹੋਇਆ।



ਹੜਤਾਲ ਨੂੰ ਸਮਰਥ ਦਿੰਦਿਆਂ ਸਮੂਹ ਬੁਲਾਰਿਆਂ ਨੇ ਇੱਕ ਸੁਰ ਵਿੱਚ ਦੱਸਿਆ ਕਿ ਕਿਵੇਂ ਕਾਰਪੋਰੇਟਾਂ ਦੀਆਂ ਦਲਾਲ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਬੇਰੋਜ਼ਗਾਰੀ ਦੇ ਮਾਰੇ ਨੌਜਵਾਨ ਵਿਦੇਸ਼ਾਂ ਵਿੱਚ ਧੱਕੇ ਖਾਣ ਲਈ ਮਜਬੂਰ ਹਨ। ਲੁੱਟਾਂ ਖੋਹਾਂ ਦਾ ਸੰਤਾਪ ਭੋਗ ਰਹੇ ਹਾਂ, ਕੱਚੇ ਕਾਮੇ ਪੱਕੇ ਨਹੀਂ ਕੀਤੇ ਜਾ ਰਹੇ, ਹੱਕ ਮੰਗਦੇ ਕਿਰਤੀਆਂ ਨੂੰ ਕੁਟਾਪਾ ਚਾੜ੍ਹਿਆ ਜਾ ਰਿਹਾ। ਆਗੂਆਂ ਨੇ ਰੋਸ ਵਜੋਂ ਵਰ੍ਹਦੇ ਮੀਂਹ ਵਿੱਚ ਸ਼ਹਿਰ ਵਿੱਚ ਮਾਰਚ ਕੀਤਾ।

# ਦੇਸ਼ ਵਿਆਪੀ ਹੜਤਾਲ ਦੇ ਸੱਦੇ ਤਹਿਤ ਗੁਰਦਾਸਪੁਰ ਜ਼ਿਲੇ ਦੀਆਂ ਟਰੇਡ ਯੂਨੀਅਨਾਂ ਨੇ ਦਿੱਤਾ ਧਰਨਾ

ਧਾਰੀਵਾਲ, ਗੁਰਦਾਸਪੁਰ) (ਮਨਦੀਪ ਸਿੰਘ ਵਿੱਕੀ/ਜਨਕ ਮਹਾਜਨ)-ਕੇਂਦਰ ਤੇ ਪੰਜਾਬ ਸਰਕਾਰ ਦੇ ਮਜ਼ਦੂਰ ਵਿਰੋਧੀ ਤੇ ਦੇਸ਼ ਵਿਰੋਧੀ ਫੈਸਲਿਆਂ ਖਿਲਾਫ ਅੱਜ ਦੇਸ਼ ਵਿਆਪੀ ਹੜਤਾਲ ਦੇ ਸੱਦੇ ਤਹਿਤ ਗੁਰਦਾਸਪੁਰ ਜਿਲੇ ਦੀਆਂ ਟਰੇਡ ਯੂਨੀਅਨਾਂ ਏਟਕ, ਸੀਟੂ, ਏਕਟੂ ਅਤੇ ਸੀ ਟੀ ਯੂ ਪੰਜਾਬ ਦੇ ਆਗੂ ਕਾਮਰੇਡ ਰੂਪ ਸਿੰਘ ਪੱਡਾ, ਬਲਵਿੰਦਰ ਸਿੰਘ ਉਦੀਪੁਰ, ਜਸਵੰਤ ਸਿੰਘ ਬੁੱਟਰ, ਪ੍ਰੇਮ ਮਸੀਹ ਸੋਨਾ, ਪ ਸ ਸ ਫ ਦੇ ਦਿਲਦਾਰ ਸਿੰਘ ਭੰਡਾਲ, ਆਂਗਣਵਾੜੀ ਵਰਕਰ ਯੂਨੀਅਨ ਤੋਂ ਬੀਬੀ ਪ੍ਰੇਮ ਕੁਮਾਰੀ ਦੀਨਾਨਗਰ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਸੰਜੀਵ ਕੁਮਾਰ, ਸੰਯੁਕਤ ਕਿਸਾਨ ਮੋਰਚੇ ਵਿਚ ਸ਼ਾਮਲ ਕਿਸਾਨ ਜਥੇਬੰਦੀਆਂ ਦੇ ਆਗੂ ਗੁਰਮੁੱਖ ਸਿੰਘ ਖਹਿਰਾ ਬੀ ਕੇ ਯੂ ਉਗਰਾਹਾਂ, ਬਲਬੀਰ ਸਿੰਘ ਕੱਤੋਵਾਲ ਕੁਲ ਹਿੰਦ ਕਿਸਾਨ ਸਭਾ, ਗੁਰਦੀਪ ਸਿੰਘ ਮੁਸਤਫਾਬਾਦ, ਅਸ਼ਵਨੀ ਕੁਮਾਰ ਪੰਜਾਬ ਕਿਸਾਨ ਯੂਨੀਅਨ, ਮੰਗਤ ਸਿੰਘ ਜੀਵਨਚੱਕ ਬੀ ਕੇ ਯੂ ਡਕੌਂਦਾ, ਧੀਰ ਸਿੰਘ ਸਿੱਧੂ ਕੁਲ ਹਿੰਦ ਕਿਸਾਨ ਸਭਾ, ਐੱਸ. ਪੀ. ਸਿੰਘ ਗੋਸਲ ਸਾਬਕਾ ਸੈਨਿਕ ਸੰਘਰਸ਼ ਕਮੇਟੀ, ਪਰਮਜੀਤ ਕੌਰ ਘਰਾਲਾ ਜਮੀਨ ਬਚਾਓ ਸੰਘਰਸ਼ ਕਮੇਟੀ ਪ੍ਰਧਾਨਗੀ ਹੇਠ ਰੈਲੀ ਤੇ ਰੋਸ ਪ੍ਰਦਰਸ਼ਨ ਕੀਤਾ।ਪ੍ਰਧਾਨਗੀ ਮੰਡਲ ਤੋਂ ਇਲਾਵਾ ਇਕੱਠ ਨੂੰ ਸੰਬੋਧਨ ਕਰਦਿਆਂ ਸਾਥੀ ਵਿਜੇ ਕੁਮਾਰ ਸੋਹਲ, ਧਿਆਨ ਸਿੰਘ ਠਾਕੁਰ, ਮਾਇਆਧਾਰੀ, ਵਰਿੰਦਰ ਕੌਰ, ਬਲਬੀਰ ਸਿੰਘ ਬੈਂਸ, ਬਲਬੀਰ ਸਿੰਘ ਮੱਲੀ, ਹਜਾਰਾ ਸਿੰਘ ਗਿੱਲ, ਕੁਲਦੀਪ ਪੁਰੋਵਾਲ, ਜਸਵੰਤ ਸਿੰਘ ਬੁੱਟਰ, ਅਸ਼ਵਨੀ ਕੁਮਾਰ ਲੱਖਣ ਕਲਾਂ, ਹਰਜੀਤ ਸਿੰਘ ਕਾਹਲੋਂ, ਅਸ਼ਵਨੀ ਕੁਮਾਰ ਜਮਹੂਰੀ ਅਧਿਕਾਰ ਸਭਾ ਗੁਰਦਿਆਲ ਸਿੰਘ ਸੋਹਲ, ਸੁਖਦੇਵ ਸਿੰਘ ਭਾਗੋਕਾਂਵਾਂ, ਮੱਖਣ ਸਿੰਘ ਕੁਹਾੜ, ਕਰਨੈਲ ਸਿੰਘ ਚਿੱਟੀ ਡੀ ਟੀ ਐਫ, ਅਮਰਜੀਤ ਸਿੰਘ ਸੈਣੀ, ਅਨਿਲ ਕੁਮਾਰ ਲਾਹੌਰੀਆ, ਨੀਲਮ ਆਂਗਨਵਾੜੀ, ਵਿਸ਼ਵਾ, ਅੰਮ੍ਰਿਤਪਾਲ, ਕੁਲਜੀਤ ਸਿੰਘ ਸਿਧਵਾਂ ਦਵਿੰਦਰ ਸਿੰਘ ਲਾਡੀ, ਰਘਬੀਰ ਸਿੰਘ ਚਾਹਲ ਅਤੇ ਹੋਰ ਸਾਥੀਆਂ ਨੇ ਕਿਹਾ ਕਿ ਭਾਜਪਾ ਦੀ ਮੋਦੀ ਸਰਕਾਰ ਨੇ ਮਜ਼ਦੂਰ ਜਮਾਤ ਨਾਲ ਧ੍ਰੋਹ ਕਮਾਇਆ ਹੈ।



# ਭਗਤ ਪੂਰਨ ਸਿੰਘ ਆਦਰਸ਼ ਹਾਈ ਸਕੂਲ ਬੁੱਟਰ ਕਲਾਂ ਵਿਖੇ ਗੁਰਮਤਿ ਪ੍ਰੀਖਿਆ ਕਰਵਾਈ

*** ਸਤਿਨਾਮ ਸਰਬ ਕਲਿਆਣ ਟਰੱਸਟ ਚੰਡੀਗੜ੍ਹ ਨੇ ਹੋਣਹਾਰ ਬੱਚਿਆਂ ਨੂੰ ਕੀਤਾ ਸਨਮਾਨਤ**

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**– ਸਤਿਨਾਮ ਸਰਬ ਕਲਿਆਣ ਟਰੱਸਟ ਚੰਡੀਗੜ੍ਹ ਦੇ ਵੱਲੋਂ ਭਗਤ ਪੂਰਨ ਸਿੰਘ ਆਦਰਸ਼ ਹਾਈ ਸਕੂਲ ਬੁੱਟਰ ਕਲਾਂ ਕਾਦੀਆਂ ਵਿਖੇ ਸਾਲਾਨਾ ਗੁਰਮਤਿ ਪ੍ਰੀਖਿਆ ਕਰਵਾਈ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਪ੍ਰਿੰਸੀਪਲ ਮੈਡਮ ਲਖਵਿੰਦਰ ਕੌਰ ਨੇ ਦੱਸਿਆ ਕਿ ਪਹਿਲੇ, ਦੂਸਰੇ ਤੇ ਤੀਸਰੇ ਨੰਬਰ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਸਤਿਨਾਮ ਸਰਬ ਕਲਿਆਣ ਟਰਸਟ ਚੰਡੀਗੜ੍ਹ ਵੱਲੋਂ ਸਨਮਾਨ ਚਿੰਨ੍ਹ ਦਿੱਤੇ ਗਏ ਅਤੇ ਬੱਚਿਆਂ ਦੀ ਹੌਸਲਾ ਅਫਜ਼ਾਈ ਕੀਤੀ ਗਈ। ਇਸ ਗੁਰਮਤਿ ਇਮਤਿਹਾਨ ਵਿੱਚ ਬੱਚਿਆਂ ਨੂੰ ਧਰਮ ਪ੍ਰਤੀ ਅਤੇ ਸਿੱਖੀ ਸਿਧਾਂਤਾਂ ਬਾਰੇ ਜਾਗਰੂਕ ਕੀਤਾ ਗਿਆ ਅਤੇ ਗੁਰੂ ਜੀ ਦੇ ਲੜ ਲੱਗਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਲਖਵਿੰਦਰ ਕੌਰ ਦੇ ਵੱਲੋਂ ਸਤਿਨਾਮ ਸਰਬ ਕਲਿਆਣ ਟਰੱਸਟ ਚੰਡੀਗੜ੍ਹ ਦੇ ਸਮੂਹ ਪ੍ਰਬੰਧਕਾਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ ਗਿਆ।



ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਿੰਸੀਪਲ ਮੈਡਮ ਲਖਵਿੰਦਰ ਕੌਰ, ਵਾਈਸ ਪ੍ਰਿੰਸੀਪਲ ਮੈਡਮ ਕੰਵਲਜੀਤ ਕੌਰ, ਪ੍ਰਿਤਪਾਲ ਕੌਰ, ਨੂਤਨ ਕੋਹਲੀ, ਹਰਪ੍ਰੀਤ ਸਿੰਘ, ਮਨਮੋਹਨ ਕੁਮਾਰ ਗੁਪਤਾ, ਨਿਰਮਲਜੀਤ ਸਿੰਘ, ਸੁਖਜਿੰਦਰ ਸਿੰਘ, ਰਾਜੇਸ਼ ਭਾਟੀਆ, ਸਤਿੰਦਰ ਸਿੰਘ, ਚਰਨਜੀਤ ਕੌਰ, ਜਸਬੀਰ ਕੌਰ, ਰਜਨੀ ਤੁਲੀ, ਸੁਖਬਿੰਦਰ ਕੌਰ, ਰੇਖਾ ਮਹਾਜਨ, ਪ੍ਰੋਮਿਲਾ ਕੁਮਾਰੀ, ਸ਼ਵੇਤਾ ਕਾਲੀਆ, ਰਾਜਵਿੰਦਰ ਕੌਰ, ਮਨੀਸ਼ਾ ਮਹਾਜਨ ਆਦਿ ਹਾਜ਼ਰ ਸਨ।

# 'ਆਪ' ਸਰਕਾਰ ਨੇ ਸੂਬੇ 'ਚ ਖੇਡ ਸੱਭਿਆਚਾਰ ਨੂੰ ਪੁਨਰ ਸੁਰਜੀਤ ਕਰਨ ਲਈ ਕੀਤੀ ਪਹਿਲਕਦਮੀ: ਸ਼ਮਸ਼ੇਰ ਸਿੰਘ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਖੇਡਾਂ ਦੇ ਪੱਧਰ ਨੂੰ ਉਚਾ ਚੁੱਕਣ ਦੇ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ ਅਤੇ ਖੇਡ ਜਗਤ ਵਿੱਚ ਸਕਾਰਾਤਮਕ ਸਕੀਮਾਂ ਨੂੰ ਅਮਲੀ ਜਾਮਾ ਪਹਿਨਾਇਆ ਜਾ ਰਿਹਾ ਹੈ।



ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਵਿਧਾਨਸਭਾ ਹਲਕਾ ਦੀਨਾਨਗਰ ਦੇ ਪਿੰਡ ਕੋਠੇ ਭਗਵਾਨਪੁਰ ਦੇ ਨੌਜਵਾਨਾਂ ਨੂੰ ਖੇਡ ਕਿੱਟਾਂ ਭੇਟ ਕਰਨ ਮੌਕੇ ਕੀਤਾ।ਉਨ੍ਹਾਂ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੀਆਂ ਨਾਲਾਇਕੀਆਂ ਦੇ ਚਲਦਿਆਂ ਪੰਜਾਬ ਦੀ ਜਵਾਨੀ ਦਾ ਨਸ਼ਿਆਂ ਨੇ ਵੱਡਾ ਨੁਕਸਾਨ ਕੀਤਾ, ਜਿਸ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਖੇਡਾਂ ਨੂੰ ਉਤਸ਼ਾਹਿਤ ਕਰਕੇ ਲੀਹ 'ਤੇ ਲਿਆਂਦਾ ਜਾ ਰਿਹਾ ਹੈ ਅਤੇ ਹੁਣ ਨੌਜਵਾਨ ਨਸ਼ਿਆਂ ਤੋਂ ਦੂਰ ਹੋ ਕੇ ਖੇਡ ਮੈਦਾਨ ਵਿੱਚ ਸਮਾਂ ਬਿਤਾਉਣਾ ਵਧੇਰੇ ਪਸੰਦ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਪੰਜਾਬ ਵਿੱਚ ਖੇਡਾਂ ਵਤਨ ਪੰਜਾਬ ਦੀਆਂ ਨਾਲ ਸੂਬੇ ਚ ਖੇਡ ਸੱਭਿਆਚਾਰ ਨੂੰ ਪੁਨਰ ਸੁਰਜੀਤ ਕਰਨ ਚ ਪਹਿਲਕਦਮੀ ਕੀਤੀ ਹੈ।ਸਰਕਾਰ ਵੱਲੋਂ ਖਿਡਾਰੀਆਂ ਨੂੰ ਖੇਡ ਲਈ ਲੋੜੀਂਦੇ ਸਾਮਾਨ ਦੀ ਜ਼ਰੂਰਤ ਨੂੰ ਪੂਰਾ ਕੀਤਾ ਜਾ ਰਿਹਾ ਹੈ।ਪੰਜਾਬ ਸਰਕਾਰ ਸੂਬੇ ਦੇ ਖਿਡਾਰੀਆਂ ਨੂੰ ਕੌਮਾਂਤਰੀ ਪੱਧਰ 'ਤੇ ਨਾਮਣਾ ਖੱਟਣ ਲਈ ਹਰ ਤਰ੍ਹਾਂ ਦੀ ਸਹੂਲਤ ਦੇਣ ਲਈ ਵਚਨਬੱਧ ਹੈ, ਜਿਸ ਤਹਿਤ ਉਨ੍ਹਾਂ ਨੂੰ ਏਸ਼ੀਆਈ ਅਤੇ ਉਲੰਪਿਕਸ ਦੀ ਤਿਆਰੀ ਅਤੇ ਅਭਿਆਸ ਲਈ ਨਕਦ ਰਾਸ਼ੀ ਦੇਣ ਤੋਂ ਇਲਾਵਾ ਮੈਡਲ ਜਿੱਤ ਕੇ ਆਉਣ ਤੇ ਨਕਦ ਇਨਾਮ ਅਤੇ ਉੱਚ ਸਿਵਲ ਤੇ ਪ੍ਰਸ਼ਾਸਕੀ ਅਹੁਦੇ ਤੇ ਤਾਇਨਾਤੀ ਦਿੱਤੀ ਗਈ ਹੈ।ਉਨ੍ਹਾਂ ਕਿਹਾ ਕਿ ਖੇਡਾਂ ਜਿੱਥੇ ਸਾਡੇ ਜੀਵਨ ਚ ਅਨੁਸ਼ਾਸਨ ਪੈਦਾ ਕਰਦੀਆਂ ਹਨ, ਉਥੇ ਨੌਜੁਆਨੀ ਨੂੰ ਨਸ਼ਿਆਂ ਤੋਂ ਦੂਰ ਰੱਖਣ ਦਾ ਵੀ ਸਭ ਤੋਂ ਵਧੀਆ ਜ਼ਰੀਆ ਹਨ।ਇਸ ਲਈ ਵੱਧ ਤੋਂ ਵੱਧ ਨੌਜਵਾਨਾਂ ਨੂੰ ਖੇਡਾਂ ਨਾਲ ਜੁੜ ਕੇ ਤੰਦਰੁਸਤ ਅਤੇ ਖੁਸ਼ਹਾਲ ਜੀਵਨ ਬਤੀਤ ਕਰਨਾ ਚਾਹੀਦਾ ਹੈ।ਇਸ ਮੌਕੇ ਆਪ ਆਗੂ ਮਨੋਹਰ ਲਾਲ, ਅਸ਼ਵਨੀ ਕੁਮਾਰ, ਦੀਪਕ ਕੁਮਾਰ, ਅਜੇ ਕੁਮਾਰ, ਅਮਿਤ ਕੁਮਾਰ, ਲਲਿਤ ਕੁਮਾਰ ਅਤੇ ਮਨੋਜ ਕੁਮਾਰ ਵੀ ਮੌਜੂਦ ਸਨ।

# ਮੱਛਰਾਂ ਤੋਂ ਹੋਣ ਵਾਲੀਆਂ ਬਿਮਾਰੀਆਂ ਬਾਰੇ ਦਿੱਤੀ ਜਾਣਕਾਰੀ


ਝਬਾਲ (ਹਰਜਿੰਦਰ ਸਿੰਘ ਸੋਨੀ)-ਸਿਵਲ ਸਰਜਨ ਤਰਨਤਾਰਨ ਡਾ. ਗੁਰਪ੍ਰੀਤ ਸਿੰਘ ਰਾਏ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾ. ਮਨਜੀਤ ਸਿੰਘ ਰਟੌਲ ਸੀਨੀਅਰ ਮੈਡੀਕਲ ਅਫਸਰ ਸੀਐੱਚਸੀ ਝਬਾਲ ਦੀ ਰਹਿਨੁਮਾਈ ਅੱਡਾ ਝਬਾਲ ਵਿਖੇ ਡੇਂਗੂ, ਮਲੇਰੀਆ, ਚਿਕਨਗੁਨੀਆ ਸੰਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਹੈਲਥ ਸੁਪਰਵਾਈਜ਼ਰ ਰਾਮ ਰਸ਼ਪਾਲ ਵੱਲੋਂ ਪਿੰਡ ਵਾਸੀਆਂ ਨੂੰ ਗਲੀਆਂ ਨਾਲੀਆਂ ਦੀ ਸਫਾਈ ਕਰਨ ਲਈ ਪ੍ਰੇਰਿਤ ਕੀਤਾ ਗਿਆ ਅਤੇ ਖੜ੍ਹੇ ਗੰਦੇ ਪਾਣੀ ਦੇ ਸਰੋਤਾਂ ਨੂੰ ਖਤਮ ਕਰਨ ਲਈ ਕਿਹਾ।



ਉਨ੍ਹਾਂ ਦੱਸਿਆ ਕਿ ਉਕਤ ਬਿਮਾਰੀਆਂ ਨੂੰ ਫੈਲਾਉਣ ਲਈ ਮੱਛਰ ਖੜੇ ਅਤੇ ਗੰਦੇ ਪਾਣੀ ਵਿੱਚ ਪੈਦਾ ਹੁੰਦਾ ਹੈ। ਸੋ ਸਾਨੂੰ ਇਨ੍ਹਾਂ ਤੋਂ ਬਚਣ ਲਈ ਆਪਣੇ ਆਲੇ ਦੁਆਲੇ ਪਾਣੀ ਇਕੱਠਾ ਨਹੀਂ ਹੋਣ ਦੇਣਾ ਚਾਹੀਦਾ। ਕੂਲਰ, ਮਨੀ ਪਲਾਂਟ ਅਤੇ ਛੱਤ ਉੱਪਰ ਟੁੱਟੇ ਭੱਜੇ ਸਾਮਾਨ ਵਿੱਚ ਪਾਣੀ ਜਮ੍ਹਾ ਨਾ ਹੋਣ ਦਿੱਤਾ ਜਾਵੇ, ਉਸ ਨੂੰ ਹਫਤੇ ਵਿੱਚ ਇੱਕ ਵਾਰ ਜਰੂਰ ਸਾਫ ਕੀਤਾ ਜਾਵੇ। ਰਾਤ ਨੂੰ ਸੌਣ ਵੇਲੇ ਪੂਰੀ ਬਾਂਹ ਵਾਲੇ ਕੱਪੜੇ ਪਹਿਨ ਕੇ ਜਾਂ ਮੱਛਰਦਾਨੀ ਦਾ ਇਸਤੇਮਾਲ ਕੀਤਾ ਜਾਵ। ਇਸ ਸਮੇਂ ਵਿਕਰਮ ਸਿੰਘ, ਸੁਖਬੀਰ ਕੌਰ ਏਐੱਨਐੱਮ, ਜਸਵਿੰਦਰ ਸਿੰਘ ਵਾਰਡ ਅਟੈਂਡੈਂਟ, ਨਰਸਿੰਗ ਸਟੂਡੈਂਟਸ ਅਮਨਜੋਤ ਸਿੰਘ, ਅਰਮਾਨਦੀਪ ਸਿੰਘ, ਪ੍ਰਿੰਸ ਆਦਿ ਹਾਜ਼ਰ ਸਨ।

# ਰੇਲਵੇ ਫਾਟਕ (ਸੀ-64) ਪਰਮਾਨੰਦ ਰਿਪੇਅਰ ਕਾਰਨ 10 ਤੋਂ 13 ਤੱਕ ਬੰਦ

ਪਠਾਨਕੋਟ (ਦਵਿੰਦਰ ਸਿੰਘ)-ਸ. ਹਰਦੀਪ ਸਿੰਘ ਵਧੀਕ ਡਿਪਟੀ ਕਮਿਸ਼ਨਰ (ਜ) ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰੇਲਵੇ ਵਿਭਾਗ ਵੱਲੋਂ ਦਿੱਤੀ ਜਾਣਕਾਰੀ ਦੇ ਅਨੁਸਾਰ ਰੇਲਵੇ ਕਰਾਸਿੰਗ ਫਾਟਕ ਤੇ ਜ਼ਰੂਰੀ ਰਿਪੇਅਰ ਦਾ ਕੰਮ ਚਲਦਿਆਂ ਰੋਡ ਪੂਰੀ ਤਰ੍ਹਾਂ ਨਾਲ ਬੰਦ ਰਹਿਣਗੇ।ਉਨ੍ਹਾਂ ਦੱਸਿਆ ਕਿ ਪਰਮਾਨੰਦ ਵਿਖੇ ਸੀ-64 ਰੇਲਵੇ ਫਾਟਕ ਤੇ ਰਿਪੇਅਰ ਦਾ ਕੰਮ ਚਲਦਿਆਂ ਇਹ ਰੋਡ 10 ਜੁਲਾਈ ਤੋਂ 13 ਜੁਲਾਈ ਤੱਕ ਪੂਰੀ ਤਰ੍ਹਾਂ ਨਾਲ ਬੰਦ ਰਹੇਗਾ। ਉਨ੍ਹਾਂ ਕਿਹਾ ਕਿ ਜੋ ਲੋਕ ਇਸ ਰੋਡ ਦੀ ਚੋਣ ਕਰਦੇ ਹਨ ਕਿ ਉਹ ਇਸ ਰੋਡ ਤੇ ਨਾ ਜਾ ਕੇ ਕਿਸੇ ਹੋਰ ਰੋਡ ਦੀ ਚੋਣ ਕਰ ਸਕਦੇ ਹਨ ਤਾਂ ਜੋ ਆਵਾਜਾਈ ਵਿੱਚ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।



# ਸਰਕਾਰੀ ਹਸਪਤਾਲ ਕਲਾਨੌਰ 'ਚ ਲਗਾਇਆ 145ਵਾਂ ਖੂਨਦਾਨ ਕੈਂਪ

ਕਲਾਨੌਰ (ਮਨਦੀਪ ਕੋਹਲੀ)-ਸਮਾਜਸੇਵਾ ਦੇ ਕਾਰਜਾਂ 'ਚ ਸਮੇਂ ਸਮੇਂ 'ਤੇ ਲੋੜਵੰਦਾਂ ਦੀ ਮਦਦ ਅਤੇ ਖੂਨਦਾਨ ਕੈਂਪ ਆਯੋਜਿਤ ਕਰਕੇ ਸਮਾਜ 'ਚ ਆਪਣਾ ਬਣਦਾ ਯੋਗਦਾਨ ਪਾਉਂਦੀਆਂ ਆ ਰਹੀਆਂ ਜਥੇਬੰਦੀਆਂ ਸਮਾਜਿਕ ਗਤੀਵਿਧੀਆਂ ਸੇਵਾ ਸੁਸਾਇਟੀ ਕਲਾਨੌਰ ਤੇ ਬਲੱਡ ਡੋਨਰਜ਼ ਸੁਸਾਇਟੀ ਗੁਰਦਾਸਪੁਰ ਵੱਲੋਂ ਸਾਂਝਾ ਉਪਰਾਲਾ ਕਰਦਿਆਂ ਕਸਬੇ ਦੇ ਸਰਕਾਰੀ ਹਸਪਤਾਲ 'ਚ ਸਿਹਤ ਅਮਲੇ ਦੇ ਸਹਿਯੋਗ ਨਾਲ 145ਵਾਂ ਖੂਨਦਾਨ ਕੈਂਪ ਲਗਾਇਆ ਗਿਆ। ਇਸ ਕੈਂਪ 'ਚ ਬਟਾਲਾ ਤੋਂ ਸਰਕਾਰੀ ਬਲੱਡ ਬੈਂਕ ਦੀ ਟੀਮ ਖੂਨ ਇਕੱਤਰ ਕਰਨ ਲਈ ਪਹੁੰਚੀ। ਕੈਂਪ ਦੀ ਸ਼ੁਰੂਆਤ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ. ਰਮੇਸ਼ ਕੁਮਾਰ ਵਲੋਂ ਪਹਿਲੇ ਡੋਨਰ ਦਾ ਸਨਮਾਨ ਕੀਤਾ। ਕੈਂਪ 'ਚ ਸਿਵਲ ਸਰਜਨ ਗੁਰਦਾਸਪੁਰ ਡਾ. ਜਸਵਿੰਦਰ ਸਿੰਘ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ ਅਤੇ ਉਨ੍ਹਾਂ ਵਲੋਂ ਡੋਨਰਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਵਲੋਂ ਸੇਵਾ ਦੇ ਕਾਰਜਾਂ 'ਚ ਪਾਏ ਜਾ ਰਹੇ ਯੋਗਦਾਨ ਲਈ ਹੌਸਲਾ ਅਫਜ਼ਾਈ ਕੀਤੀ। ਇਸ ਮੌਕੇ 'ਤੇ ਸੰਸਥਾ ਦੇ ਨੁਮਾਇੰਦੇ ਦਰਸ਼ਨ ਸਿੰਘ ਪੁਰੇਵਾਲ, ਸੁਰਿੰਦਰ ਵਰਧਨ, ਸੁਖਵਿੰਦਰ ਸਿੰਘ ਮੱਲ੍ਹੀ, ਸੋਨੂੰ ਮੱਲ੍ਹੀ, ਅਵਤਾਰ ਸਿੰਘ ਘੁੰਮਣ, ਮਨੂੰ ਸ਼ਰਮਾ, ਕਵਲਜੀਤ ਸਿੰਘ ਗੁਰਾਇਆ, ਗੁਰਸ਼ਰਨਜੀਤ ਸਿੰਘ ਪੁਰੇਵਾਲ ਨੇ ਦੱਸਿਆ ਕਿ ਬਲੱਡ ਬੈਂਕਾਂ ਵਿੱਚ ਖੂਨ ਦੀ ਘਾਟ ਚੱਲ ਰਹੀ ਹੈ ਅਤੇ ਥੈਲਾਸੀਮੀਆ ਨਾਲ ਪੀੜ੍ਹਤਾਂ ਨੂੰ ਵੱਡੀ ਪ੍ਰੇਸ਼ਾਨੀ ਆ ਰਹੀ ਸੀ ਜਿਸ ਦੇ ਮੱਦੇਨਜ਼ਰ ਸੰਸਥਾ ਵਲੋਂ ਸਮਾਜਸੇਵਕਾਂ ਦੇ ਸਹਿਯੋਗ ਨਾਲ 145ਵਾਂ ਖੂਨਦਾਨ ਕੈਂਪ ਲਗਾਇਆ ਗਿਆ ਹੈ ਜਿਸ 'ਚ 2 ਔਰਤਾਂ ਸਮੇਤ 45 ਜਣਿਆਂ ਵਲੋਂ ਖੂਨਦਾਨ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਡੋਨਰ ਮਨਦੀਪ ਸਿੰਘ ਵਡਾਲਾ ਬਾਂਗਰ ਵਲੋਂ 81ਵੀਂ ਵਾਰ ਖੂਨਦਾਨ ਕਰਨ ਤੇ ਸਨਮਾਨ ਕੀਤਾ ਗਿਆ। ਇਸ ਮੌਕੇ 'ਤੇ ਸਰਕਾਰੀ ਹਸਪਤਾਲ ਦੇ ਬੀ.ਈ.ਈ. ਗੁਰਪ੍ਰੀਤ ਪਾਲ, ਐਚ.ਆਈ ਪ੍ਰਭਜੋਤ ਸਿੰਘ, ਫਾਰਮੈਸੀ ਅਫਸਰ ਰਣਬੀਰ ਸਿੰਘ ਰੰਧਾਵਾ, ਪ੍ਰਭਜੀਤ ਸਿੰਘ ਨਾਨੋਹਾਰਨੀ, ਐਡ. ਪ੍ਰਭਜੋਤ ਸਿੰਘ ਸਹਾਰੀ, ਪ੍ਰਿੰ. ਸੱਤਿਆ ਸਿੰਘ ਠਾਕੁਰ, ਮੁੱਖ ਅਧਿਆਪਕ ਦਲਜੀਤ ਸਿੰਘ ਪਟਿਆਲੀਆ, ਮਨਜੀਤ ਸਿੰਘ ਕੌਰ ਐਲ.ਐਚ.ਵੀ., ਮਨਜੀਤ ਕੌਰ ਆਸ਼ਾ ਫੈਸਿਲੀਟੇਟਰ, ਸਤਿੰਦਰਪਾਲ ਸਿੰਘ ਰਾਜਾ, ਜਗਜੀਵਨ ਸਿੰਘ ਸੱਗੂ, ਬਲਬੀਰ ਸਿੰਘ ਘੁੰਮਣ, ਮਨਦੀਪ ਸਿੰਘ ਵਡਾਲਾ ਬਾਂਗਰ, ਮਨਦੀਪ ਕੁਮਾਰ ਹਰੀ ਅਕੈਡਮੀਂ, ਲੇਖਕ ਰਾਜ ਰਜਿੰਦਰ ਸਿੰਘ, ਗੁਰਮੇਜ ਸਿੰਘ, ਗੁਰਸ਼ਰਨ ਸਿੰਘ, ਸਾਬੀ ਅਗਰਵਾਲ, ਰਾਜਨ ਸ਼ਰਮਾਂ, ਡਿੰਪਲ ਕੁਮਾਰ, ਅਜੇਪਾਲ ਸਿੰਘ, ਮਨਪ੍ਰੀਤ ਸਿੰਘ, ਸੰਤ ਦਵਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ 'ਚ ਸਮਾਜਸੇਵਕ ਹਾਜ਼ਰ ਰਹੇ।



# ਜੰਗਲੀ ਬਾਂਦਰ ਨੇ ਦੋ ਕੁ ਦਰਜਨ ਔਰਤਾਂ ਤੇ ਬੱਚਿਆਂ ਨੂੰ ਅੱਡਾ ਝਬਾਲ ਵਿਖੇ ਵੱਢ ਖਾਧਾ

ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਅੱਡਾ ਝਬਾਲ ਵਿਖੇ ਪਿਛਲੇ ਕਈ ਦਿਨਾਂ ਤੋਂ ਇਕ ਜੰਗਲੀ ਬਾਂਦਰ ਨੇ ਅੱਡਾ ਝਬਾਲ ਦੇ ਬਾਬਾ ਜੱਲਣ ਕਲੋਨੀ, ਬਾਬਾ ਬੁੱਢਾ ਜੀ ਕਲੋਨੀ ਤੇ ਅੱਡਾ ਝਬਾਲ ਦੇ ਦੁਕਾਨਦਾਰਾਂ ਵਿਚ ਭਾਰੀ ਦਹਿਸ਼ਤ ਪਾਈ ਹੋਈ ਹੈ। ਲੋਕ ਬੱਚਿਆਂ ਨੂੰ ਬਾਹਰ ਨਹੀਂ ਨਿਕਲਣ ਦੇ ਰਹੇ। ਇਸ ਜੰਗਲੀ ਬਾਂਦਰ ਨੇ ਗਲੀਆਂ ਅਤੇ ਸੜਕਾਂ 'ਤੇ ਜਾ ਰਹੀਆਂ ਲੱਗਭਗ ਦੋ ਦਰਜਨ ਔਰਤਾਂ ਅਤੇ ਬੱਚਿਆਂ ਨੂੰ ਹੁਣ ਤੱਕ ਵੱਢ ਲਿਆ ਹੈ। ਜ਼ਖ਼ਮੀ ਲੋਕ ਜ਼ਖ਼ਮਾਂ 'ਤੇ ਟਾਂਕੇ ਲਗਾਉਣ ਤੋਂ ਇਲਾਵਾ ਹਲਕਾਅ ਦੇ ਟੀਕੇ ਵੀ ਲਗਵਾ ਰਹੇ ਹਨ। ਇਹ ਜੰਗਲੀ ਬਾਂਦਰ ਲੋਕਾਂ ਦੇ ਘਰਾਂ 'ਚ ਵੜ ਕੇ ਵੀ ਨੁਕਸਾਨ ਕਰ ਰਿਹਾ। ਲੋਕ ਬਹੁਤ ਜ਼ਿਆਦਾ ਦੁਖੀ ਹਨ। ਜ਼ਿਲ੍ਹਾ ਤਰਨਤਾਰਨ ਕਾਂਗਰਸ ਕਮੇਟੀ ਦੇ ਵਾਈਸ ਪ੍ਰਧਾਨ ਕਰਨਬੀਰ ਸਿੰਘ ਬੁਰਜ, ਅੱਡਾ ਝਬਾਲ ਦੇ ਆਜ਼ਾਦ ਗਰੁੱਪ ਦੇ ਆਗੂ ਪੂਰਨ ਸਿੰਘ ਝਬਾਲ, ਸਾਬਕਾ ਸਰਪੰਚ ਜੱਗਾ ਸਵਰਗਾਪੁਰੀ, ਚੇਅਰਮੈਨ ਰਮਨ ਕੁਮਾਰ, ਇੰਦਰਜੀਤ ਸਿੰਘ ਲਾਲੀ ਪਲਾਈਵੁੱਡ ਵਾਲੇ, ਕਾਮਰੇਡ ਦਵਿੰਦਰ ਸੋਹਲ, ਕਾਮਰੇਡ ਅਸ਼ੋਕ ਕੁਮਾਰ ਸੋਹਲ, ਬਜਾਜ ਕਰਿਆਨਾ ਸਟੋਰ ਝਬਾਲ ਨੇ ਜੰਗਲਾਤ ਵਿਭਾਗ ਤੇ ਮਾਣਯੋਗ ਡਿਪਟੀ ਕਮਿਸ਼ਨਰ ਤਰਨਤਾਰਨ ਕੋਲੋਂ ਮੰਗ ਕੀਤੀ ਹੈ ਕਿ ਇਸ ਆਵਾਰਾ ਜੰਗਲੀ ਬਾਂਦਰ ਨੂੰ ਫੜ ਕੇ ਜੰਗਲ ਵਿਚ ਛੱਡਿਆ ਜਾਵੇ।



10-July-PAGE-12.qxd 7/9/2025 10:43 PM Page 1



# ਦੇਸ਼-ਵਿਆਪੀ ਹੜਤਾਲ 'ਚ ਜਨਤਕ ਜੱਥੇਬੰਦੀਆ ਵੱਲੋਂ ਭਰਵੀਂ ਸ਼ਮੂਲੀਅਤ


ਸੁਲਤਾਨਪੁਰ ਲੋਧੀ


ਹੁਸ਼ਿਆਰਪੁਰ


ਨੰਗਲ


ਖਰੜ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)** ਸੰਯੁਕਤ ਕਿਸਾਨ ਮੋਰਚਾ ਵੱਲੋਂ ਕੇਂਦਰ ਦੀ ਮੋਦੀ ਸਰਕਾਰ ਅਤੇ ਪੰਜਾਬ ਸਰਕਾਰ ਦੇ ਮਜਦੂਰ ਵਿਰੋਧੀ, ਲੋਕ ਵਿਰੋਧੀ ਤੇ ਦੇਸ਼ ਵਿਰੋਧੀ ਫੈਸਲਿਆਂ ਖਿਲਾਫ ਕੇਂਦਰੀ ਟਰੇਡ ਯੂਨੀਅਨਾਂ ਅਤੇ ਫੈਡਰੇਸ਼ਨਾਂ ਦੇ ਦੇਸ਼ ਵਿਆਪੀ ਹੜਤਾਲ ਦੇ ਸੱਦੇ 'ਤੇ ਸੁਲਤਾਨਪੁਰ ਲੋਧੀ ਬੱਸ ਸਟੈਂਡ 'ਤੇ ਵਿਸ਼ਾਲ ਰੈਲੀ ਤੇ ਰੋਸ ਪ੍ਰਦਰਸ਼ਨ ਕੀਤਾ ਗਿਆ। ਪਿਆਰਾ ਸਿੰਘ ਚੰਦੀ ਸਰਕਲ ਸਕੱਤਰ ਕਪੂਰਥਲਾ ਪੈਨਸ਼ਨਰ ਐਸੋਸੀਏਸ਼ਨ ਦੀ ਪ੍ਰਧਾਨਗੀ ਹੇਠ ਹੋਇਆ। ਇਸ ਮੌਕੇ ਕਿਸਾਨ ਯੂਨੀਅਨਾਂ ਦੇ ਸਾਂਝੇ ਮੋਰਚੇ 'ਚ ਸ਼ਾਮਲ ਜਥੇਬੰਦੀਆਂ, ਕੁਲ ਹਿੰਦ ਕਿਸਾਨ ਸਭਾ, ਭਾਰਤੀ ਕਿਸਾਨ ਯੂਨੀਅਨ, ਕਿਰਤੀ ਕਿਸਾਨ ਯੂਨੀਅਨ ਅਤੇ ਹੋਰ ਟਰੇਡ ਯੂਨੀਅਨ ਜਿਹਨਾਂ ਵਿੱਚ ਕਿਰਤੀ ਕਿਸਾਨ ਯੂਨੀਅਨ, ਪੰਜਾਬ ਕਿਸਾਨ ਸਭਾ, ਭਾਰਤ ਨਿਰਮਾਣ ਮਿਸਤਰੀ ਮਜ਼ਦੂਰ ਯੂਨੀਅਨ, ਟੈਕਨੀਕਲ ਸਰਵਿਸ ਯੂਨੀਅਨ ਟੀ ਐਸ ਯੂ ਪਾਵਰ ਕਾਮ, ਆਲ ਇੰਡੀਆ ਭਾਰਤੀ ਕਿਸਾਨ ਯੂਨੀਅਨ ਡਕੌਂਦਾ, ਪੈਨਸ਼ਨਰ ਐਸੋਸੀਏਸ਼ਨ, ਪੇਂਡੂ ਮਜਦੂਰ ਯੂਨੀਅਨ, ਖੇਤ ਮਜ਼ਦੂਰ ਯੂਨੀਅਨ, ਚੌਂਕੀਦਾਰ ਯੂਨੀਅਨ, ਖੇਤ ਮਜ਼ਦੂਰ ਸਭਾ, ਗੌਰਮਿੰਟ ਪੈਨਸਨਰਜ ਐਸੋਸੀਏਸਨ ਆਦਿ ਭਰਾਤਰੀ ਜਥੇਬੰਦੀਆਂ ਵੱਲੋਂ ਹਿੱਸਾ ਲਿਆ ਗਿਆ। ਇਸ ਮੌਕੇ ਆਗੂਆਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਪਬਲਿਕ ਅਦਾਰਿਆਂ ਦਾ ਨਿੱਜੀਕਰਨ, ਅਜ਼ਾਦ ਤੇ ਨਿਰਪੱਖ ਸੰਸਥਾਵਾਂ ਦਾ ਭਗਵਾਂਕਰਨ ਅਤੇ ਦੇਸ਼ ਭਰ ਦੇ ਕੁਦਰਤੀ ਸੰਸਾਧਨ ਜਲ, ਜੰਗਲ, ਜ਼ਮੀਨ ਨੂੰ ਬਲਪੂਰਵਕ ਤਰੀਕੇ ਨਾਲ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰ ਰਹੀ ਹੈ। ਆਗੂਆਂ ਤੇ ਵਰਕਰਾਂ ਵੱਲੋਂ ਕੇਂਦਰ ਤੇ ਪੰਜਾਬ ਸਰਕਾਰ ਖਿਲਾਫ ਨਾਅਰੇਬਾਜੀ ਕਰਦਿਆਂ ਮੰਗਾਂ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕੀਤਾ ਗਿਆ ਅਤੇ ਸਯੁੰਕਤ ਕਿਸਾਨ ਮੋਰਚਾ ਦੇ ਹੱਥ ਮਜਬੂਤ ਕਰਦੇ ਹੋਏ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਵਿਰੋਧ ਜਾਰੀ ਰੱਖਿਆ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਯੁੰਕਤ ਕਿਸਾਨ ਮੋਰਚਾ ਦੇ ਐਡ ਰਜਿੰਦਰ ਸਿੰਘ ਰਾਣਾ, ਕਿਰਤੀ ਕਿਸਾਨ ਯੂਨੀਅਨ ਸੁੱਚਾ ਸਿੰਘ, ਪੰਜਾਬ ਕਿਸਾਨ ਸਭਾ ਜਗੀਰ ਸਿੰਘ ਬਾਜਵਾ, ਮਾਸਟਰ ਚਰਨ ਸਿੰਘ ਪੰਜਾਬ ਪੈਨਸਨਰ ਐਸੋਸੀਏਸਨ, ਰਘਬੀਰ ਸਿੰਘ ਮਹਿਰਵਾਲਾ ਕਿਰਤੀ ਕਿਸਾਨ ਯੂਨੀਅਨ, ਧਰਮਿੰਦਰ ਸਿੰਘ ਭਾਰਤੀ ਕਿਸਾਨ ਯੂਨੀਅਨ ਡਕੌਂਦਾ, ਨਿਰਮਲ ਸਿੰਘ ਸੇਰਪੁਰ ਸੱਦਾ ਪੇਂਡੂ ਮਜਦੂਰ ਯੂਨੀਅਨ , ਅਮਰਜੀਤ ਸਿੰਘ ਟਿੱਬਾ ਪ੍ਰਧਾਨ ਕੁਲ ਹਿੰਦ ਕਿਸਾਨ ਸਭਾ, ਜਸਵਿੰਦਰ ਸਿੰਘ ਟਿੱਬਾ ਵਿੱਤ ਸਕੱਤਰ ਪੰਜਾਬ ਗੌਰਮੈਂਟ ਪੈਨਸ਼ਨ ਐਸੋਸੀਏਸ਼ਨ, ਦਿਹਾਤੀ ਮਜ਼ਦੂਰ ਯੂਨੀਅਨ ਸਟੇਟ ਕਮੇਟੀ ਹਰਬੰਸ ਮੱਟੂ, ਬਲਦੇਵ ਸਿੰਘ ਭਾਰਤ ਨਿਰਮਾਣ ਮਿਸਤਰੀ ਮਜ਼ਦੂਰ ਯੂਨੀਅਨ, ਪ੍ਰਤਾਪ ਸਿੰਘ ਮੋਮੀ ਸੁਖਦੇਵ ਸਿੰਘ ਪਾਵਰਕਾਮ ਲਾਈਨਮੈਨ, ਸੁਖਦੇਵ ਸਿੰਘ ਟਿੱਬਾ ਰਿਟਾਇਰਡ ਐਸ ਡੀ ਓ, ਮੁਖਤਿਆਰ ਸਿੰਘ ਖਿੰਡਾ ਪੈਨਸ਼ਨਰਜ਼ ਐਸੋਸੀਏਸ਼ਨ, ਚਰਨਜੀਤ ਸ਼ਰਮਾ ਪੈਨਸ਼ਨਰਜ ਐਸੋਸੀਏਸ਼ਨ, ਪ੍ਰਿੰਸੀਪਲ ਬਲਦੇਵ ਸਿੰਘ ਚੱਕ ਕੋਟਲਾ, ਮਲਕੀਤ ਸਿੰਘ ਸੇਰਪੁਰ ਸੱਧਾ, ਪਿਆਰਾ ਸਿੰਘ ਚੰਦੀ ਸਰਕਲ ਸਕੱਤਰ ਪੈਨਸ਼ਨ ਐਸੋਸੀਏਸ਼ਨ ਪਾਵਰਕਾਮ, ਸੁਖਵਿੰਦਰ ਸਿੰਘ ਨਾਮੀ ਨੌਜਵਾਨ ਸਭਾ ਪੰਜਾਬ, ਹਰਮੇਲ ਸਿੰਘ ਸੇਚਾਂ ਜ਼ਿਲਾ ਕਮੇਟੀ ਮੈਂਬਰ, ਕੁਲਦੀਪ ਕੌਰ ਬੋਹੜਵਾਲਾ, ਸੁਰਜੀਤ ਸਿੰਘ ਠੱਟਾ ਜਨਰਲ ਸਕੱਤਰ ਖੇਤ ਮਜਦੂਰ ਸਭਾ, ਸਰਵਣ ਸਿੰਘ ਕਰਮਜੀਤ ਪੁਰ, ਪ੍ਰਿੰਸੀਪਲ ਕੇਵਲ ਸਿੰਘ, ਸੁਖਵਿੰਦਰ ਸਿੰਘ ਸਹਿਰੀ, ਮਾ ਪਰਸਨ ਲਾਲ ਭੋਲਾ, ਚੌਂਕੀਦਾਰ ਯੂਨੀਅਨ ਪ੍ਰਧਾਨ ਮਹਿੰਦਰ ਸਿੰਘ, ਰਵਿੰਦਰ ਰਵੀ, ਬਲਵਿੰਦਰ ਸਿੰਘ ਬੱਗਾ ਆਦਿ ਸਮੇਤ ਵੱਡੀ ਗਿਣਤੀ ਵਿੱਚ ਆਗੂ ਤੇ ਵਰਕਰ ਹਾਜ਼ਰ ਸਨ।

**ਖਰੜ (ਹਰਨਾਮ ਸਿੰਘ ਡੱਲਾ)**-ਖਰੜ ਦੇ ਕਿਰਤੀ ਕਾਮਿਆਂ ਨੇ ਦੇਸ਼ ਭਰ ਵਿੱਚ ਕੀਤੀ ਜਾ ਰਹੀ ਹੜਤਾਲ ਵਿੱਚ ਆਪਣਾ ਭਰਵਾਂ ਯੋਗਦਾਨ ਪਾਇਆ ਹੈ। ਸਾਥੀ ਸੁਖਵਿੰਦਰ ਸਿੰਘ ਦੁੱਮਣਾ, ਸੁਰਿੰਦਰ ਸਿੰਘ ਬਡਾਲਾ, ਭੁਪਿੰਦਰ ਮਦਨਹੇੜੀ, ਕਿਰਪਾਲ ਸਿੰਘ ਅਰਨੀਵਾਲਾ, ਬਲਵਿੰਦਰ ਸਿੰਘ ਰਡਿਆਲਾ ਅਤੇ ਅਮਰਜੀਤ ਸਿੰਘ ਦੀ ਅਗਵਾਈ ਵਿੱਚ ਕੀਤੀ ਗਈ ਇਸ ਰੈਲੀ ਨੂੰ ਸੰਬੋਧਨ ਕਰਦਿਆਂ ਜਮਹੂਰੀ ਕਿਸਾਨ ਸਭਾ ਆਗੂ ਰਾਮ ਕਿਸ਼ਨ ਧੁਨਕੀਆ, ਬਿਜਲੀ ਕਾਮਿਆਂ ਦੀ ਜਥੇਬੰਦੀ ਜੁਆਂਇਟ ਫ਼ੋਰਮ ਪੰਜਾਬ ਤੇ ਏਕਤਾ ਮੰਚ ਪੰਜਾਬ, ਦੇ ਆਗੂਆਂ ਸਾਥੀ ਸੁਖਜਿੰਦਰ ਸਿੰਘ, ਸਿਮਰਪਰੀਤ ਸਿੰਘ, ਸੁਖਵਿੰਦਰ ਸਿੰਘ ਦੁੱਮਣਾ, ਬਰਿੰਦਰ ਸਿੰਘ, ਭੁਪਿੰਦਰ ਸਿੰਘ, ਬਲਵਿੰਦਰ ਸਿੰਘ ਰਡਿਆਲਾ, ਗਦਰੀ ਬਾਬੇ ਵਿਚਾਰਧਾਰਕ ਮੰਚ ਦੇ ਸੀਨੀਅਰ ਮੀਤ ਪ੍ਰਧਾਨ ਗੁਰਦੇਵ ਸਿੰਘ ਅਰਨੀਵਾਲਾ ਅਤੇ ਮਜਦੂਰ ਆਗੂ ਤੇ ਸੀਟੂ ਮੋਹਾਲੀ ਦੇ ਮੀਤ ਪ੍ਰਧਾਨ ਹਰਨਾਮ ਸਿੰਘ ਡੱਲਾ ਨੇ ਸੰਬੋਧਨ ਕੀਤਾ।ਇਸ ਸਮੇਂ ਸੀ ਪੀ ਐੱਮ ਦੇ ਸਕੱਤਰ ਪਰਮਜੀਤ ਸਿੰਘ ਖਿਜਰਾਬਾਦ ਨੇ ਮਜ਼ਦੂਰਾਂ ਦੀ ਹੜਤਾਲ ਦੀ ਹਮਾਇਤ ਕੀਤੀ।ਵੱਖ-ਵੱਖ ਬੁਲਾਰਿਆਂ ਨੇ ਕੇਂਦਰ ਸਰਕਾਰ ਦੀਆਂ ਮਜ਼ਦੂਰ ਕਿਸਾਨ ਤੇ ਮੁਲਾਜ਼ਮ ਵਿਰੋਧੀ ਨੀਤੀਆਂ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਮਜ਼ਦੂਰਾਂ ਦੇ ਹਿੱਤ ਭੁੱਲ ਕੇ ਕੇਂਦਰ ਸਰਕਾਰ ਦਾ ਕਿਰਤ ਵਿਭਾਗ ਸੁੱਤਾ ਪਿਆ ਹੈ ਤੇ ਪਿਛਲੇ ਦਸਾਂ ਸਾਲਾਂ ਤੋਂ ਮਜ਼ਦੂਰਾਂ ਦੇ ਹੱਕ ਵਿੱਚ ਕਾਨੂੰਨ ਬਣਾਉਣ ਦੀ ਥਾਂ ਚਾਰ ਕੋਡ ਬਿੱਲ ਪਾਸ ਕਰ ਦਿੱਤੇ ਗਏ ਹਨ। ਜਿਸ ਨੂੰ ਵਾਪਸ ਕਰਵਾਉਣ ਲਈ ਦੇਸ਼ ਵਿਆਪੀ ਹੜਤਾਲ ਕੀਤੀ ਗਈ ਹੈ। ਮੰਚ ਸੰਚਾਲਨ ਸਾਥੀ ਸ਼ੇਰ ਸਿੰਘ ਵੱਲੋਂ ਕੀਤਾ ਗਿਆ।

**ਜਲੰਧਰ (ਰਜੇਸ਼ ਥਾਪਾ)**-ਕੇਂਦਰ ਦੀ ਮੋਦੀ ਸਰਕਾਰ ਵੱਲੋਂ ਪੂੰਜੀਪਤੀਆਂ ਦੇ ਦਬਾਅ ਹੇਠ ਦੇਸ਼ ਭਰ ਦੇ ਪਾਵਰ ਸੈਕਟਰ ਸਮੇਤ ਸਮੁੱਚੇ ਪਬਲਿਕ ਸੈਕਟਰ ਨੂੰ ਅੰਨੇਵਾਹ ਨਿੱਜੀ ਹੱਥਾਂ ਵਿੱਚ ਦੇਣ ਦੇ ਖਿਲਾਫ਼ ਅਤੇ 44 ਕਿਰਤ ਕਾਨੂੰਨਾਂ ਨੂੰ ਖਤਮ ਕਰਕੇ ਚਾਰ ਲੇਬਰ ਕੋਡ ਬਣਾਉਣ ਦੀ ਲੋਕ ਵਿਰੋਧੀ ਨੀਤੀ ਵਿਰੁੱਧ ਕੇਂਦਰੀ ਟਰੇਡ ਯੂਨੀਅਨਾਂ , ਅਜ਼ਾਦ ਫੈਡਰੇਸ਼ਨਾਂ ਦੇ ਸੱਦੇ ਤੇ ਅਤੇ ਸਯੁੰਕਤ ਕਿਸਾਨ ਮੋਰਚੇ ਦੀ ਹਮਾਇਤ ਪ੍ਰਾਪਤ ਇਤਿਹਾਸਕ ਦੇਸ਼ ਵਿਆਪੀ ਹੜਤਾਲ ਵਿੱਚ ਬਿਜਲੀ ਕਾਮਿਆਂ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਗਈ ।ਬਿਜਲੀ ਕਾਮਿਆਂ ਦੇ ਆਗੂਆਂ ਰਤਨ ਸਿੰਘ ਮਜਾਰੀ, ਗੁਰਪ੍ਰੀਤ ਸਿੰਘ ਗੰਡੀਵਿੰਡ , ਹਰਪਾਲ ਸਿੰਘ ,ਗੁਰਵੇਲ ਸਿੰਘ ਬੱਲਪੁਰੀਆ, ਦਵਿੰਦਰ ਸਿੰਘ ਪਿਸੌਰ, ਬਲਜੀਤ ਸਿੰਘ ਮੋਦਲਾ, ਸਰਿੰਦਰਪਾਲ ਲਹੌਰੀਆ , ਕੁਲਵਿੰਦਰ ਸਿੰਘ ਢਿੱਲੋਂ, ਦਲੀਪ ਕੁਮਾਰ , ਕੌਰ ਸਿੰਘ ਸੋਹੀ ਨੇ ਕਿਹਾ ਕੇ ਕੇਂਦਰ ਦੀ ਭਾਜਪਾ ਸਰਕਾਰ ਲਗਾਤਾਰ ਕਿਸਾਨ ਮਜ਼ਦੂਰ, ਮੁਲਾਜ਼ਮ ਵਿਰੋਧੀ ਨੀਤੀਆਂ ਲਾਗੂ ਕਰ ਰਹੀ ਹੈ 44 ਕਿਰਤ ਕਾਨੂੰਨਾਂ ਨੂੰ ਖਤਮ ਕਰਕੇ ਚਾਰ ਲੇਬਰ ਕੋਡ ਬਣਾ ਕੇ ਕੰਮ ਕਰਨ ਦੇ ਘੰਟਿਆਂ ਨੂੰ ਵਧਾਉਣ ਦੀ ਨੀਤੀ ਤਹਿਤ ਪੂੰਜੀਪਤੀਆਂ ਦੇ ਹਿੱਤ ਪਾਲ ਰਹੀ ਹੈ, ਪੱਕੇ ਰੁਜ਼ਗਾਰ ਦੀ ਜਗ੍ਹਾ ਕੱਚਾ ਰੁਜ਼ਗਾਰ ਦੇਣ ਦੀ ਨੀਤੀ ਨੂੰ ਪੂਰੇ ਦੇਸ਼ ਵਿੱਚ ਧੜੱਲੇ ਨਾਲ ਲਾਗੂ ਕੀਤਾ ਜਾ ਰਿਹਾ ਹੈ। ਆਗੂਆਂ ਨੇ ਕਿਹਾ ਕਿ ਬੇਸ਼ੱਕ ਪੰਜਾਬ ਸਰਕਾਰ ਨੇ ਪਿਛਲੇ ਸਮੇਂ ਦੌਰਾਨ 10 ਡਵੀਜ਼ਨਾਂ ਨੂੰ ਨਿੱਜੀ ਹੱਥਾਂ ਵਿੱਚ ਦੇਣ ਦੀ ਕੋਸ਼ਿਸ਼ ਕੀਤੀ ਗਈ ਸੀ, ਪਰ ਜੱਥੇਬੰਦੀਆਂ ਦੇ ਵਿਰੋਧ ਕਰਕੇ ਇਹ ਫੈਸਲਾ ਲਾਗੂ ਨਹੀਂ ਹੋ ਸਕਿਆ। ਆਗੂਆਂ ਨੇ ਕਿਹਾ ਕਿ ਪੰਜਾਬ ਅੰਦਰ ਬਿਜਲੀ ਅਦਾਰੇ ਅੰਦਰ ਕਿਸੇ ਵੀ ਤਰ੍ਹਾਂ ਦਾ ਨਿੱਜੀਕਰਨ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਨਾ ਹੀ ਲੇਬਰ ਕੋਡ ਲਾਗੂ ਹੋਣ ਦਿੱਤੇ ਜਾਣਗੇ।


ਜਲੰਧਰ

**ਨਵਾਂਸ਼ਹਿਰ, ਬਲਾਚੌਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਟ੍ਰੇਡ ਯੂਨੀਅਨਾਂ ਅਤੇ ਹੋਰ ਸੰਗਠਨਾਂ ਦੇ ਸਾਂਝੇ ਮੰਚ ਵੱਲੋਂ ਦੇ ਦਿੱਤੇ ਰਾਸ਼ਟਰਵਿਆਪੀ ਹੜਤਾਲ ਦੇ ਸੱਦੇ ਉੱਤੇ ਮਜਦੂਰ, ਮੁਲਾਜ਼ਮ ਅਤੇ ਕਿਸਾਨ ਜਥੇਬੰਦੀਆਂ ਵਲੋਂ ਹੜਤਾਲ ਕਰਕੇ ਬੱਸ ਅੱਡਾ ਨਵਾਂਸ਼ਹਿਰ ਵਿਖੇ ਰੈਲੀ ਕਰਕੇ ਸ਼ਹਿਰ ਵਿਚ ਮੁਜਾਹਰਾ ਕੀਤਾ ਗਿਆ।ਇਸ ਮੌਕੇ ਸੰਬੋਧਨ ਕਰਦਿਆਂ ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਸੂਬਾ ਪ੍ਰੈਸ ਸਕੱਤਰ ਜਸਬੀਰ ਦੀਪ, ਜਿਲਾ ਪ੍ਰਧਾਨ ਗੁਰਦਿਆਲ ਰੱਕੜ, ਜਿਲਾ ਮੀਤ ਪ੍ਰਧਾਨ ਪਰਵੀਨ ਕੁਮਾਰ ਨਿਰਾਲਾ, ਆਸ਼ਾ ਵਰਕਰ ਅਤੇ ਫੈਸਿਲੀਟੇਟਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸ਼ਕੁੰਤਲਾ ਸਰੋਏ,ਆਟੋ ਵਰਕਰ ਯੂਨੀਅਨ ਦੇ ਜਿਲਾ ਪ੍ਰਧਾਨ ਪੁਨੀਤ ਕੁਮਾਰ ਬਛੌੜੀ, ਕਿਰਤੀ ਕਿਸਾਨ ਯੂਨੀਅਨ ਦੇ ਜਿਲਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ,ਕੌਮੀ ਕਿਸਾਨ ਯੂਨੀਅਨ ਦੇ ਆਗੂ ਨਿਰਮਲ ਸਿੰਘ ਔਜਲਾ,ਜਮਹੂਰੀ ਅਧਿਕਾਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਅਸ਼ੋਕ ਕੁਮਾਰ,ਰੇਹੜੀ ਵਰਕਰ ਯੂਨੀਅਨ ਦੇ ਪ੍ਰਧਾਨ ਹਰੇ ਰਾਮ ਆਗੂਆਂ ਨੇ ਕਿਹਾ ਕਿ ਅੱਜ ਮਜਦੂਰ ਜਮਾਤ ਸਾਹਮਣੇ ਵੱਡੀਆਂ ਚਣੌਤੀਆਂ ਹਨ।ਉਹਨਾਂ ਕਿਹਾ ਕਿ ਚਾਰ ਕਿਰਤ ਕੋਡ ਮੋਦੀ ਸਰਕਾਰ ਦਾ ਮਜਦੂਰ ਵਰਗ ਉੱਤੇ ਘਾਤਕ ਹਮਲਾ ਹਨ।ਇਹ ਕਿਰਤ ਕੋਡ ਮਜਦੂਰਾਂ ਦੇ ਜਥੇਬੰਦ ਹੋਣ, ਸੰਘਰਸ਼ ਕਰਨ,ਹੜਤਾਲ ਕਰਨ ਵਰਗੇ ਕਿਰਤੀਆਂ ਦੇ ਬੁਨਿਆਦੀ ਅਧਿਕਾਰਾਂ ਉੱਤੇ ਡਾਕਾ ਹਨ।ਜਿਸ ਤੋਂ ਇਹ ਸਾਬਤ ਹੁੰਦਾ ਹੈ ਕਿ ਮੋਦੀ ਸਰਕਾਰ ਲਈ ਕਿਰਤੀ ਵਰਗ ਸਿਰਫ ਪੂੰਜੀਪਤੀਆਂ ਦੇ ਮੁਨਾਫ਼ੇ ਦੇ ਆਧਾਰ ਤੋਂ ਬਿਨਾਂ ਹੋਰ ਕੁਝ ਵੀ ਨਹੀਂ।ਆਗੂਆਂ ਨੇ ਕਿਹਾ ਕਿ ਮਜਦੂਰ ਵਰਗ ਦੇ ਕੰਮ ਸਥਾਨ ਬੇਹੱਦ ਅਸੁਰੱਖਿਅਤ ਹਨ।ਉਹਨਾਂ ਕਿਹਾ ਕਿ ਮੋਦੀ ਸਰਕਾਰ ਨੇ ਸਰਕਾਰੀ ਬੈਂਕਾਂ ਨੂੰ ਕਾਰਪੋਰੇਟਰਾਂ ਦੇ ਭਲਾਈ ਕੇਂਦਰ ਬਣਾ ਕੇ ਰੱਖ ਦਿੱਤਾ ਹੈ।


ਸ੍ਰੀ ਅਨੰਦਪੁਰ ਸਾਹਿਬ

**ਨਵਾਂਸ਼ਹਿਰ, ਬਲਾਚੌਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ, ਜਸਵਿੰਦਰ ਬੈਂਸ)** -ਇੱਥੇ ਭਾਈ ਲਾਲੋ ਲੋਕ ਮੰਚ ਪੰਜਾਬ ਦੇ ਯੂਨਿਟ ਦੀ ਮੀਟਿੰਗ ਸਾਥੀ ਮੋਹਨ ਲਾਲ ਕੈਂਥ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਨੇ ਸਫਲ ਦੇਸ਼ ਵਿਆਪੀ ਹੜਤਾਲ 'ਤੇ ਖੁਸ਼ੀ ਪ੍ਰਗਟ ਕੀਤੀ ਅਤੇ ਕਿਰਤੀ ਲੋਕਾਂ ਨੂੰ ਵਧਾਈ ਦਿੱਤੀ।ਮੀਟਿੰਗ ਨੇ ਆਸ ਪ੍ਰਗਟ ਕੀਤੀ ਕਿ ਦੇਸ਼ ਦੀ ਕੇਂਦਰ ਸਰਕਾਰ ਮਜ਼ਦੂਰਾਂ, ਮੁਲਾਜ਼ਮਾ, ਕਿਸਾਨਾਂ ਅਤੇ ਵਪਾਰੀਆਂ ਦੀਆਂ ਮੰਗਾਂ ਵੱਲ ਵਿਸ਼ੇਸ਼ ਧਿਆਨ ਦੇ ਕੇ ਮੰਗਾਂ ਨੂੰ ਪੂਰਾ ਕਰੇਗੀ। ਮੀਟਿੰਗ ਸ਼ਹਿਰ ਅਤੇ ਨਾਲ ਲੱਗਦੇ [illegible] ਪਾਣੀ ਦੀ ਨਿਕਾਸੀ ਲਈ ਵਿਸ਼ੇਸ਼ ਉਪਰਾਲੇ ਕਰੇ ਤਾਂ ਕਿ ਲੋਕ ਮਾਰੂ ਬਿਮਾਰੀ ਤੋਂ ਬਚ ਸਕਣ। ਅੰਤ ਵਿੱਚ ਸਰਬ ਸੰਮਤੀ ਨਾਲ ਸ਼ਹਿਰੀ ਯੂਨਿਟ ਦੀ ਚੋਣ ਕੀਤੀ ਗਈ ਜਿਸ ਵਿੱਚ ਸਾਥੀ ਮੋਹਣ ਲਾਲ ਕੈਂਥ ਨੂੰ ਪ੍ਰਧਾਨ ਅਤੇ ਪਰਮਿੰਦਰ ਬੈਂਸ ਨੂੰ ਸਕੱਤਰ ਚੁਣਿਆ ਗਿਆ।ਇਸ ਮੌਕੇ ਵਿਨੋਦ ਕੁਮਾਰ, ਰਾਜਿੰਦਰ ਕੁਮਾਰ ਬਾਵਾ, ਸੁਰਜੀਤ ਰਾਣਾ, ਵਿਪਿਨ ਕੁਮਾਰ, ਹਰਪਾਲ ਸਿੰਘ ਮੱਕੋਵਾਲ ਮਨੋਹਰ ਲਾਲ ਕਰਨੈਲ ਭੱਲਾ ਵੀ ਹਾਜਰ ਸਨ।


ਹੁਸ਼ਿਆਰਪੁਰ


ਨਵਾਂਸ਼ਹਿਰ

**ਮਾਹਿਲਪੁਰ (ਸਫਰੀ)**—ਕੇਂਦਰੀ ਟਰੇਡ ਯੂਨੀਅਨਾਂ ਅਤੇ ਜਨਤਕ ਜੱਥੇਬੰਦੀਆਂ ਵਲੋਂ ਦਿੱਤੇ ਹੜਤਾਲ ਦੇ ਸੱਦੇ 'ਤੇ ਬਲਾਕ ਮਾਹਿਲਪੁਰ ਵਿਖੇ ਜਨਤਕ ਜੱਥੇਬੰਦੀਆਂ ਵੱਲੋਂ ਮਾਹਿਲਪੁਰ ਵਿਖੇ ਰੈਲੀ ਕਰਕੇ ਆਪਣਾ ਰੋਸ ਪ੍ਰਦਰਸ਼ਨ ਪੈਨਸ਼ਨਰ ਆਗੂ ਸੋਹਣ ਸਿੰਘ ਭੂੰਨੋ, ਬਲਾਕ ਪ੍ਰਧਾਨ ਨਰਿੰਦਰ ਅਜਨੋਹਾ, ਕਿਸਾਨ ਆਗੂ ਤਲਵਿੰਦਰ ਸਿੰਘ ਹੀਰ, ਮਲਕੀਤ ਸਿੰਘ ਬਾਹੋਵਾਲ ਦੀ ਅਗਵਾਈ ਵਿੱਚ ਸਥਾਨਕ ਸਬਜ਼ੀ ਮੰਡੀ ਵਿਖੇ ਰੈਲੀ ਕਰਕੇ ਕੀਤਾ ਗਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਮੱਖਣ ਸਿੰਘ ਲੰਗੇਰੀ, ਜਸਵੀਰ ਸਿੰਘ, ਸ਼ੇਰ ਜੰਗ ਬਹਾਦਰ ਸਿੰਘ ਜਿਲ੍ਹਾ ਆਗੂ ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਅਤੇ ਸੁਰਿੰਦਰ ਸਿੰਘ, ਅਮਰਜੀਤ ਕੁਮਾਰ ਨੰਗਲ ਖਿਲਾੜੀਆਂ, ਪਰਮਜੀਤ ਕਾਤਿਬ ਅਤੇ ਕਮਲਜੀਤ ਖੜੌਦੀ ਆਦਿ ਆਗੂਆਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਧਾਰਮਿਕ ਉਨਮਾਤ, ਘੱਟ ਗਿਣਤੀਆਂ ਨਾਲ ਪੱਖਪਾਤ, ਸਿੱਖਿਆ ਨੀਤੀ ਦਾ ਭਗਵਾਂਕਰਨ, ਕਾਰਪੋਰੇਟ ਵਰਗ ਦੀ ਮਨਮਰਜੀ, ਕਿਰਤ ਕਾਨੂੰਨਾਂ ਨਾਲ ਅਤੇ ਸੰਵਿਧਾਨ ਨਾਲ ਛੇੜਛਾੜ ਕਰਕੇ ਦੇਸ਼ ਦੀ ਗੰਗਾ-ਯਮੁਨਾ ਤਹਿਜੀਬ ਨੂੰ ਭੰਗ ਕਰਕੇ ਦੇਸ਼ ਵਿਚ ਨਫਰਤ ਦਾ ਮਹੌਲ ਪੈਦਾ ਕਰ ਰਹੀ ਹੈ। ਇਸਨੂੰ ਦੇਸ਼ ਦੇ ਅਮਨ ਪਸੰਦ ਲੋਕ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰਨਗੇ। ਮੁਜ਼ਾਹਰਾਕਾਰੀਆਂ ਵਲੋਂ ਸ਼ਹਿਰ ਵਿੱਚ ਸ਼ਾਂਤਮਈ ਰੋਸ ਮਾਰਚ ਕਰਨ ਉਪਰੰਤ ਮੁੱਖ ਚੌਕ ਵਿੱਚ ਟਰੈਫਿਕ ਰੋਕ ਕੇ ਕੁੱਝ ਦੇਰ ਲਈ ਚੱਕਾ ਵੀ ਜਾਮ ਕੀਤਾ ਗਿਆ। ਇਸ ਮੌਕੇ ਮਨਜਿੰਦਰ ਸਿੰਘ ਹੱਲੂਵਾਲ, ਹਰਵਿੰਦਰ ਸਿੰਘ, ਬਲਦੇਵ ਰਾਜ ਵਿਰਦੀ, ਸਤਨਾਮ ਸਿੰਘ, ਸਗਲੀ ਰਾਮ, ਬਲਵੀਰ ਸਿੰਘ, ਵਰਿੰਦਰ ਸ਼ਰਮਾ, ਕੁਲਦੀਪ ਸਿੰਘ, ਸੁਰਿੰਦਰ ਸਿੰਘ, ਗੁਰਨਾਮ ਚੰਦ, ਉਂਕਾਰ ਸਿੰਘ, ਹਰਕੇਸ਼ ਕੁਮਾਰ, ਮਹਿੰਦਰ ਪਾਲ, ਅਮਰਜੀਤ ਸਿੰਘ, ਹਰਜੀਤ ਸਿੰਘ, ਬਲਦੇਵ ਢੱਕੋਂ, ਰਾਮ ਆਸਰਾ, ਦਵਿੰਦਰ ਸਿੰਘ, ਲਾਲ ਸਿੰਘ, ਪਰਵਿੰਦਰ ਸਿੰਘ, ਸੋਮਨਾਥ, ਜਸਵੀਰ ਕੌਰ, ਆਸ਼ਾ ਰਾਣੀ ਅਤੇ ਕਈ ਹੋਰ ਵੱਡੀ ਗਿਣਤੀ ਵਿੱਚ ਇਨਸਾਫ ਪਸੰਦ ਲੋਕ ਹਾਜ਼ਰ ਸਨ।



ਨਵਾਂਸ਼ਹਿਰ


ਬੰਗਾ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਕੇਂਦਰੀ ਟਰੇਡ ਯੂਨੀਅਨਾਂ, ਮੁਲਾਜਮ ਫੈਡਰੇਸ਼ਨਾਂ ਅਤੇ ਜਨਤਕ ਜਥੇਬੰਦੀਆਂ ਦੇ ਸੱਦੇ 'ਤੇ ਦੇਸ਼ ਵਿਆਪੀ ਹੜਤਾਲ ਦੇ ਮੌਕੇ ਜਸਵੰਤ ਸਿੰਘ ਸੈਣੀ, ਕੁਲਦੀਪ ਸਿੰਘ ਦੌੜਕਾ, ਦਸੌਂਦਾ ਸਿੰਘ, ਬਲਜੀਤ ਕੌਰ, ਅਮਰਜੀਤ ਕੌਰ, ਨਰਿੰਦਰ ਕੁਮਾਰ ਪੰਡੋਰੀ ਦੀ ਪ੍ਰਧਾਨਗੀ ਹੇਠ ਬੱਸ ਸਟੈਂਡ ਨਵਾਂ ਸ਼ਹਿਰ ਵਿਖੇ ਰੋਸ ਰੈਲੀ ਉਪਰੰਤ ਸ਼ਹਿਰ ਵਿੱਚ ਪ੍ਰਦਰਸ਼ਨ ਕੀਤਾ ਗਿਆ। ਰੋਸ ਰੈਲੀ ਨੂੰ ਸੰਬੋਧਨ ਕਰਦਿਆਂ ਮਹਾਂ ਸਿੰਘ ਰੋੜੀ, ਹਰਪਾਲ ਸਿੰਘ ਜਗਤਪੁਰ, ਬੂਟਾ ਸਿੰਘ ਮਹਿਮੂਦਪੁਰ, ਪ੍ਰੇਮ ਰੱਕੜ, ਲਖਬੀਰ ਸਿੰਘ ਪਨਬਸ, ਜਗਤਾਰ ਸਿੰਘ, ਬਿਕਰਮਜੀਤ ਸਿੰਘ, ਕਸ਼ਮੀਰ ਸਿੰਘ, ਪਰਮਿੰਦਰ ਮੇਨਕਾ, ਪਰਮਜੀਤ ਸਿੰਘ ਰੋੜੀ, ਰੇਸ਼ਮ ਲਾਲ, ਜਸਵੀਰ ਕੌਰ, ਸਤਨਾਮ ਸਿੰਘ ਗੁਲਾਟੀ, ਚਰਨਜੀਤ ਦੌਲਤਪੁਰ, ਕੁਲਦੀਪ ਝਿੰਗੜ, ਜੁਝਾਰ ਸਿੰਘ, ਅੱਛਰ ਸਿੰਘ, ਮੋਹਣ ਸਿੰਘ ਪੂਨੀਆ, ਨਿਰਮਲ ਸਿੰਘ ਆਦਿ ਨੇ ਕਿਹਾ ਕਿ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਵੱਲੋਂ ਸਾਮਰਾਜੀ ਮੁਲਕਾਂ ਵਲੋਂ ਨਿਰਦੇਸ਼ਤ ਨਵ-ਉਦਾਰਵਾਦੀ ਨੀਤੀਆਂ ਲਾਗੂ ਕਰਨ ਨਾਲ ਦੇਸ਼ ਵਿੱਚ ਗਰੀਬੀ, ਅਨਪੜ੍ਹਤਾ, ਮਹਿੰਗਾਈ, ਬੇਰੁਜਗਾਰੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਕੇਂਦਰ ਦੀ ਕਾਰਪੋਰੇਟ ਪੱਖੀ ਫਿਰਕੂ ਫਾਸੀਵਾਦੀ ਸਰਕਾਰ ਵਲੋਂ ਦੇਸ਼ ਦੇ ਲੋਕਾਂ ਨੂੰ ਸੇਵਾਵਾਂ ਦੇਣ ਅਤੇ ਨਵੀਂ ਪੀੜ੍ਹੀ ਲਈ ਰੁਜਗਾਰ ਦੇ ਮੌਕੇ ਪ੍ਰਦਾਨ ਕਰਨ ਵਾਲੇ ਸਰਕਾਰੀ ਅਦਾਰੇ ਕਾਰਪੋਰੇਟ ਘਰਾਣਿਆਂ ਨੂੰ ਸੌਂਪੇ ਜਾ ਰਹੇ ਹਨ। ਆਗੂਆਂ ਨੇ ਕੇਂਦਰ ਸਰਕਾਰ ਵੱਲੋਂ ਕਿਰਤ ਕਾਨੂੰਨ ਖਤਮ ਕਰਕੇ ਚਾਰ ਕੋਡ ਲਾਗੂ ਕਰਨ ਦੀ ਥਾਂ ਕਿਰਤ ਕਾਨੂੰਨ ਬਹਾਲ ਕਰਨ, ਜਨਤਕ ਖੇਤਰ ਦੇ ਅਦਾਰਿਆਂ ਨੂੰ ਖਤਮ ਕਰਨ ਦੀ ਨਿੱਜੀਕਰਨ ਦੀ ਨੀਤੀ ਰੱਦ ਕਰਨ ਆਦਿ ਮੰਗਾਂ ਦਾ ਜ਼ਿਕਰ ਕੀਤਾ ਗਿਆ।

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**—ਦਸੂਹਾ ਦੇ ਪਾਂਡਵ ਤਲਾਬ ਹਾਲ ਵਿਖੇ ਜੇ .ਪੀ .ਐ .ਓ ਦੇ ਸੱਦੇ 'ਤੇ ਹੜਤਾਲ ਅਤੇ ਰੋਸ ਮਾਰਚ ਯੂਨੀਅਨ ਆਗੂ ਸਾਂਤੀ ਸਰੂਪ,ਪ੍ਰਿੰਸ ਪਲਿਆਲ ਗੜ੍ਹਦੀਵਾਲ, ਦਲਵੀਰ ਸਿੰਘ ਭੁੱਲਰ, ਉਮੇਸ ਕੁਮਾਰ, ਆਗੂ ਚਰਨਜੀਤ ਸਿੰਘ ਭਿੰਡਰ ਦੀ ਅਗਵਾਈ ਹੇਠ ਕੀਤਾ ਗਿਆ। ਜਿਸ ਵਿੱਚ ਕਿਸਾਨ ਮਜਦੂਰ ਅਤੇ ਮੁਲਾਜਮ ਜਥੇਬੰਦੀਆਂ ਦੇ ਕਰਮਚਾਰੀ ਭਾਰੀ ਗਿਣਤੀ ਵਿੱਚ ਸ਼ਾਮਿਲ ਹੋਏ। ਉਪਰੋਕਤ ਆਗੂਆਂ ਨੇ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਮੁਲਾਜਮ ਮੰਗਾਂ ਪੁਰਾਣੀ ਪੈਨਸ਼ਨ ਬਹਾਲ ਕਰੇ, ਕੌਮੀ ਸਿੱਖਿਆ ਨੀਤੀ 2020 ਨੂੰ ਰੱਦ ਕਰੇ, ਚਾਰ ਲੇਬਰ ਕਾਨੂੰਨ ਰੱਦ ਕਰੇ, ਪੇਂਡੂ ਭੱਤਾ ਬਹਾਲ ਕਰੇ, ਪੇ ਕਮਿਸ਼ਨ ਅਤੇ ਡੀਏ ਦੇ ਬਕਾਏ , ਕੱਚੇ ਕਾਮੇ ਪੱਕੇ ਕਰੇ, ਮਿਡ ਡੇ ਮੀਲ ਤੇ ਆਸ਼ਾ ਵਰਕਰਾਂ ਦੇ ਮਾਣ ਭੱਤੇ ਵਿੱਚ ਵਾਧਾ, ਠੇਕੇ 'ਤੇ ਭਰਤੀਆਂ ਬੰਦ ਕਰਕੇ ਰੈਗੂਲਰ ਭਰਤੀ ਕਰੇ ਅਤੇ ਕਿਸਾਨਾਂ ਦੇ ਮੁੱਦੇ ਹੱਲ ਕੀਤੇ ਜਾਣ ਆਦਿ ਮੰਗਾਂ ਨੂੰ ਲੈ ਕੇ ਹੜਤਾਲ ਕੀਤੀ ਗਈ ਅਤੇ ਬੱਸ ਅੱਡੇ ਤੱਕ ਰੋਸ ਮਾਰਚ ਕੀਤਾ ਗਿਆ। ਜਸਬੀਰ ਸਿੰਘ ਬੋਦਲ, ਇੰਦਰਸੁਖਦੀਪ ਸਿੰਘ,ਮਨਜੀਤ ਸਿੰਘ, ਬੱਬੂ ਰਾਮ, ਬਰਜਿੰਦਰ ਸਿੰਘ, ਮੀਰਾ ਦੇਵੀ, ਭੁਪਿੰਦਰ ਸਿੰਘ, ਗੁਰਨਾਮ ਸਿੰਘ, ਕਮਲ ਰੰਧਾਵਾ, ਆਸ਼ਾ ਦੇਵੀ, ਵੀ ਨੇ ਚੇਤਾਵਨੀ ਦਿੱਤੀ ਕਿ ਉਪਰੋਕਤ ਮੰਗਾਂ ਨੂੰ ਸਰਕਾਰ ਤੁਰੰਤ ਹੱਲ ਕਰੇ, ਨਹੀਂ ਤਾਂ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਰਾਜ ਕੁਮਾਰ, ਖੁਸਵੰਤ ਸਿੰਘ, ਕਮਲਪ੍ਰੀਤ ਸਿੰਘ, ਮੀਨਾ ਦੇਵੀ, ਸੀਤਲ ਰਾਣੀ, ਮਨਜੀਤ ਕੌਰ, ਹਰਪਾਲ ਸਿੰਘ, ਕਰਮਵੀਰ ਸਿੰਘ, ਮਨਜੀਤ ਸਿੰਘ, ਬਰਿੰਦਰ ਸਿੰਘ, ਗੁਰਨਾਮ ਸਿੰਘ, ਵਰਿੰਦਰ ਸਿੰਘ ਆਦਿ ਹਾਜਰ ਸਨ।

**ਸ਼੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਦੇਸ਼ ਵਿਆਪੀ ਹੜਤਾਲ ਨੂੰ ਸਫਲ ਕਰਨ ਦੇ ਲਈ ਪਾਵਰਕਾਮ ਦਫਤਰ ਮੰਡਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਬਿਜਲੀ ਮੁਲਾਜ਼ਮਾਂ ਵੱਲੋਂ ਸਾਂਝੇ ਤੌਰ 'ਤੇ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਖਿਲਾਫ ਨਾਅਰੇਬਾਜ਼ੀ ਕਰਕੇ ਰੋਸ ਰੈਲੀ ਕੀਤੀ ਗਈ, ਜਿਸ ਦੀ ਪ੍ਰਧਾਨਗੀ ਟੈਕਨੀਕਲ ਸਰਵਿਸਿਜ ਯੂਨੀਅਨ ਭੰਗਲ ਦੇ ਡਵੀਜ਼ਨ ਪ੍ਰਧਾਨ ਤਰਸੇਮ ਲਾਲ ਬੜਵਾ ਪੀ.ਐਸ.ਈ.ਬੀ ਇਮਪਲਾਈਜ ਫੈਡਰੇਸ਼ਨ ਏਟਕ ਡਵੀਜ਼ਨ ਪ੍ਰਧਾਨ ਦੇਸ਼ਰਾਜ ਘਈ ਅਤੇ ਪਾਵਰਕਾਮ ਐਂਡ ਟਰਾਂਸਕੋ ਪੈਨਸ਼ਨਰ ਜੂਨੀਅਰ ਦੇ ਪ੍ਰਧਾਨ ਹਰੀ ਚੰਦ ਵੱਲੋਂ ਸਾਂਝੇ ਤੌਰ 'ਤੇ ਕੀਤੀ ਗਈ। ਧਰਨੇ ਵਿੱਚ ਮੰਗ ਕੀਤੀ ਕਿ ਬਿਜਲੀ ਐਕਟ 2003 ਅਤੇ ਬਿਜਲੀ ਸੋਧ ਬਿੱਲ 2022 ਰੱਦ ਕੀਤਾ ਜਾਵੇ, ਬਿਜਲੀ ਬੋਰਡ ਦਾ ਪੁਰਾਣਾ ਸਰੂਪ ਬਹਾਲ ਕੀਤਾ ਜਾਵੇ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ ਠੇਕੇ 'ਤੇ ਕੰਮ ਕਰਦੇ ਹਰ ਤਰ੍ਹਾਂ ਦੇ ਆਊਟ ਸੋਰਸਿੰਗ ਕਾਮਿਆਂ ਨੂੰ ਮਹਿਕਮੇ ਅੰਦਰ ਲਿਆ ਕੇ ਰੈਗੂਲਰ ਕੀਤਾ ਜਾਵੇ, ਪੁਰਾਣੇ ਲੇਬਰ ਕਾਨੂੰਨ ਬਹਾਲ ਕੀਤੇ ਜਾਣ ਟਰੇਡ ਯੂਨੀਅਨ ਹੱਕ ਬਹਾਲ ਕੀਤੇ ਜਾਣ, ਪਾਵਰਕਾਮ ਅੰਦਰ ਕੰਮ ਭਾਰ ਮੁਤਾਬਕ ਨਵੀਆਂ ਅਸਾਮੀਆਂ ਦੀ ਰਚਨਾ ਕਰਕੇ ਪੱਕੀ ਭਰਤੀ ਕੀਤੀ ਜਾਵੇ। ਧਰਨੇ ਨੂੰ ਡਵੀਜ਼ਨ ਆਗੂ ਜਰਨੈਲ ਸਿੰਘ ਸੰਜੀਵ ਕੁਮਾਰ ਸਰਬਜੀਤ ਸਿੰਘ ਬੇਲਾ ਹਰਭਜਨ ਸਿੰਘ ਪੈਨਸ਼ਨਰ ਯੂਨੀਅਨ ਦੇ ਆਗੂ ਮਦਨ ਗੋਪਾਲ ਸ਼ਰਮਾ ਚਰਨ ਦਾਸ ਤਿਲਕਰਾਜ ਰੁਲੀਆ ਰਾਮ ਭੁਪਿੰਦਰ ਸਿੰਘ ਗੁਰਨਾਮ ਸਿੰਘ ਆਦਿ ਨੇ ਸੰਬੋਧਨ ਕੀਤਾ।

ਇਸੇ ਤਰ੍ਹਾਂ ਆਨੰਦਪੁਰ ਸਾਹਿਬ ਏਰੀਏ ਦੀਆਂ ਮੁਲਾਜ਼ਮ, ਕਿਸਾਨ, ਮਜ਼ਦੂਰ, ਰਿਟਾਇਰੀ, ਵਪਾਰ ਆਦਿ ਵਰਗਾਂ ਨਾਲ ਸਬੰਧਤ ਅਵਾਮੀ ਜਥੇਬੰਦੀਆਂ ਨੇ ਸਾਂਝੇ ਤੌਰ 'ਤੇ ਬੱਸ ਸਟੈਂਡ ਆਨੰਦਪੁਰ ਸਾਹਿਬ ਵਿਖੇ ਟਰੇਡ ਯੂਨੀਅਨ ਜਥੇਬੰਦੀਆਂ ਦੀ ਆਪਣੀਆਂ ਮੰਗਾਂ ਨੂੰ ਲੈ ਕੇ ਹੋ ਰਹੀ ਦੇਸ਼ ਵਿਆਪੀ ਹੜਤਾਲ ਦੇ ਸਮਰਥਨ ਵਿੱਚ ਧਰਨਾ/ ਰੈਲੀ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਕੁੱਲ ਹਿੰਦ ਕਿਸਾਨ ਸਭਾ 1936, ਜਮਹੂਰੀ ਕਿਸਾਨ ਸਭਾ, ਆਲ ਬੀ ਬੀ ਐਮ ਬੀ ਰੀਟਾਇਰੀਜ ਯੂਨੀਅਨ, ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ, ਕੁੱਲ ਹਿੰਦ ਕਿਸਾਨ ਸਭਾ, ਭਾਰਤੀ ਕਿਸਾਨ ਮਜਦੂਰ ਯੂਨੀਅਨ, ਮਿਡ ਡੇ ਮੀਲ ਵਰਕਰ ਯੂਨੀਅਨ, ਵਪਾਰ ਮੰਡਲ ਆਨੰਦਪੁਰ ਸਾਹਿਬ, ਅਮਨ ਤੇ ਵਿਕਾਸ ਕਮੇਟੀ ਆਨੰਦਪੁਰ ਸਾਹਿਬ ਰੋਡਵੇਜ਼ ਪੈਨਸ਼ਨਰਜ਼ ਯੂਨੀਅਨ, ਫੀਲਡ ਐਂਡ ਵਰਕਸ਼ਾਪ ਯੂਨੀਅਨ ਆਦਿ ਜਥੇਬੰਦੀਆਂ ਨੇ ਹਿੱਸਾ ਲਿਆ।ਰੈਲੀ ਨੂੰ ਦਰਸ਼ਨ ਸਿੰਘ ਬੜਵਾ, ਗੁਰਨਾਮ ਸਿੰਘ ਔਲਖ, ਨਰਿੰਦਰ ਸਿੰਘ ਮਾਵੀ, ਸ਼ਮਸ਼ੇਰ ਸਿੰਘ ਸ਼ੇਰਾ, ਮਾਸਟਰ ਕਿਰਪਾਲ ਸਿੰਘ, ਸੇਵਾ ਸਿੰਘ , ਜੈਮਲ ਸਿੰਘ ਭੜੀ, ਪ੍ਰਿਤਪਾਲ ਸਿੰਘ ਗੰਡਾ, ਹਰਮੇਸ਼ ਕੌਰ, ਸੀਮਾ ਦੇਵੀ, ਰਾਮ ਪਾਲ ਤਾਰਾਪੁਰ, ਮਾਸਟਰ ਕਰਮ ਚੰਦ ਆਦਿ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਕੇਂਦਰ ਦੀ ਮੋਦੀ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਮਜ਼ਦੂਰ, ਕਿਸਾਨ, ਛੋਟੇ ਵਪਾਰੀਆਂ ਵਿਰੋਧੀ ਅਤੇ ਕਾਰਪੋਰੇਟ ਪੱਖੀ ਨੀਤੀਆਂ ਨਾ ਬਦਲੀਆਂ ਤਾਂ ਸੰਘਰਸ਼ ਤੇਜ਼ ਕੀਤਾ ਜਾਏਗਾ।ਇਸ ਸਮੇਂ ਜੰਗ ਸਿੰਘ, ਸੰਤੋਖ ਸਿੰਘ ਮੌੜਾਂ, ਸਰਪੰਚ ਗੁਰਬਚਨ ਲਾਲ, ਰਣਜੀਤ ਸਿੰਘ ਵਿਰਕ, ਜਸਵਿੰਦਰ ਸਿੰਘ, ਜਗਤਾਰ ਸਿੰਘ ਖਮੇੜਾ, ਨੰਬਰਦਾਰ ਓਮ ਦੱਤ, ਰਵਿੰਦਰ ਸਿੰਘ, ਪ੍ਰੇਮ ਅਟਵਾਲ, ਗੁਰਦਿਆਲ ਸਿੰਘ ਆਦਿ ਵੀ ਹਾਜਰ ਸਨ।

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**-ਦੇਸ਼ ਦੀਆਂ ਰਾਸ਼ਟਰੀ ਟ੍ਰੇਡ ਯੂਨੀਅਨਾਂ ਦੇ ਸੱਦੇ 'ਤੇ ਕੇਦਰ ਅਤੇ ਰਾਜ ਸਰਕਾਰ ਦੇ ਕਰਮਚਾਰੀਆਂ ਦੀਆਂ ਐਸੋਸ਼ੀਏਸ਼ਨਾਂ, ਫੈਡਰੇਸ਼ਨਾਂ ਅਤੇ ਬੀਮਾ, ਬੈਂਕ, ਬੀ ਐਸ ਐਨ ਐਲ, ਬਿਜਲੀ, ਰੋਡਵੇਜ਼, ਰੇਲਵੇ ਅਤੇ ਹੋਰ ਜਨਤਕ ਖੇਤਰ ਦੇ ਕਰਮਚਾਰੀਆਂ ਨੇ ਇਕ ਦਿਨ ਦੀ ਦੇਸ਼ ਵਿਆਪੀ ਹੜਤਾਲ ਕੀਤੀ।ਇਹ ਹੜਤਾਲ ਸਰਕਾਰ ਦੀਆਂ ਕਾਰਪੋਰੇਟ ਪੱਖੀ ਅਤੇ ਲੋਕ ਵਿਰੋਧੀ ਨੀਤੀਆਂ ਖਿਲਾਫ ਸੀ, ਜਿਸ ਵਿੱਚ 20 ਕਰੋੜ ਤੋਂ ਵੱਧ ਮਜਦੂਰ, ਕਿਸਾਨ ਅਤੇ ਕਰਮਚਾਰੀ ਹਿਸਾ ਲੈ ਰਹੇ ਹਨ। ਇਸੇ ਲੜੀ ਤਹਿਤ ਹੁਸ਼ਿਆਰਪੁਰ ਵਿਖੇ ਬੀਮਾ ਕਰਮਚਾਰੀਆਂ ਵੱਲੋਂ ਦੇਸ਼ ਵਿਆਪੀ ਹੜਤਾਲ ਵਿੱਚ ਸ਼ਾਮਲ ਹੋ ਕੇ ਮੁਕੰਮਲ ਹੜਤਾਲ ਕੀਤੀ ਅਤੇ ਮੰਗਾਂ ਦੇ ਹੱਕ ਵਿੱਚ ਨਾਅਰੇਬਾਜ਼ੀ ਕੀਤੀ।


ਹੁਸ਼ਿਆਰਪੁਰ

**ਬੰਗਾ (ਅਵਤਾਰ ਕਲੇਰ)**-ਟਰੇਡ ਯੂਨੀਅਨਾਂ ਦੇ ਸੱਦੇ 'ਤੇ ਨਵਾਂਸ਼ਹਿਰ ਬੱਸ ਸਟੈਂਡ 'ਤੇ ਜ਼ਬਰਦਸਤ ਧਰਨਾ ਦਿੱਤਾ। ਸ਼ਹਿਰ 'ਚ ਮਾਰਚ ਕਰ ਕੇ ਡੀ ਸੀ ਨਵਾਂਸ਼ਹਿਰ ਨੂੰ ਮੰਗ ਪੱਤਰ ਸੌਂਪਿਆ ਗਿਆ।ਇਸ ਧਰਨੇ 'ਚ ਏਟਕ, ਪੰਜਾਬ ਖੇਤ ਮਜ਼ਦੂਰ ਸਭਾ, ਕੁੱਲ ਹਿੰਦ ਕਿਸਾਨ ਸਭਾ (1936) ਸੀਟੂ, ਪੰਜਾਬ ਖੇਤ ਮਜ਼ਦੂਰ ਯੂਨੀਅਨ, ਪੰਜਾਬ ਰੋਡਵੇਜ਼ ਪਨਬਸ ਕੰਟ੍ਰੈਕਟ ਯੂਨੀਅਨ, ਆਂਗਣਵਾੜੀ, ਆਸ਼ਾ ਵਰਕਰਾਂ, ਮਨਰੇਗਾ ਵਰਕਰ, ਮਿਡ ਡੇ ਮੀਲ ਵਰਕਰ, ਸੰਯੁਕਤ ਕਿਸਾਨ ਮੋਰਚੇ, ਚੌਕੀਦਾਰ ਯੂਨੀਅਨ, ਜੰਗਲਾਤ ਵਿਭਾਗ ਦੇ ਕਰਮਚਾਰੀ ਅਤੇ ਹੋਰ ਵੀ ਯੂਨੀਅਨਾਂ ਸ਼ਾਮਲ ਹੋਈਆਂ।ਇਸ ਮੌਕੇ ਨਰੰਜਣ ਦਾਸ ਮੇਹਲੀ, ਮਹਾਂ ਸਿੰਘ ਰੋੜੀ, ਚਰਨਜੀਤ ਸਿੰਘ ਦੌਲਤਪੁਰ, ਬਲਵੀਰ ਸਿੰਘ ਜਾਡਲਾ, ਪਰਮਜੀਤ ਸਿੰਘ ਰੋੜੀ, ਜਸਵਿੰਦਰ ਸਿੰਘ ਭੰਗਲ,ਪਰਮਿੰਦਰ ਮੇਨਕਾ ਬਲਾਚੌਰ, ਕੁਲਦੀਪ ਝਿੰਗੜ, ਪ੍ਰੇਮ ਰੱਕੜ,ਸਰਾਧੂ ਰਾਮ, ਕੁਲਦੀਪ ਸਿੰਘ ਦੌੜਕਾ, ਸਤਨਾਮ ਸਿੰਘ ਗੁਲਾਟੀ, ਹਰਪਾਲ ਸਿੰਘ ਜਗਤਪੁਰ, ਜਸਵੰਤ ਸਿੰਘ ਸੈਣੀ,ਦਸੋਧਾ ਸਿੰਘ, ਬਲਜਿੰਦਰ ਸਿੰਘ, ਮਾਸਟਰ ਕਰਨੈਲ ਸਿੰਘ ਮਹਿੰਦੀਪੁਰ, ,ਗੁਰਬਖਸ਼ ਕੌਰ ਰਾਹੋਂ, ਗੁਰਮੁੱਖ ਸਿੰਘ ਫਰਾਲਾ, ਗੁਰਮੇਲ ਨਵਾਂ ਸ਼ਹਿਰ, ਬਲਜੀਤ ਕੌਰ ਮੱਲਪੁਰ, ਜਸਵੀਰ ਕੌਰ, ਰੇਸ਼ਮ ਲਾਲ, ਕਸ਼ਮੀਰ ਸਿੰਘ, ਅਤੁਲ ਕੁਮਾਰ, ਸੁਖਦੇਵ ਸਿੰਘ, ਅਜੇ ਕੁਮਾਰ, ਸੰਤੋਖ ਪਾਲ, ਜਸਵਿੰਦਰ ਲਾਲ ਰਾਹੋਂ, ਜਰਨੈਲ ਸਿੰਘ ਪਨਾਮ ਤੋਂ ਇਲਾਵਾ ਭਾਰੀ ਗਿਣਤੀ ਚ ਵਰਕਰ ਹਾਜ਼ਰ ਸਨ।



ਮਾਹਿਲਪੁਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਇੱਥੇ ਦੇਸ਼ ਦੀਆ ਪਰਮੁੱਖ 10 ਟਰੇਡ ਯੂਨੀਅਨ ਅਤੇ ਮੁਲਾਜ਼ਮਾ ਦੀਆ ਫੈਡਰੇਸ਼ਨਾਂ ਦੇ ਸੱਦੇ 'ਤੇ ਕੇਂਦਰ ਦੀਆਂ ਮਜ਼ਦੂਰਾਂ ਮੁਲਾਜ਼ਮਾਂ ਕਿਸਾਨ ਵਿਰੋਧੀ ਨੀਤੀਆਂ ਵਿਰੁੱਧ ਦੇਸ਼ ਬੰਦ ਦਾ ਅਤੇ ਚੱਕਾ ਜਾਮ ਦਾ ਸੱਦਾ ਦਿੱਤਾ। ਇਸ ਸੱਦੇ 'ਤੇ ਆਗਣਵਾੜੀ, ਮਨਰੇਗਾ ਕਨਸਟਰੱਕਸ਼ਨ, ਭੱਠਾ ਮਜ਼ਦੂਰ, ਆਸ਼ਾ ਵਰਕਰਾਂ, ਕਿਸਾਨਾਂ, ਖੇਤ ਮਜ਼ਦੂਰਾਂ ਨੇ ਗਰੀਨ ਪਾਰਕ 'ਚ ਇਕੱਠੇ ਹੋ ਕੇ ਸ਼ਹਿਰ 'ਚ ਰੋਸ ਮਾਰਚ ਕੀਤਾ ਅਤੇ ਬੱਸ ਅੱਡਾ ਜਾਮ ਕੀਤਾ। ਇਸ ਮੌਕੇ ਸੀਟੂ ਪੰਜਾਬ ਦੇ ਵਾਇਸ ਪ੍ਰਧਾਨ ਮਹਿੰਦਰ ਕੁਮਾਰ ਬੱਡੋਆਣ ਕਿਸਾਨਾ ਦੇ ਆਗੂ ਗੁਰਨੇਕ ਸਿੰਘ ਭੱਜਲ ਦਰਸ਼ਨ ਸਿੰਘ ਮੱਟੂ ਖੇਤ ਮਜ਼ਦੂਰਾ ਦੇ ਪੰਜਾਬ ਦੇ ਆਗੂ ਗੁਰਮੇਸ਼ ਸਿੰਘ ਨੇ ਕਿਹਾ ਮੋਦੀ ਸਰਕਾਰ ਨੇ ਮਜ਼ਦੂਰ ਕਾਨੂੰਨਾ ਵਿੱਚ ਸੋਧ ਕਰਕੇ ਟਰੇਡ ਯੂਨੀਅਨਾ ਅਧਿਕਾਰਾਂ 'ਤੇ ਹਮਲਾ ਕੀਤਾ ਹੈ। ਇਸ ਮੌਕੇ ਗੁਰਨਾਮ ਸਿੰਘ ਸਿੰਗੜੀ ਵਾਲ, ਹਰਬੰਸ ਸਿੰਘ ਸੰਘਾ, ਬਲਦੇਵ ਸਿੰਘ, ਆਸ਼ਾ ਨੰਦ, ਖੁਸ਼ੀ ਰਾਮ, ਅੱਛਰ ਸਿੰਘ ਨੇ ਕਿਹਾ ਅਸੀ ਮਜ਼ਦੂਰਾਂ ਦੇ ਹਰ ਘੋਲ ਦੀ ਹਮਾਇਤ ਕਰਦੇ ਹਾਂ। ਇਸੇ ਤਰ੍ਹਾਂ ਦਸੂਹਾ ਵਿਖੇ ਪੰਜਾਬ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਦੇ ਆਗੂ ਦਲਵੀਰ ਸਿੰਘ ਭੁੱਲਰ, ਡੈਮੋਕ੍ਰੈਟਿਕ ਮੁਲਾਜ਼ਮ ਫੈਡਰੇਸ਼ਨ (ਡੀ ਐੱਮ ਐੱਫ਼) ਦੇ ਜ਼ਿਲ੍ਹਾ ਜਨਰਲ ਸਕੱਤਰ ਮਨਜੀਤ ਸਿੰਘ ਦਸੂਹਾ, ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਪੰਜਾਬ (ਪੀ ਪੀ ਪੀ ਐੱਫ਼) ਦੇ ਦੋਆਬਾ ਜੋਨ ਦੇ ਕਨਵੀਨਰ ਇੰਦਰ ਸੁਖਦੀਪ ਸਿੰਘ ਓਢਰਾ, ਪੰਜਾਬ ਸੁਬਾਡੀਨੇਟ ਸਰਵਿਸਿਜ਼ ਫੈਡਰੇਸ਼ਨ (ਪ ਸ ਸ ਫ) ਦੇ ਆਗੂ ਸ਼ਾਂਤੀ ਸਰੂਪ, ਡੈਮੋਕ੍ਰੈਟਿਕ ਜੰਗਲਾਤ ਵਰਕਰਜ਼ ਯੂਨੀਅਨ ਦੇ ਮੰਡਲ ਪ੍ਰਧਾਨ ਜਗੀਰ ਸਿੰਘ ਅਤੇ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਗੜ੍ਹਦੀਵਾਲਾ ਦੇ ਆਗੂ ਪ੍ਰਿਸ ਆਦਿ ਆਗੂਆਂ ਦੀ ਅਗਵਾਈ ਹੇਠ ਦਸੂਹਾ ਵਿਖੇ ਵੱਖ ਵੱਖ ਵਿਭਾਗਾਂ ਦੇ ਮੁਲਾਜ਼ਮਾਂ ਨੇ ਕੇਂਦਰ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ। ਇਸ ਮੌਕੇ ਮਨਜੀਤ ਸਿੰਘ ਸੈਣੀ, ਜਸਵਿੰਦਰ ਝਿੰਗੜ, ਜਸਵੀਰ ਬੋਦਲ, ਜੀਵਨ ਕੁਮਾਰ ਸੰਧੂ, ਵਰਿੰਦਰ ਸੈਣੀ, ਰਾਕੇਸ਼ ਕੁਮਾਰ, ਸ਼ਿਵ ਦਿਆਲ, ਬਲਬੀਰ ਸਿੰਘ ਖਿੱਚੀਆਂ, ਮਲਕੀਤ ਸਿੰਘ, ਮਹਿੰਦਰ ਪਾਲ, ਸਰਜੀਵਨ ਕੁਮਾਰ, ਬਾਬੂ ਰਾਮ, ਰਜਿੰਦਰ ਸਿੰਘ, ਸਵਰਨ ਸਿੰਘ, ਅਵਤਾਰ ਸਿੰਘ, ਸੁਰਿੰਦਰ ਕੁਮਾਰ, ਪ੍ਰਮੋਦ ਕੁਮਾਰ, ਵਿਨੇ ਕੁਮਾਰ, ਗੁਰਮੀਤ ਸਿੰਘ ਆਦਿ ਆਗੂ ਵੀ ਹਾਜ਼ਰ ਸਨ।


ਨਵਾਂਸ਼ਹਿਰ


ਹੁਸ਼ਿਆਰਪੁਰ

**ਜਲੰਧਰ (ਰਾਜੇਸ਼ ਥਾਪਾ)**-ਕੇਂਦਰ ਅਤੇ ਪੰਜਾਬ ਸਰਕਾਰ ਦੀਆਂ ਮੁਲਾਜ਼ਮ, ਮਜ਼ਦੂਰ ਅਤੇ ਕਿਸਾਨ ਮਾਰੂ ਨੀਤੀਆਂ ਵਿਰੁੱਧ ਦੇਸ਼-ਵਿਆਪੀ ਹੜਤਾਲ ਨੂੰ ਸਮੁੱਚੇ ਪੰਜਾਬ ਅੰਦਰ ਵੱਖ-ਵੱਖ ਜ਼ਿਲ੍ਹਿਆਂ ਜ਼ਿਲ੍ਹਾ ਹੈਡ ਕੁਆਰਟਰਾਂ ਉਪਰ ਕੀਤੀ ਗਈ ਹੜਤਾਲ ਵਿੱਚ ਪ ਸ ਸ ਫ (ਵਿਗਿਆਨਿਕ) ਵੱਲੋਂ 9 ਜੁਲਾਈ ਦੀ ਸਫ਼ਲ ਕੌਮੀ ਹੜਤਾਲ ਲਈ ਮੁਲਾਜ਼ਮਾਂ, ਮਜ਼ਦੂਰਾਂ, ਕਿਸਾਨਾਂ ਨੂੰ ਇਨਕਲਾਬੀ ਵਧਾਈਆਂ ਦਿੱਤੀਆਂ ਹਨ।ਜਥੇਬੰਦੀ ਦੇ ਮੁੱਖ ਦਫਤਰ, ਗਰੀਨ ਪਾਰਕ ਜਲੰਧਰ ਪਹੁੰਚੀਆਂ ਰਿਪੋਰਟਾਂ ਅਨੁਸਾਰ ਸਾਰੇ ਜਿਲ੍ਹਿਆਂ ਵਿੱਚ ਮਜ਼ਦੂਰਾਂ, ਮੁਲਾਜ਼ਮਾਂ ਅਤੇ ਕਿਸਾਨਾਂ ਨੇ ਵੱਡੀ ਗਿਣਤੀ 'ਚ ਸ਼ਮੂਲੀਅਤ ਕੀਤੀ।ਜਥੇਬੰਦੀ ਦੇ ਸੂਬਾ ਪ੍ਰਧਾਨ ਗਗਨਦੀਪ ਸਿੰਘ ਭੁੱਲਰ, ਜਨਰਲ ਸਕੱਤਰ ਐਨ. ਡੀ. ਤਿਵਾੜੀ ਅਤੇ ਸੀਨੀਅਰ ਮੀਤ ਪ੍ਰਧਾਨ ਨਵਪ੍ਰੀਤ ਬੱਲੀ ਨੇ ਇਸ ਕੌਮੀ ਹੜਤਾਲ ਵਿੱਚ ਸ਼ਾਮਲ ਹੋਣ ਲਈ ਸਮੂਹ ਮੁਲਾਜ਼ਮਾਂ ਦਾ ਧੰਨਵਾਦ ਕੀਤਾ। ਇਹ ਜਾਣਕਾਰੀ ਸੂਬਾ ਪ੍ਰੈੱਸ ਸਕੱਤਰ ਕੰਵਲਜੀਤ ਸੰਗੋਵਾਲ ਨੇ ਪ੍ਰੈੱਸ ਬਿਆਨ ਰਾਹੀਂ ਦਿੱਤੀ ਹੈ।

**ਨੰਗਲ (ਸੁਰਜੀਤ ਸਿੰਘ ਢੇਰ)**- ਦੇਸ਼ ਵਿਆਪੀ ਹੜਤਾਲ ਦੇ ਸੰਬੰਧ 'ਚ ਨੰਗਲ ਸਬ ਡਿਵੀਜਨ ਪੀ ਐਸ ਪੀ ਸੀ ਐਲ ਨੰਗਲ ਵੱਲੋਂ ਗੇਟ ਰੈਲੀ ਕੀਤੀ ਗਈ। ਜਿਸ 'ਚ ਉਚੇਚੇ ਤੌਰ 'ਤੇ ਸਮੂਹ ਜਥੇਬੰਦੀਆਂ ਵੱਲੋਂ ਆਗੂ ਸਾਹਿਬਾਨ ਅਤੇ ਸਾਰੀ ਮੈਂਬਰਸ਼ਿਪ ਨੇ ਰੋਸ ਰੈਲੀ 'ਚ ਹਿੱਸਾ ਲਿਆ। ਰੈਲੀ ਨੂੰ ਸੰਬੋਧਨ ਕਰਦਿਆਂ ਸਾਥੀ ਪੈਨਸਨ ਐਸੋਸੀਏਸ਼ਨ ਦੇ ਪ੍ਰਧਾਨ ਰਕੇਸ਼ ਬਾਲੀ, ਵੱਲਭ ਸਿੰਘ, ਮਨਦੀਪ ਸਿੰਘ, ਕਮਲ ਸਿੰਘ ਫੋਰਮੈਨ ਸਾਥੀ ਨੇ ਰੈਲੀ ਸੰਬੋਧਨ ਨੂੰ ਕਰਦਿਆਂ ਸਾਰੇ ਸਾਥੀਆਂ ਨੂੰ ਅਪੀਲ ਕੀਤੀ ਹੈ ਕੀ ਆਉਣ ਵਾਲੇ ਸੰਘਰਸ 'ਚ ਵੱਧ ਚੜ੍ਹ ਕੇ ਹਿੱਸਾ ਲੈਣ ਤਾਂ ਕੇ ਸੈਂਟਰ ਸਰਕਾਰ ਦੀਆਂ ਮੁਲਾਜਮ ਮਾਰੂ ਆਰਥਿਕ ਸੰਬੰਧੀ ਨੀਤੀਆਂ ਅਤੇ ਮਜਦੂਰ ਵਿਰੋਧੀ ਨੀਤੀਆਂ ਨੂੰ ਮੋੜਾ ਦਿੱਤਾ ਜਾ ਸਕੇ। ਇਸ ਤੋਂ ਬਾਅਦ ਰਕੇਸ਼ ਬਾਲੀ ਮੰਡਲ ਸਕੱਤਰ ਪੈਨਸਨ ਐਸੋਸੀਏਸ਼ਨ ਵੱਲੋਂ ਵੀ ਸੰਬੋਧਨ ਕੀਤਾ ਗਿਆ।



ਨਵਾਂਸ਼ਹਿਰ

## ਸਤਿਗੁਰੂ ਰਵਿਦਾਸ ਇਤਿਹਾਸਕ ਆਦਿ ਧਰਮ ਸਤਿਸੰਗ ਅਸਥਾਨ ਖੁਰਾਲਗੜ੍ਹ ਸਾਹਿਬ ਲਈ ਏਸ ਗੱਡੀ ਭੇਟ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**

ਸਤਿਗੁਰੂ ਰਵਿਦਾਸ ਇਤਿਹਾਸਕ ਆਦਿ ਧਰਮ ਸਤਿਸੰਗ ਅਸਥਾਨ ਸ੍ਰੀ ਖੁਰਾਲਗੜ੍ਹ ਤੋਂ ਆਦਿ ਧਰਮ ਲਹਿਰ ਨੂੰ ਵਿਆਪਕ ਤੌਰ 'ਤੇ ਚਲਾਉਣ ਲਈ ਇਕ ਏਸ ਗੱਡੀ ਦੀ ਚਾਬੀ ਸੰਤ ਸੁੱਚਾ ਸਿੰਘ ਪ੍ਰਧਾਨ ਸਤਿਗੁਰੂ ਰਵਿਦਾਸ ਇਤਿਹਾਸਕ ਆਦਿ ਧਰਮ ਸਤਿਸੰਗ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਨੂੰ ਕੈਪਟਨ ਬੀ ਆਰ ਨਈਅਰ ਇੰਗਲੈਂਡ , ਸੁਖਵੀਰ ਦੁਗਾਲ, ਜਗਸੀਰ ਸਿੰਘ ਜੱਗੀ ਪਾਤੜਾਂ ਨੇ ਸੌਂਪੀ।ਇਸ ਮੌਕੇ ਸੰਤ ਸੁੱਚਾ ਸਿੰਘ ਪ੍ਰਧਾਨ ਗੁਰੂਘਰ ਨੇ ਸਮੂਹ ਦੇਸ਼ ਵਿਦੇਸ਼ ਦੀਆਂ ਸੰਗਤਾਂ ਦਾ ਧੰਨਵਾਦ ਕੀਤਾ। ਸੰਤ ਸੁੱਚਾ ਸਿੰਘ ਨੇ ਕਿਹਾ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਦਰਸਾਏ ਬੇਗਮਪੁਰਾ ਸ਼ਹਿਰ ਵਸਾਉਣ ਲਈ ਗੁਰੂ ਜੀ ਦੇ ਮਹਾਨ ਉਪਦੇਸ਼ ਸਤਿਸੰਗਤ ਮਿਲਿ ਰਹੀਏ ਮਾਧੋ ਜੈਸੇ ਮਧੁਪ ਮਖੀਰਾ ਤੋਂ ਪ੍ਰੇਰਨਾ ਲੈ ਕੇ ਸਾਨੂੰ ਇਕ ਪਲੇਟਫਾਰਮ ਤੇ ਇਕੱਠੇ ਹੋ ਕੇ ਹੰਭਲਾ ਮਾਰਨਾ ਚਾਹੀਦਾ ਹੈ। ਉਨਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਗੁਰੂਘਰ ਵਿਖੇ ਹੋਣ ਵਾਲੇ ਆਦਿ ਧਰਮ ਸਤਿਸੰਗ ਸਮਾਗਮਾਂ ਵਿੱਚ ਹਾਜ਼ਰੀ ਭਰਕੇ ਆਪਣਾ ਜੀਵਨ ਸਫਲ ਬਣਾਓ।



## ਪੰਜਾਬ ਸਰਕਾਰ ਐਲਗਰਾਂ ਪੁਲ ਨੂੰ ਕਾਰਾਂ ਲੰਘਾਉਣ ਲਈ ਖੋਲ੍ਹੇ : ਹਰਦੇਵ ਸਿੰਘ

**ਭਲਾਣ (ਹਰਭਜਨ ਢਿੱਲੋਂ)**-ਇਲਾਕਾ ਸੰਘਰਸ਼ ਕਮੇਟੀ ਦੇ ਪ੍ਰਧਾਨ ਹਰਦੇਵ ਸਿੰਘ ਨੇ ਕਿਹਾ ਕਿ ਜੇਕਰ ਭਾਰੀ ਬਰਸਾਤ ਪੈ ਜਾਵੇ ਤਾਂ ਸੂਰੇਵਾਲ ਤੋਂ ਐਲਗਰਾ ਮੌਂਜੋਵਾਲ ਤੋਂ ਐਲਗਰਾ ਅਤੇ ਨਾਲ ਸਾਰੇ ਬੇਲਿਆਂ ਦੇ ਲੋਕ ਉਹਨਾਂ ਨੂੰ ਕੋਈ ਰਸਤਾ ਆਨੰਦਪੁਰ ਸਾਹਿਬ, ਨੂਰਪੁਰ ਬੇਦੀ, ਗੜ੍ਹਸ਼ੰਕਰ, ਨਵਾਂ ਸ਼ਹਿਰ ਰੋਪੜ, ਮੋਹਾਲੀ ਅਤੇ ਪੀਜੀਆਈ ਚੰਡੀਗੜ੍ਹ ਜਾਣ ਲਈ ਕੋਈ ਰਸਤਾ ਨਹੀਂ ਬਚਦਾ। ਕਿਉਂਕਿ ਐਲਗਰਾਂ ਸਵਾਂ ਨਦੀ ਉੱਤੇ ਬਣਿਆ ਪੁਲ ਪਹਿਲਾਂ ਹੀ ਗੱਡੀਆਂ ਮੋਟਰਾਂ ਜਾਣ ਲਈ ਬੰਦ ਕਰ ਦਿੱਤਾ ਗਿਆ ਹੈ। ਜਿਹੜਾ ਆਰਜੀ ਪੁਲ ਸਵਾਂ ਨਦੀ ਭੱਲੜੀ ਤੋਂ ਖੇੜਾ ਕਲਮੋਟ ਲਈ ਬਣਾਇਆ ਸੀ, ਬਰਸਾਤ ਹੋਣ ਕਰਕੇ ਚੁੱਕ ਲਿਆ ਗਿਆ ਹੈ। ਦੂਜੇ ਪਾਸੇ ਜਿੰਦਬੜੀ ਵਾਲਾ ਅੰਡਰ ਪਾਸ ਮੀਂਹ ਪੈਣ ਨਾਲ ਭਰ ਜਾਂਦਾ ਹੈ। ਜਿਸ ਉੱਤੋਂ ਰੇਲ ਗੱਡੀ ਲੰਘਦੀ ਹੈ ਅਤੇ ਇੱਕ ਹੋਰ ਰਸਤਾ ਦਸ ਗਰਾਂਈ ਵਾਲਾ ਉੱਥੇ ਵੀ ਭਾਰੀ ਮੀਂਹ ਪੈਣ ਨਾਲ ਪਾਣੀ ਭਰ ਜਾਂਦਾ ਹੈ। ਨੰਗਲ ਤਹਿਸੀਲ ਦੇ ਕਾਫੀ ਪਿੰਡ ਹੁਣ ਬਰਸਾਤ ਦੇ ਦਿਨਾਂ ਵਿੱਚ ਆਪਣੀ ਕਾਰ ਨਹੀਂ ਲਿਜਾ ਸਕਦੇ। ਪ੍ਰਧਾਨ ਹਰਦੇਵ ਸਿੰਘ ਨੇ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਜੇਕਰ ਵੱਡੀਆਂ ਗੱਡੀਆਂ ਨਹੀਂ ਲੰਘਣ ਦੇਣੀਆਂ ਤਾਂ ਐਲਗਰਾਂ ਪੁਲ ਉੱਤੋਂ ਲੋਹੇ ਦੇ ਗਾਡਰ ਫਿੱਟ ਕਰਕੇ ਘੱਟੋ ਘੱਟ ਕਾਰਾਂ ਤਾਂ ਲੰਘਦੀਆਂ ਕਰ ਦੇਵੇ। ਕਿਉਂਕਿ ਜੇਕਰ ਰਾਤ ਨੂੰ ਕਿਸੇ ਮਰੀਜ਼ ਨੇ ਪੀਜੀਆਈ ਜਾਂ ਕਿਸੇ ਹੋਰ ਹਸਪਤਾਲ ਜਾਣਾ ਹੋਵੇ ਤਾਂ ਬਹੁਤ ਮੁਸ਼ਕਲ ਬਣ ਜਾਂਦੀ ਹੈ।



## ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਦੀ ਬੋਹਣ ਵਿਖੇ ਮੀਟਿੰਗ 'ਚ ਅਹਿਮ ਵਿਚਾਰਾਂ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**

ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ (ਰਜਿ.) ਪੰਜਾਬ ਦੀ ਮੀਟਿੰਗ ਸੰਤ ਸਰਵਣ ਦਾਸ ਬੋਹਣ ਚੇਅਰਮੈਨ, ਸੰਤ ਨਿਰਮਲ ਦਾਸ ਬਾਬੇਜੌੜੇ ਪ੍ਰਧਾਨ ਦੀ ਪ੍ਰਧਾਨਗੀ ਹੇਠ ਡੇਰਾ 108 ਸੰਤ ਸੀਤਲ ਦਾਸ ਬੋਹਣ ਹੁਸ਼ਿਆਰਪੁਰ ਵਿਖੇ ਹੋਈ। ਮੀਟਿੰਗ ਦੌਰਾਨ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ ਵੱਲੋਂ ਬੇਗਮਪੁਰਾ ਨਿਰਮਲਾ ਛਾਉਣੀ ਆਸ਼ਰਮ ਹਰਿਦੁਆਰ, ਸ੍ਰੀ ਗੁਰੂ ਰਵਿਦਾਸ ਸਦਨ ਖੁਰਾਲਗੜ੍ਹ ਸਾਹਿਬ ਅਤੇ ਸ੍ਰੀ ਗੁਰੂ ਰਵਿਦਾਸ ਪਬਲਿਕ ਸਕੂਲ ਚੂਹੜਵਾਲੀ ਦੇ ਕਾਰਜਾਂ ਦੀ ਸਮੀਖਿਆ ਕੀਤੀ। ਇਸ ਮੌਕੇ ਸੰਤ ਨਿਰਮਲ ਦਾਸ, ਸੰਤ ਇੰਦਰ ਦਾਸ ਨੇ ਦੱਸਿਆ ਕਿ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ ਵੱਲੋਂ ਸਤਿਗੁਰੂ ਰਵਿਦਾਸ ਮਹਾਰਾਜ ਅਪਾਰ ਬਖਸ਼ਿਸ਼ ਅਤੇ ਸੰਤ ਸਰਵਣ ਦਾਸ ਬੋਹਣ ਵਾਲੇ ਮਹਾਂਪੁਰਸ਼ਾਂ ਦੀ ਅਗਵਾਈ ਹੇਠ ਸਾਰੇ ਪ੍ਰੋਜੈਕਟਾਂ ਤੇ ਸੰਗਤ ਦੀ ਸੁਵਿਧਾ ਲਈ ਨਵ ਉਸਾਰੀਆਂ ਕੀਤੀਆਂ ਜਾ ਰਹੀਆਂ ਹਨ ਤਾਂ ਕਿ ਇਨ੍ਹਾਂ ਪਵਿੱਤਰ ਇਤਿਹਾਸਕ ਅਸਥਾਨਾਂ 'ਤੇ ਦਰਸ਼ਨ ਦੀਦਾਰੇ ਕਰਨ ਜਾਣ ਵਾਲੀਆਂ ਸੰਗਤਾਂ ਨੂੰ ਕੋਈ ਪ੍ਰੇਸ਼ਾਨੀ ਪੇਸ਼ ਨਾ ਆਵੇ। ਉਨ੍ਹਾਂ ਕਿਹਾ ਸੁਸਾਇਟੀ ਵੱਲੋਂ ਬੱਚਿਆਂ ਨੂੰ ਚੰਗੀ ਸਿੱਖਿਆ ਪ੍ਰਦਾਨ ਕਰਾਉਣ ਲਈ ਉਸਾਰੂ ਯਤਨ ਕੀਤੇ ਜਾ ਰਹੇ ਹਨ। ਇਸ ਮੌਕੇ ਸੰਤ ਸਰਵਣ ਦਾਸ ਸਲੇਮਟਾਵਰੀ, ਸੰਤ ਪਰਮਜੀਤ ਦਾਸ ਨਗਰ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ ਕਿਹਾ ਕਿ ਬੇਗਮਪੁਰਾ ਛਾਉਣੀ ਆਸ਼ਰਮ ਹਰਿਦੁਆਰ ਵਿਖੇ ਕੀਤੇ ਚੰਗੇ ਪ੍ਰਬੰਧਾਂ ਲਈ ਪ੍ਰਧਾਨ ਸੰਤ ਨਿਰਮਲ ਦਾਸ ਅਤੇ ਸਾਰੀ ਸੁਸਾਇਟੀ ਵਧਾਈ ਦੀ ਪਾਤਰ ਹੈ। ਉਨ੍ਹਾਂ ਕਿਹਾ ਸ੍ਰੀ ਗੁਰੂ ਰਵਿਦਾਸ ਸਦਨ ਵਿਖੇ ਸੰਗਤਾਂ ਦੀ ਆਮਦ ਨੂੰ ਦੇਖਦਿਆਂ ਰਿਹਾਇਸ਼ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਇਸ ਮੌਕੇ ਸੰਤ ਇੰਦਰ ਦਾਸ ਸੇਖੈ ਜਨਰਲ ਸੈਕਟਰੀ, ਸੰਤ ਸਰਵਣ ਦਾਸ ਸਲੇਮਟਾਵਰੀ ਸੀਨੀ.ਮੀਤ ਪ੍ਰਧਾਨ, ਸੰਤ ਪਰਮਜੀਤ ਦਾਸ ਨਗਰ ਕੈਸ਼ੀਅਰ, ਸੰਤ ਧਰਮਪਾਲ ਸ਼ੇਰਗੜ੍ਹ, ਸੰਤ ਰਮੇਸ਼ ਦਾਸ ਡੇਰਾ ਕਲਰਾਂ ਸ਼ੇਰਪੁਰ, ਸੰਤ ਜਗੀਰ ਸਿੰਘ ਸਰਬੱਤ ਭਲਾ ਆਸ਼ਰਮ ਨੰਦਾਚੌਰ, ਸੰਤ ਕੁਲਦੀਪ ਦਾਸ ਬਸੀ ਮਰੂਫ, ਭੈਣ ਸੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ, ਬਾਬਾ ਬਲਕਾਰ ਸਿੰਘ ਤੱਗੜ ਵਡਾਲਾ, ਸੰਤ ਗੁਰਮੀਤ ਦਾਸ ਪਿੱਪਲਾਂਵਾਲਾ, ਸੰਤ ਰਜੇਸ਼ ਦਾਸ ਬਜਵਾੜਾ, ਸੰਤ ਮਨੋਹਰ ਦਾਸ, ਸੰਤ ਪ੍ਰੇਮ ਦਾਸ, ਸੰਤ ਸੰਸਾਰ ਦਾਸ, ਸੇਵਾਦਾਰ ਲਵਪ੍ਰੀਤ ਬੋਹਣ ਅਤੇ ਭਾਰੀ ਗਿਣਤੀ ਵਿੱਚ ਸੰਗਤਾਂ ਵੀ ਹਾਜ਼ਰ ਸਨ।



## ਮੁੱਖ ਮੰਤਰੀ ਦੀ ਯੋਗਸ਼ਾਲਾ ਲੋਕਾਂ ਨੂੰ ਦੇ ਰਹੀ ਹੈ ਨਿਰੋਗ ਜੀਵਨ : ਐੱਸ ਡੀ ਐੱਮ

**ਡੇਰਾਬਸੀ (ਵਿਨੈ ਕੁਮਾਰ ਜੈਨ)**- ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਹਰ ਵਰਗ ਨੂੰ ਨਰੋਈ ਸਿਹਤ ਪ੍ਰਦਾਨ ਕਰਨ ਦੇ ਮਕਸਦ ਨਾਲ ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਚਲ ਰਹੀ ਸੀ ਐਮ ਦੀ ਯੋਗਸ਼ਾਲਾ ਲੋਕਾਂ ਲਈ ਲਾਹੇਵੰਦ ਸਾਬਤ ਹੋ ਰਹੀ ਹੈ, ਜਿਸ ਦਾ ਹਰ ਉਮਰ ਵਰਗ ਦੇ ਲੋਕ ਲਾਭ ਲੈ ਕੇ ਜੀਵਨ ਨੂੰ ਨਿਰੋਗ ਬਣਾ ਰਹੇ ਹਨ। ਐਸ.ਡੀ.ਐਮ. ਡੇਰਾਬਸੀ, ਅਮਿਤ ਗੁਪਤਾ ਨੇ ਦੱਸਿਆ ਕਿ ਜ਼ੀਰਕਪੁਰ ਅਤੇ ਡੇਰਾਬਸੀ ਵਿੱਚ ਵੱਖ-ਵੱਖ ਥਾਵਾਂ ਤੇ ਸੀ ਐਮ ਦੀ ਯੋਗਸ਼ਾਲਾ ਅਧੀਨ ਮੁਫਤ ਯੋਗਾ ਕਲਾਸਾਂ ਲਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਯੋਗਾ ਦਾ ਮਨੁੱਖੀ ਸਰੀਰ ਨੂੰ ਤੰਦਰੁਸਤ ਰੱਖਣ ਵਿਚ ਬਹੁਤ ਵੱਡਾ ਰੋਲ ਹੈ। ਯੋਗ ਅਭਿਆਸ ਕਰਨ ਨਾਲ ਅਸੀਂ ਸਰੀਰਕ ਪੱਖੋਂ ਸਿਹਤਮੰਦ ਤਾਂ ਹੁੰਦੇ ਹੀ ਹਾਂ ਬਲਕਿ ਮਾਨਸਿਕ ਤੌਰ 'ਤੇ ਵੀ ਮਜ਼ਬੂਤ ਬਣਦੇ ਹਾਂ। ਇਸ ਨਾਲ ਮਨ ਵੀ ਸਥਿਰ ਹੁੰਦਾ ਹੈ ਤੇ ਅੰਦਰੋਂ ਮਨ ਨੂੰ ਮਿਲਦੀ ਸ਼ਾਂਤੀ ਦਾ ਸਰੀਰ ਨੂੰ ਤੰਦਰੁਸਤ ਰੱਖਣ ਵਿਚ ਵੱਡਾ ਰੋਲ ਹੁੰਦਾ ਹੈ। ਉਨ੍ਹਾਂ ਨੇ ਅੱਗੇ ਕਿਹਾ, 'ਯੋਗਾ ਸੈਸ਼ਨਾਂ ਵਿੱਚ ਸ਼ਾਮਲ ਹੋਣ ਲਈ ਕੋਈ ਬੰਧਨ ਜਾਂ ਕੋਈ ਫੀਸ ਨਹੀਂ ਹੈ, ਸੈਸ਼ਨ ਪੂਰੀ ਤਰ੍ਹਾਂ ਲੋਕਾਂ ਨੂੰ ਕੁਝ ਸਮੇਂ ਦਾ ਧਿਆਨ ਲਾ ਕੇ ਸਿਹਤਮੰਦ ਜੀਵਨ ਸ਼ੈਲੀ ਬਾਰੇ ਜਾਗਰੂਕ ਕਰਨ ਦੇ ਸੰਕਲਪ 'ਤੇ ਅਧਾਰਤ ਹਨ।